

# Moving to Indiana?

Contact Ray Dhaliwal @ 317-993-4987

Helpful in Easy and Accessible Home Loans at low Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

*Ray Dhaliwal*
*Real Estate Broker*

CENTURY 21 SCHEETZ
RAYD@C21Scheetz.com



Twenty First Year of Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 21, Issue 50, December 12, 2020 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਮੋਦੀ ਸਰਕਾਰ ਦੁਆਲੇ ਘੇਰਾ ਹੋਰ ਭੀੜਾ ਹੋਣ ਲੱਗਿਆ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਖਿਲਾਫ ਉਠੀ ਰੋਹ ਦੀ ਲਹਿਰ ਨੇ ਮੋਦੀ ਸਰਕਾਰ ਦਾ ਤਖਤ ਹਿਲਾ ਕੇ ਰੱਖ ਦਿੱਤਾ ਹੈ। ਪੰਜਾਬ ਤੋਂ ਉਠੇ ਸੰਘਰਸ਼ ਨੂੰ ਭਾਰਤ ਵਿਚ ਹੀ ਨਹੀਂ ਪੂਰੀ ਦੁਨੀਆ ਵਿਚ ਇੰਨਾ ਹੁੰਗਾਰਾ ਮਿਲਿਆ ਹੈ ਕਿ ਦੋ ਹਫਤੇ ਪਹਿਲਾਂ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਕਰਨ ਤੋਂ ਵੀ ਮੂੰਹ ਵੱਟੀ ਬੈਠੀ ਮੋਦੀ ਸਰਕਾਰ ਹੁਣ ਮਸਲੇ ਦੇ ਹੱਲ ਲਈ ਕਾਹਲੀ ਪੈ ਗਈ ਹੈ। ਹਾਲਾਤ ਇਹ ਹਨ ਕਿ ਮੋਦੀ ਦੇ ਵਜ਼ੀਰ ਦਿਨ ਰਾਤ ਆਪਸ ਵਿਚ ਮੀਟਿੰਗਾਂ ਦਾ ਦੌਰ ਚਲਾ ਰਹੇ ਹਨ, ਕਿਸਾਨ ਆਗੂਆਂ ਨੂੰ ਗੱਲਬਾਤ ਲਈ ਸੱਦੇ ਦਿੱਤੇ ਜਾ ਰਹੇ ਹਨ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਅਚਾਨਕ ਕਿਸਾਨ ਲੀਡਰਾਂ ਨਾਲ ਮੀਟਿੰਗ ਕੀਤੀ ਹੈ।

ਭਾਜਪਾ ਹਕੂਮਤਾਂ ਵਾਲੇ ਸੂਬੇ ਕੇਂਦਰ ਨੂੰ 'ਅਜੇ ਵੀ ਮੌਕਾ ਸਾਂਭਣ' ਦੀਆਂ ਸਲਾਹਾਂ ਦੇ ਰਹੇ ਹਨ। ਕਿਸਾਨ ਆਗੂਆਂ ਤੇ ਮੰਤਰੀਆਂ ਦੀਆਂ ਮੀਟਿੰਗਾਂ ਵਿਚ ਕਾਨੂੰਨਾਂ ਵਿਚ ਸੋਧ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ ਪਰ ਹੁਣ ਬਾਜ਼ੀ ਕਿਸਾਨਾਂ ਦੇ ਹੱਥ ਹੈ ਅਤੇ ਉਹ ਸੋਧ ਦੀ ਥਾਂ ਤਿੰਨੇ ਕਾਨੂੰਨ ਰੱਦ ਕਰਨ ਉਤੇ ਅੜ ਗਏ ਹਨ। ਯਾਦ ਰਹੇ ਕਿ ਦਿੱਲੀ ਕੂਚ ਕਰਨ ਤੋਂ ਪਹਿਲਾਂ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਸਿਰਫ ਇਹੀ ਮੰਗ ਕਰ ਰਹੀਆਂ ਸਨ ਕਿ ਕਾਨੂੰਨਾਂ ਨੂੰ ਸੋਧ ਲਈ ਮੁੜ ਘੋਖਿਆ ਜਾਵੇ, ਘੱਟੋ-ਘੱਟ ਸਮਰਥਨ ਮੁੱਲ ਦੀ ਗਰੰਟੀ ਦਿੱਤੀ ਜਾਵੇ ਪਰ ਉਸ ਸਮੇਂ ਸਰਕਾਰ ਨੇ ਇਕੋ ਰਟ ਲਾਈ ਰੱਖੀ ਕਿ ਇਹ ਕਾਨੂੰਨ ਕਿਸਾਨਾਂ ਦਾ ਬੜਾ ਭਲਾ ਕਰਨਗੇ ਤੇ ਸੋਧ ਦੀ ਕੋਈ ਗੁੰਜਾਇਸ਼ ਹੀ ਨਹੀਂ।

ਹੁਣ ਦਿੱਲੀ ਉਤੇ ਧਾਵੇ ਪਿੱਛੋਂ ਸਰਕਾਰ ਤਰਲੇ ਲੈ ਰਹੀ ਹੈ ਕਿ ਕਿਸਾਨ ਆਗੂ ਖੁਦ ਕਲਮ ਚੁੱਕਣ 'ਤੇ ਜੋ ਠੀਕ ਕਰਨਾ ਹੈ, ਕਰ ਲੈਣ। ਇਹ ਵੀ ਪਤਾ ਲੱਗਾ ਹੈ ਕਿ ਸਰਕਾਰ ਤਿੰਨਾਂ ਵਿਚੋਂ ਇਕ ਕਾਨੂੰਨ ਰੱਦ ਕਰਨ ਲਈ ਵੀ ਤਿਆਰ ਹੋ ਗਈ ਹੈ। ਉਧਰ, ਤਿੰਨੇ ਕਾਨੂੰਨ ਰੱਦ ਕਰਨ ਉਤੇ ਅੜੇ



ਕਿਸਾਨਾਂ ਦਾ ਤਰਕ ਹੈ ਕਿ ਜਦੋਂ ਸਰਕਾਰ ਨੇ ਇਹ ਮੰਨ ਹੀ ਲਿਆ ਹੈ ਕਿ ਕਾਨੂੰਨਾਂ ਵਿਚ ਵੱਡੀਆਂ ਗਲਤੀਆਂ ਹਨ, ਫਿਰ ਹੁਣ ਸੋਧ ਦੀ ਤਾਂ ਗੁੰਜਾਇਸ਼ ਹੀ ਨਹੀਂ ਬਚਦੀ। ਸਰਕਾਰ ਤੇ ਕਿਸਾਨਾਂ ਵਿਚਾਲੇ ਬਣੇ ਤਾਜ਼ਾ ਹਾਲਾਤ ਬਾਰੇ ਸਿਆਸੀ ਮਾਹਰਾਂ ਦਾ ਦਾਅਵਾ ਹੈ ਕਿ ਕਿਸਾਨਾਂ ਨੇ ਜੰਗ ਤਕਰੀਬਨ ਫ਼ਤਹਿ ਕਰ ਹੀ ਲਈ ਹੈ ਤੇ ਹੁਣ ਸਿਰਫ ਗੱਲ ਸਰਕਾਰ ਦੀ ਅੜੀ ਟੁੱਟਣ ਦੀ ਬਚੀ ਹੈ। ਕਿਸਾਨ ਆਗੂ, ਸਰਕਾਰ ਦੇ ਮੂੰਹੋਂ ਇਹ ਅਖਵਾਉਣ ਵਿਚ ਸਫਲ ਰਹੇ ਹਨ ਕਿ ਇਹ ਕਾਨੂੰਨ ਦੇਸ਼ ਦੀ ਕਿਸਾਨੀ ਨੂੰ ਤਬਾਹ ਕਰ ਦੇਣਗੇ।

ਇਹੀ ਕਾਰਨ ਹੈ ਕਿ ਸਰਕਾਰ ਹੁਣ ਮੀਟਿੰਗਾਂ ਦੇ ਦੌਰ ਚਲਾ ਕੇ ਗੱਲ ਨਿਬੇੜਨ ਵਿਚ ਲੱਗੀ ਹੈ। ਹਰਿਆਣਾ ਸਮੇਤ ਭਾਜਪਾ ਹਕੂਮਤਾਂ ਵਾਲੇ ਸੂਬੇ ਵੀ ਕੇਂਦਰ ਸਰਕਾਰ ਨੂੰ ਹੋਰ ਸਮਾਂ ਨਾ ਗਵਾਉਣ ਦੀਆਂ ਸਲਾਹਾਂ ਦੇ ਰਹੇ ਹਨ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਖੇਤੀ ਮੰਤਰੀ ਨਰੇਂਦਰ ਤੋਮਰ ਨਾਲ ਤਾਜ਼ਾ ਮੀਟਿੰਗ ਵੀ



ਇਹੀ ਇਸ਼ਾਰਾ ਕਰਦੀ ਹੈ ਕਿ ਸਰਕਾਰ ਨੇ ਮੰਨ ਲਿਆ ਹੈ ਕਿ ਪਾਣੀ ਸਿਰੋਂ ਲੰਘ ਗਿਆ ਹੈ ਤੇ ਗੱਲ ਇਥੇ ਹੀ ਨਾ ਨਿੱਬੜੀ ਤਾਂ ਇਹ ਸਿਆਸੀ ਤਬਾਹੀ ਦਾ ਮੁੱਢ ਬੰਨ੍ਹੇਗੀ।

ਉਧਰ, ਕਿਸਾਨ ਆਗੂਆਂ ਅਨੁਸਾਰ ਗੱਲਬਾਤ ਦੌਰਾਨ ਕੇਂਦਰੀ ਮੰਤਰੀਆਂ ਨੇ ਘੱਟੋ-ਘੱਟ ਸਮਰਥਨ ਮੁੱਲ ਦੇਣ, ਖੇਤੀ ਮੰਡੀਆਂ ਬਾਰੇ ਕੁਝ ਸੋਧਾਂ ਕਰਨ, ਕੇਂਦਰ ਸਰਕਾਰ ਦੇ ਫੈਸਲੇ ਕਿਸਾਨਾਂ ਦੇ ਹਿੱਤ ਵਿਚ ਹੋਣ ਆਦਿ ਬਾਰੇ ਪੁਰਾਣੀ ਮੁਹਾਰਨੀ ਦੁਹਰਾਉਣ ਦਾ ਵੇਲੇ ਲੰਘ ਚੁੱਕਿਆ ਹੈ ਤੇ ਗੱਲ ਹੁਣ ਕਾਨੂੰਨ ਰੱਦ ਕਰਨ ਪਿੱਛੋਂ ਹੀ ਨਿੱਬੜੇਗੀ।

ਅਸਲ ਵਿਚ, ਪਿਛਲੇ ਕੁਝ ਦਿਨਾਂ ਤੋਂ ਕੇਂਦਰ ਸਰਕਾਰ ਵੱਲੋਂ ਇਹੀ ਕੋਸ਼ਿਸ਼ ਕੀਤੀਆਂ ਜਾ ਰਹੀਆਂ ਸਨ, ਕਿਸੇ ਤਰ੍ਹਾਂ ਕਿਸਾਨਾਂ ਨੂੰ ਟਾਲ ਕੇ ਘਰੋ-ਘਰੀ ਤੋਰਿਆ ਜਾਵੇ। ਸਰਕਾਰ ਦੀ ਇਨ੍ਹਾਂ ਕਾਨੂੰਨਾਂ 'ਤੇ ਵਿਚਾਰ ਕਰਨ ਲਈ ਕਮੇਟੀ ਬਣਾਉਣ ਦੀ ਤਜਵੀਜ਼ ਵੀ ਇਸੇ ਰਣਨੀਤੀ ਦਾ ਹਿੱਸਾ ਸੀ। ਹੁਣ ਜਦੋਂ ਦਿੱਲੀ ਦੀ ਘੇਰਾਬੰਦੀ ਵਧ ਰਹੀ ਹੈ ਤੇ ਵਿਦੇਸ਼ੀ ਮੁਲਕਾਂ ਵੱਲੋਂ ਵੀ ਮੋਦੀ ਸਰਕਾਰ ਦੀ ਤਾਨਾਸ਼ਾਹੀ ਦੀ ਨੁਕਤਾਚੀਨੀ ਕੀਤੀ ਜਾ ਰਹੀ ਹੈ ਤਾਂ ਸਰਕਾਰ ਨੂੰ ਇਕਦਮ ਹੱਥਾਂ ਪੈਰਾਂ ਦੀ ਪੈ ਗਈ ਹੈ।

ਹੁਣ ਹਾਲਾਤ ਇਹ ਹਨ ਕਿ ਪੰਜਾਬ ਅਤੇ ਹਰਿਆਣਾ ਦੇ ਨਾਲ ਨਾਲ ਉਤਰ ਪ੍ਰਦੇਸ਼, ਉਤਰਾਖੰਡ, ਰਾਜਸਥਾਨ, ਮਹਾਰਾਸ਼ਟਰ ਅਤੇ ਹੋਰ ਰਾਜਾਂ ਵਿਚ ਵੀ ਕਿਸਾਨ ਅੰਦੋਲਨ ਭਖ ਰਿਹਾ ਹੈ। ਪੰਜਾਬ ਵਿਚ ਸਨਅਤੀ ਮਜ਼ਦੂਰਾਂ, ਅਧਿਆਪਕਾਂ, ਬਿਜਲੀ ਕਾਮਿਆਂ, ਡਾਕਟਰਾਂ, ਲੇਖਕਾਂ ਅਤੇ ਹੋਰ ਵਰਕਰਾਂ ਦੀਆਂ ਜਥੇਬੰਦੀਆਂ ਵੀ ਕਿਸਾਨ ਸੰਘਰਸ਼ ਦੀ ਹਮਾਇਤ ਵਿਚ ਕੁੱਦੀਆਂ ਹਨ। ਪੰਜਾਬ ਦੇ ਗਾਇਕ, ਰੰਗਕਰਮੀ ਅਤੇ ਹੋਰ ਕਲਾਕਾਰ ਲਗਾਤਾਰ ਕਿਸਾਨ ਮੋਰਚਿਆਂ 'ਤੇ ਪਹੁੰਚ ਕੇ ਇਸ ਸੰਘਰਸ਼ ਨੂੰ ਸਭਿਆਚਾਰਕ ਰੰਗ ਦੇ ਰਹੇ ਹਨ। ਕਿਸਾਨ ਜਥੇਬੰਦੀਆਂ ਵੱਲੋਂ ਲਗਾਏ ਲੰਗਰਾਂ ਨੇ ਸਾਰੇ ਦੇਸ਼ ਦਾ ਧਿਆਨ ਬਾਬਾ ਨਾਨਕ ਜੀ ਦੇ ਸਾਂਝੀਵਾਲਤਾ ਵਾਲੇ ਸੰਦੇਸ਼ ਅਤੇ ਪੰਜਾਬੀ ਸਭਿਆਚਾਰ ਦਾ ਹਿੱਸਾ ਬਣ ਚੁੱਕੀ ਪਰੰਪਰਾ ਵੱਲ ਖਿੱਚਿਆ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੇ ਕ੍ਰਮਵਾਰ 'ਪਦਮ ਵਿਭੂਸ਼ਨ' ਅਤੇ 'ਪਦਮ ਭੂਸ਼ਨ' ਇਨਾਮ ਵਾਪਸ ਕਰਨ ਦਾ ਐਲਾਨ ਕੀਤਾ ਹੈ। ਪੰਜਾਬ


*(ਬਾਕੀ ਸਫਾ 6 ਉਤੇ)*


## ਸਿਆਸੀ ਮੰਚ 'ਤੇ ਵੱਡੇ ਪੱਧਰ ਉਤੇ ਹਿਲਜੁਲ

**ਨਵੀਂ ਦਿੱਲੀ:** ਸਿਆਸੀ ਮੰਚ 'ਤੇ ਵੱਡੇ ਪੱਧਰ ਉਤੇ ਹਿਲਜੁਲ ਹੋ ਰਹੀ ਹੈ। ਭਾਜਪਾ ਦਾ ਪੁਰਾਣੀ ਭਾਈਵਾਲ ਪਾਰਟੀ ਸ਼੍ਰੋਮਣੀ ਅਕਾਲੀ ਦਲ ਨਾਲ ਤੋੜ-ਵਿਛੋੜਾ ਹੋ ਚੁੱਕਾ ਹੈ। ਰਾਸ਼ਟਰੀ ਸਵੈਮਸੇਵਕ ਸੰਘ ਨਾਲ ਸਬੰਧਤ ਕਿਸਾਨ ਜਥੇਬੰਦੀ ਭਾਰਤੀ ਕਿਸਾਨ ਸੰਘ ਦੇ ਆਗੂ ਵੀ ਭਾਜਪਾ ਦੇ ਸਿਆਸੀ ਆਗੂਆਂ ਦੇ ਵਿਰੁੱਧ ਆਵਾਜ਼ ਉਠਾ ਰਹੇ ਹਨ। ਹਰਿਆਣੇ ਵਿਚ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਤੇ ਉਸ ਦੀ ਜਨਨਾਇਕ ਜਨਤਾ ਪਾਰਟੀ 'ਤੇ ਵੀ ਵੱਡਾ ਸਮਾਜਿਕ ਦਬਾਅ ਬਣਿਆ ਹੋਇਆ ਹੈ। ਹਰਿਆਣਾ ਦੀਆਂ ਖਾਪ ਪੰਚਾਇਤਾਂ ਵੱਲੋਂ ਖੱਟਰ ਸਰਕਾਰ ਖਿਲਾਫ ਵੱਡੇ ਪੱਧਰ ਉਤੇ ਲਾਮਬੰਦੀ ਕੀਤੀ ਜਾ ਰਹੀ ਹੈ। ਇਥੋਂ ਤੱਕ ਕਿ ਹਰਿਆਣਾ ਸਰਕਾਰ ਨੂੰ ਸਮਰਥਨ ਦੇਣ ਵਾਲੇ ਵਿਧਾਇਕਾਂ ਨੂੰ ਵੰਗਾਰਿਆ ਜਾ ਰਿਹਾ ਹੈ ਤੇ ਉਨ੍ਹਾਂ ਦਾ ਹੁੱਕਾ ਪਾਣੀ ਬੰਦ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ। ਸੂਬੇ ਦੀਆਂ ਵਿਰੋਧੀ ਧਿਰਾਂ ਸਰਕਾਰ ਡੇਗਣ ਲਈ ਸਰਗਰਮ ਹੋ ਗਈਆਂ ਹਨ।

ਉਧਰ, ਸ਼੍ਰੋਮਣੀ ਅਕਾਲੀ ਦਲ ਵੱਲੋਂ ਨੈਸ਼ਨਲ ਕਾਂਗਰਸ ਪਾਰਟੀ, ਸ਼ਿਵ ਸੈਨਾ ਤੇ ਹੋਰ ਖੇਤਰੀ ਪਾਰਟੀਆਂ ਨਾਲ ਰਾਬਤਾ ਕਰ ਕੇ ਫੈਡਰਲਿਜ਼ਮ ਦੇ ਮੁੱਦੇ ਮੁੜ ਉਭਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਾਵੇਂ ਇਹ ਪਹਿਲਕਦਮੀ ਕਰਨ ਵਿਚ ਦਲ ਨੇ ਬਹੁਤ ਦੇਰੀ ਕਰ ਦਿੱਤੀ ਹੈ। ਕਾਂਗਰਸ, ਤ੍ਰਿਣਮੂਲ ਕਾਂਗਰਸ, ਰਾਸ਼ਟਰੀ ਜਨਤਾ ਦਲ, ਡੀ.ਐਮ.ਕੇ, ਟੀ.ਆਰ.ਸੀ, ਕਮਿਊਨਿਸਟ ਪਾਰਟੀਆਂ ਅਤੇ ਕੁਝ ਹੋਰ ਸਿਆਸੀ ਦਲਾਂ ਨੇ ਭਾਰਤ ਬੰਦ ਦੇ ਸੱਦੇ ਦੀ ਹਮਾਇਤ ਕਰਕੇ ਆਪਣਾ ਸਮਰਥਨ ਦਿੱਤਾ ਹੈ।


ਟਰੱਕ ਡਰਾਈਵਰਾਂ ਦੀ ਲੋੜ ਹੈ

ਕੈਂਟਨ, ਮਿਸ਼ੀਗਨ ਵਿਚ ਟਰੱਕ ਡਰਾਈਵਰਾਂ ਦੀ ਲੋੜ ਹੈ।
ਰੋਜ਼ਾਨਾ ਕੰਮ, ਚੰਗੀ ਤਨਖਾਹ
ਵੀਕਐਂਡ 'ਤੇ ਘਰ
ਸੰਪਰਕ ਕਰੋ
ਫੋਨ: 734-366-5300
ਜਾਂ 734-231-1871



*Rajwinder Gill*
*(Your Real Estate Pro.)*
*MBA (Finance)*
*Red 1 Realty*

"Serving All Your Real Estate Needs"

Columbus, Ohio is one of the fastest growing city in USA and With Best Schools.

ਜੇ ਤੁਸੀਂ ਕੋਲੰਬਸ, ਓਹਾਇਓ ਵਿਚ ਘਰ ਖਰੀਦਣਾ, ਵੇਚਣਾ ਜਾਂ ਕਿਸੇ ਵੀ ਤਰ੍ਹਾਂ ਦੀ ਇਨਵੈਸਟਮੈਂਟ ਕਰਨਾ ਚਾਹੁੰਦੇ ਹੋ ਤਾਂ ਸੰਪਰਕ ਕਰੋ:
ਰਾਜਵਿੰਦਰ ਗਿੱਲ, ਫੋਨ: 740-621-4455
Email: Realtorgill1@gmail.com
Website: www.gill-realty.com



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

# ਅਮਰੀਕਾ 'ਚ ਕਿਸਾਨ ਸੰਘਰਸ਼ ਦੀ ਹਮਾਇਤ 'ਚ ਮੁਜਾਹਰੇ ਤੇ ਕਾਰ ਰੈਲੀਆਂ

**ਸ਼ਿਕਾਗੋ (ਬਿਊਰੋ):** ਭਾਰਤ ਵਿਚ ਨਵੇਂ ਖੇਤੀ ਕਾਨੂੰਨ ਵਾਪਸ ਲਏ ਜਾਣ ਵਿਰੁਧ ਚੱਲ ਰਹੇ ਕਿਸਾਨ ਸੰਘਰਸ਼ ਦੀ ਹਮਾਇਤ ਵਿਚ ਅਮਰੀਕਾ ਤੇ ਕੈਨੇਡਾ ਵਿਚ ਵੀ ਮੁਜਾਹਰੇ ਤੇ ਕਾਰ ਰੈਲੀਆਂ ਕੀਤੀਆਂ ਗਈਆਂ। ਸ਼ਿਕਾਗੋ ਡਾਊਨ ਟਾਊਨ ਵਿਖੇ ਸਥਿੱਤ ਭਾਰਤੀ ਕੌਂਸਲਖਾਨੇ ਅੱਗੇ ਵੀ ਰੋਸ ਰੋਸ ਮੁਜਾਹਰੇ ਹੁੰਦੇ ਆਏ ਹਨ, ਪਰ ਸਿਰਫ ਕਿਸਾਨਾਂ ਦੀ ਹਮਾਇਤ ਵਿਚ ਕੌਂਸਲਖਾਨੇ ਅੱਗੇ ਰੋਸ ਪ੍ਰਗਟਾਉਣ ਦਾ ਸ਼ਾਇਦ ਇਹ ਪਹਿਲਾ ਮੌਕਾ ਸੀ। ਹਾਲਾਂਕਿ ਇਹ ਮੁਜਾਹਰਾ ਬਿਨਾ ਕਿਸੇ ਸਿਆਸੀ ਤੇ ਧਾਰਮਿਕ ਰੰਗਤ ਸਿਰੇ ਚਾੜ੍ਹਨ ਅਤੇ ਭਾਰਤ ਵਿਚ ਕੇਂਦਰ ਸਰਕਾਰ ਵਲੋਂ ਪਾਸ ਕੀਤੇ



*ਸ਼ਿਕਾਗੋ ਦੇ ਡਾਊਨ ਟਾਊਨ ਵਿਚ ਮੁਜਾਹਰਾ ਕਰ ਰਹੇ ਲੋਕ*

ਮੁਜਾਹਰਾ ਕੀਤਾ ਗਿਆ ਤੇ ਕਾਰ ਰੈਲੀ ਕੀਤੀ ਗਈ। ਮੁਜਾਹਰਾਕਾਰੀਆਂ ਨੇ ਕਿਸਾਨਾਂ ਦੇ ਹੱਕ ਵਿਚ 'ਨੋ ਫਾਰਮਰਜ਼, ਨੋ ਫੂਡ' ਦੇ ਨਾਅਰੇ ਲਾਏ ਅਤੇ ਮੋਦੀ ਸਰਕਾਰ ਵਲੋਂ ਪਾਸ ਕੀਤੇ ਨਵੇਂ ਖੇਤੀ ਕਾਨੂੰਨ ਵਾਪਸ ਲਏ ਜਾਣ ਦੀ ਮੰਗ ਕੀਤੀ। ਮੁਜਾਹਰਾਕਾਰੀਆਂ ਨੇ ਤਖਤੀਆਂ ਫੜ ਕੇ ਕਿਸਾਨਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ ਦੇ ਨਾਲ ਨਾਲ ਮੋਦੀ ਸਰਕਾਰ ਅਤੇ ਧਨਾਢ ਵਪਾਰੀਆਂ-ਅੰਬਾਨੀ ਤੇ ਅਡਾਨੀ ਖਿਲਾਫ ਵੀ ਨਾਅਰੇ ਲਾਏ।

ਸ਼ਿਕਾਗੋ ਸਥਿੱਤ ਭਾਰਤੀ ਕੌਂਸਲਖਾਨੇ ਅੱਗੇ ਗਏ ਖੇਤੀ ਕਾਨੂੰਨਾਂ ਵਿਰੁੱਧ ਤੇ ਕਿਸਾਨ ਸੰਘਰਸ਼ ਦੀ ਹਮਾਇਤ ਪ੍ਰਗਟਾਉਣ ਲਈ ਸੀ, ਪਰ ਇਸ ਮੁਜਾਹਰੇ ਵਿਚ ਖਾਲਿਸਤਾਨ ਪੱਖੀਆਂ ਨੇ ਨਵੇਂ ਖੇਤੀ ਕਾਨੂੰਨਾਂ ਸਬੰਧੀ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿਲਾਫ ਆਪਣੀ ਭੜਾਸ ਕੱਢੀ, ਪਰ ਨਾਲ ਦੀ ਨਾਲ ਵੱਖਰੇ ਮੁਲਕ 'ਖਾਲਿਸਤਾਨ' ਦੀ ਸਥਾਪਤੀ ਦਾ ਵਿਚਾਰ ਵੀ ਪ੍ਰਚਾਰਿਆ।

**ਇੰਡੀਆਨਾ:** ਇਸੇ ਦੌਰਾਨ ਇੰਡੀਅਨਐਪੋਲਿਸ ਦੇ ਡਾਊਨ ਟਾਊਨ ਵਿਚ ਵੀ 5 ਦਸੰਬਰ ਨੂੰ ਫਾਰਮਰਜ਼ ਸੁਪੋਰਟ ਯੂਥ ਰੈਲੀ ਕੀਤੀ ਗਈ, ਜਿਸ ਵਿਚ ਕਰੀਬ 4 ਸੌ ਲੋਕਾਂ ਨੇ ਸ਼ਮੂਲੀਅਤ ਕਰ ਕੇ ਭਾਰਤ ਸਰਕਾਰ ਦੇ ਨਵੇਂ ਖੇਤੀ ਕਾਨੂੰਨਾਂ ਖਿਲਾਫ ਅਵਾਜ਼ ਉਠਾਉਂਦਿਆਂ ਕਿਸਾਨਾਂ ਦੀ ਹਮਾਇਤ ਦਾ ਤਹੱਈਆ ਕੀਤਾ। ਲੋਕਾਂ ਨੇ ਕਾਲੇ ਖੇਤੀ ਕਾਨੂੰਨ ਵਾਪਸ ਲਏ ਜਾਣ ਅਤੇ ਕਿਸਾਨਾਂ ਦਾ ਸਾਥ ਦੇਣ ਦਾ ਸੁਨੇਹਾ ਦਰਸਾਉਂਦੇ ਬੈਨਰ ਤੇ ਤਖਤੀਆਂ ਫੜੇ ਹੋਏ ਸਨ।

**ਮਿਸ਼ੀਗਨ:** ਕੈਂਟਨ ਦੇ ਹੈਰੀਟੇਜ ਪਾਰਕ ਵਿਚ ਵੀ ਪੰਜਾਬੀ ਭਾਈਚਾਰੇ ਵਲੋਂ ਨਵੇਂ ਖੇਤੀ ਕਾਨੂੰਨਾਂ ਖਿਲਾਫ ਰੋਸ ਮੁਜਾਹਰਾ ਕੀਤਾ ਗਿਆ। ਇਸ ਮੌਕੇ ਬੱਚਿਆਂ ਤੋਂ ਇਲਾਵਾ ਬੀਬੀਆਂ, ਨੌਜਵਾਨਾਂ ਤੇ ਬਜੁਰਗਾਂ ਨੇ ਵੀ ਹਿੱਸਾ ਲਿਆ। ਇਕ ਅੰਦਾਜ਼ੇ ਮੁਤਾਬਕ ਵਿਚ ਰੋਸ ਮੁਜਾਹਰੇ ਵਿਚ ਕਰੀਬ ਸੱਤ ਸੌ ਲੋਕਾਂ ਨੇ ਸ਼ਮੂਲੀਅਤ ਕੀਤੀ ਅਤੇ ਕਿਸਾਨਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ। ਇਸ ਤੋਂ ਇਲਾਵਾ ਨਿਊ ਯਾਰਕ ਦੇ ਰਿਚਮੰਡ ਹਿੱਲ ਏਰੀਏ ਵਿਚ ਵੀ ਖੇਤੀ ਕਾਨੂੰਨਾਂ ਖਿਲਾਫ ਕਾਰ ਰੈਲੀ ਕੀਤੀ ਗਈ।


**ਫਰਿਜ਼ਨੋ:** ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਵਿਚ ਵੀ ਇੱਕ ਵੱਡੀ ਕਿਸਾਨ ਰੈਲੀ ਕੀਤੀ

(ਬਾਕੀ ਅਗਲੇ ਸਫੇ 'ਤੇ)

## ਕੈਲੀਫੋਰਨੀਆ ਦੇ ਪੰਜਾਬੀਆਂ ਨੇ ਸਿਰਜਿਆ ਇਤਿਹਾਸ, ਹੁਣ ਤੱਕ ਦੀ ਸਭ ਤੋਂ ਵੱਡੀ ਕਾਰ ਰੈਲੀ ਕੱਢੀ

**ਸੈਨ ਫਰਾਂਸਿਸਕੋ:** ਪੂਰੇ ਭਾਰਤ ਵਿਚ ਚੱਲ ਰਹੇ ਕਿਸਾਨ ਸੰਘਰਸ਼ ਨੂੰ ਬਲ ਅਤੇ ਆਪਣੀ ਹਮਾਇਤ ਦੇਣ ਲਈ ਪੂਰੀ ਦੁਨੀਆਂ ਵਿਚ ਪੰਜਾਬੀਆਂ ਵਲੋਂ ਰੋਸ ਮੁਜਾਹਰੇ ਹੋ ਰਹੇ ਹਨ। ਇਸੇ ਕੜੀ ਤਹਿਤ ਕੈਲੀਫੋਰਨੀਆ ਦੇ ਸ਼ਹਿਰ ਓਕਲੈਂਡ ਤੋਂ ਸੈਨ ਫਰਾਂਸਿਸਕੋ ਤੱਕ ਇੱਕ ਕਾਰ-ਟਰੱਕ ਰੈਲੀ ਕੀਤੀ ਗਈ। ਇਸ ਰੈਲੀ ਵਿਚ ਪ੍ਰਬੰਧਕਾਂ ਦੇ ਅੰਦਾਜ਼ੇ ਤੋਂ ਕਿਤੇ ਵੱਧ ਲੋਕਾਂ ਨੇ ਸ਼ਮੂਲੀਅਤ ਕਰਕੇ ਇਕ ਇਤਿਹਾਸ ਸਿਰਜ ਦਿੱਤਾ। ਕੋਈ ਤਿੰਨ ਹਜ਼ਾਰ ਤੋਂ ਵੱਧ ਕਾਰਾਂ ਦੇ ਕਾਫਲੇ ਵਿਚ ਕਰੀਬ ਦਸ ਹਜ਼ਾਰ ਲੋਕਾਂ ਨੇ ਹਿੱਸਾ ਲਿਆ।

ਸਥਾਨਕ ਬੇਅ ਏਰੀਏ ਦੇ ਲੋਕਾਂ ਤੋਂ ਇਲਾਵਾ ਦੂਰ ਦੁਰਾਡੇ ਦੇ ਅਨੇਕਾਂ ਸ਼ਹਿਰਾਂ ਤੋਂ ਪੁੱਜੇ ਲੋਕਾਂ ਨੇ ਆਪਣੀਆਂ ਕਾਰਾਂ ਉਤੇ ਕਿਸਾਨਾਂ ਦੇ ਸੰਘਰਸ਼ ਦੀ ਹਮਾਇਤ ਕਰਦੇ ਅਤੇ ਸਰਕਾਰ ਵਿਰੋਧੀ ਸਟਿੱਕਰ, ਪੋਸਟਰ ਅਤੇ ਝੰਡੇ ਲਾਏ ਹੋਏ ਸਨ। ਯੂਬਾ ਸਿਟੀ, ਰੋਜ਼ਵਿੱਲ, ਸੈਕਰਾਮੈਂਟੋ,



ਸਟਾਕਟਨ, ਲੈਥਰੋਪ, ਮਨਟੀਕਾ, ਟਰੇਸੀ ਤੇ ਆਸ-ਪਾਸ ਦੇ ਹੋਰ ਸ਼ਹਿਰਾਂ ਤੋਂ ਇਲਾਵਾ ਫਰਿਜ਼ਨੋ ਤੋਂ ਵੀ ਲੋਕ ਵੱਡੀ ਗਿਣਤੀ ਵਿਚ ਪੁੱਜੇ ਹੋਏ ਸਨ।

ਜੈਕਾਰਾ ਗਰੁੱਪ ਅਤੇ ਸੰਦੀਪ ਸਿੰਘ ਜੰਟੀ ਦੇ ਸੱਦੇ 'ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਅਨੇਕਾਂ ਹੋਰ ਸੰਸਥਾਵਾਂ ਨੇ ਇਸ ਰੈਲੀ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਬੁਲਾਰਿਆਂ ਨੇ ਭਾਰਤ ਸਰਕਾਰ ਦੀ ਪੁਰਜ਼ੋਰ ਨਿੰਦਾ ਕਰਦਿਆਂ ਕਾਲੇ ਕਾਨੂੰਨ ਵਾਪਸ ਲੈਣ ਦੀ ਪੁਰਜ਼ੋਰ ਮੰਗ ਕੀਤੀ। ਦੁਪਹਿਰ ਨੂੰ ਸ਼ੁਰੂ ਹੋਈ ਇਹ ਰੈਲੀ ਰਾਤ 8 ਵਜੇ ਤੱਕ ਜਾਰੀ ਰਹੀ।






*ਇੰਡੀਅਨਐਪੋਲਿਸ ਵਿਚ ਹੋਏ ਮੁਜਾਹਰੇ ਦੇ ਦੋ ਵੱਖ ਵੱਖ ਦ੍ਰਿਸ਼*














*ਕੈਂਟਨ, ਮਿਸ਼ੀਗਨ ਦੇ ਹੈਰੀਟੇਜ ਪਾਰਕ ਵਿਚ ਹੋਏ ਰੋਸ ਮੁਜਾਹਰੇ ਦੀਆਂ ਤਸਵੀਰਾਂ*

# ਖੇਤੀ ਕਾਨੂੰਨ: ਪੂਰੀ ਦੁਨੀਆਂ ਵਿਚ ਪੰਜਾਬ ਤੋਂ ਉਠੇ ਰੋਹ ਦੀ ਗੂੰਜ ਪਈ

**ਚੰਡੀਗੜ੍ਹ:** ਦੁਨੀਆਂ ਭਰ ਵਿਚ ਵੱਸਦੇ ਪੰਜਾਬੀਆਂ ਨੇ ਆਪੋ-ਆਪਣੇ ਦੇਸ਼ਾਂ ਵਿਚ ਕਿਸਾਨ ਅੰਦੋਲਨ ਮਘਾ ਦਿੱਤਾ ਹੈ। ਫਰਾਂਸ, ਇਟਲੀ, ਇੰਗਲੈਂਡ, ਜਰਮਨੀ, ਕੈਨੇਡਾ, ਅਮਰੀਕਾ, ਆਸਟਰੇਲੀਆ ਤੇ ਨਿਊਜ਼ੀਲੈਂਡ ਸਮੇਤ ਹੋਰ ਮੁਲਕਾਂ ਵਿਚ ਲਗਾਤਾਰ ਕਿਸਾਨਾਂ ਦੇ ਹੱਕ ਵਿਚ ਸੰਘਰਸ਼ ਕੀਤੇ ਜਾ ਰਹੇ ਹਨ। ਅਮਰੀਕਾ ਵਿਚ ਤਿੰਨ ਵੱਡੀਆਂ ਸਿੱਖ ਜਥੇਬੰਦੀਆਂ ਅਮੈਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਪੋਸਟ ਅਤੇ ਵਰਲਡ ਸਿੱਖ ਪਾਰਲੀਮੈਂਟ ਡਟ ਕੇ ਕਿਸਾਨਾਂ ਦੀ ਹਮਾਇਤ ਕਰ ਰਹੀਆਂ ਹਨ। ਫਰਾਂਸ ਦੀ ਰਾਜਧਾਨੀ ਪੈਰਿਸ ਵਿਚ ਕੀਤੇ ਗਏ ਮੁਜ਼ਾਹਰੇ 'ਚ ਸ਼ਾਮਲ ਮਨਜੀਤ ਸਿੰਘ ਗੌਰਸੀਆਂ ਨੇ ਦੱਸਿਆ ਕਿ ਵੱਡੀ ਗਿਣਤੀ 'ਚ ਪੰਜਾਬੀਆਂ ਨੇ ਰੋਸ ਮਾਰਚ ਵਿਚ ਹਿੱਸਾ ਲਿਆ। ਇਟਲੀ ਦੇ ਸ਼ਹਿਰ ਮਿਲਾਨ 'ਚ ਵੀ ਕਿਸਾਨ ਸੰਘਰਸ਼ ਨੂੰ ਵੱਡਾ ਹੁੰਗਾਰਾ ਦਿੱਤਾ ਗਿਆ। ਇਟਲੀ ਦੇ ਜ਼ਿਲ੍ਹਾ ਬੈਰਗਾਮੋ ਦੇ ਨੌਜਵਾਨਾਂ ਨੇ ਕਿਹਾ ਕਿ ਸੰਘਰਸ਼ ਦੌਰਾਨ ਜਿਨ੍ਹਾਂ ਕਿਸਾਨਾਂ ਦੀ ਮੌਤ ਹੋ ਗਈ ਹੈ, ਉਨ੍ਹਾਂ ਦੇ ਪਰਿਵਾਰਾਂ ਦੀ ਆਰਥਿਕ ਮਦਦ ਕੀਤੀ ਜਾਵੇਗੀ। ਫਰਾਂਸ ਵਸਦੇ ਪੰਜਾਬੀ ਭਾਈਚਾਰੇ ਅਤੇ ਸਿੱਖ ਜਥੇਬੰਦੀਆਂ ਨੇ ਵੀ ਕਿਸਾਨਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਦਿਆਂ ਕੇਂਦਰ ਸਰਕਾਰ ਨੂੰ ਇਹ ਕਿਸਾਨ ਵਿਰੋਧੀ ਕਾਨੂੰਨ ਰੱਦ ਕਰਨ ਦੀ ਮੰਗ ਕੀਤੀ ਹੈ।



ਸੈਂਕੜੇ ਅਮਰੀਕੀ ਸਿੱਖਾਂ ਨੇ ਵੱਖ-ਵੱਖ ਸ਼ਹਿਰਾਂ ਵਿਚ ਭਾਰਤੀ ਕਿਸਾਨਾਂ ਦੇ ਹੱਕ 'ਚ ਸ਼ਾਂਤੀਪੂਰਨ ਰੋਸ ਰੈਲੀਆਂ ਕੀਤੀਆਂ। ਕੈਲੀਫੋਰਨੀਆ ਦੇ ਵੱਖ-ਵੱਖ ਹਿੱਸਿਆਂ ਤੋਂ ਪੁੱਜੀਆਂ ਕਾਰਾਂ ਦੇ ਕਾਫਲੇ ਨੇ ਬੇਅ ਬ੍ਰਿਜ ਉਤੇ ਟਰੈਫਿਕ ਜਾਮ ਕਰ ਦਿੱਤੀ। ਕਾਫਲਾ ਸਾਂ ਫਰਾਂਸਿਸਕੋ ਸਥਿਤ ਭਾਰਤੀ ਦੂਤਾਵਾਸ ਵੱਲ ਵੱਧ ਰਿਹਾ ਸੀ। ਇਸ ਤੋਂ ਇਲਾਵਾ ਡਾਊਨਟਾਊਨ ਇੰਡੀਆਨਾਪੋਲਿਸ ਵਿਚ ਵੀ ਸੈਂਕੜੇ ਲੋਕ ਇਕੱਤਰ ਹੋਏ। ਦੋਵਾਂ ਥਾਵਾਂ ਉਤੇ ਇਕੱਠੇ ਹੋਏ ਮੁਜ਼ਾਹਰਾਕਾਰੀਆਂ ਨੇ ਮੰਗ ਕੀਤੀ ਕਿ ਨਵੇਂ ਕਾਨੂੰਨ ਵਾਪਸ ਲਏ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਨਵੇਂ ਕਾਨੂੰਨ ਭਾਰਤੀ ਕਿਸਾਨਾਂ ਨੂੰ ਗਰੀਬੀ ਵੱਲ ਧੱਕ ਦੇਣਗੇ ਤੇ ਕਾਰਪੋਰੇਟ ਸੈਕਟਰ ਦੀ ਅਜ਼ਾਰੇਦਾਰੀ ਕਾਇਮ ਹੋ ਜਾਵੇਗੀ। ਇੰਡੀਆਨਾ ਅਧਾਰਿਤ ਗੁਰਿੰਦਰ ਸਿੰਘ ਖਾਲਸਾ ਨੇ ਕਿਹਾ ਕਿ ਕਿਸਾਨ ਦੇਸ਼ ਦੀ ਰੂਹ ਹਨ। ਰੂਹ ਦੀ ਰਾਖੀ ਕਰਨੀ ਬਣਦੀ ਹੈ। ਅਮਰੀਕਾ ਤੇ ਕੈਨੇਡਾ ਸਣੇ ਪੂਰੀ ਦੁਨੀਆਂ ਦੇ ਲੋਕ ਕਈ ਸ਼ਹਿਰਾਂ ਵਿਚ ਇਨ੍ਹਾਂ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਇਕੱਠੇ ਹੋਏ ਹਨ ਜੋ ਕਿ ਭਾਰਤੀ ਖੇਤੀਬਾੜੀ ਬਾਜ਼ਾਰ ਨੂੰ ਪ੍ਰਾਈਵੇਟ ਸੈਕਟਰ ਲਈ ਖੋਲ੍ਹਣ ਦਾ ਰਾਹ ਹਨ। ਇਸ ਤੋਂ ਪਹਿਲਾਂ ਅਮਰੀਕੀ ਸਿੱਖ ਸ਼ਿਕਾਗੋ ਵਿਚ ਵੀ ਇਕੱਤਰ ਹੋਏ ਹਨ। ਵਾਸ਼ਿੰਗਟਨ ਡੀ.ਸੀ. ਵਿਚ ਭਾਰਤੀ ਦੂਤਾਵਾਸ ਅੱਗੇ ਰੋਸ ਰੈਲੀ ਵੀ ਕੀਤੀ ਗਈ।

ਆਸਟਰੇਲੀਆ ਦੇ ਵੱਖ-ਵੱਖ ਸ਼ਹਿਰਾਂ ਵਿਚ ਕਿਸਾਨ ਅੰਦੋਲਨ ਦੇ ਹੱਕ ਵਿਚ ਰੈਲੀਆਂ ਹੋਈਆਂ। ਸਿਡਨੀ, ਮੈਲਬਰਨ, ਗ੍ਰਿਫਥ 'ਚ ਵੱਡੇ ਇਕੱਠ ਹੋਏ। ਸਿਡਨੀ ਦੇ ਪੱਛਮੀ ਖੇਤਰ 'ਚ ਭਾਰਤੀਆਂ ਦੇ ਗੜ੍ਹ ਵਾਲੇ ਇਲਾਕੇ ਕੁਏਕਰਜ਼ ਹਿੱਲ ਪਾਰਕ ਵਿਚ ਸੈਂਕੜੇ ਲੋਕਾਂ ਨੇ ਇਕੱਠੇ ਹੋ ਕੇ ਰੈਲੀ ਕੀਤੀ। ਰੈਲੀ ਵਿਚ ਪੰਜਾਬੀਆਂ ਤੋਂ ਇਲਾਵਾ ਹਰਿਆਣਾ ਤੇ ਭਾਰਤ ਦੇ ਹੋਰਨਾਂ ਰਾਜਾਂ ਦੇ ਲੋਕ ਵੀ ਸ਼ਾਮਲ ਹੋਏ। ਇਸੇ ਦੌਰਾਨ ਮੁਜ਼ਾਹਰਾਕਾਰੀਆਂ ਨਾਲ ਮੋਦੀ ਸਮਰਥਕਾਂ ਨੇ ਧੱਕਾ ਮੁੱਕੀ ਵੀ ਕੀਤੀ। ਸਿਡਨੀ ਕ੍ਰਿਕਟ ਗਰਾਊਂਡ 'ਚ ਭਾਰਤ-ਆਸਟਰੇਲੀਆ ਦੇ ਕ੍ਰਿਕਟ ਮੈਚ 'ਚ ਕਿਸਾਨ ਪੱਖੀ ਭਾਰਤੀਆਂ ਨੇ ਤਖਤੀਆਂ-ਬੈਨਰ ਫੜ ਕੇ ਕਿਸਾਨ ਅੰਦੋਲਨ ਬਾਰੇ ਆਵਾਜ਼ ਬੁਲੰਦ ਕੀਤੀ। ਬੁਲਾਰਿਆਂ ਨੇ ਆਸਟਰੇਲੀਆ ਦੀ ਲਿਬਰਲ-ਨੈਸ਼ਨਲ ਸਰਕਾਰ ਤੇ ਮੁੱਖ ਵਿਰੋਧੀ ਪਾਰਟੀ ਲੇਬਰ ਪਾਸੋਂ ਸਹਿਯੋਗ ਮੰਗਿਆ ਹੈ।

ਕੈਨੇਡਾ ਦੇ ਕਰੀਬ ਇਕ ਦਰਜਨ ਸ਼ਹਿਰਾਂ ਵਿਚ ਕਿਸਾਨਾਂ ਦੇ ਹੱਕ 'ਚ ਰੈਲੀਆਂ ਕੀਤੀਆਂ ਗਈਆਂ। ਸਰੀ ਵਾਲੀ ਰੈਲੀ ਜਿਸ ਵਿਚ ਦੋ ਹਜ਼ਾਰ ਤੋਂ ਵੱਧ ਕਾਰਾਂ ਤੇ ਚਾਰ ਹਜ਼ਾਰ ਤੋਂ ਵੱਧ ਲੋਕ ਸ਼ਾਮਲ ਸਨ ਜਿਨ੍ਹਾਂ ਵੈਨਕੂਵਰ ਦੇ ਡਾਊਨ ਟਾਊਨ ਖੇਤਰ ਸਥਿਤ ਭਾਰਤੀ ਸਫਾਰਤਖਾਨੇ ਅੱਗੇ ਨਾਅਰੇਬਾਜ਼ੀ ਕਰਕੇ ਭਾਰਤ ਸਰਕਾਰ ਵਿਰੁੱਧ ਰੋਸ ਜ਼ਾਹਿਰ ਕੀਤਾ। ਲੋਕਾਂ ਨੇ ਕਿਹਾ ਕਿ ਭਾਰਤ ਸਰਕਾਰ ਕਾਲੇ ਖੇਤੀ ਕਾਨੂੰਨਾਂ ਨੂੰ ਵਾਪਸ ਲਵੇ ਅਤੇ ਕਿਸਾਨਾਂ ਨੂੰ ਰਾਹਤ ਦੇਵੇ। ਇਸੇ ਤਰ੍ਹਾਂ ਬੀਸੀ ਦੇ ਸ਼ਹਿਰਾਂ ਕਲੋਨਾ, ਕਾਮਲੂਪ, ਪੈਂਟਿਕਟਨ, ਓਇਸੂਸ ਤੇ ਸਕੋਮਿਸ਼ ਵਿਚ ਵੀ ਰੈਲੀਆਂ ਕੱਢੀਆਂ ਗਈਆਂ। ਉਧਰ, ਓਂਟਾਰੀਓ ਸੂਬੇ ਦੇ ਸ਼ਹਿਰਾਂ ਲੰਡਨ, ਕੈਂਬ੍ਰਿਜ, ਹਮਿਲਟਨ ਅਤੇ ਮਾਲਟਨ 'ਚ ਵੀ ਰੈਲੀਆਂ ਕੀਤੀਆਂ ਗਈਆਂ।

## ਟਰੂਡੋ ਦਾ ਹਾਅ ਦਾ ਨਾਅਰਾ ਸਰਕਾਰ ਨੂੰ ਚੁਭਿਆ

**ਨਵੀਂ ਦਿੱਲੀ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ ਤੋਂ ਭਾਰਤ ਸਰਕਾਰ ਕਾਫੀ ਖਿੱਝ ਗਈ ਹੈ। ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਨੇ ਆਪਣਾ ਰੋਸ ਪ੍ਰਗਟਾਉਣ ਲਈ ਕੈਨੇਡਾ ਦੇ ਹਾਈ ਕਮਿਸ਼ਨਰ ਨੂੰ ਤਲਬ ਕਰਕੇ ਸ੍ਰੀ ਟਰੂਡੋ ਦੇ ਬਿਆਨ 'ਤੇ ਇਤਰਾਜ਼ ਜਤਾਇਆ। ਵਿਭਾਗ ਨੇ ਕਿਹਾ ਕਿ ਸ੍ਰੀ ਟਰੂਡੋ ਦਾ ਬਿਆਨ ਭਾਰਤ ਦੇ ਅੰਦਰੂਨੀ ਮਾਮਲਿਆਂ ਵਿਚ ਸਿੱਧਾ ਦਖਲ ਹੈ ਤੇ ਜੇ ਭਵਿੱਖ ਵਿਚ ਅਜਿਹੇ ਕੀਤਾ ਗਿਆ ਤਾਂ ਇਸ ਦਾ ਗੰਭੀਰ ਅਸਰ ਦੁਵੱਲੇ ਸਬੰਧਾਂ ਉਤੇ ਪਵੇਗਾ।

## ਦਿਲਜੀਤ ਨੇ ਕਿਸਾਨਾਂ ਲਈ ਇਕ ਕਰੋੜ ਰੁਪਏ ਦਿੱਤੇ

**ਚੰਡੀਗੜ੍ਹ:** ਅਦਾਕਾਰਾ ਕੰਗਨਾ ਰਣੌਤ ਨੂੰ ਮਿਹਣੇ ਮਾਰਨ ਮਗਰੋਂ ਪੰਜਾਬ ਗਾਇਕ ਅਤੇ ਅਦਾਕਾਰ ਦਿਲਜੀਤ ਦੁਸਾਂਝ ਲਗਾਤਾਰ ਸੁਰਖੀਆਂ 'ਚ ਹੈ। ਹੁਣ ਦਿਲਜੀਤ ਨੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੂੰ ਗਰਮ ਕੱਪੜੇ ਮੁਹੱਈਆ ਕਰਾਉਣ ਲਈ ਇਕ ਕਰੋੜ ਰੁਪਏ ਦਾਨ ਕੀਤੇ ਹਨ।

ਪੰਜਾਬੀ ਗਾਇਕ ਸਿੰਗਾ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ ਉਤੇ ਇਸ ਦਾ ਖੁਲਾਸਾ ਕਰਦਿਆਂ ਕਿਹਾ ਹੈ,''ਵੀਰੇ ਤੇਰਾ ਧੰਨਵਾਦ, ਤੁਸੀਂ ਕਿਸਾਨਾਂ ਨੂੰ ਗਰਮ ਕੱਪੜੇ ਦੇਣ ਲਈ ਇਕ ਕਰੋੜ ਰੁਪਏ ਦਿੱਤੇ ਹਨ ਅਤੇ ਕਿਸੇ ਨੂੰ ਇਸ ਦੀ ਜਾਣਕਾਰੀ ਨਹੀਂ ਹੈ। ਤੁਸੀਂ ਇਸ ਦੀ ਕੋਈ ਪੋਸਟ ਵੀ ਨਹੀਂ ਪਾਈ ਹੈ ਜਦਕਿ ਅੱਜ-ਕੱਲ੍ਹ ਤਾਂ ਲੋਕ 10 ਰੁਪਏ ਦਾਨ ਕਰਨ ਮਗਰੋਂ ਵੀ ਚੁੱਪ ਨਹੀਂ ਬੈਠਦੇ ਹਨ।" ਜ਼ਿਕਰਯੋਗ ਹੈ ਕਿ ਦਿਲਜੀਤ ਦੁਸਾਂਝ ਨੇ ਦਿੱਲੀ 'ਚ ਸਿੰਘੂ ਬਾਰਡਰ ਉਤੇ ਕਿਸਾਨ ਅੰਦੋਲਨ 'ਚ ਆਪਣੀ ਹਾਜ਼ਰੀ ਲਵਾਈ ਸੀ। ਉਸ ਨੇ ਆਪਣੇ ਸੰਬੋਧਨ ਦੌਰਾਨ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਉਹ ਕਿਸਾਨਾਂ ਦੀਆਂ ਮੰਗਾਂ ਤੁਰਤ ਮੰਨੇ। 'ਕੇਂਦਰ ਸਰਕਾਰ ਨੂੰ ਇਕੋ ਬੇਨਤੀ ਹੈ ਕਿ ਉਹ ਕਿਸਾਨਾਂ ਦੀਆਂ ਮੰਗਾਂ ਮੰਨੇ। ਇਥੇ ਹਰ ਕੋਈ ਸ਼ਾਂਤੀ ਨਾਲ ਬੈਠਾ ਹੋਇਆ ਹੈ ਅਤੇ ਪੂਰਾ ਮੁਲਕ ਕਿਸਾਨਾਂ ਨਾਲ ਖੜ੍ਹਾ ਹੈ। ਟਵਿੱਟਰ ਉਤੇ ਇਧਰ-ਉਧਰ ਦੀਆਂ ਗੱਲਾਂ ਨਾਲ ਧਿਆਨ ਵੰਡਾਇਆ ਜਾ ਰਿਹਾ ਹੈ ਪਰ ਸੱਚ ਇਹ ਹੈ ਕਿ ਕਿਸਾਨ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਹਨ।

# ਮੋਦੀ ਸਰਕਾਰ ਦੀ ਤਾਨਾਸ਼ਾਹੀ 'ਤੇ ਸੰਯੁਕਤ ਰਾਸ਼ਟਰ ਦੇ ਸਵਾਲ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਅੰਤੋਨੀਓ ਗੁਟੇਰੇਜ਼ ਦੇ ਬੁਲਾਰੇ ਨੇ ਭਾਰਤ ਵਿਚ ਜਾਰੀ ਕਿਸਾਨਾਂ ਦੇ ਮੁਜ਼ਾਹਰਿਆਂ ਦੇ ਸੰਦਰਭ ਵਿਚ ਕਿਹਾ ਹੈ ਕਿ ਲੋਕਾਂ ਨੂੰ ਸ਼ਾਂਤੀਪੂਰਨ ਢੰਗ ਨਾਲ ਰੋਸ ਪ੍ਰਗਟਾਉਣ ਦਾ ਹੱਕ ਹੈ ਤੇ ਸਰਕਾਰ ਨੂੰ ਉਨ੍ਹਾਂ ਨੂੰ ਅਜਿਹਾ ਕਰਨ ਦੇਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਭਾਰਤ ਨੇ ਰੋਸ ਮੁਜ਼ਾਹਰਿਆਂ ਬਾਰੇ ਵਿਦੇਸ਼ੀ ਆਗੂਆਂ ਦੀਆਂ ਟਿੱਪਣੀਆਂ ਨੂੰ 'ਬੇਲੋੜਾ' ਦੱਸਿਆ ਸੀ। ਭਾਰਤ ਨੇ ਕਿਹਾ ਸੀ ਕਿ ਇਨ੍ਹਾਂ ਆਗੂਆਂ ਨੂੰ ਖੇਤੀ ਕਾਨੂੰਨਾਂ ਬਾਰੇ ਪੂਰੀ ਜਾਣਕਾਰੀ ਨਹੀਂ ਹੈ ਤੇ ਇਹ ਲੋਕਤੰਤਰਿਕ ਮੁਲਕ ਦਾ ਅੰਦਰੂਨੀ ਮਸਲਾ ਹੈ। ਸਕੱਤਰ ਜਨਰਲ ਦੇ ਬੁਲਾਰੇ ਸਟੇਫਨ ਦੁਜਾਰਿਕ ਨੇ ਕਿਹਾ 'ਜਿਥੋਂ ਤੱਕ ਭਾਰਤ ਦਾ ਸਵਾਲ ਹੈ, ਮੈਂ ਉਹੀ ਕਹਾਂਗਾ ਜੋ ਅਜਿਹੇ ਮਾਮਲਿਆਂ ਵਿਚ ਹੋਰਾਂ ਬਾਰੇ ਕਹਿੰਦਾ ਰਿਹਾ ਹਾਂ, ਸ਼ਾਂਤੀਪੂਰਨ ਢੰਗ ਨਾਲ ਰੋਸ ਪ੍ਰਗਟਾਉਣ ਦਾ ਹੱਕ ਸਾਰਿਆਂ ਨੂੰ ਹੈ ਤੇ ਅਜਿਹਾ ਕਰਨ ਦੇਣਾ ਚਾਹੀਦਾ ਹੈ।' ਸਕੱਤਰ-ਜਨਰਲ ਦਾ ਬੁਲਾਰਾ ਕਿਸਾਨ ਮੁਜ਼ਾਹਰਿਆਂ ਬਾਰੇ ਪੁੱਛੇ ਗਏ ਇਕ ਸਵਾਲ ਦਾ ਜਵਾਬ ਦੇ ਰਿਹਾ ਸੀ। ਦੁਜਾਰਿਕ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਚਾਹੁੰਦਾ ਹੈ ਕਿ ਲੋਕਾਂ ਨੂੰ ਆਵਾਜ਼ ਬੁਲੰਦ ਕਰਨ ਦਾ ਹੱਕ ਹੋਵੇ। ਰੋਜ਼ਾਨਾ ਦੇ ਮੀਡੀਆ ਸੰਬੋਧਨ ਦੌਰਾਨ ਸਕੱਤਰ-ਜਨਰਲ ਦੇ ਬੁਲਾਰੇ ਨੇ ਕਿਹਾ ਕਿ ਸ਼ਾਂਤੀਪੂਰਨ ਢੰਗ ਨਾਲ ਰੋਸ ਦਰਜ ਕਰਵਾਉਣ ਦਾ ਹੱਕ ਹਰੇਕ ਨੂੰ ਹੋਣਾ ਚਾਹੀਦਾ ਹੈ।

ਦੱਸਣਯੋਗ ਹੈ ਕਿ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਨੁਰਾਗ ਸ੍ਰੀਵਾਸਤਵ ਨੇ ਕਿਹਾ ਸੀ ਕਿ 'ਚੰਗਾ ਇਹੀ ਹੋਵੇਗਾ ਕਿ ਕੂਟਨੀਤਕ ਸੰਵਾਦ ਨੂੰ ਸਿਆਸੀ ਮੰਤਵ ਵਜੋਂ ਨਾ ਲਿਆ ਜਾਵੇ।' ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕਿਸਾਨਾਂ ਦੇ ਹੱਕ ਵਿਚ ਕੀਤੀ ਟਿੱਪਣੀ ਦਾ ਨੋਟਿਸ ਲੈਂਦਿਆਂ ਭਾਰਤ ਨੇ ਕੈਨੇਡੀਅਨ ਹਾਈ ਕਮਿਸ਼ਨਰ ਨੂੰ ਤਲਬ ਵੀ ਕੀਤਾ ਸੀ।

ਭਾਰਤ ਨੇ ਕਿਹਾ ਸੀ ਕਿ ਮੁਲਕ ਦੇ ਅੰਦਰੂਨੀ ਮਸਲਿਆਂ ਵਿਚ ਦਖਲਅੰਦਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਤੇ ਇਸ ਦਾ ਦੁਵੱਲੇ ਰਿਸ਼ਤਿਆਂ ਉਤੇ ਗੰਭੀਰ ਅਸਰ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ ਭਾਰਤ ਦੇ ਕਿਸਾਨਾਂ ਨੇ ਦਿੱਲੀ-ਹਰਿਆਣਾ ਅਤੇ ਦਿੱਲੀ-ਉਤਰ ਪ੍ਰਦੇਸ਼ ਦੀਆਂ ਹੱਦਾਂ ਜਾਮ ਕੀਤੀਆਂ ਹੋਈਆਂ ਹਨ ਤੇ ਉਹ ਤਿੰਨ ਨਵੇਂ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੀ ਮੰਗ ਕਰ ਰਹੇ ਹਨ। ਜਦਕਿ ਸਰਕਾਰ ਵੱਲੋਂ ਕਾਨੂੰਨਾਂ ਦਾ ਪੱਖ ਪੂਰਿਆ ਜਾ ਰਿਹਾ ਹੈ।

# ਅਮਰੀਕਾ 'ਚ ਕਿਸਾਨ ਸੰਘਰਸ਼ ਦੀ ਹਮਾਇਤ 'ਚ ਮੁਜਾਹਰੇ ਤੇ ਕਾਰ ਰੈਲੀਆਂ

*(ਸਫਾ 2 ਦੀ ਬਾਕੀ)*

ਗਈ। ਲਾਗਲੇ ਸ਼ਹਿਰਾਂ ਦੇ ਪੰਜਾਬੀਆਂ ਨੇ ਇੱਕ ਵਿਸ਼ਾਲ ਕਾਰ, ਟਰੈਕਟਰ ਅਤੇ ਮੋਟਰ-ਸਾਈਕਲ ਰੋਡ ਸ਼ੋਅ ਦਾ ਆਯੋਜਨ ਕੀਤਾ, ਜਿਸ ਵਿਚ ਪੰਜਾਬੀ ਭਾਈਚਾਰੇ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਤੋਂ ਇਲਾਵਾ ਕਲੋਵਿਸ, ਸੈਲਮਾਂ, ਫਾਊਲਰ, ਕਰਮਨ, ਸਨਵਾਕੀਨ, ਮੰਡੇਰਾ, ਸੈਂਘਰ ਆਦਿ ਲਾਗਲੇ ਸ਼ਹਿਰਾਂ ਤੋਂ ਕਿਸਾਨੀ ਨਾਲ ਸਬੰਧਤ ਸਮੁੱਚੇ ਭਾਈਚਾਰੇ ਨੇ ਸ਼ਿਰਕਤ ਕੀਤੀ।

ਇਸ ਸਮੇਂ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਅਸੀਂ ਤਨੋਂ, ਮਨੋਂ, ਧਨੋਂ ਪੰਜਾਬ-ਭਾਰਤ ਦੇ ਕਿਸਾਨਾਂ ਨਾਲ ਖੜ੍ਹੇ ਹਾਂ ਅਤੇ ਭਾਰਤ ਸਰਕਾਰ ਦੇ ਇਹ ਤਿੰਨੇ ਕਾਨੂੰਨਾਂ ਦਾ ਡਟ ਕੇ ਵਿਰੋਧ ਕਰਦੇ ਹਾਂ। ਰੈਲੀ ਵਿਚ ਸ਼ਾਮਲ ਟਰੈਕਟਰ ਅਤੇ ਕਾਰਾ ਦਾ ਕਾਫਲਾ ਇਹ ਦੱਸ ਰਿਹਾ ਸੀ ਕਿ ਬੇਸੱਕ ਅਸੀਂ ਆਰਥਕ ਲੋੜਾਂ ਅਤੇ ਨੌਕਰੀਆਂ ਦੀ ਮਜਬੂਰੀ ਕਰਕੇ ਵਿਦੇਸ਼ ਆ ਵਸੇ, ਪਰ ਅੱਜ ਵੀ ਅਸੀਂ ਦੁੱਖ-ਸੁੱਖ ਵਿਚ ਆਪਣੇ ਪੰਜਾਬ ਵਸਦੇ ਪਰਿਵਾਰਾਂ ਨਾਲ ਖੜ੍ਹੇ ਹਾਂ।

ਇਸ ਸਮੇਂ ਗੱਡੀਆਂ 'ਤੇ ਕਿਸਾਨਾਂ ਦੇ ਹੱਕ ਵਿਚ ਵੱਡੇ ਝੰਡੇ ਅਤੇ ਸਟਿਕਰ ਲਾਏ ਹੋਏ ਸਨ। ਇਸ ਰੋਡ ਸ਼ੋਅ ਦੌਰਾਨ ਪੰਜਾਬੀ, ਪੰਜਾਬੀਅਤ ਅਤੇ ਸਿੱਖੀ ਦੇ ਰੰਗ ਵਿਚ ਰੰਗੇ ਇੱਕ ਵੱਖਰੇ ਜੋਸ਼ ਵਿਚ ਨਜ਼ਰੀਂ ਆਏ।

**ਓਰੇਗਾਨ:** ਓਰੇਗਾਨ ਸਟੇਟ ਅਤੇ ਵਾਸ਼ਿੰਗਟਨ ਸਟੇਟ ਦੇ ਵੈਨਕੂਵਰ ਦੀ ਸੰਗਤ ਵਲੋਂ ਵੀ ਸਾਂਝੇ ਤੌਰ 'ਤੇ ਰੋਸ ਮੁਜਾਹਰਾ ਕੀਤਾ ਗਿਆ। ਇਸ ਮੌਕੇ ਡੈਮੋਕਰੈਟਿਕ ਪਾਰਟੀ ਵਲੋਂ ਚੁਣੀ ਗਈ ਸੈਨੇਟਰ ਡੈਬਰਾ ਪੈਟਰਸਨ ਨੇ ਭਾਰਤ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਾਂ ਮੰਨਣ ਦੀ ਅਪੀਲ ਕੀਤੀ।

ਸਮਾਜ ਸੇਵੀ ਬਹਾਦਰ ਸਿੰਘ ਸੇਲਮ ਨੇ ਦੱਸਿਆ ਕਿ ਸੋਨਾ ਅਟਵਾਲ, ਨਿਰਮਲ ਸਿੰਘ ਅਤੇ ਵੈਨਕੂਵਰ ਤੋਂ ਗੁਰਜੀਤ ਸਿੰਘ ਦੀ ਅਗਵਾਈ ਹੇਠ ਰੋਸ ਮੁਜਾਹਰਾ ਸਫਲ ਬਣਿਆ। ਇਸ ਮੌਕੇ ਜਸਮੀਤ ਕੌਰ, ਪਵਨ ਕੌਰ, ਨਵਨੀਤ ਕੌਰ ਅਤੇ ਅਮਿਤ ਸਿੰਘ ਨੇ ਅੰਗਰੇਜ਼ੀ-ਪੰਜਾਬੀ ਵਿਚ ਤਕਰੀਰਾਂ ਕਰ ਕੇ ਕਿਸਾਨਾਂ ਦੀਆਂ ਮੰਗਾਂ ਨੂੰ ਜਾਇਜ ਦੱਸਿਆ।




ਕਿਸਾਨਾਂ ਦੀ ਹਮਾਇਤ ਵਿਚ ਫਰਿਜ਼ਨੋ ਵਿਚ ਕੀਤੀ ਗਈ ਰੈਲੀ ਦਾ ਇਕ ਦ੍ਰਿਸ਼

**ਵਾਸ਼ਿੰਗਟਨ ਡੀ. ਸੀ.:** ਸਿੱਖਸ ਆਫ ਅਮਰੀਕਾ ਨਾਂ ਦੀ ਸੰਸਥਾ ਨੇ ਖੇਤੀ ਕਾਨੂੰਨਾਂ ਨੂੰ ਲੈ ਕੇ ਵਾਸ਼ਿੰਗਟਨ ਡੀ. ਸੀ. 'ਚ ਭਾਰਤੀ ਅੰਬੈਸੀ ਨੂੰ ਮੰਗ ਪੱਤਰ ਦਿੱਤਾ। ਸੰਸਥਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ, ਪ੍ਰਧਾਨ ਕੰਵਲਜੀਤ ਸਿੰਘ ਸੋਨੀ, ਬਾਲਟੀਮੋਰ ਸੂਬੇ ਦੇ ਚੇਅਰਮੈਨ ਬਲਜਿੰਦਰ ਸਿੰਘ ਸ਼ੰਮੀ, ਗੁਰਚਰਨ ਸਿੰਘ ਤੇ ਦਲਬੀਰ ਸਿੰਘ ਨੇ ਅੰਬੈਸੀ ਨੂੰ ਸੌਂਪੇ ਪੱਤਰ ਵਿਚ ਕਿਹਾ ਗਿਆ ਹੈ ਕਿ ਵੱਡੀ ਗਿਣਤੀ ਵਿਚ ਸਿੱਖ-ਅਮਰੀਕਨ ਕਮਿਊਨਿਟੀ ਭਾਰਤ ਸਰਕਾਰ ਵਲੋਂ ਪਾਸ ਕੀਤੇ ਗਏ ਤਿੰਨ ਕਾਨੂੰਨਾਂ ਨੂੰ ਲੈ ਕੇ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ।

ਸੰਸਥਾ ਨੇ ਅਪੀਲ ਕੀਤੀ ਹੈ ਖੇਤੀ ਕਾਨੂੰਨਾਂ ਸਬੰਧੀ ਬੈਠ ਕੇ ਕੋਈ ਸਾਰਥਕ ਹੱਲ ਕੱਢਿਆ ਜਾਣਾ ਚਾਹੀਦਾ ਹੈ, ਕਿਉਂਕਿ ਕਿਸਾਨ ਅੰਦੋਲਨ ਵਿਚ ਭਾਰਤ ਦੇ ਪੰਜਾਬ, ਹਰਿਆਣਾ, ਯੂ. ਪੀ., ਰਾਜਸਥਾਨ ਤੋਂ ਇਲਾਵਾ ਕੇਰਲਾ, ਤਾਮਿਲਨਾਡੂ ਵਰਗੇ ਦੱਖਣੀ ਸੂਬਿਆਂ ਦੇ ਕਿਸਾਨ ਵੀ ਜੁੜ ਗਏ ਹਨ ਅਤੇ ਕਿਸਾਨਾਂ ਦੁਆਰਾਂ ਵਲੋਂ ਕੀਤੇ ਗਏ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਵਿਰੁੱਧ ਸਰਕਾਰ ਵੱਲੋਂ ਹਮਲਾਵਾਰ ਰੁਖ ਅਖਤਿਆਰ ਕਰਨਾ ਲੋਕਤੰਤਰੀ ਸਿਧਾਂਤਾਂ ਦੇ ਵਿਰੁੱਧ ਹੋਵੇਗਾ।







ਖੇਤੀ ਕਾਨੂੰਨਾਂ ਦੇ ਖਿਲਾਫ ਕੀਤੇ ਗਏ ਰੋਸ ਮੁਜਾਹਰੇ ਵਿਚ ਸ਼ਾਮਲ ਓਰੇਗਾਨ ਸਟੇਟ ਅਤੇ ਵਾਸ਼ਿੰਗਟਨ ਸਟੇਟ ਦੇ ਪੰਜਾਬੀ ਭਾਈਚਾਰੇ ਦੇ ਲੋਕ

# ਕਿਸਾਨ ਘੋਲ: ਕੌਮੀ ਸੁਰੱਖਿਆ ਦੀ ਦੁਹਾਈ ਪਾਉਣ 'ਤੇ ਕੈਪਟਨ ਦੀ ਘੇਰਾਬੰਦੀ

**ਨਵੀਂ ਦਿੱਲੀ:** ਪੰਜਾਬ ਦੇ ਕਿਸਾਨਾਂ ਦੀ ਅਗਵਾਈ ਵਿਚ ਖੇਤੀ ਕਾਨੂੰਨਾਂ ਖਿਲਾਫ ਉਠੀ ਰੋਹ ਦੀ ਲਹਿਰ ਨੇ ਜਿਥੇ ਮੋਦੀ ਸਰਕਾਰ ਨੂੰ ਤ੍ਰੇਲੀਆਂ ਲਿਆਂਦੀਆਂ ਹੋਈਆਂ ਹਨ, ਉਥੇ ਪੰਜਾਬ ਦੇ ਸਿਆਸਤਦਾਨਾਂ ਵੱਲੋਂ ਇਕ-ਦੂਜੇ ਖਿਲਾਫ ਭਖਾਈ ਸ਼ਬਦੀ ਜੰਗ ਨਮੋਸ਼ੀ ਦਾ ਕਾਰਨ ਬਣ ਰਹੀ ਹੈ।

ਖੇਤੀ ਕਾਨੂੰਨਾਂ ਬਾਰੇ ਕੇਂਦਰ ਦੀ ਕਿਸਾਨਾਂ ਨਾਲ ਮੀਟਿੰਗ ਤੋਂ ਕੁਝ ਚਿਰ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਉਨ੍ਹਾਂ ਦੇ ਘਰ ਵਿਚ ਮੁਲਾਕਾਤ ਤੇ ਇਸ ਦੇ ਤੁਰਤ ਪਿੱਛੋਂ ਕੈਪਟਨ ਵੱਲੋਂ ਕਿਸਾਨਾਂ ਦੇ ਅੰਦੋਲਨ ਨਾਲ ਕੌਮੀ ਏਕਤਾ ਨੂੰ ਖਤਰੇ ਦੀਆਂ ਦੁਹਾਈਆਂ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ। ਵਿਰੋਧੀ ਧਿਰਾਂ ਦਾਅਵੇ ਕਰ ਰਹੀਆਂ ਹਨ ਕਿ ਕੈਪਟਨ ਨੇ ਆਪਣੇ ਪਰਿਵਾਰ ਨੂੰ ਈ.ਡੀ. ਤੇ ਕੇਂਦਰੀ ਏਜੰਸੀਆਂ ਦੇ ਸ਼ਿਕੰਜੇ ਵਿਚੋਂ ਬਚਾਉਣ ਲਈ ਪੰਜਾਬ ਦੇ ਹੱਕ ਵੇਚ ਦਿੱਤੇ ਹਨ। ਆਮ ਆਦਮੀ ਪਾਰਟੀ ਨੇ ਆਖਿਆ ਹੈ ਕਿ ਕੈਪਟਨ, ਕੇਂਦਰ ਸਰਕਾਰ ਦੀ 'ਹਾਂ ਵਿਚ ਹਾਂ' ਮਿਲਾਉਣ ਲਈ ਮਜਬੂਰ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਮਰਿੰਦਰ ਸਿੰਘ ਉਤੇ ਦੋਸ਼ ਲਾਇਆ ਕਿ ਮੁੱਖ ਮੰਤਰੀ ਵੱਲੋਂ ਕਿਸਾਨਾਂ ਦੇ ਅੰਦੋਲਨ ਨੂੰ ਕੌਮੀ ਸੁਰੱਖਿਆ ਲਈ ਖਤਰਾ ਦੱਸ ਕੇ ਸੰਘਰਸ਼ ਨੂੰ ਲੀਹੋਂ ਲਾਹੁਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕੈਪਟਨ ਨੂੰ ਸਵਾਲ ਕੀਤਾ ਕਿ ਉਹ ਲੋਕਾਂ ਨੂੰ ਦੱਸਣ ਕਿ ਕਿਸ ਖੁਫੀਆ ਰਿਪੋਰਟ ਦੇ ਆਧਾਰ ਉਤੇ ਉਹ ਅਚਨਚੇਤ ਜਾਗ ਉਠੇ ਹਨ ਅਤੇ ਉਨ੍ਹਾਂ ਨੂੰ ਕਿਸਾਨਾਂ ਦਾ ਅੰਦੋਲਨ ਕੌਮੀ ਸੁਰੱਖਿਆ ਲਈ ਖਤਰਾ ਦਿਸਣ ਲੱਗ ਪਿਆ ਹੈ। ਇਕ ਬਿਆਨ ਰਾਹੀਂ ਬਾਦਲ ਨੇ ਕਿਹਾ ਕਿ ਅਮਰਿੰਦਰ ਸਿੰਘ ਸਪੱਸ਼ਟ ਤੌਰ ਉਤੇ ਕਿਸੇ ਹੋਰ ਦੇ ਇਸ਼ਾਰਿਆਂ 'ਤੇ ਕਿਸਾਨਾਂ ਨੂੰ ਕੌਮੀ ਸੁਰੱਖਿਆ ਲਈ ਖਤਰਾ ਦੱਸ ਰਹੇ ਹਨ।

ਸੁਖਬੀਰ ਬਾਦਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਪਹਿਲਾਂ ਹੀ ਕਿਸਾਨਾਂ ਦੇ ਮਾਮਲੇ ਉਤੇ ਭਾਜਪਾ ਦੇ ਬਲੈਕਮੇਲ ਅੱਗੇ ਆਤਮ ਸਮਰਪਣ ਕਰ ਦਿੱਤਾ ਹੈ ਅਤੇ ਉਹ ਹੁਣ ਆਪਣੀ ਕਾਇਰਤਾ ਅਤੇ ਭਾਜੜ ਉਤੇ ਪਰਦਾ ਪਾਉਣ ਵਾਸਤੇ ਦਲੇਰੀ ਵਿਖਾ ਰਹੇ ਹਨ ਤੇ ਗਲਤ ਸ਼ਬਦਾਂ ਦੀ ਵਰਤੋਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕੈਪਟਨ ਨੂੰ ਦਿੱਲੀ ਸੱਦ ਕੇ ਇਹ ਆਖਿਆ ਗਿਆ ਸੀ ਕਿ ਉਹ ਈ.ਡੀ. ਦਾ ਸਾਹਮਣਾ ਕਰਨ ਅਤੇ ਕਿਸਾਨਾਂ ਨਾਲ ਧੋਖਾ ਕਰਨ ਵਿਚੋਂ ਇਕ ਚੁਣ ਲੈਣ। ਉਨ੍ਹਾਂ ਕਿਹਾ ਕਿ ਇਹ ਚੋਣ ਸਪਸ਼ਟ ਹੋ ਗਈ ਕਿ ਉਨ੍ਹਾਂ ਨੇ ਅਮਿਤ ਸ਼ਾਹ ਨਾਲ ਮੀਟਿੰਗ ਵਿਚੋਂ ਬਾਹਰ ਆਉਂਦਿਆਂ ਹੀ ਪਹਿਲਾ ਵਿਕਲਪ ਚੁਣਿਆ ਤੇ ਕਿਸਾਨਾਂ ਨੂੰ ਆਪਣਾ ਸੰਘਰਸ਼ ਖਤਮ ਕਰਨ ਵਾਸਤੇ ਆਖਿਆ। ਸੁਖਬੀਰ ਨੇ ਕਿਸਾਨਾਂ ਦੇ ਸੰਘਰਸ਼ ਕਾਰਨ ਕੌਮੀ ਸੁਰੱਖਿਆ ਨੂੰ ਖਤਰਾ ਹੋਣ ਦੇ ਬਿਆਨ ਉਤੇ ਹੈਰਾਨੀ ਪ੍ਰਗਟ ਕਰਦਿਆਂ ਆਖਿਆ ਕਿ ਬਹਾਦਰ ਕੈਪਟਨ ਨੇ ਸਿਰਫ ਉਹੀ ਕਹਾਣੀ ਪੜ੍ਹ ਕੇ ਸੁਣਾਈ ਜੋ ਉਨ੍ਹਾਂ ਨੂੰ ਭਾਜਪਾ ਹਾਈ ਕਮਾਨ ਨੇ ਆਖਿਆ ਸੀ, ਉਨ੍ਹਾਂ ਨੇ ਤੋਤੇ ਵਾਂਗੂ ਬੋਲ ਬੋਲੇ।

ਦੂਜੇ ਪਾਸੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਿਰੋਧੀ ਧਿਰਾਂ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਉਹ ਈ.ਡੀ. ਜਾਂ ਕਿਸੇ ਹੋਰ ਏਜੰਸੀ ਤੋਂ ਨਹੀਂ ਡਰਦੇ। ਉਨ੍ਹਾਂ ਕਿਹਾ ਕਿ ਪਹਿਲਾਂ ਬਾਦਲ ਸਰਕਾਰ ਨੇ ਕੇਸ ਬਣਾਏ ਸਨ, ਜਿਸ ਕਰਕੇ ਉਹ 13 ਵਰ੍ਹੇ ਅਦਾਲਤਾਂ ਦੇ ਚੱਕਰ ਕੱਟਦੇ ਰਹੇ ਹਨ। ਉਨ੍ਹਾਂ ਨੂੰ ਈ.ਡੀ. ਦੀ ਕੋਈ ਪਰਵਾਹ ਨਹੀਂ ਅਤੇ ਉਹ 13 ਸਾਲ ਹੋਰ ਅਦਾਲਤਾਂ ਦੇ ਚੱਕਰ ਕੱਟ ਕੇ ਲੜਾਈ ਲੜ ਸਕਦੇ ਹਨ। ਮੁੱਖ ਮੰਤਰੀ ਨੇ ਸਾਬਕਾ ਮੰਤਰੀ ਹਰਸਿਮਰਤ ਕੌਰ ਵੱਲੋਂ ਲਗਾਏ ਦੋਸ਼ਾਂ ਕਿ ਮੁੱਖ ਮੰਤਰੀ ਈ.ਡੀ. ਦੇ ਦਬਾਅ ਹੇਠ ਹਨ, ਦੇ ਜੁਆਬ ਵਿਚ ਕਿਹਾ ਕਿ ਵਿਰੋਧੀ ਧਿਰਾਂ ਕਿਸਾਨੀ ਮਸਲੇ ਨੂੰ ਆਪਣੇ ਸਿਆਸਤ ਲਈ ਨਾ ਵਰਤਣ। ਉਨ੍ਹਾਂ ਕਿਹਾ ਕਿ ਸਾਰੇ ਬਾਦਲ ਇਕੋ ਜਿਹੇ ਹਨ ਅਤੇ ਝੂਠੇ ਹਨ। ਉਨ੍ਹਾਂ ਅਕਾਲੀ ਆਗੂਆਂ ਨੂੰ ਸਲਾਹ ਦਿੱਤੀ ਕਿ ਉਹ ਝੂਠ ਬੋਲਣਾ ਬੰਦ ਕਰ ਕੇ ਸੱਚ ਕਹਿਣ ਕਿਉਂਕਿ ਲੋਕ ਇਨ੍ਹਾਂ ਬਾਰੇ ਚੰਗੀ ਤਰ੍ਹਾਂ ਜਾਣੂ ਹੋ ਚੁੱਕੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਉਹ ਤੇ ਸਾਰੀ ਕਾਂਗਰਸ ਪਾਰਟੀ ਕਿਸਾਨਾਂ ਨਾਲ ਮੋਢਾ ਲਾ ਕੇ ਖੜ੍ਹੀ ਹੈ ਤੇ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਦੀਆਂ ਗੱਲ ਸੁਣੇ ਅਤੇ ਉਨ੍ਹਾਂ ਦੀਆਂ ਮੰਗਾਂ ਮੰਨੇ। ਉਨ੍ਹਾਂ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਹਰਸਿਮਰਤ ਕੌਰ ਬਾਦਲ ਅਤੇ ਅਰਵਿੰਦ ਕੇਜਰੀਵਾਲ ਤੋਂ ਲੈ ਕੇ ਮਨੋਹਰ ਲਾਲ ਖੱਟਰ ਤੱਕ ਵਿਰੋਧੀ ਪਾਰਟੀਆਂ ਦੇ ਸਾਰੇ ਆਗੂਆਂ ਨੂੰ ਝਾੜ ਪਾਈ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਨੇ ਕਿਸਾਨਾਂ ਦੀ ਹੱਕੀ ਲੜਾਈ ਦਾ ਮਜ਼ਾਕ ਬਣਾ ਕੇ ਰੱਖ ਦਿੱਤਾ ਹੈ। ਬੀਤੇ ਦਿਨੀਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰਕੇ ਉਨ੍ਹਾਂ ਇਹ ਕਹਿ ਦਿੱਤਾ ਸੀ ਕਿ ਪੰਜਾਬ ਵਿਧਾਨ ਸਭਾ 'ਚ ਪਾਸ ਸੋਧ ਬਿੱਲ ਕਿਸਾਨੀ ਮਸਲੇ ਦੀ ਪੇਚੀਦਗੀ ਨੂੰ ਹੱਲ ਕਰਨ ਦਾ ਸੌਖਾ ਤਰੀਕਾ ਹਨ ਕਿਉਂਕਿ ਇਹ ਸੂਬੇ ਦੇ ਭਵਿੱਖ ਦਾ ਨਿਚੋੜ ਹਨ। ਉਨ੍ਹਾਂ ਇਹ ਬਿੱਲ ਰਾਸ਼ਟਰਪਤੀ ਦੁਆਰਾ ਮਨਜ਼ੂਰ ਕਰਵਾਉਣ ਦੀ ਅਪੀਲ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਬਾਦਲਾਂ ਨੇ ਇਸ ਮੁੱਦੇ ਉਤੇ ਜਨਤਕ ਤੌਰ ਉਤੇ ਪਲਟੀ ਮਾਰੀ ਹੈ। ਕੇਂਦਰੀ ਮੰਤਰੀ ਮੰਡਲ ਦਾ ਹਿੱਸਾ ਹੋਣ ਦੇ ਨਾਤੇ ਹਰਸਿਮਰਤ ਕੌਰ ਬਾਦਲ ਉਸ ਮੀਟਿੰਗ ਵਿਚ ਸ਼ਾਮਲ ਸੀ, ਜਿਸ ਦੌਰਾਨ ਖੇਤੀਬਾੜੀ ਆਰਡੀਨੈਂਸਾਂ ਨੂੰ ਪਾਸ ਕੀਤਾ ਗਿਆ ਸੀ। ਆਮ ਆਦਮੀ ਪਾਰਟੀ ਦੇ ਆਗੂ ਅਰਵਿੰਦ ਕੇਜਰੀਵਾਲ ਨੂੰ ਉਨ੍ਹਾਂ ਵੱਲੋਂ ਕੌਮੀ ਸੁਰੱਖਿਆ ਬਾਰੇ ਦਿੱਤੇ ਬਿਆਨ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਲਈ ਭੰਡਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਹ ਬਿਆਨ ਸਾਫ ਤੌਰ ਉਤੇ ਪਾਕਿਸਤਾਨ ਸਬੰਧੀ ਦਿੱਤਾ ਗਿਆ ਸੀ ਅਤੇ ਪੰਜਾਬ ਦਾ ਗ੍ਰਹਿ ਮੰਤਰੀ ਹੋਣ ਦੇ ਨਾਤੇ ਇਹ ਉਨ੍ਹਾਂ ਦਾ ਫਰਜ਼ ਬਣਦਾ ਸੀ ਕਿ ਉਹ ਕੇਂਦਰੀ ਗ੍ਰਹਿ ਮੰਤਰੀ ਨੂੰ ਰੋਸ ਮੁਜ਼ਾਹਰਿਆਂ ਦੇ ਲੰਮੇ ਸਮੇਂ ਤੱਕ ਚੱਲਣ ਦੇ ਖਤਰਿਆਂ ਤੋਂ ਜਾਣੂ ਕਰਵਾਉਣ।



## ਸਿਆਸਤਦਾਨ ਕਿਸਾਨਾਂ ਦਾ ਸਾਥ ਦੇਣ: ਢੀਂਡਸਾ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਅਤੇ ਕਿਸਾਨ ਅੰਦੋਲਨ ਨੂੰ ਲੈ ਕੇ ਸਿਆਸਤਦਾਨਾਂ ਵਲੋਂ ਇਕ-ਦੂਜੇ ਵਿਰੁੱਧ ਮੜ੍ਹੇ ਜਾ ਰਹੇ ਦੋਸ਼ਾਂ ਅਤੇ ਉਨ੍ਹਾਂ ਵਿਚਕਾਰ ਚੱਲ ਰਹੀ ਸ਼ਬਦਾਂ ਦੀ ਜੰਗ ਉਤੇ ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੇਟਿਕ) ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਇਹ ਸਮਾਂ ਆਪਸੀ ਬਿਆਨਬਾਜ਼ੀ ਕਰਕੇ ਸਿਆਸਤ ਕਰਨ ਦਾ ਨਹੀਂ ਹੈ, ਸਗੋਂ ਇਸ ਠੰਢ ਦੇ ਮੌਸਮ ਵਿਚ ਸੜਕਾਂ ਉਤੇ ਆਪਣੇ ਹੱਕਾਂ ਲਈ ਅੰਦੋਲਨ ਕਰ ਰਹੇ ਅੰਨਦਾਤੇ ਨਾਲ ਖੜ੍ਹਨ ਦਾ ਹੈ। ਸ. ਢੀਂਡਸਾ ਨੇ ਕਿਹਾ ਕਿ ਹਾਲ ਹੀ ਵਿਚ ਕਾਲੇ ਕਾਨੂੰਨਾਂ ਨੂੰ ਲੈ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਬਿਆਨ ਸਾਹਮਣੇ ਆਏ ਸਨ, ਜੋ ਕਿ ਮੁਸ਼ਕਲ ਦੀ ਇਸ ਘੜੀ ਵਿਚ ਨਹੀਂ ਦਿੱਤੇ ਜਾਣੇ ਚਾਹੀਦੇ ਸਨ।

## ਸੰਘਰਸ਼ 'ਤੇ ਫਿਰਕਾਪ੍ਰਸਤੀ ਦੇ ਦੋਸ਼ ਲਾਉਣੇ ਗਲਤ ਕਰਾਰ

**ਪਟਿਆਲਾ:** ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਰਾਜਧਾਨੀ ਦਿੱਲੀ ਵਿਚ ਚੱਲ ਰਿਹਾ ਕਿਸਾਨ ਸੰਘਰਸ਼ ਸਿੱਖ ਕਿਸਾਨਾਂ ਜਾਂ ਪੰਜਾਬ ਦੇ ਕਿਸਾਨਾਂ ਦਾ ਨਹੀਂ ਸਗੋਂ ਪੂਰੇ ਦੇਸ਼ ਦੇ ਕਿਸਾਨਾਂ ਦਾ ਹੈ। ਇਸ ਉਤੇ ਕਿਸੇ ਵੱਲੋਂ ਖਾਲਿਸਤਾਨੀ ਜਾਂ ਕਿਸੇ ਫਿਰਕਾਪ੍ਰਸਤੀ ਦਾ ਠੱਪਾ ਲਾਉਣਾ ਬਿਲਕੁਲ ਗਲਤ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕੇਂਦਰ ਸਰਕਾਰ ਨੂੰ ਵਿਵਾਦਿਤ ਖੇਤੀ ਕਾਨੂੰਨ ਰੱਦ ਕਰਨ ਦੀ ਗੁਜ਼ਾਰਸ਼ ਕਰਦਿਆਂ ਆਖਿਆ ਕਿ ਪੇਚੀਦਾ ਹੋ ਰਹੇ ਮਾਮਲੇ ਉਤੇ ਕੇਂਦਰ ਨੂੰ ਕਿਸਾਨਾਂ ਨਾਲ ਸੁਹਿਰਦਤਾ ਨਾਲ ਗੱਲ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਸਿੱਧੇ ਤੌਰ 'ਤੇ ਦੇਸ਼ ਦੇ ਅੰਨਦਾਤਾ ਨਾਲ ਜੁੜਿਆ ਹੋਣ ਕਰਕੇ ਇਸ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।

## ਕਿਸਾਨ ਅੰਦੋਲਨ ਨੂੰ ਫਿਰਕੂ ਰੰਗਤ ਦੇਣ ਦੇ ਦੋਸ਼

**ਚੰਡੀਗੜ੍ਹ:** ਆਮ ਆਦਮੀ ਪਾਰਟੀ ਪੰਜਾਬ ਮਾਮਲਿਆਂ ਦੇ ਇੰਚਾਰਜ ਜਰਨੈਲ ਸਿੰਘ ਤੇ ਵਿਧਾਇਕ ਅਮਨ ਅਰੋੜਾ ਨੇ ਕਿਹਾ ਕਿ ਦਿੱਲੀ ਬਾਰਡਰ 'ਤੇ ਚੱਲ ਰਿਹਾ ਕਿਸਾਨੀ ਸੰਘਰਸ਼ ਕਿਸੇ ਇਕ ਧਰਮ, ਫਿਰਕੇ, ਵਰਗ ਜਾਂ ਖੇਤਰ ਨਾਲ ਸਬੰਧਤ ਨਹੀਂ ਹੈ, ਸਗੋਂ ਸਾਰੇ ਦੇਸ਼ ਦੇ ਕਿਸਾਨਾਂ, ਮਜ਼ਦੂਰਾਂ, ਆੜ੍ਹਤੀਆਂ, ਟਰਾਂਸਪੋਰਟਰਾਂ ਸਮੇਤ ਖੇਤੀਬਾੜੀ ਨਾਲ ਜੁੜੇ ਤਮਾਮ ਵਪਾਰੀਆਂ-ਕਾਰੋਬਾਰੀਆਂ ਦਾ ਸੰਘਰਸ਼ ਹੈ, ਜਿਸ ਨੂੰ ਸੱਤਾਧਾਰੀ ਭਾਜਪਾ ਅਤੇ ਕਾਂਗਰਸ ਸਰਕਾਰ ਕਿਸੇ ਸਿੱਟੇ ਉਤੇ ਪਹੁੰਚਣ ਤੋਂ ਪਹਿਲਾਂ ਹੀ ਖਤਮ ਕਰਨ ਦੇ ਇਰਾਦਿਆਂ ਨਾਲ ਫਿਰਕੂ ਰੰਗਤ ਦੇਣ ਦੀਆਂ ਕੋਸ਼ਿਸ਼ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਭਾਜਪਾ ਇਸ ਅੰਦੋਲਨ ਨੂੰ ਛੋਟਾ ਦਿਖਾਉਣ ਲਈ ਇਕੱਲੇ ਪੰਜਾਬ ਦੇ ਕਿਸਾਨਾਂ ਦੇ ਅੰਦੋਲਨ ਕਹਿ ਕੇ ਗੁੰਮਰਾਹ ਕਰ ਰਹੀਆਂ ਹਨ। ਜਦੋਂ ਕਿ ਸੰਘਰਸ਼ ਵਿਚ ਸਾਰੇ ਦੇਸ਼ ਦੇ ਕਿਸਾਨ ਸ਼ਾਮਲ ਹਨ।

## ਬਾਦਲਾਂ ਵਾਂਗ ਡਰਪੋਕ ਨਹੀਂ ਹਾਂ: ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੁਖਬੀਰ ਸਿੰਘ ਬਾਦਲ ਉਤੇ ਜਵਾਬੀ ਹੱਲਾ ਬੋਲਦਿਆਂ ਕਿਹਾ ਕਿ ਈ.ਡੀ. ਕੇਸ ਪੰਜਾਬ ਦੇ ਲੋਕਾਂ ਲਈ ਲੜਨ ਵਾਸਤੇ ਰੋਕ ਨਹੀਂ ਸਕਦਾ ਕਿਉਂਕਿ ਉਹ ਬਾਦਲਾਂ ਵਾਂਗ ਡਰਪੋਕ ਨਹੀਂ ਹਨ। ਕੈਪਟਨ ਨੇ ਕਿਹਾ ਕਿ ਕਿਸਾਨਾਂ ਨਾਲ ਵਿਸ਼ਵਾਸਘਾਤ ਕਰਨ ਕਰਕੇ ਪੂਰੀ ਤਰ੍ਹਾਂ ਅਲੱਗ-ਥਲੱਗ ਪਏ ਬਾਦਲ ਆਪਣੇ ਫਰੇਬ ਨੂੰ ਲੁਕਾਉਣ ਲਈ ਘਬਰਾਹਟ ਵਿਚ ਆ ਕੇ ਅਜਿਹੀਆਂ ਕਾਰਵਾਈਆਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਸੁਖਬੀਰ ਦੀ ਨਿਰਾਸ਼ਤਾ ਦਾ ਪੱਧਰ ਹੀ ਹੈ ਕਿ ਉਹ ਪੰਜਾਬ ਅਤੇ ਦੇਸ਼ ਦੀ ਸੁਰੱਖਿਆ ਨੂੰ ਦਰਕਿਨਾਰ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹਾ ਜਾਪਦਾ ਹੈ ਕਿ ਸੁਖਬੀਰ ਪੂਰੀ ਤਰ੍ਹਾਂ ਗੁੰਮ-ਸੁੰਮ ਹੋ ਗਿਆ ਹੈ।

# ਨਵਜੋਤ ਸਿੱਧੂ ਦੀ ਸਰਕਾਰ ਵਿਚ ਵਾਪਸੀ ਲਈ ਕੋਸ਼ਿਸ਼ਾਂ ਤੇਜ਼

**ਅੰਮ੍ਰਿਤਸਰ:** ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਨਵਜੋਤ ਸਿੰਘ ਸਿੱਧੂ ਦੇ ਘਰ ਉਨ੍ਹਾਂ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਨੂੰ ਸਿੱਧੂ ਦੀ ਸਰਕਾਰ ਵਿਚ ਵਾਪਸੀ ਵੱਲ ਇਕ ਹੋਰ ਕਦਮ ਵਜੋਂ ਦੇਖਿਆ ਜਾ ਰਿਹਾ ਹੈ। ਲਗਭਗ ਇਕ ਘੰਟਾ ਚਲੀ ਇਸ ਮੀਟਿੰਗ ਦੇ ਵੇਰਵੇ ਜਨਤਕ ਨਹੀਂ ਕੀਤੇ ਗਏ।



ਜਾਣਕਾਰੀ ਅਨੁਸਾਰ ਇਥੇ ਪੁੱਜੇ ਸੋਢੀ ਪਹਿਲਾਂ ਹਰਿਮੰਦਰ ਸਾਹਿਬ ਮੱਥਾ ਟੇਕਣ ਗਏ ਅਤੇ ਮਗਰੋਂ ਉਨ੍ਹਾਂ ਸਿੱਧੂ ਨਾਲ ਉਨ੍ਹਾਂ ਦੇ ਘਰ ਮੁਲਾਕਾਤ ਕੀਤੀ।

ਦੱਸਣਯੋਗ ਹੈ ਕਿ ਸਿੱਧੂ ਦੀ ਕੈਪਟਨ ਅਮਰਿੰਦਰ ਸਿੰਘ ਨਾਲ ਹੋਈ ਮੁਲਾਕਾਤ ਵੇਲੇ ਵੀ ਸੋਢੀ ਉਨ੍ਹਾਂ ਦੇ ਨਾਲ ਸਨ। ਸਿੱਧੂ ਨਾਲ ਹੋਈ ਮੁਲਾਕਾਤ ਦੀ ਪੁਸ਼ਟੀ ਕਰਦਿਆਂ ਉਨ੍ਹਾਂ ਆਖਿਆ ਕਿ ਉਹ ਹਰਿਮੰਦਰ ਸਾਹਿਬ ਮੱਥਾ ਟੇਕਣ ਆਏ ਸਨ।

ਇਸ ਦੌਰਾਨ ਇਥੇ ਆਉਣ ਮਗਰੋਂ ਜਦੋਂ ਉਨ੍ਹਾਂ ਨੇ ਸਿੱਧੂ ਨੂੰ ਫੋਨ ਕੀਤਾ ਤਾਂ ਉਨ੍ਹਾਂ ਨੇ ਘਰ ਆਉਣ ਦਾ ਸੱਦਾ ਦਿੱਤਾ। ਉਨ੍ਹਾਂ ਦੱਸਿਆ ਕਿ ਇਹ ਇਕ ਗੈਰ ਰਸਮੀ ਮੁਲਾਕਾਤ ਸੀ। ਸਿੱਧੂ ਕਾਂਗਰਸ ਨੂੰ ਸਮਰਪਿਤ ਹਨ ਅਤੇ ਕੈਪਟਨ ਅਮਰਿੰਦਰ ਸਿੰਘ ਦਾ ਬਹੁਤ ਸਤਿਕਾਰ ਕਰਦੇ ਹਨ। ਦੋਵਾਂ ਆਗੂਆਂ ਵਿਚਾਲੇ ਪੈਦਾ ਖਲਾਅ ਪਿਛਲੀ ਮੀਟਿੰਗ ਵਿਚ ਦੂਰ ਹੋ ਚੁੱਕਿਆ ਹੈ। ਸਿੱਧੂ ਦੀ ਵਾਪਸੀ ਬਾਰੇ ਉਨ੍ਹਾਂ ਕਿਹਾ ਕਿ ਇਸ ਸਬੰਧੀ ਸਿਰਫ ਕੈਪਟਨ ਜਾਂ ਰਾਹੁਲ ਗਾਂਧੀ ਹੀ ਕੁਝ ਆਖ ਸਕਦੇ ਹਨ। ਉਂਜ ਪੰਜਾਬ ਕਾਂਗਰਸ ਦੀ ਵਜ਼ਾਰਤ ਵਿਚ ਅੰਜ ਵੀ ਇਕ ਮੰਤਰੀ ਦੀ ਥਾਂ ਖਾਲੀ ਹੈ।


ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ

ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ।




ਚੰਗੀ ਤਨਖਾਹ, ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ:

ਫੋਨ: 651-353-9584

49-

Tanya`s Beauty Salon



*Threading/Waxing
*Facial (Men & Women)
*Anti-Aging Facial-Bleach
*Hair Cut-Color & Style

We Specialize in Bridal & Henna

85-03 Roosevelt Ave, Jackson Heights, NY 11373
Ph: 718-205-7832

ਟਰੱਕ ਡਰਾਈਵਰਾਂ ਦੀ ਲੋੜ ਹੈ



ਕੈਂਟਨ, ਮਿਸ਼ੀਗਨ ਵਿਚ ਟਰੱਕ ਡਰਾਈਵਰਾਂ ਦੀ ਲੋੜ ਹੈ। ਰੋਜ਼ਾਨਾ ਕੰਮ, ਚੰਗੀ ਤਨਖਾਹ ਵੀਕਐਂਡ 'ਤੇ ਘਰ

Wanted CDL Truck Driver
In Canton, Michigan
Daily Work, Good Pay
Week end Home.

ਸੰਪਰਕ ਕਰੋ
ਫੋਨ: 734-366-5300 ਜਾਂ 734-231-1871

49-

# ਵੈਟ ਦੀ ਉਗਰਾਹੀ ਨੇ ਜਗਾਈ ਪੰਜਾਬ ਸਰਕਾਰ ਦੀ ਆਸ

**ਚੰਡੀਗੜ੍ਹ:** ਕਰੋਨਾ ਮਹਾਮਾਰੀ ਤੇ ਲੌਕਡਾਊਨ ਕਾਰਨ ਮੰਦੀ ਦੇ ਰਾਹ ਪਈ ਪੰਜਾਬ ਦੀ ਅਰਥ ਵਿਵਸਥਾ ਵਿਚ ਥੋੜ੍ਹਾ ਜੋਸ਼ ਆਇਆ ਹੈ। ਵੈਟ ਤੇ ਸੀ.ਐਸ.ਟੀ. ਦੀ ਉਗਰਾਹੀ ਵਿਚ ਵਾਧੇ ਨੇ ਪੰਜਾਬ ਸਰਕਾਰ ਦੀ ਆਸ ਜਗਾਈ ਹੈ। ਸਾਲ 2020 ਦੇ ਨਵੰਬਰ ਮਹੀਨੇ ਲਈ ਵੈਟ ਅਤੇ ਸੀ.ਐਸ.ਟੀ. ਦੀ ਕੁੱਲ ਵਸੂਲੀ 765.25 ਕਰੋੜ ਰੁਪਏ ਦਰਜ ਕੀਤੀ ਗਈ ਹੈ ਜਦਕਿ ਨਵੰਬਰ, 2019 ਲਈ ਇਹ ਰਾਸ਼ੀ 448.42 ਕਰੋੜ ਰੁਪਏ ਸੀ। ਇਸ ਤਰ੍ਹਾਂ ਇਹ ਵਾਧਾ 70.65 ਪ੍ਰਤੀਸ਼ਤ ਬਣਦਾ ਹੈ।

ਪੰਜਾਬ ਕਰ ਕਮਿਸ਼ਨਰ ਦਫਤਰ ਦੇ ਬੁਲਾਰੇ ਅਨੁਸਾਰ ਅਪਰੈਲ ਤੋਂ ਨਵੰਬਰ, 2020 ਲਈ ਪੰਜਾਬ ਲਈ ਜੀ.ਐਸ.ਟੀ. ਕੁੱਲ ਵਸੂਲੀ 6814.29 ਕਰੋੜ ਰਹੀ ਹੈ ਜਦਕਿ ਪਿਛਲੇ ਸਾਲ ਦੀ ਇਸੇ ਮਿਆਦ ਦੌਰਾਨ ਇਹ ਰਾਸ਼ੀ 8842.79 ਕਰੋੜ ਰੁਪਏ ਸੀ। ਇਸ ਤੋਂ ਪਤਾ ਲੱਗਦਾ ਹੈ ਕਿ 22.94 ਫੀਸਦ ਦੀ ਗਿਰਾਵਟ ਹੈ। ਬੁਲਾਰੇ ਨੇ ਦੱਸਿਆ ਕਿ ਸਾਲ 2020 ਦੇ ਨਵੰਬਰ ਮਹੀਨੇ ਲਈ ਪ੍ਰੋਟੈਕਟਡ ਰੈਵੇਨਿਊ 2403 ਕਰੋੜ ਰੁਪਏ ਹੈ। ਸੂਬੇ ਨੇ 1067 ਕਰੋੜ ਰੁਪਏ ਵਸੂਲੇ ਹਨ। ਇਸ ਤਰ੍ਹਾਂ ਨਵੰਬਰ 2020 ਲਈ ਮੁਆਵਜ਼ੇ ਦੀ 1336 ਕਰੋੜ ਰੁਪਏ ਦੀ ਰਾਸ਼ੀ ਬਕਾਇਆ ਹੈ। ਇਸ ਤੋਂ ਇਲਾਵਾ ਅਪਰੈਲ ਤੋਂ ਅਕਤੂਬਰ, 2020 ਲਈ ਮੁਆਵਜ਼ੇ ਦੇ 12186 ਕਰੋੜ ਰੁਪਏ ਬਕਾਇਆ ਹਨ।

ਨਵੰਬਰ 2020 ਦੌਰਾਨ ਕੁੱਲ ਰਾਸ਼ਟਰੀ ਜੀ.ਐਸ.ਟੀ. ਮਾਲੀਏ ਦੀ ਵਸੂਲੀ 1,04,963 ਕਰੋੜ ਰੁਪਏ ਦਰਜ ਕੀਤੀ ਗਈ ਹੈ ਜਦਕਿ ਸਾਲ 2019 ਦੇ ਨਵੰਬਰ ਮਹੀਨੇ ਦੌਰਾਨ ਕੁੱਲ ਰਾਸ਼ਟਰੀ ਜੀ.ਐਸ.ਟੀ ਮਾਲੀਏ ਦੀ ਵਸੂਲੀ 1,03,491 ਕਰੋੜ ਰੁਪਏ ਸੀ ਜੋ ਕਿ 1.4 ਪ੍ਰਤੀਸ਼ਤ ਦੇ ਵਾਧੇ ਨੂੰ ਦਰਸਾਉਂਦਾ ਹੈ। ਅਪਰੈਲ ਤੋਂ ਨਵੰਬਰ 2020 ਦੌਰਾਨ ਕੁੱਲ ਰਾਸ਼ਟਰੀ ਜੀ.ਐਸ.ਟੀ ਮਾਲੀਆ 6,64,709 ਕਰੋੜ ਰੁਪਏ ਰਿਹਾ ਹੈ, ਸਾਲ ਪਿਛਲੇ ਸਾਲ ਇਸੇ ਮਿਆਦ ਲਈ ਵਸੂਲੀ ਦੀ ਇਹ ਰਾਸ਼ੀ 8,05,164 ਕਰੋੜ ਰੁਪਏ ਸੀ। ਇਸੇ ਤਰ੍ਹਾਂ ਸਾਲ 2020 ਦੇ ਅਪਰੈਲ ਤੋਂ ਨਵੰਬਰ ਮਹੀਨਿਆਂ ਦੌਰਾਨ ਪੰਜਾਬ ਨੇ 3802.9 ਕਰੋੜ ਰੁਪਏ ਦਾ ਵੈਟ ਅਤੇ ਸੀ.ਐਸ.ਟੀ. ਮਾਲੀਆ ਜੁਟਾਇਆ। ਇਸ ਦੇ ਮੁਕਾਬਲੇ ਪਿਛਲੇ ਸਾਲ ਇਸੇ ਮਿਆਦ ਲਈ ਵਸੂਲੀ ਦੀ ਰਾਸ਼ੀ 3625.06 ਕਰੋੜ ਰੁਪਏ ਸੀ ਜੋ ਕਿ 4.90 ਫੀਸਦ ਦਾ ਵਾਧਾ ਦਰਸਾਉਂਦੀ ਹੈ। 2020 ਦੇ ਨਵੰਬਰ ਮਹੀਨੇ ਲਈ ਜੀ.ਐਸ.ਟੀ, ਵੈਟ ਅਤੇ ਸੀ.ਐਸ.ਟੀ ਦੀ ਕੁੱਲ 1833.06 ਕਰੋੜ ਰੁਪਏ ਵਸੂਲੀ ਹੋਈ ਸੀ। ਇਸ ਦੇ ਮੁਕਾਬਲੇ ਨਵੰਬਰ 2019 ਵਿਚ ਕੁੱਲ 1571.35 ਕਰੋੜ ਰੁਪਏ ਦੇ ਟੈਕਸ ਦੀ ਵਸੂਲੀ ਹੋਈ ਸੀ।

ਇਉਂ 261.71 ਕਰੋੜ ਰੁਪਏ (16.65 %) ਦਾ ਵਾਧਾ ਦਰਜ ਕੀਤਾ ਹੈ। ਨਵੰਬਰ, 2020 ਦੇ ਮਹੀਨੇ ਦੌਰਾਨ ਪੰਜਾਬ ਲਈ ਜੀ.ਐਸ.ਟੀ. ਦਾ ਕੁੱਲ 1067.81 ਕਰੋੜ ਰੁਪਏ ਇਕੱਠਾ ਹੋਇਆ। ਇਸ ਦੇ ਵਿਰੁੱਧ ਪਿਛਲੇ ਸਾਲ ਇਸੇ ਮਿਆਦ ਲਈ ਇਹ ਰਾਸ਼ੀ 1122.93 ਕਰੋੜ ਰੁਪਏ ਸੀ ਜੋ ਕਿ 4.91 ਪ੍ਰਤੀਸ਼ਤ ਦੀ ਕਮੀ ਦਾ ਸੂਚਕ ਹੈ।

# ਪ੍ਰੋ. ਸੁਖਵਿੰਦਰ ਕੰਬੋਜ ਸ਼ਿਰੋਮਣੀ ਪੰਜਾਬੀ ਸਾਹਿਤਕਾਰ (ਵਿਦੇਸ਼ੀ) ਨਾਲ ਸਨਮਾਨਿਤ

**ਫਰੀਮਾਂਟ (ਬਿਊਰੋ):** ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵਲੋਂ 18 ਵਰਗਾਂ ਲਈ 2015 ਤੋਂ 2020 ਤੱਕ ਦੇ ਸਾਹਿਤ ਰਤਨ ਅਤੇ ਸ਼ਿਰੋਮਣੀ ਪੁਰਸਕਾਰ ਦਿੱਤੇ ਗਏ ਹਨ। ਭਾਸ਼ਾ ਵਿਭਾਗ ਵਲੋਂ



ਅਮਰੀਕਾ ਵਸਦੇ ਪ੍ਰੋ. ਸੁਖਵਿੰਦਰ ਕੰਬੋਜ ਨੂੰ ਸ਼ਿਰੋਮਣੀ ਪੰਜਾਬੀ ਸਾਹਿਤਕਾਰ (ਵਿਦੇਸ਼ੀ) ਸਾਲ 2019 ਨਾਲ ਸਨਮਾਨਿਆ ਗਿਆ ਹੈ।

ਜ਼ਿਕਰਯੋਗ ਹੈ ਕਿ ਪ੍ਰੋ. ਕੰਬੋਜ ਨੇ 'ਨਵੇਂ ਸੂਰਜ', 'ਜਾਗਦੇ ਅੱਖਰ', 'ਇਕੋ ਜਿਹਾ ਦੁੱਖ' ਅਤੇ 'ਜੰਗ, ਜਸ਼ਨ ਤੇ ਜੁਗਨੂੰ' ਜਿਹੇ ਵਿਲੱਖਣ ਕਾਵਿ-ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ। 'ਸ਼ਬਦੋਂ ਕੀ ਧੂਪ' (ਹਿੰਦੀ ਕਾਵਿ ਅਨੁਵਾਦ), 'Emerging Suns' (Poems), 'ਅਮਰ ਦੇ ਇਸ ਮੋੜ ਤੀਕ' (ਹੁਣ ਤੱਕ ਦੀ ਕਵਿਤਾ) ਤੋਂ ਇਲਾਵਾ 'ਅਮਰੀਕੀ ਪੰਜਾਬੀ ਕਵਿਤਾ' ਭਾਗ ਪਹਿਲਾ ਤੇ 'ਅਮਰੀਕੀ ਪੰਜਾਬੀ ਕਵਿਤਾ ਭਾਗ ਦੂਜਾ' ਦੀ ਸਹਿ-ਸੰਪਾਦਨਾ ਵੀ ਕੀਤੀ ਹੈ। ਪ੍ਰੋ. ਕੰਬੋਜ ਦੇ ਕਾਵਿ ਸੰਗ੍ਰਹਿ ਦਿੱਲੀ ਅਤੇ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਸਿਲੇਬਸ ਵਿਚ ਸ਼ਾਮਿਲ ਹਨ। ਕੁਝ ਕਵਿਤਾਵਾਂ ਪੰਜਾਬ ਯੂਨੀਵਰਸਿਟੀ ਦੇ ਸਿਲੇਬਸ ਵਿਚ ਵੀ ਪੜ੍ਹਾਈਆਂ ਜਾ ਰਹੀਆਂ ਹਨ। ਉਨ੍ਹਾਂ ਵਲੋਂ ਹਾਲ ਹੀ ਵਿਚ ਸਹਿ-ਸੰਪਾਦਿਤ ਕਾਵਿ ਪੁਸਤਕ 'ਅਮਰੀਕੀ ਪੰਜਾਬੀ ਕਵਿਤਾ' ਭਾਗ ਦੂਜਾ ਦਿੱਲੀ ਯੂਨੀਵਰਸਿਟੀ ਦੇ ਐਮ. ਏ. ਭਾਗ ਦੂਜਾ ਦੇ ਸਿਲੇਬਸ ਵਿਚ ਸ਼ਾਮਿਲ ਕੀਤੀ ਗਈ ਹੈ।

ਇਹ ਵੀ ਜ਼ਿਕਰਯੋਗ ਹੈ ਕਿ ਸਾਹਿਤਕ ਅਤੇ ਜਥੇਬੰਦਕ ਕਾਰਜਾਂ ਵਿਚ ਸਰਗਰਮ ਪ੍ਰੋ. ਸੁਖਵਿੰਦਰ ਕੰਬੋਜ ਨੂੰ ਅਨੇਕਾਂ ਸਾਹਿਤਕ ਸੰਸਥਾਵਾਂ ਵਲੋਂ ਸਨਮਾਨਿਤ ਕੀਤਾ ਜਾ ਚੁਕਾ ਹੈ। ਅਮਰੀਕਾ ਦੀ ਧਰਤੀ 'ਤੇ ਬੈਠੇ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵਲੋਂ ਇਹ ਇਨਾਮ/ਸਨਮਾਨ ਪ੍ਰਾਪਤ ਕਰਕੇ ਪ੍ਰੋ. ਕੰਬੋਜ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਮਾਣ-ਮੱਤਾ ਕੀਤਾ ਹੈ।


# Matrimonials

## ਲੜਕੀ ਦੀ ਲੋੜ ਹੈ

Wanted suitable match for US citizen Grewal boy 33, 5'-9" tall from Fresno, California; has a computer degree. Bride's family send bio to groom directly at what's app +1 (510) 512-8055 47-50

ਸੈਣੀ ਸਿੱਖ, ਉਮਰ 35 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 46-

Wanted suitable match for handsome Jatt Sikh boy, 5'-11", 27 years, completed Engineering Masters in US, landlord family. Currently working in USA. Please send detailed particulars to email: singhusa93@gmail.com 44-

## ਲੜਕੇ ਦੀ ਲੋੜ ਹੈ

Wanted suitable match for green card, Sikh Khatri, pretty girl, 35, 5'-5", MBA (India) MS (USA), working MNC in NY upstate. Divorced issueless. Looking for an educated Sikh Boy who working in USA E-mail: singhfdb@gmail.com or W/app +1-913-742-1102 40-41

Wanted suitable match for US citizen Sikh Khatri girl, 34 yrs, 5'-4", B. Pharmacy (India), Doctorate of Pharmacy (USA), MBA (USA), working full time inpatient Pharmacist in Michigan. Divorced, no children. Looking for an educated Sikh boy who resides in USA. Caste no bar. Please email/text, Ph: 1-262-506-4748, sukhmanpreet007@gmail.com 36-39

*Visit us on the web:*
***www.punjabtimesusa.com***


# ਜੀ.ਐਸ.ਟੀ: ਝਾਰਖੰਡ ਨੇ ਵੀ ਕੇਂਦਰ ਦੀ ਤਜਵੀਜ਼ ਮੰਨੀ

**ਨਵੀਂ ਦਿੱਲੀ:** ਜੀ.ਐਸ.ਟੀ. ਘਾਟਾ ਪੂਰਨ ਲਈ ਕੇਂਦਰ ਵੱਲੋਂ ਦਿੱਤੇ ਬਦਲਾਂ ਨੂੰ ਹੁਣ ਝਾਰਖੰਡ ਨੇ ਵੀ ਸਵੀਕਾਰ ਕਰ ਲਿਆ ਹੈ। ਇਸ ਤਰ੍ਹਾਂ ਹੁਣ 3 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਤੇ ਸਾਰੇ 28 ਰਾਜਾਂ ਨੇ ਕੇਂਦਰ ਸਰਕਾਰ ਦੀ ਤਜਵੀਜ਼ ਪ੍ਰਵਾਨ ਕਰ ਲਈ ਹੈ। ਉਧਾਰ ਲੈਣ ਦੀ ਤਜਵੀਜ਼ ਤਹਿਤ ਝਾਰਖੰਡ ਨੂੰ ਹੁਣ 1689 ਕਰੋੜ ਰੁਪਏ ਮਿਲਣਗੇ।





LAW OFFICES OF VIVEK MALIK

Follow us on :

ACCOMPLISHED IMMIGRATION Attorneys help FAMILIES REUNITE in the UNITED STATES



Our Global & Nationwide Services in the field of U.S. Immigration & Nationality Law

Come talk to an experienced immigration attorney

Toll Free No. 866-424-4000

- Business Immigration & Worksite Compliance
  ਬਿੰਜਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
- Family & General Immigration
  ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
- Naturalization & Citizenship
  ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
- Removal Defense & Waivers
  ਰੀਮੁਵਲ ਡਿਫੈਂਸੀ ਐਂਡ ਵੈਵੇਰਸ

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

Languages SPOKEN Punjabi | Hindi | Urdu | Spanish & English



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA


*Gurdip Singh Sandhu*

**Live on Jas TV**
Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com



# ਸਰਵਰ, ਕੁੱਕ ਅਤੇ ਤੰਦੂਰੀਏ ਦੀ ਲੋੜ ਹੈ

ਸਿਨਸਿਨੈਟੀ (ਓਹਾਇਓ) ਇਲਾਕੇ 'ਚ ਇੰਡੀਅਨ ਰੈਸਟੋਰੈਂਟ ਵਾਸਤੇ ਸਰਵਰ, ਕੁੱਕ ਤੇ ਤੰਦੂਰੀਏ ਦੀ ਲੋੜ ਹੈ।

ਵਾਜਬ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ, ਫੋਨ: 513-203-6315

43-

**Punjab Times**

Established in 2000
21st Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਦਿੱਲੀ ਵਿਚੋਂ ਪੰਜ ਸ਼ੱਕੀ ਦਹਿਸ਼ਤਗਰਦ ਗ੍ਰਿਫਤਾਰ ਕਰਨ ਦਾ ਦਾਅਵਾ

**ਨਵੀਂ ਦਿੱਲੀ:** ਦਿੱਲੀ ਪੁਲਿਸ ਨੇ ਪੂਰਬੀ ਦਿੱਲੀ ਦੇ ਸ਼ਕਰਪੁਰ ਖੇਤਰ ਵਿਚ ਹੋਏ ਇਕ ਮੁਕਾਬਲੇ ਦੌਰਾਨ ਪੰਜ ਸ਼ੱਕੀ ਦਹਿਸ਼ਤਗਰਦਾਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਵਿਚੋਂ ਦੋ ਦਹਿਸ਼ਤਗਰਦ ਪੰਜਾਬ ਦੇ ਭਿੱਖੀਵਿੰਡ ਵਿਚ ਸ਼ੌਰਿਆ ਚੱਕਰ ਜੇਤੂ ਕਾਮਰੇਡ ਬਲਵਿੰਦਰ ਸਿੰਘ ਦੇ ਕਤਲ ਵਿਚ ਕਥਿਤ ਸ਼ਾਮਲ ਦੱਸੇ ਜਾਂਦੇ ਹਨ। ਬਲਵਿੰਦਰ ਸਿੰਘ ਦਾ ਅਕਤੂਬਰ ਵਿਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਪੁਲਿਸ ਮੁਤਾਬਕ ਤਿੰਨ ਦਹਿਸ਼ਤਗਰਦ ਕਸ਼ਮੀਰ ਜਦੋਂਕਿ ਦੋ ਪੰਜਾਬ ਨਾਲ ਸਬੰਧਤ ਹਨ। ਕਾਬੂ ਕੀਤੇ ਦਹਿਸ਼ਤਗਰਦਾਂ ਨੇ ਖੁਲਾਸਾ ਕੀਤਾ ਹੈ ਕਿ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਕਸ਼ਮੀਰ ਵਿਚ ਖਾਲਿਸਤਾਨ ਦੇ ਕਾਰਕੁਨਾਂ ਨਾਲ ਮਿਲ ਕੇ ਦਹਿਸ਼ਤੀ ਜਥੇਬੰਦੀਆਂ ਨੂੰ ਸੁਰਜੀਤ ਕਰਨ ਦੇ ਯਤਨਾਂ ਵਿਚ ਹੈ। ਪੁਲਿਸ ਨੇ ਇਨ੍ਹਾਂ ਕੋਲੋਂ ਤਿੰਨ ਪਿਸਤੌਲ, ਦੋ ਕਿਲੋ ਹੈਰੋਇਨ ਤੇ ਇਕ ਲੱਖ ਰੁਪਏ ਨਗਦੀ ਤੇ ਦੋ ਕਾਰਾਂ, ਜਿਨ੍ਹਾਂ ਵਿਚ ਇਹ ਘੁੰਮ ਰਹੇ ਸਨ, ਬਰਾਮਦ ਕੀਤੀਆਂ ਹਨ।

## ਜਲ੍ਹਿਆਂਵਾਲਾ ਬਾਗ ਕਤਲੇਆਮ ਦੇ ਸ਼ਹੀਦਾਂ ਦੀ ਮੁਕੰਮਲ ਸੂਚੀ ਬਣੇਗੀ

**ਅੰਮ੍ਰਿਤਸਰ:** ਇਤਿਹਾਸਕ ਜਲ੍ਹਿਆਂਵਾਲਾ ਬਾਗ ਕਤਲੇਆਮ ਦੇ 101 ਸਾਲ ਬੀਤਣ ਮਗਰੋਂ ਸ਼ਹੀਦਾਂ ਦੀ ਇਕ ਅਧਿਕਾਰਤ ਸੂਚੀ ਬਣਾਉਣ ਲਈ ਕੰਮ ਆਰੰਭ ਹੋਵੇਗਾ। ਪੰਜਾਬ ਸਰਕਾਰ ਵੱਲੋਂ ਸੈਰ ਸਪਾਟਾ ਤੇ ਸਭਿਆਚਾਰਕ ਮਾਮਲੇ ਵਿਭਾਗ, ਲੋਕ ਸੰਪਰਕ ਵਿਭਾਗ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਜਲ੍ਹਿਆਂਵਾਲਾ ਬਾਗ ਕਤਲੇਆਮ ਨੈਸ਼ਨਲ ਮੈਮੋਰੀਅਲ ਟਰੱਸਟ ਦੀ ਮਦਦ ਨਾਲ ਸ਼ਹੀਦਾਂ ਦੀ ਸੂਚੀ ਤਿਆਰ ਕਰਨ ਦੇ ਆਦੇਸ਼ ਦਿੱਤੇ ਗਏ ਹਨ।

ਇਹ ਮਾਮਲਾ ਹਾਲ ਹੀ ਵਿਚ ਸਾਬਕਾ ਰਾਜ ਸਭਾ ਮੈਂਬਰ ਅਤੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਵੱਲੋਂ ਸੂਬੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲ ਰੱਖਿਆ ਗਿਆ ਸੀ। ਆਪਣੇ ਇਕ ਪੱਤਰ ਵਿਚ ਉਨ੍ਹਾਂ ਮੰਗ ਕੀਤੀ ਸੀ ਕਿ ਇਸ ਕਤਲੇਆਮ ਨੂੰ ਵਾਪਰਿਆ ਇਕ ਸਦੀ ਹੋ ਗਈ ਹੈ ਪਰ ਹਾਲੇ ਤਕ ਸ਼ਹੀਦਾਂ ਦੀ ਮੁਕੰਮਲ ਸੂਚੀ ਨਹੀਂ ਬਣੀ। ਉਹ ਜਲ੍ਹਿਆਂਵਾਲਾ ਬਾਗ ਨੈਸ਼ਨਲ ਮੈਮੋਰੀਅਲ ਟਰੱਸਟ ਦੇ ਮੈਂਬਰ ਵੀ ਹਨ। ਇਸ ਸੂਚੀ ਨੂੰ ਜਲ੍ਹਿਆਂਵਾਲਾ ਬਾਗ ਟਰੱਸਟ ਅਤੇ ਡਿਪਟੀ ਕਮਿਸ਼ਨਰ ਵੱਲੋਂ ਤਸਦੀਕ ਕਰਨ ਮਗਰੋਂ ਅੰਤਿਮ ਪ੍ਰਵਾਨਗੀ ਵਾਸਤੇ ਮੁੱਖ ਮੰਤਰੀ ਕੋਲ ਭੇਜਿਆ ਜਾਵੇਗਾ। ਇਸ ਵੇਲੇ ਸ਼ਹੀਦਾਂ ਦੀ ਯਾਦ ਵਿਚ ਬਣੀ ਇਕ ਸੁੰਦਰ ਯਾਦਗਾਰ, ਕਤਲੇਆਮ ਦੀਆਂ ਯਾਦਾਂ, ਘਟਨਾ ਸਬੰਧੀ ਕਈ ਕਿਤਾਬਾਂ ਵੀ ਹਨ ਪਰ ਇਸ ਦੇ ਬਾਵਜੂਦ ਸ਼ਹੀਦਾਂ ਦੀ ਮੁਕੰਮਲ ਤੇ ਅਧਿਕਾਰਤ ਸੂਚੀ ਨਹੀਂ ਬਣੀ ਹੈ। ਅੰਗਰੇਜ਼ਾਂ ਸਮੇਂ ਦੀ ਬਣੀ ਸੂਚੀ ਵਿਚ ਮਰਨ ਵਾਲਿਆਂ ਤੇ ਜਖਮੀਆਂ, ਜਿਨ੍ਹਾਂ ਨੂੰ ਉਸ ਵੇਲੇ ਮੁਆਵਜ਼ਾ ਦਿੱਤਾ ਗਿਆ ਸੀ, ਦੀ ਗਿਣਤੀ ਹੋਰ ਹੈ। ਜਲ੍ਹਿਆਂਵਾਲਾ ਬਾਗ ਸ਼ਹੀਦ ਪਰਿਵਾਰ ਸਮਿਤੀ ਦੀ ਸੂਚੀ ਅਤੇ ਬਾਗ ਵਿਚ ਸ਼ਹੀਦਾਂ ਦੇ ਨਾਵਾਂ ਦੀ ਲੱਗੀ ਸੂਚੀ ਵਿਚ ਸ਼ਹੀਦਾਂ ਦੀ ਗਿਣਤੀ ਵੱਖੋ-ਵੱਖ ਹੈ। ਦੇਸ਼ ਵੰਡ ਸਬੰਧੀ ਬਣੇ ਪਾਰਟੀਸ਼ਨ ਮਿਊਜ਼ੀਅਮ ਦੇ ਟਰੱਸਟ ਵੱਲੋਂ ਇਸ ਸਬੰਧੀ ਕੀਤੀ ਖੋਜ ਵਿਚ ਸ਼ਹੀਦਾਂ ਦੀ ਗਿਣਤੀ 547 ਦੱਸੀ ਗਈ ਹੈ, ਜਿਸ ਵਿਚ 45 ਸ਼ਹੀਦ ਅਣਪਛਾਤੇ ਦੱਸੇ ਗਏ ਹਨ।

## ਭਾਰਤ 'ਚ ਗੁਰੂ ਅੰਗਦ ਦੇਵ ਵੈਟਰਨਰੀ ਯੂਨੀਵਰਸਿਟੀ ਅੱਵਲ

**ਲੁਧਿਆਣਾ:** ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ (ਆਈ.ਸੀ.ਏ.ਆਰ.) ਵੱਲੋਂ ਕੀਤੀ ਗਈ 2019 ਦੀ ਦਰਜਾਬੰਦੀ ਅਨੁਸਾਰ ਲੁਧਿਆਣਾ ਦੀ ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਨੇ ਦੇਸ਼ ਦੀਆਂ ਵੈਟਰਨਰੀ ਯੂਨੀਵਰਸਿਟੀਆਂ 'ਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਇਸੇ ਤਰ੍ਹਾਂ ਦੇਸ਼ ਦੀਆਂ 67 ਖੇਤੀਬਾੜੀ ਯੂਨੀਵਰਸਿਟੀਆਂ, ਵੈਟਰਨਰੀ ਯੂਨੀਵਰਸਿਟੀਆਂ ਅਤੇ ਖੋਜ ਸੰਸਥਾਵਾਂ ਦੀ ਸਾਂਝੀ ਦਰਜਾਬੰਦੀ 'ਚੋਂ ਇਸ ਸੰਸਥਾ ਨੇ 7ਵਾਂ ਸਥਾਨ ਹਾਸਲ ਕੀਤਾ ਹੈ। ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਇੰਦਰਜੀਤ ਸਿੰਘ ਨੇ ਇਸ ਪ੍ਰਾਪਤੀ ਉਤੇ ਖੁਸ਼ੀ ਪ੍ਰਗਟਾਉਂਦਿਆਂ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਨੇ ਵੈਟਰਨਰੀ, ਡੇਅਰੀ ਅਤੇ ਮੱਛੀ ਪਾਲਣ ਦੇ ਖੇਤਰ ਵਿੱਚ ਖੋਜ ਕਾਰਜਾਂ ਨੂੰ ਉਤਸ਼ਾਹਿਤ ਕਰਨ ਲਈ ਨਾਮਵਰ ਕੌਮੀ ਅਤੇ ਅੰਤਰਰਾਸ਼ਟਰੀ ਏਜੰਸੀਆਂ ਨਾਲ ਦੁਵੱਲੇ ਸਮਝੌਤੇ ਕੀਤੇ ਹਨ।

## 2030 ਤੱਕ 1 ਅਰਬ ਤੋਂ ਟੱਪ ਸਕਦੀ ਹੈ ਗਰੀਬਾਂ ਦੀ ਗਿਣਤੀ: ਸੰਯੁਕਤ ਰਾਸ਼ਟਰ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਵਿਕਾਸ ਪ੍ਰੋਗਰਾਮ (ਯੂ.ਐਨ.ਡੀ.ਪੀ.) ਦੇ ਇਕ ਨਵੇਂ ਅਧਿਐਨ 'ਚ ਪਤਾ ਲੱਗਾ ਹੈ ਕਿ ਕੋਵਿਡ-19 ਮਹਾਮਾਰੀ ਦੇ ਚੱਲਦੇ 20.7 ਕਰੋੜ ਹੋਰ ਲੋਕ ਅਤਿ ਗਰੀਬੀ ਵੱਲ ਧੱਕੇ ਜਾਣਗੇ ਅਤੇ ਇਸ ਦੇ ਲੰਬੇ ਸਮੇਂ ਤੱਕ ਪੈਣ ਵਾਲੇ ਮਾੜੇ ਪ੍ਰਭਾਵ ਕਾਰਨ 2030 ਤੱਕ 1 ਅਰਬ ਤੋਂ ਵਧੇਰੇ ਲੋਕ ਗਰੀਬੀ ਦਾ ਸ਼ਿਕਾਰ ਹੋ ਸਕਦੇ ਹਨ। ਇਸ ਅਧਿਐਨ ਨੇ ਅਗਲੇ ਦਹਾਕੇ ਦੌਰਾਨ ਕੋਵਿਡ-19 ਮਹਾਂਮਾਰੀ ਦੇ ਪੈਣ ਵਾਲੇ ਬਹੁਪਸਾਰੀ ਪ੍ਰਭਾਵਾਂ ਦਾ ਮੁਲਾਂਕਣ ਕਰਦਿਆਂ ਸਥਿਰ ਵਿਕਾਸ ਟੀਚਿਆਂ (ਐਸ.ਡੀ.ਜੀ.) ਉਤੇ ਕੋਵਿਡ-19 ਰਿਕਵਰੀ ਦੇ ਪੈਣ ਵਾਲੇ ਪ੍ਰਭਾਵਾਂ ਦਾ ਮੁਲਾਂਕਣ ਕੀਤਾ ਗਿਆ ਹੈ।

ਯੂ.ਐਨ.ਡੀ.ਪੀ. ਅਤੇ ਪਾਰਟੀ ਸੈਂਟਰ ਫਾਰ ਇੰਟਰਨੈਸ਼ਨਲ ਫਿਊਚਰ ਵਲੋਂ ਡੈਨਵਰ ਯੂਨੀਵਰਸਿਟੀ ਦੇ ਸਹਿਯੋਗ ਨਾਲ ਕੀਤੇ ਗਏ ਇਸ ਅਧਿਐਨ 'ਚ ਕਿਹਾ ਗਿਆ ਹੈ ਕਿ ਕੋਵਿਡ-19 ਮਹਾਮਾਰੀ ਦੇ ਲੰਬੇ ਸਮੇਂ ਤੱਕ ਪੈਣ ਵਾਲੇ ਮਾੜੇ ਪ੍ਰਭਾਵ ਦੇ ਚੱਲਦੇ 20.7 ਕਰੋੜ ਲੋਕ ਅਤਿ ਗਰੀਬੀ ਵੱਲ ਧੱਕੇ ਜਾਣਗੇ। ਇਹ 'ਬੇਸਲਾਈਨ ਕੋਵਿਡ' ਦ੍ਰਿਸ਼ ਤਾਜ਼ਾ ਮੌਤ ਦਰ ਤੇ ਅੰਤਰਰਾਸ਼ਟਰੀ ਮੁਦਰਾ ਕੋਸ਼ (ਆਈ.ਐਮ.ਐਫ.) ਦੇ ਮੌਜੂਦਾ ਵਿਕਾਸ ਅਨੁਮਾਨਾਂ ਉਤੇ ਅਧਾਰਿਤ ਹੈ।

## ਕੋਵਿਡ-19 ਟੀਕਾਕਰਨ ਵਿਚ ਮੋਬਾਈਲ ਤਕਨਾਲੋਜੀ ਦੀ ਹੋਵੇਗੀ ਵਰਤੋਂ

**ਨਵੀਂ ਦਿੱਲੀ:** ਕਰੋਨਾ ਮਹਾਮਾਰੀ ਉਤੇ ਕਾਬੂ ਪਾਉਣ ਲਈ ਟੀਕਾ ਛੇਤੀ ਉਪਲਬਧ ਹੋਣ ਦੀਆਂ ਸੰਭਾਵਨਾਵਾਂ ਵਿਚਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਕੋਵਿਡ-19 ਟੀਕਾਕਰਨ ਮੁਹਿੰਮ ਵਿਚ ਮੋਬਾਈਲ ਤਕਨਾਲੋਜੀ ਦਾ ਇਸਤੇਮਾਲ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਨੇ ਤਿੰਨ ਦਿਨਾਂ ਤੱਕ ਚੱਲਣ ਵਾਲੀ ਮੋਬਾਈਲ ਇੰਡੀਆ ਕਾਂਗਰਸ ਦਾ ਉਦਘਾਟਨ ਕਰਦਿਆਂ ਕਿਹਾ ਕਿ ਮੋਬਾਈਲ ਤਕਨਾਲੋਜੀ ਦੇ ਇਸਤੇਮਾਲ ਨਾਲ ਅਰਬਾਂ ਡਾਲਰਾਂ ਦਾ ਲਾਭ ਉਨ੍ਹਾਂ ਦੇ ਅਸਲ ਹੱਕਦਾਰਾਂ ਤੱਕ ਪਹੁੰਚਾਉਣ ਵਿਚ ਸਫਲਤਾ ਮਿਲੀ ਹੈ। ਉਨ੍ਹਾਂ ਕਿਹਾ, ਮੋਬਾਈਲ ਤਕਨਾਲੋਜੀ ਦੀ ਮਦਦ ਨਾਲ ਹੀ ਅਸੀਂ ਦੁਨੀਆਂ ਦੇ ਸਭ ਤੋਂ ਵੱਡੇ ਕੋਵਿਡ-19 ਟੀਕਾਕਰਨ ਦੀ ਦਿਸ਼ਾ 'ਚ ਅੱਗੇ ਵਧਾਂਗੇ।

## ਅਜੇ ਵੀ ਹਾਰ ਮੰਨਣ ਲਈ ਤਿਆਰ ਨਹੀਂ ਡੋਨਲਡ ਟਰੰਪ

**ਵਾਸ਼ਿੰਗਟਨ:** ਮੌਜੂਦਾ ਰਾਸ਼ਟਰਪਤੀ ਡੋਨਲਡ ਟਰੰਪ ਚੋਣਾਂ 'ਚ ਹਾਰ ਮੰਨਣ ਲਈ ਤਿਆਰ ਨਹੀਂ ਹਨ ਅਤੇ ਉਨ੍ਹਾਂ ਫਿਰ ਦੁਹਰਾਇਆ ਹੈ ਕਿ ਜੋਅ ਬਾਇਡਨ ਨੂੰ ਜਿਤਾਉਣ ਲਈ ਚੋਣਾਂ 'ਚ ਗੜਬੜੀ ਕੀਤੀ ਗਈ। ਜੌਰਜੀਆ 'ਚ ਚੋਣਾਂ ਤੋਂ ਬਾਅਦ ਪਹਿਲੀ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਇਹ ਦਾਅਵਾ ਕੀਤਾ। ਉਨ੍ਹਾਂ ਕਿਹਾ ਕਿ ਉਹ ਰਾਸ਼ਟਰਪਤੀ ਚੋਣ ਜਿੱਤਣਗੇ ਅਤੇ ਲੋਕਾਂ ਨੂੰ ਸਚਾਈ ਦਾ ਪਤਾ ਲੱਗ ਜਾਵੇਗਾ। ਸੈਨੇਟ ਚੋਣਾਂ ਲਈ ਰਿਪਬਲਿਕਨ ਪਾਰਟੀ ਦੇ ਉਮੀਦਵਾਰਾਂ ਲਈ ਪ੍ਰਚਾਰ ਕਰਦਿਆਂ ਉਨ੍ਹਾਂ ਕਿਹਾ, "ਸਾਡੀਆਂ ਰਾਸ਼ਟਰਪਤੀ ਚੋਣਾਂ 'ਚ ਉਨ੍ਹਾਂ ਧੋਖਾ ਅਤੇ ਗੜਬੜੀ ਕੀਤੀ। ਉਹ ਹੁਣ ਇਸ ਚੋਣ 'ਚ ਵੀ ਗੜਬੜੀ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ।"

ਟਰੰਪ ਨੇ ਝੂਠਾ ਦਾਅਵਾ ਕਰਦਿਆਂ ਆਪਣੇ ਭਾਸ਼ਣ ਦੀ ਸ਼ੁਰੂਆਤ ਕੀਤੀ ਕਿ ਉਹ ਜੌਰਜੀਆ 'ਚ ਚੋਣ ਜਿੱਤ ਗਏ ਹਨ, ਜਦਕਿ ਬਾਇਡਨ ਨੂੰ ਇਥੋਂ ਜੇਤੂ ਕਰਾਰ ਦਿੱਤਾ ਗਿਆ ਹੈ। ਉਨ੍ਹਾਂ ਲੋਕਾਂ ਨੂੰ 5 ਜਨਵਰੀ ਨੂੰ ਹੋਣ ਵਾਲੀਆਂ ਚੋਣਾਂ 'ਚ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਕਿਹਾ। ਰੈਲੀ ਦੌਰਾਨ ਟਰੰਪ ਦੇ ਹੱਕ 'ਚ ਨਾਅਰੇ ਵੀ ਲੱਗਦੇ ਰਹੇ। ਟਰੰਪ ਨੇ ਕਿਹਾ, ਲੋਕ ਘਰਾਂ 'ਚ ਹੀ ਨਾ ਬੈਠੇ ਰਹਿਣ ਸਗੋਂ ਭਾਰੀ ਮਤਦਾਨ ਕਰਕੇ ਡੈਮੋਕਰੈਟਾਂ ਤੋਂ ਬਦਲਾ ਲੈਣ।

## ਮੋਦੀ ਸਰਕਾਰ ਦੁਆਲੇ ਘੇਰਾ ਹੋਰ ਭੀੜਾ ਹੋਣ ਲੱਗਿਆ

*(ਸਫਾ ਇਕ ਦੀ ਬਾਕੀ)*

ਸਮੇਤ ਪੂਰੇ ਮੁਲਕ ਦੇ ਵੱਡੀ ਗਿਣਤੀ ਖਿਡਾਰੀਆਂ, ਲੇਖਕਾਂ ਤੇ ਬੁੱਧੀਜੀਵੀਆਂ ਨੇ ਆਪਣੇ ਐਵਾਰਡ ਵਾਪਸ ਕਰ ਦਿੱਤੇ ਹਨ।

ਇਹ ਦੂਜੀ ਵਾਰ ਹੋ ਰਿਹਾ ਹੈ; ਪਹਿਲਾਂ ਸ਼ਾਹੀਨ ਬਾਗ ਵਿਚ ਉਥੋਂ ਦੀਆਂ ਨਾਨੀਆਂ, ਦਾਦੀਆਂ ਅਤੇ ਹਰ ਉਮਰ ਦੀਆਂ ਔਰਤਾਂ ਦੇ ਨਾਗਰਿਕਤਾ ਸੋਧ ਕਾਨੂੰਨ ਵਿਰੁਧ ਲਗਾਏ ਮੋਰਚੇ ਦੌਰਾਨ ਹੋਇਆ ਸੀ ਅਤੇ ਉਸ ਮੋਰਚੇ ਨੂੰ ਦੇਸ਼ ਦੇ ਚਿੰਤਕਾਂ, ਕਲਾਕਾਰਾਂ, ਨੌਜਵਾਨਾਂ, ਵਿਦਿਆਰਥੀਆਂ ਅਤੇ ਹੋਰ ਵਰਗਾਂ ਦਾ ਭਰਪੂਰ ਸਮਰਥਨ ਮਿਲਿਆ ਸੀ ਜਿਵੇਂ ਇਸ ਅੰਦੋਲਨ ਨੂੰ ਮਿਲ ਰਿਹਾ ਹੈ। ਇਸ ਅੰਦੋਲਨ ਦੇ ਪਾਸਾਰ ਪੰਜਾਬ ਅਤੇ ਹਰਿਆਣੇ ਵਿਚ ਹੋਰ ਵੱਡੇ ਅਤੇ ਵਿਸ਼ਾਲ ਹਨ।

ਦੋ ਮਹੀਨਿਆਂ ਤੱਕ ਪੰਜਾਬ ਦੀਆਂ ਰੇਲਵੇ ਪਟੜੀਆਂ, ਕਾਰਪੋਰੇਟਰਾਂ ਦੇ ਮਾਲਜ਼ ਅਤੇ ਹੋਰ ਕਾਰੋਬਾਰੀ ਅਦਾਰਿਆਂ ਅੱਗੇ ਧਰਨੇ ਦੇਣ ਅਤੇ ਭਾਜਪਾ ਨੇਤਾਵਾਂ ਦੇ ਘਰਾਂ ਤੇ ਦਫਤਰਾਂ ਦੀ ਘੇਰਾਬੰਦੀ ਕਰਨ ਤੋਂ ਬਾਅਦ ਪੰਜਾਬ ਦੇ ਕਿਸਾਨਾਂ ਨੇ ਜੋ 'ਦਿੱਲੀ ਚਲੋ' ਦਾ ਨਾਅਰਾ ਦਿੱਤਾ ਸੀ, ਉਹ ਬੇਹੱਦ ਪ੍ਰਭਾਵੀ ਹੋ ਨਿੱਬੜਿਆ ਹੈ।

## ਸ਼੍ਰੋਮਣੀ ਕਮੇਟੀ 'ਚ ਵੱਡੇ ਪ੍ਰਸ਼ਾਸਕੀ ਫੇਰਬਦਲ ਦੀ ਤਿਆਰੀ

**ਸ੍ਰੀ ਆਨੰਦਪੁਰ ਸਾਹਿਬ:** ਤੀਸਰੀ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬਣੀ ਬੀਬੀ ਜਗੀਰ ਕੌਰ ਨੇ ਕਮੇਟੀ ਦੀ ਸਾਖ 'ਚ ਸੁਧਾਰ ਲਿਆਉਣ ਦੇ ਇਰਾਦੇ ਨਾਲ ਢੁਕਵੇਂ ਤੇ ਸਖਤ ਫੈਸਲੇ ਲੈਣ ਦਾ ਮਨ ਬਣਾ ਲਿਆ ਹੈ।

ਇਸੇ ਤਹਿਤ ਨੇੜ ਭਵਿੱਖ 'ਚ ਵੱਖ-ਵੱਖ ਅਹੁਦਿਆਂ ਉਤੇ ਤਾਇਨਾਤ ਅਧਿਕਾਰੀਆਂ ਤੇ ਮੁਲਾਜ਼ਮਾਂ ਦੀ ਬੀਤੇ ਸਾਲਾਂ ਦੀ ਕਾਰਗੁਜ਼ਾਰੀ ਦੇ ਅਧਾਰ ਉਤੇ ਸ਼੍ਰੋਮਣੀ ਕਮੇਟੀ ਅੰਦਰ ਵੱਡਾ ਪ੍ਰਸ਼ਾਸਕੀ ਫੇਰਬਦਲ ਕੀਤਾ ਜਾ ਰਿਹਾ ਹੈ। ਇਸ ਸਬੰਧੀ ਸੂਚੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ। ਬੀਬੀ ਜਗੀਰ ਕੌਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਅਧੀਨ ਚੱਲ ਰਹੇ ਵੱਖ-ਵੱਖ ਗੁਰਦੁਆਰਿਆਂ ਤੇ ਹੋਰ ਵਿੱਦਿਅਕ ਤੇ ਧਾਰਮਿਕ ਅਦਾਰਿਆਂ 'ਚ ਤਾਇਨਾਤ ਅਧਿਕਾਰੀਆਂ ਤੇ ਮੁਲਾਜ਼ਮਾਂ ਦੀ ਬੀਤੇ ਸਾਲਾਂ ਦੀ ਕਾਰਗੁਜ਼ਾਰੀ ਨੂੰ ਡੂੰਘਾਈ ਨਾਲ ਘੋਖਿਆ ਜਾ ਰਿਹਾ ਹੈ ਤੇ ਸੂਚੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ।

## ਨੇਪਾਲ ਤੇ ਚੀਨ ਵੱਲੋਂ ਮਾਊਂਟ ਐਵਰੈਸਟ ਦੀ ਨਵੀਂ ਉਚਾਈ ਦਾ ਐਲਾਨ

**ਕਾਠਮੰਡੂ:** ਨੇਪਾਲ ਅਤੇ ਚੀਨ ਨੇ ਵਿਸ਼ਵ ਦੀ ਸਭ ਤੋਂ ਉੱਚੀ ਪਹਾੜੀ ਚੋਟੀ ਮਾਊਂਟ ਐਵਰੈਸਟ ਦੀ ਨਵੀਂ ਉਚਾਈ ਦਾ ਐਲਾਨ ਕੀਤਾ। ਉਨ੍ਹਾਂ ਸਾਂਝੇ ਰੂਪ ਵਿਚ ਐਵਰੈਸਟ ਦੀ ਨਵੀਂ ਉਚਾਈ 8848.86 ਮੀਟਰ ਦੱਸੀ ਹੈ।

ਨੇਪਾਲ ਸਰਕਾਰ ਨੇ ਐਵਰੈਸਟ ਚੋਟੀ ਦੀ ਉਚਾਈ ਮਾਪਣ ਦਾ ਫੈਸਲਾ ਕੀਤਾ ਸੀ। ਐਵਰੈਸਟ ਦੀ ਉਚਾਈ ਸਬੰਧੀ ਬੀਤੇ ਕੁਝ ਵਰ੍ਹਿਆਂ ਤੋਂ ਬਹਿਸ ਹੋ ਰਹੀ ਸੀ। ਮੰਨਿਆ ਜਾ ਰਿਹਾ ਸੀ ਕਿ ਸਾਲ 2015 ਵਿਚ ਆਏ ਭੂਚਾਲ ਦੇ ਨਾਲ ਨਾਲ ਕਈ ਹੋਰਨਾਂ ਕਾਰਨਾਂ ਕਰਕੇ ਚੋਟੀ ਦੀ ਉਚਾਈ ਵਿਚ ਬਦਲਾਅ ਆਇਆ ਹੈ। ਵਿਦੇਸ਼ ਮੰਤਰੀ ਪ੍ਰਦੀਪ ਗਿਆਵਲੀ ਨੇ ਕਿਹਾ ਕਿ ਨੇਪਾਲ ਨੇ ਐਵਰੈਸਟ ਦੀ ਉਚਾਈ 8848.86 ਮਾਪੀ ਹੈ ਜੋ ਪਹਿਲਾਂ ਮਾਪੀ ਗਈ ਉਚਾਈ ਤੋਂ 86 ਸੈਂਟੀਮੀਟਰ ਵੱਧ ਹੈ। ਭਾਰਤ ਸਰਵੇਖਣ ਵੱਲੋਂ 1954 ਵਿਚ ਐਵਰੈਸਟ ਦੀ ਉਚਾਈ 8848 ਮੀਟਰ ਮਾਪੀ ਗਈ ਸੀ।

## ਗੁਰਦਾਸ ਮਾਨ ਨੂੰ ਮੰਚ 'ਤੇ ਚੜ੍ਹਨ ਤੋਂ ਡੱਕਿਆ

**ਨਵੀਂ ਦਿੱਲੀ:** ਸਿੰਘੂ ਬਾਰਡਰ ਉਤੇ ਕਿਸਾਨਾਂ ਦੀ ਹਮਾਇਤ ਲਈ ਪੁੱਜੇ ਉਘੇ ਪੰਜਾਬੀ ਗਾਇਕ ਗੁਰਦਾਸ ਮਾਨ ਨੂੰ ਧਰਨੇ ਉਪਰ ਬੈਠੇ ਕਿਸਾਨਾਂ ਨੇ ਮੁੱਖ ਮੰਚ ਉਤੇ ਨਹੀਂ ਚੜ੍ਹਨ ਦਿੱਤਾ। ਕਿਰਤੀ ਕਿਸਾਨ ਯੂਨੀਅਨ ਦੇ ਯੂਥ ਵਿੰਗ ਦੇ ਆਗੂ ਭੁਪਿੰਦਰ ਸਿੰਘ ਤਲਵੰਡੀ ਨੇ ਦੱਸਿਆ ਕਿ ਗੁਰਦਾਸ ਮਾਨ ਸਿੰਘੂ ਬਾਰਡਰ ਉਤੇ ਪੁੱਜਾ ਤੇ ਧਰਨੇ ਵਿੱਚ ਕਿਸਾਨਾਂ ਨਾਲ ਬੈਠ ਗਿਆ, ਪਰ ਲੋਕਾਂ ਨੇ ਰੌਲਾ ਪਾ ਕੇ ਉਨ੍ਹਾਂ ਨੂੰ ਮੰਚ ਉਪਰ ਚੜ੍ਹਨ ਤੋਂ ਰੋਕ ਦਿੱਤਾ। ਉਨ੍ਹਾਂ ਦੱਸਿਆ ਕਿ ਗਾਇਕ ਜਿਉਂ ਹੀ ਉਠਿਆ ਤਾਂ ਲੋਕਾਂ ਨੇ ਉਸ ਨੂੰ ਬੈਠਣ ਲਈ ਆਖ ਦਿੱਤਾ ਕਿ ਉਹ ਕਿਤੇ ਮੰਚ ਉਪਰ ਭਾਸ਼ਣ ਨਾ ਦੇਣ ਲੱਗ ਜਾਵੇ। ਜਿਉਂ ਹੀ ਲੋਕਾਂ ਨੇ ਰੌਲਾ ਪਾਇਆ ਤਾਂ ਗੁਰਦਾਸ ਮਾਨ ਹੱਥ ਜੋੜ ਫਤਿਹ ਬੁਲਾ ਕੇ ਮੁੜ ਬੈਠ ਗਿਆ। ਕਿਸਾਨਾਂ ਦੀ ਹਮਾਇਤ ਵਿਚ ਉਹ ਸਿਰ ਉਪਰ ਡੱਬੀਆਂ ਵਾਲਾ ਸਾਫਾ ਬੰਨ੍ਹ ਕੇ ਆਇਆ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਭਾਜਪਾ ਹਕੂਮਤਾਂ ਵਾਲੇ ਸੂਬਿਆਂ ਵਿਚ ਚੁਣੌਤੀ ਬਣਨ ਲੱਗਾ ਕਿਸਾਨੀ ਸੰਘਰਸ਼



**ਚੰਡੀਗੜ੍ਹ:** ਖੇਤੀ ਕਾਨੂੰਨਾਂ ਵਿਰੁੱਧ ਮਘ ਰਹੇ ਕਿਸਾਨੀ ਸੰਘਰਸ਼ ਦੇ ਜ਼ੋਰ ਫੜਨ ਨਾਲ ਭਾਜਪਾ ਦੀਆਂ ਸਿਆਸੀ ਮੁਸ਼ਕਲਾਂ ਵੀ ਵਧਣੀਆਂ ਸ਼ੁਰੂ ਹੋ ਗਈਆਂ ਹਨ। ਵੱਖ-ਵੱਖ ਰਾਜਾਂ ਵਿਚ ਵਿਚਰ ਰਹੀਆਂ ਖੇਤਰੀ ਪਾਰਟੀਆਂ ਤੇ ਆਜ਼ਾਦ ਵਿਧਾਇਕਾਂ ਉਪਰ ਕਿਸਾਨ ਸੰਘਰਸ਼ ਦਾ ਦਬਾਅ ਵਧਣ ਬਾਅਦ ਅਜਿਹੀਆਂ ਪਾਰਟੀਆਂ ਤੇ ਆਜ਼ਾਦ ਵਿਧਾਇਕ ਭਾਜਪਾ ਦੀ ਅਗਵਾਈ ਵਾਲੇ ਐਨ.ਡੀ.ਏ. ਤੋਂ ਕਿਨਾਰਾ ਕਰਨ ਲੱਗੇ ਹਨ।

ਇਸ ਰੁਝਾਨ ਨਾਲ ਪੰਜਾਬ ਤੋਂ ਬਾਅਦ ਹਰਿਆਣਾ, ਰਾਜਸਥਾਨ ਤੇ ਕੁਝ ਹੋਰ ਰਾਜਾਂ 'ਚ ਭਾਜਪਾ ਦੀਆਂ ਪਰੇਸ਼ਾਨੀਆਂ ਵਧਦੀਆਂ ਜਾ ਰਹੀਆਂ ਹਨ। ਖੇਤੀ ਕਾਨੂੰਨਾਂ ਵਿਰੁੱਧ ਚੱਲੇ ਕਿਸਾਨ ਸੰਘਰਸ਼ ਕਾਰਨ ਸਭ ਤੋਂ ਪਹਿਲਾਂ ਭਾਜਪਾ ਦੇ ਪੁਰਾਣੇ ਭਾਈਵਾਲ ਅਕਾਲੀ ਦਲ ਨੇ ਸਾਥ ਛੱਡ ਦਿੱਤਾ। ਹੁਣ ਜਦ ਪੰਜਾਬ ਦੇ ਕਿਸਾਨਾਂ ਨੇ ਦਿੱਲੀ ਆ ਕੇ ਮੋਦੀ ਸਰਕਾਰ ਨੂੰ ਲਲਕਾਰ ਦਿੱਤੀ ਤਾਂ ਦਿੱਲੀ ਜਾਂਦੇ ਕਿਸਾਨਾਂ ਵਿਰੁੱਧ ਖੱਟਰ ਸਰਕਾਰ ਵਲੋਂ ਆਪਣੇ ਅਣਮਨੁੱਖੀ ਤੇ ਜ਼ੁਲਮੀ ਵਤੀਰੇ ਨੇ ਹਰਿਆਣਾ ਦੇ ਕਿਸਾਨਾਂ ਨੂੰ ਵੀ ਇੰਨਾ ਵੱਡਾ ਹਲੂਣਾ ਦਿੱਤਾ ਹੈ ਕਿ ਹਰਿਆਣਾ ਦੀਆਂ 100 ਦੇ ਕਰੀਬ ਖਾਪ ਪੰਚਾਇਤਾਂ ਨੇ ਪੰਜਾਬ ਦੇ ਕਿਸਾਨਾਂ ਦੀ ਆਵਾਜ਼ ਨਾਲ ਆਵਾਜ਼ ਮਿਲਾਉਣ ਦਾ ਫੈਸਲਾ ਕਰਦਿਆਂ ਦਿੱਲੀ ਸਰਹੱਦ ਉਪਰ ਜਾ ਡੇਰਾ ਲਗਾਇਆ ਹੈ। ਹਰਿਆਣਾ ਦੀ ਗੱਠਜੋੜ ਸਰਕਾਰ 'ਚ ਭਾਈਵਾਲ ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਵੱਲੋਂ ਕੇਂਦਰੀ ਖੇਤੀ ਕਾਨੂੰਨਾਂ ਬਾਰੇ ਮਿਲ ਰਹੀਆਂ ਨਸੀਹਤਾਂ ਤੇ ਆਜ਼ਾਦ ਵਿਧਾਇਕ ਸੋਮਬੀਰ ਸਾਂਗਵਾਨ ਵੱਲੋਂ ਖੱਟਰ ਸਰਕਾਰ ਤੋਂ ਹਮਾਇਤ ਵਾਪਸ ਲੈਣ ਮਗਰੋਂ ਹਰਿਆਣਾ ਵਿਚ ਭਾਜਪਾ ਇਕੱਲੀ ਪੈਣ ਲੱਗੀ ਹੈ। ਜੇ.ਜੇ.ਪੀ ਦੇ 10 ਵਿਧਾਇਕਾਂ ਵਿਚੋਂ 4 ਵਿਧਾਇਕ ਕਿਸਾਨਾਂ ਦੇ ਪੱਖ ਵਿਚ ਖੜ੍ਹ ਗਏ ਹਨ। ਇਸ ਤਰ੍ਹਾਂ ਹਰਿਆਣਾ ਵਿਧਾਨ ਸਭਾ ਵਿਚ 40 ਮੈਂਬਰੀ ਘੱਟਗਿਣਤੀ ਵਿਧਾਇਕਾਂ ਵਾਲੀ ਖੱਟਰ ਸਰਕਾਰ ਲਈ ਖਤਰੇ ਦੀ ਘੰਟੀ ਵੱਜ ਰਹੀ ਹੈ।

ਹਰਿਆਣਾ 'ਚ ਉਭਰੀ ਵੱਡੀ ਕਿਸਾਨ ਹਮਾਇਤ ਨੇ ਦਿੱਲੀ ਨੂੰ ਘੇਰਾ ਘੱਤੀ ਬੈਠੇ ਪੰਜਾਬ ਦੇ ਕਿਸਾਨਾਂ ਨੂੰ ਵੀ ਵੱਡੀ ਹਲਾਸ਼ੇਰੀ ਦਿੱਤੀ ਹੈ ਤੇ ਭਾਜਪਾ ਨੇਤਾਵਾਂ ਤੇ ਮੋਦੀ ਸਰਕਾਰ ਵਲੋਂ ਕਿਸਾਨ ਸੰਘਰਸ਼ ਨੂੰ ਸਿਰਫ ਪੰਜਾਬ ਤੱਕ ਹੀ ਸੀਮਤ ਦੱਸਣ ਦੇ ਦਾਅਵਿਆਂ ਨੂੰ ਰੋਲ ਕੇ ਰੱਖ ਦਿੱਤਾ ਹੈ। ਦਿੱਲੀ ਜਾਣ ਵਾਲੇ ਕਿਸਾਨਾਂ ਨੂੰ ਰੋਕਣ ਲਈ ਰੁਕਾਵਟਾਂ ਖੜ੍ਹੀਆਂ ਕਰਨ ਵਾਲੀ ਖੱਟਰ ਸਰਕਾਰ ਨੂੰ ਹੀ ਉਲਟਾ ਸਗੋਂ ਕਈ ਤਰ੍ਹਾਂ ਦੀਆਂ ਰੁਕਾਵਟਾਂ ਦੀ ਚੁਣੌਤੀ ਖੜ੍ਹੀ ਹੋ ਗਈ ਹੈ। ਆਜ਼ਾਦ ਵਿਧਾਇਕ ਤੇ ਪਸ਼ੂ ਧਨ ਬੋਰਡ ਦਾ ਚੇਅਰਮੈਨ ਤੇ ਇਕ ਖਾਪ ਦਾ ਮੁੱਖੀ ਸੋਮਵੀਰ ਸਾਂਗਵਾਨ ਨੇ ਅਹੁਦੇ ਤੋਂ ਅਸਤੀਫਾ ਦੇ ਕੇ ਤੇ ਐਨ.ਡੀ.ਏ. ਨਾਲੋਂ ਨਾਤਾ ਤੋੜ ਕੇ ਦਿੱਲੀ ਘਿਰਾਓ 'ਚ ਸ਼ਾਮਲ ਹੋ ਗਿਆ ਹੈ। ਇਸੇ ਤਰ੍ਹਾਂ ਇਕ ਹੋਰ ਵਿਧਾਇਕ ਬਲਰਾਜ ਕੁੰਡੂ ਵੀ ਐਨ.ਡੀ.ਏ. ਤੋਂ ਕਿਨਾਰਾ ਕਰਕੇ ਕਿਸਾਨਾਂ ਦੇ ਹੱਕ 'ਚ ਜਾ ਖੜ੍ਹਾ ਹੋਇਆ ਹੈ। ਭਾਜਪਾ ਦੀ ਹਮਾਇਤੀ ਰਾਜਸਥਾਨ ਲੋਕਤੰਤਰੀ ਪਾਰਟੀ ਨੇ ਵੀ ਕਿਸਾਨ ਸੰਘਰਸ਼ ਨੂੰ ਲੈ ਕੇ ਭਾਜਪਾ ਤੋਂ ਦੂਰੀ ਬਣਾ ਲਈ ਹੈ। ਉਤਰ ਪ੍ਰਦੇਸ਼ ਦੇ ਮਜ਼ਬੂਤ ਕਿਸਾਨ ਆਗੂ ਰਕੇਸ਼ ਟਿਕੈਤ ਇਸ ਵੇਲੇ ਭਾਰੀ ਗਿਣਤੀ 'ਚ ਕਿਸਾਨਾਂ ਨੂੰ ਲੈ ਕੇ ਦਿੱਲੀ ਦਾ ਗਾਜ਼ੀਪੁਰ ਬਾਰਡਰ ਘੇਰੀ ਬੈਠੇ ਹਨ।

## ਭਾਜਪਾ ਮੰਡਲ ਪ੍ਰਧਾਨ ਵੱਲੋਂ ਅਸਤੀਫਾ

**ਨਥਾਣਾ:** ਭਾਜਪਾ ਨੂੰ ਇਥੇ ਉਸ ਸਮੇਂ ਵੱਡੀ ਰਾਜਸੀ ਢਾਹ ਲੱਗੀ ਜਦੋਂ ਪਾਰਟੀ ਦੇ ਮੰਡਲ ਪ੍ਰਧਾਨ ਹਰਿੰਦਰਜੀਤ ਸਿੰਘ ਨਾਮੀ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਵਿਨੋਦ ਕੁਮਾਰ ਬਿੰਟਾ ਨੂੰ ਭੇਜੇ ਲਿਖਤੀ ਅਸਤੀਫੇ ਦੀ ਕਾਪੀ ਜਾਰੀ ਕਰਦਿਆਂ ਨਾਮੀ ਨੇ ਕਿਹਾ ਕਿ ਉਹ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਦਿੱਲੀ ਵਿਖੇ ਕਿਸਾਨਾਂ ਵੱਲੋਂ ਚਲਾਏ ਜਾ ਰਹੇ ਸੰਘਰਸ਼ ਦੀ ਹਮਾਇਤ ਕਰਦਿਆਂ ਇਹ ਅਸਤੀਫਾ ਦੇ ਰਹੇ ਹਨ। ਉਨ੍ਹਾਂ ਇਸ ਸੰਘਰਸ਼ ਦੀ ਸਫਲਤਾ ਲਈ ਡਟਵਾਂ ਸਹਿਯੋਗ ਦੇਣ ਦਾ ਵੀ ਭਰੋਸਾ ਦਿੱਤਾ। ਜ਼ਿਕਰਯੋਗ ਹੈ ਕਿ ਹਰਿੰਦਰਜੀਤ ਸਿੰਘ ਨਾਮੀ ਨੇ ਛੇ ਸਾਲ ਪਹਿਲਾਂ ਭਾਜਪਾ ਦੀ ਟਿਕਟ ਉਤੇ ਨਥਾਣਾ ਨਗਰ ਪੰਚਾਇਤ ਦੀ ਚੋਣ ਲੜੀ ਸੀ ਅਤੇ ਉਹ ਐਮ.ਸੀ. ਵੀ ਰਹੇ ਹਨ।

## ਮੋਗਾ ਵਿਚ ਹੰਸ ਰਾਜ ਨੂੰ ਕਿਸਾਨਾਂ ਨੇ ਘੇਰਿਆ

**ਮੋਗਾ:** ਸੂਬੇ 'ਚ ਭਾਜਪਾ ਆਗੂਆਂ ਨੂੰ ਲਗਾਤਾਰ ਕਿਸਾਨਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਥੇ ਡਾ. ਭੀਮ ਰਾਓ ਅੰਬੇਡਕਰ ਬਾਰੇ ਕਰਵਾਈ ਗੋਸ਼ਟੀ 'ਚ ਮੁੱਖ ਮਹਿਮਾਨ ਵਜੋਂ ਦਿੱਲੀ ਤੋਂ ਪੁੱਜੇ ਭਾਜਪਾ ਸੰਸਦ ਮੈਂਬਰ ਹੰਸ ਰਾਜ ਹੰਸ ਨੂੰ ਕਿਸਾਨਾਂ ਨੇ ਘੇਰ ਕੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਪੁਲਿਸ ਨੇ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਉਨ੍ਹਾਂ ਨੂੰ ਭੀੜ 'ਚੋਂ ਕੱਢਿਆ। ਇਸ ਮੌਕੇ ਹੰਸ ਨੇ ਕਿਸਾਨਾਂ ਅੱਗੇ ਹੱਥ ਬੰਨ੍ਹ ਦੁਹਾਈ ਦਿੱਤੀ ਕਿ ਉਹ ਪੰਜਾਬ ਦਾ ਪੁੱਤ ਹੈ, ਕਿਸਾਨਾਂ ਨਾਲ ਖੜ੍ਹਾ ਹੈ ਅਤੇ ਕਿਸਾਨਾਂ ਖਾਤਰ ਮਰਨ ਲਈ ਵੀ ਤਿਆਰ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਮਸਲੇ ਦਾ ਹੱਲ ਕੱਢ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਖੇਤੀਬਾੜੀ ਮੰਤਰੀ ਵੀ ਸਮੱਸਿਆ ਹੱਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

# ਹਰਿਆਣਵੀ ਖਾਪਾਂ ਵੱਲੋਂ ਦਿੱਲੀ ਦੀਆਂ ਹੱਦਾਂ ਉਤੇ ਮੋਰਚੇ



**ਨਵੀਂ ਦਿੱਲੀ:** ਦਿੱਲੀ ਵਿਚ ਟਿਕਰੀ ਅਤੇ ਸਿੰਘੂ ਬਾਰਡਰ ਉਪਰ ਖੇਤੀ ਕਾਨੂੰਨਾਂ ਦੀ ਵਾਪਸੀ ਲਈ ਚੱਲ ਰਹੇ ਸੰਘਰਸ਼ ਦੀ ਹਮਾਇਤ ਵਿਚ ਹਰਿਆਣਾ ਦੀਆਂ ਵੱਖ-ਵੱਖ ਖਾਪ ਪੰਚਾਇਤਾਂ ਨੇ ਮੋਰਚੇ ਗੱਡ ਦਿੱਤੇ ਹਨ। ਖਾਪ ਪੰਚਾਇਤਾਂ ਨੇ ਐਲਾਨ ਕੀਤਾ ਕਿ ਉਹ ਤਿੰਨ ਖੇਤੀ ਕਾਨੂੰਨਾਂ ਤੇ ਬਿਜਲੀ ਐਕਟ ਨੂੰ ਮਨਸੂਖ ਕਰਨ ਅਤੇ ਹੋਰ ਮੰਗਾਂ ਪੂਰੀਆਂ ਹੋਣ ਤੱਕ ਵਾਪਸ ਨਹੀਂ ਜਾਣਗੇ।

ਟਿਕਰੀ ਸਰਹੱਦ ਉਤੇ ਬੈਠੀ 24 ਪਿੰਡਾਂ ਦੀ ਖਾਪ ਪੰਚਾਇਤ 'ਨੌਗਾਮਾ ਖਾਪ' ਦੇ ਮੁਖੀ ਰਾਮਫਲ ਕੰਡੇਲਾ, 12 ਪਿੰਡਾਂ ਦੀ ਖਾਪ ਪੰਚਾਇਤ 'ਛਿੱਲਰ ਚਿਕਾਰਾ ਖੱਤਰੀ ਖਾਪ' ਦੇ ਆਗੂ ਰਾਜਿੰਦਰ ਚਿਕਾਰਾ ਅਤੇ 7 ਪਿੰਡਾਂ ਦੀ ਖਾਪ 'ਸਾਤ ਬਾਸ ਜੜੀਆ ਖਾਪ' ਦੇ ਮੁਖੀ ਰਾਜੇਸ਼ ਕੁਮਾਰ ਮਲਿਕ ਨੇ ਕਿਹਾ ਕਿ ਮੋਦੀ ਨੇ ਕਿਸਾਨਾਂ ਲਈ ਮੌਤ ਦੇ ਵਾਰੰਟ ਜਾਰੀ ਕੀਤੇ ਹਨ। ਇਨ੍ਹਾਂ ਕਾਨੂੰਨਾਂ ਦੇ ਲਾਗੂ ਹੋਣ ਨਾਲ ਕਿਸਾਨੀ ਸੜਕਾਂ ਉਤੇ ਆ ਜਾਵੇਗੀ। ਮੋਦੀ ਇਸ ਭੁਲੇਖੇ ਵਿਚ ਹੈ ਕਿ ਉਹ ਇਸ ਸੰਘਰਸ਼ ਨੂੰ ਦਬਾ ਲਵੇਗਾ, ਪਰ ਕਿਸਾਨ ਉਸ ਦਾ ਇਹ ਭੁਲੇਖਾ ਦੂਰ ਕਰ ਦੇਣਗੇ। ਉਹ ਕਿਸੇ ਸੋਧ ਉਤੇ ਨਹੀਂ ਮੰਨਣਗੇ, ਉਹ ਕਾਨੂੰਨ ਵਾਪਸ ਕਰਵਾ ਕੇ ਹੀ ਘਰ ਜਾਣਗੇ। ਉਨ੍ਹਾਂ ਹਰਿਆਣਾ ਦੇ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ 'ਤੇ ਹਮਲਾ ਬੋਲਦਿਆਂ ਕਿਹਾ ਕਿ ਜੇਕਰ ਉਹ ਕਿਸਾਨਾਂ ਦੇ ਨਾਲ ਹੈ ਤਾਂ ਉਹ ਭਾਜਪਾ ਸਰਕਾਰ ਤੋਂ ਹਮਾਇਤ ਵਾਪਸ ਲਵੇ, ਨਹੀਂ ਤਾਂ ਉਹ ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਦਾ ਪਿੰਡਾਂ ਵਿਚ ਜ਼ੋਰਦਾਰ ਵਿਰੋਧ ਕਰਨਗੇ।

## ਮੋਦੀ ਸਰਕਾਰ ਸਿਰਫ ਸੰਘਰਸ਼ਾਂ ਦੀ ਬੋਲੀ ਸਮਝਦੀ ਹੈ: ਚੌਧਰੀ

**ਕੋਲਕਾਤਾ:** ਕਾਂਗਰਸ ਦੇ ਸੀਨੀਅਰ ਨੇਤਾ ਅਧੀਰ ਰੰਜਨ ਚੌਧਰੀ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਸਿਰਫ ਸੜਕਾਂ ਉਤੇ ਕੀਤੇ ਜਾਣ ਵਾਲੇ ਰੋਸ ਮੁਜ਼ਾਹਰਿਆਂ ਦੀ ਭਾਸ਼ਾ ਸਮਝਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਇਨ੍ਹਾਂ ਕਾਨੂੰਨਾਂ ਉਤੇ ਸੰਸਦ ਦੀ ਸਥਾਈ ਕਮੇਟੀ ਰਾਹੀਂ ਵਿਚਾਰ ਚਰਚਾ ਕਰਨ ਦੀ ਮੰਗ ਕੀਤੀ ਸੀ ਪਰ ਇਹ ਅਰਜ਼ੀ ਸਵੀਕਾਰ ਨਹੀਂ ਕੀਤੀ ਗਈ ਅਤੇ ਜਦੋਂ ਕਾਂਗਰਸ ਦੇ ਸੰਸਦ ਮੈਂਬਰਾਂ ਨੇ ਇਸ ਦਾ ਵਿਰੋਧ ਕੀਤਾ ਤਾਂ ਉਨ੍ਹਾਂ ਨੂੰ ਸਦਨ ਤੋਂ ਬਾਹਰ ਕੱਢ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਹੁਣ ਇਹੀ ਸਰਕਾਰ ਬਹੁਤ ਹੀ ਬੇਦਿਲੀ ਨਾਲ ਕਿਸਾਨਾਂ ਦੀਆਂ ਮੰਗਾਂ ਅੱਗੇ ਝੁਕਣ ਲਈ ਮਜਬੂਰ ਹੋ ਗਈ ਹੈ। ਇਹ ਸਰਕਾਰ ਸਿਰਫ ਸੜਕਾਂ ਉਤੇ ਹੁੰਦੇ ਸੰਘਰਸ਼ ਦੀ ਜ਼ੁਬਾਨ ਹੀ ਸਮਝਦੀ ਹੈ।

# ਦਿੱਲੀ ਦੇ ਨਾਲ-ਨਾਲ ਪੰਜਾਬ 'ਚ ਵੀ ਮੋਰਚਿਆਂ ਦੀ ਮਜ਼ਬੂਤੀ ਲਈ ਲਾਮਬੰਦੀ

**ਚੰਡੀਗੜ੍ਹ:** ਪੰਜਾਬ ਵਿਚ ਖੇਤੀ ਕਾਨੂੰਨਾਂ ਖਿਲਾਫ ਵਿੱਢੇ ਸੰਘਰਸ਼ ਦੌਰਾਨ ਕਿਸਾਨ ਜਥੇਬੰਦੀਆਂ ਵੱਲੋਂ ਦਿੱਲੀ ਦੀ ਕੀਤੀ ਘੇਰਾਬੰਦੀ 'ਚ ਜਥਿਆਂ ਦੀ ਸ਼ਮੂਲੀਅਤ ਦੇ ਨਾਲ ਹੀ ਸੂਬੇ ਵਿਚ ਚੱਲ ਰਹੇ ਧਰਨਿਆਂ ਦੌਰਾਨ ਵੀ ਕਿਸਾਨਾਂ ਅਤੇ ਬੀਬੀਆਂ ਦੇ ਵੱਡੇ ਇਕੱਠ ਕਿਸਾਨੀ ਜੋਸ਼ ਦੀ ਗਵਾਹੀ ਭਰ ਰਹੇ ਹਨ। ਪੰਜਾਬ ਦੇ ਪਿੰਡਾਂ ਵਿਚ ਇਕ ਵੱਖਰੀ ਕਿਸਮ ਦਾ ਮਾਹੌਲ ਬਣਿਆ ਹੋਇਆ ਹੈ। ਪਹਿਲੀ ਅਕਤੂਬਰ ਤੋਂ ਸ਼ੁਰੂ ਹੋਏ ਸੰਘਰਸ਼ੀ ਅਖਾੜਿਆਂ 'ਚ ਲੋਕਾਂ ਦਾ ਇਕੱਠ ਵਧਣ ਦੇ ਨਾਲ ਹੀ ਕਿਸਾਨਾਂ ਦੇ ਸਹਿਯੋਗ ਲਈ ਟਰੇਡ ਯੂਨੀਅਨਾਂ ਨੇ ਵੀ ਮੋਰਚਾ ਸੰਭਾਲ ਲਿਆ ਹੈ।

ਸੂਬੇ ਵਿਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਵੱਖੋ-ਵੱਖਰੇ ਤੌਰ ਉਤੇ ਧਰਨਿਆਂ ਦਾ ਸਿਲਸਲਾ ਜਾਰੀ ਹੈ। ਸੂਬੇ ਵਿਚ 100 ਦੇ ਕਰੀਬ ਥਾਵਾਂ ਉਤੇ ਧਰਨੇ ਜਾਰੀ ਹਨ। ਉਧਰ, ਦਿੱਲੀ ਨੂੰ ਜਾਣ ਵਾਲੀਆਂ ਸੜਕਾਂ ਉਤੇ ਵੀ ਟਰੈਕਟਰਾਂ ਅਤੇ ਟਰਾਲੀਆਂ ਵਿਚ ਸਵਾਰ ਕਿਸਾਨਾਂ ਦੇ ਜਥੇ ਲਗਾਤਾਰ ਦਿੱਲੀ ਨੂੰ ਚਾਲੇ ਪਾ ਰਹੇ ਹਨ। ਪਿੰਡਾਂ ਵਿਚੋਂ ਰਸਦ ਵੀ ਵੱਡੇ ਪੱਧਰ ਉਤੇ ਜਾ ਰਹੀ ਹੈ। ਕਿਸਾਨ ਆਗੂਆਂ ਨੇ ਦੱਸਿਆ ਕਿ ਰਾਮਪੁਰਾ, ਬਠਿੰਡਾ, ਮੋਗਾ, ਬਰਨਾਲਾ, ਸੰਗਰੂਰ, ਮੁਕਤਸਰ, ਫਰੀਦਕੋਟ ਅਤੇ ਹੋਰਨਾਂ ਕਈ ਜ਼ਿਲ੍ਹਿਆਂ ਵਿਚ ਅਧਿਆਪਕਾਂ, ਬਿਜਲੀ ਕਾਮਿਆਂ ਤੇ ਹੋਰਨਾਂ ਮੁਲਾਜ਼ਮਾਂ ਦੀਆਂ ਜਥੇਬੰਦੀਆਂ ਵੱਲੋਂ ਕਿਸਾਨ ਘੋਲ ਦੀ ਹਮਾਇਤ ਵਿਚ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ। ਸੂਬੇ ਵਿਚ 9 ਟੌਲ ਪਲਾਜ਼ਿਆਂ ਕਾਲਾਝਾੜ, ਲੱਡਾ (ਸੰਗਰੂਰ), ਬਡਬਰ (ਬਰਨਾਲਾ), ਲਹਿਰਾਬੇਗਾ, ਜੀਦਾ (ਬਠਿੰਡਾ), ਕੱਥੂਨੰਗਲ (ਗੁਰਦਾਸਪੁਰ), ਚੰਦ ਪੁਰਾਣਾ (ਮੋਗਾ), ਮਾਹਮੂ ਜੋਈਆਂ (ਫਾਜ਼ਿਲਕਾ), ਲਹਿਰਾ (ਲੁਧਿਆਣਾ), 7 ਸ਼ਾਪਿੰਗ ਮਾਲਾਂ, ਬੈਸਟ ਪ੍ਰਾਈਸ ਤੇ ਰਿਲਾਇੰਸ ਦੇ ਸਟੋਰਾਂ, ਅਡਾਨੀ ਦੇ ਸੈਲੋ ਗੋਦਾਮ, ਰਿਲਾਇੰਸ ਪੰਪਾਂ ਤੇ ਥਰਮਲ ਪਲਾਂਟ ਵਣਾਂਵਾਲੀ (ਮਾਨਸਾ) ਤੇ ਰਾਜਪੁਰਾ (ਪਟਿਆਲਾ) ਵਿਖੇ ਧਰਨੇ ਦਿੱਤੇ। ਉਧਰ, ਪੰਜਾਬ ਵਿਚ ਪਿਛਲੇ ਦੋ ਮਹੀਨਿਆਂ ਤੋਂ ਵੀ ਵੱਧ ਸਮੇਂ ਤੋਂ ਚੱਲ ਰਹੇ ਕਿਸਾਨ ਅੰਦੋਲਨ ਦੌਰਾਨ ਸਮੁੱਚੇ ਸੂਬੇ 'ਚ ਕਿਸਾਨਾਂ ਨੇ ਮੋਦੀ ਸਰਕਾਰ ਅਤੇ ਕਾਰਪੋਰੇਟ ਘਰਾਣਿਆਂ ਦੇ ਪੁਤਲੇ ਫੂਕੇ। ਸੂਬੇ ਵਿਚ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ 100 ਤੋਂ ਵੱਧ ਥਾਵਾਂ ਉਤੇ ਚੱਲ ਰਹੇ ਧਰਨਿਆਂ ਦੌਰਾਨ ਕਿਸਾਨਾਂ ਨੇ ਪ੍ਰਧਾਨ ਮੰਤਰੀ ਦੇ ਪੁਤਲੇ ਫੂਕੇ। ਕਿਰਤੀ ਕਿਸਾਨ ਯੂਨੀਅਨ ਅਤੇ ਪੇਂਡੂ ਮਜ਼ਦੂਰ ਯੂਨੀਅਨ ਦੀ ਅਗਵਾਈ ਹੇਠ 255 ਥਾਵਾਂ ਉਤੇ ਵੱਖਰੇ ਤੌਰ 'ਤੇ ਅਰਥੀ ਫੂਕ ਮੁਜ਼ਾਹਰੇ ਕੀਤੇ ਗਏ। ਇਸ ਦੌਰਾਨ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਨੇ 500 ਤੋਂ ਵੱਧ ਥਾਵਾਂ ਉਤੇ ਅਰਥੀ ਫੂਕ ਮੁਜ਼ਾਹਰੇ ਕੀਤੇ। ਇਸੇ ਤਰ੍ਹਾਂ ਕਿਸਾਨਾਂ ਵੱਲੋਂ ਦੋ ਦਰਜਨ ਦੇ ਕਰੀਬ ਭਾਜਪਾ ਆਗੂਆਂ, 30 ਦੇ ਕਰੀਬ ਟੌਲ ਪਲਾਜ਼ਿਆਂ, ਦੋ ਦਰਜਨ ਸ਼ਾਪਿੰਗ ਮਾਲਾਂ, ਰਿਲਾਇੰਸ ਪੰਪਾਂ, 2 ਥਰਮਲ ਪਲਾਂਟਾਂ, ਰੇਲਵੇ ਸਟੇਸ਼ਨਾਂ ਦੇ ਪਾਰਕਾਂ ਅਤੇ 1 ਸਾਇਲੋ ਪਲਾਂਟ ਅੱਗੇ ਧਰਨੇ ਜਾਰੀ ਹਨ।

# ਪੰਜਾਬ ਦੇ ਕਿਸਾਨਾਂ ਨੇ ਕੇਂਦਰ ਸਰਕਾਰ ਦੇ ਗੋਡੇ ਲੁਆਏ: ਸ਼ਿਵ ਸੈਨਾ

**ਮੁੰਬਈ:** ਸ਼ਿਵ ਸੈਨਾ ਨੇ ਕਿਹਾ ਹੈ ਕਿ ਪੰਜਾਬ ਦੇ ਕਿਸਾਨਾਂ ਨੇ ਨਵੇਂ ਖੇਤੀ ਕਾਨੂੰਨਾਂ ਖਿਲਾਫ ਪ੍ਰਦਰਸ਼ਨਾਂ ਰਾਹੀਂ ਮੋਦੀ ਸਰਕਾਰ ਦੇ ਗੋਡੇ ਲੁਆ ਦਿੱਤੇ ਹਨ ਤੇ ਸਾਰੀ ਦੁਨੀਆਂ ਉਨ੍ਹਾਂ ਵੱਲੋਂ ਦਿਖਾਏ ਏਕੇ ਤੋਂ ਸਿੱਖ ਰਹੀ ਹੈ। ਪਾਰਟੀ ਨੇ ਨਾਲ ਹੀ ਕੇਂਦਰ ਨੂੰ ਪ੍ਰਦਰਸ਼ਨਕਾਰੀ ਕਿਸਾਨਾਂ ਦੀਆਂ ਮੰਗਾਂ ਸੁਣਨ ਦੀ ਵੀ ਅਪੀਲ ਕੀਤੀ ਹੈ। ਇਸੇ ਤਰ੍ਹਾਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਤੇ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਵੀ ਕਿਸਾਨਾਂ ਦੇ ਹੱਕ 'ਚ ਆਵਾਜ਼ ਚੁੱਕੀ ਹੈ। ਸ਼ਿਵ ਸੈਨਾ ਨੇ ਮੁੱਖ ਪੱਤਰ 'ਸਾਮਨਾ' ਦੀ ਸੰਪਾਦਕੀ 'ਚ ਕਿਹਾ, 'ਕੜਾਕੇ ਦੀ ਠੰਢ ਦੇ ਬਾਵਜੂਦ ਪੰਜਾਬ ਦੇ ਕਿਸਾਨਾਂ ਨੇ ਮੋਦੀ ਸਰਕਾਰ ਨੂੰ ਤਰੇਲੀਆਂ ਲਿਆ ਦਿੱਤੀਆਂ ਹਨ। ਪ੍ਰਦਰਸ਼ਨ ਭਖਦਾ ਦਿਖਾਈ ਦੇ ਰਿਹਾ ਹੈ।

ਮੋਦੀ ਸਰਕਾਰ ਨੂੰ ਪਹਿਲਾਂ ਕਦੀ ਵੀ ਅਜਿਹੀ ਚੁਣੌਤੀ ਦਾ ਸਾਹਮਣਾ ਨਹੀਂ ਕਰਨਾ ਪਿਆ। ਸਰਕਾਰ ਦੇ ਸਦਾਬਹਾਰ ਹਥਿਆਰ ਸੀ.ਬੀ.ਆਈ., ਆਮਦਨ ਕਰ ਵਿਭਾਗ, ਈ.ਡੀ. ਤੇ ਐਨ.ਸੀ.ਬੀ. ਇਸ ਮਾਮਲੇ 'ਚ ਕੰਮ ਨਹੀਂ ਆ ਰਹੇ। ਕਿਸਾਨਾਂ ਨੇ ਸਰਕਾਰ ਨੂੰ ਗੋਡੇ ਟੇਕਣ ਲਈ ਮਜਬੂਰ ਕਰ ਦਿੱਤਾ ਹੈ।' ਉਨ੍ਹਾਂ ਕਿਹਾ, 'ਉਹ (ਕਿਸਾਨ) ਆਪਣੀਆਂ ਮੰਗਾਂ ਉਤੇ ਅੜੇ ਹੋਏ ਹਨ ਕਿ ਤਿੰਨੋਂ ਵਿਵਾਦਤ ਖੇਤੀ ਕਾਨੂੰਨ ਰੱਦ ਕੀਤੇ ਜਾਣੇ ਚਾਹੀਦੇ ਹਨ। ਇਥੋਂ ਤੱਕ ਕਿ ਚੌਥੇ ਦੌਰ ਦੀ ਗੱਲਬਾਤ ਦੌਰਾਨ ਮੀਟਿੰਗ 'ਚ ਉਨ੍ਹਾਂ ਸਰਕਾਰ ਵੱਲੋਂ ਦਿੱਤੀ ਗਈ ਰੋਟੀ-ਪਾਣੀ ਤੱਕ ਲੈਣ ਤੋਂ ਵੀ ਇਨਕਾਰ ਕਰ ਦਿੱਤਾ।' ਨੋਟਬੰਦੀ ਤੇ ਜੀ.ਐਸ.ਟੀ. ਨੂੰ ਲੈ ਕੇ ਮੋਦੀ ਸਰਕਾਰ ਉਤੇ ਹਮਲਾ ਕਰਦਿਆਂ ਸ਼ਿਵ ਸੈਨਾ ਨੇ ਦੋਸ਼ ਲਾਇਆ ਕਿ ਬੇਰੁਜ਼ਗਾਰੀ ਤੇ ਮਹਿੰਗਾਈ ਜਿਹੇ ਮੁੱਦੇ ਦਬਾਉਣ ਲਈ ਮੋਦੀ ਸਰਕਾਰ ਨੇ ਭਾਰਤ-ਪਾਕਿ ਸੰਘਰਸ਼ ਵਰਗੇ ਮੁੱਦੇ ਵਰਤੇ। ਉਨ੍ਹਾਂ ਕਿਹਾ, 'ਲੌਕਡਾਊਨ ਕਾਰਨ ਪਰੇਸ਼ਾਨ ਲੋਕਾਂ ਸਾਹਮਣੇ ਇਸ ਨੇ (ਮੋਦੀ ਸਰਕਾਰ) ਰਾਮ ਮੰਦਰ ਦੀ ਪੇਸ਼ਕਸ਼ ਕੀਤੀ। ਹਾਲਾਂਕਿ ਪੰਜਾਬ ਦੇ ਕਿਸਾਨਾਂ ਸਾਹਮਣੇ ਕੋਈ ਲੌਲੀਪੌਪ ਕੰਮ ਨਹੀਂ ਆਇਆ। ਇਹ ਪੰਜਾਬ ਦੇ ਏਕੇ ਦੀ ਜਿੱਤ ਹੈ।

ਪ੍ਰਦਰਸ਼ਨ ਨਾਕਾਮ ਕਰਨ ਲਈ ਭਾਜਪਾ ਦੇ ਆਈ.ਟੀ. ਸੈੱਲ ਨੇ ਹਰ ਸੰਭਵ ਕੋਸ਼ਿਸ਼ ਕੀਤੀ।' ਉਨ੍ਹਾਂ ਕਿਹਾ ਕਿ ਜਦੋਂ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਇਕ ਬਜ਼ੁਰਗ ਕਿਸਾਨ ਨੂੰ ਪੁਲਿਸ ਵੱਲੋਂ ਕੁੱਟੇ ਜਾਣ ਦੀ ਤਸਵੀਰ ਸਾਂਝੀ ਕੀਤੀ ਸੀ ਤਾਂ ਭਾਜਪਾ ਦੇ ਆਈ.ਟੀ. ਸੈੱਲ ਦੇ ਮੁਖੀ ਅਮਿਤ ਮਾਲਵੀਆ ਨੇ ਉਨ੍ਹਾਂ ਉਤੇ ਤਨਜ਼ ਕੱਸਿਆ ਸੀ ਪਰ ਟਵਿੱਟਰ ਨੇ ਮਾਲਵੀਆ ਨੂੰ ਅਸਲੀਅਤ ਦੱਸ ਦਿੱਤੀ ਹੈ। ਉਨ੍ਹਾਂ ਕਿਹਾ, 'ਪ੍ਰਦਰਸ਼ਨਕਾਰੀਆਂ ਵੱਲੋਂ ਮੋਦੀ ਸਰਕਾਰ ਲਈ ਮੁਸ਼ਕਲ ਖੜ੍ਹੇ ਕੀਤੇ ਜਾਣ ਤੋਂ ਅਸੀਂ ਖੁਸ਼ ਨਹੀਂ ਹਾਂ ਪਰ ਅਸੀਂ ਚਾਹੁੰਦੇ ਹਾਂ ਕਿ ਸਰਕਾਰ ਕਿਸਾਨਾਂ ਦੀ ਗੱਲ ਸੁਣੇ। ਅੱਜ ਪੰਜਾਬ ਉਬਾਲੇ ਮਾਰ ਰਿਹਾ ਹੈ ਪਰ ਜਦੋਂ ਸਾਰੇ ਦੇਸ਼ 'ਚ ਅਜਿਹਾ ਮਾਹੌਲ ਹੋਵੇਗਾ ਤਾਂ ਕੀ ਹੋਵੇਗਾ?'

## ਅੰਦੋਲਨ ਨੂੰ ਖਾਲਿਸਤਾਨੀ ਦੱਸਣਾ ਗਲਤ ਕਰਾਰ

**ਨਵੀਂ ਦਿੱਲੀ:** ਭਾਰਤੀ ਐਡੀਟਰਸ ਗਿਲਡ ਨੇ ਦਿੱਲੀ 'ਚ ਕਿਸਾਨਾਂ ਦੇ ਪ੍ਰਦਰਸ਼ਨ ਦੀ ਮੀਡੀਆ ਕਵਰੇਜ ਉਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਕਿ ਮੀਡੀਆ ਦੇ ਕੁਝ ਵਰਗ ਬਿਨਾਂ ਕਿਸੇ ਸਬੂਤ ਦੇ ਅੰਦੋਲਨ ਨੂੰ ਖਾਲਿਸਤਾਨੀ ਤੇ ਰਾਸ਼ਟਰ ਵਿਰੋਧੀ ਰੰਗ ਦੇ ਕੇ ਨਾਜਾਇਜ਼ ਠਹਿਰਾ ਰਹੇ ਹਨ। ਇਹ ਜ਼ਿੰਮੇਵਾਰੀ ਤੇ ਨੈਤਿਕ ਪੱਤਰਕਾਰਤਾ ਦੇ ਵਿਰੁੱਧ ਹੈ ਤੇ ਅਜਿਹੀਆਂ ਕਾਰਵਾਈਆਂ ਮੀਡੀਆ ਦੀ ਭਰੋਸੇਯੋਗਤਾ ਨਾਲ ਸਮਝੌਤਾ ਕਰਨਾ ਹੈ। ਐਡੀਟਰਸ ਗਿਲਡ ਨੇ ਮੀਡੀਆ ਸੰਗਠਨਾਂ ਨੂੰ ਪ੍ਰਦਰਸ਼ਨਾਂ ਦੀ ਰਿਪੋਰਟਿੰਗ ਦੌਰਾਨ ਨਿਰਪੱਖ ਰਹਿਣ ਤੇ ਸੰਤੁਲਨ ਬਣਾਈ ਰੱਖਣ ਦੀ ਸਲਾਹ ਦਿੱਤੀ ਹੈ।

## ਦਿੱਲੀ ਮੋਰਚਾ: ਅਮਰੀਕਾ ਵਾਸੀ ਪੰਜਾਬੀਆਂ ਨੇ ਭੇਜੇ 20 ਕੁਇੰਟਲ ਬਦਾਮ

**ਜਲੰਧਰ:** ਅਮਰੀਕਾ ਵਿਚ ਵੱਸਦੇ ਪੰਜਾਬੀ ਟੁੱਟ ਭਰਾਵਾਂ ਨੇ ਦਿੱਲੀ 'ਚ ਮੋਰਚਾ ਲਾਈ ਬੈਠੇ ਕਿਸਾਨਾਂ ਲਈ 20 ਕੁਇੰਟਲ ਦੇ ਕਰੀਬ ਬਦਾਮ ਭੇਜੇ ਹਨ। ਟੁੱਟ ਭਰਾਵਾਂ 'ਚੋਂ ਇਧਰ ਪੰਜਾਬ ਆਏ ਰਣਵੀਰ ਸਿੰਘ ਟੁੱਟ ਨੇ ਦੱਸਿਆ ਕਿ ਦਿੱਲੀ ਮੋਰਚੇ 'ਚ ਉਹ ਵੀ ਆਪਣਾ ਯੋਗਦਾਨ ਪਾ ਰਹੇ ਹਨ। ਉਨ੍ਹਾਂ ਨੇ 20 ਕੁਇੰਟਲ ਬਦਾਮ ਦਿੱਲੀ ਮੋਰਚੇ ਉਤੇ ਡਟੇ ਕਿਸਾਨਾਂ ਲਈ ਭੇਜੇ ਹਨ। ਉਨ੍ਹਾਂ ਦੱਸਿਆ ਕਿ ਅਮਰੀਕਾ ਵਿਚ ਉਹ 10 ਹਜ਼ਾਰ ਏਕੜ 'ਚ ਬਦਾਮਾਂ ਦੀ ਖੇਤੀ ਕਰਦੇ ਹਨ ਤੇ ਭਾਰਤ ਸਮੇਤ ਦੁਨੀਆਂ ਦੇ ਕਈ ਦੇਸ਼ਾਂ ਨਾਲ ਬਦਾਮਾਂ ਦਾ ਕਾਰੋਬਾਰ ਕਰਦੇ ਹਨ। ਉਨ੍ਹਾਂ ਕਿਹਾ ਕਿ ਕਿਸਾਨ ਮੋਰਚੇ ਲਈ ਬਦਾਮ ਭੇਜਣਾ ਉਨ੍ਹਾਂ ਲਈ ਵੱਡੇ ਫਖਰ ਅਤੇ ਸੇਵਾ ਵਾਲੀ ਗੱਲ ਹੈ।

# ਦਿੱਲੀ ਕੂਚ ਨੇ ਇਤਿਹਾਸ ਸਿਰਜਿਆ, ਸਿੰਘੂ ਬਾਰਡਰ ਬਣਿਆ ਮਿਨੀ ਪੰਜਾਬ



**ਨਵੀਂ ਦਿੱਲੀ:** ਖੇਤੀ ਕਾਨੂੰਨਾਂ ਖਿਲਾਫ ਸਿੰਘੂ ਬਾਰਡਰ ਉਤੇ ਚੱਲ ਰਿਹਾ ਕਿਸਾਨਾਂ ਦਾ ਸੰਘਰਸ਼ ਇਤਿਹਾਸ ਸਿਰਜ ਰਿਹਾ ਹੈ। ਇਥੇ ਵੱਡੀ ਗਿਣਤੀ 'ਚ ਲੋਕਾਂ ਦੇ ਪਹੁੰਚਣ ਕਾਰਨ ਸਿੰਘੂ ਬਾਰਡਰ 'ਮਿਨੀ ਪੰਜਾਬ' ਬਣਿਆ ਜਾਪ ਰਿਹਾ ਹੈ। ਮੋਰਚੇ 'ਚ ਲੋਕਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ ਪਰ ਇਥੇ ਇੰਨੇ ਕੁ ਲੰਗਰ ਚਲਾਏ ਜਾ ਰਹੇ ਹਨ ਕਿ ਕੋਈ ਵੀ ਭੁੱਖਾ ਨਹੀਂ ਰਹਿ ਰਿਹਾ। ਦਾਲ-ਫੁਲਕੇ ਦੇ ਲੰਗਰ ਤੋਂ ਇਲਾਵਾ ਲੋਕਾਂ ਨੂੰ ਖਾਣ ਲਈ ਸੁੱਕੇ ਮੇਵੇ ਵੀ ਵੰਡੇ ਜਾ ਰਹੇ ਹਨ। ਡੀ.ਐਸ.ਜੀ.ਐਮ.ਸੀ., ਯੁਨਾਈਟਿਡ ਸਿੱਖ, ਖਾਲਸਾ ਏਡ ਵਰਗੀਆਂ ਜਥੇਬੰਦੀਆਂ ਵੱਲੋਂ ਲੰਗਰ ਚਲਾਏ ਜਾ ਰਹੇ ਹਨ।

ਦਿੱਲੀ ਦੀਆਂ ਸਰਹੱਦਾਂ ਉਪਰ ਡਟੇ ਕਿਸਾਨਾਂ ਨਾਲ ਹਰ ਵਰਗ ਆ ਖੜ੍ਹਾ ਹੋਇਆ ਹੈ। ਵਪਾਰੀਆਂ ਤੋਂ ਲੈ ਕੇ ਖਿਡਾਰੀਆਂ ਤੱਕ, ਧਾਰਮਿਕ ਬਾਬਿਆਂ ਤੋਂ ਲੈ ਕੇ ਅਧਿਆਪਕਾਂ ਤੱਕ, ਪਾੜ੍ਹਿਆਂ, ਦਲਿਤਾਂ, ਲਿਖਾਰੀਆਂ, ਵਕੀਲਾਂ ਤੇ ਸਮਾਜ ਦਾ ਹਰ ਵਰਗ ਕਿਸਾਨਾਂ ਦੇ ਹੱਕ ਨਿੱਤਰਿਆ ਹੈ। ਨਾਮੀ ਖਿਡਾਰੀਆਂ ਤੋਂ ਲੈ ਕੇ ਕੋਚਾਂ ਤੇ ਕੌਮਾਂਤਰੀ ਸਾਖ ਵਾਲੇ ਪਹਿਲਵਾਨਾਂ, ਲੇਖਕ ਤੇ ਬੁੱਧੀਜੀਵੀਆਂ ਨੇ ਆਪਣੇ ਕੌਮੀ ਐਵਾਰਡ ਵਾਪਸ ਕਰਕੇ ਰੋਸ ਦਰਜ ਕਰਵਾਇਆ ਹੈ। ਵਕੀਲਾਂ ਦੀ ਸਭ ਤੋਂ ਉਚੀ ਸੰਸਥਾ 'ਪੰਜਾਬ ਤੇ ਹਰਿਆਣਾ ਬਾਰ ਕੌਂਸਲ' ਦੀ 25 ਮੈਂਬਰੀ ਟੀਮ ਸਭ ਵਖਰੇਵੇਂ ਲਾਹ ਕੇ ਕਿਸਾਨਾਂ ਨਾਲ ਇਕਜੁੱਟਤਾ ਦਿਖਾਉਣ ਲਈ ਦਿੱਲੀ ਬਾਰਡਰ ਉਪਰ ਜਾ ਬੈਠੀ ਹੈ। ਪੰਜਾਬ ਦੇ ਆੜ੍ਹਤੀਏ ਤੇ ਖਰੀਦ ਪ੍ਰਕ੍ਰਿਆ ਨਾਲ ਜੁੜੇ ਵੱਡੀ ਗਿਣਤੀ ਹੋਰ ਕਾਮੇ ਵੀ ਕਿਸਾਨੀ ਨਾਲ ਸਾਂਝ ਪਾਈ ਬੈਠੇ ਹਨ। ਟਰੱਕਾਂ ਤੇ ਟੈਕਸੀਆਂ ਵਾਲੇ ਕਿਸਾਨਾਂ ਦੇ ਹੱਕ 'ਚ ਨਿੱਤਰਨ ਲਈ ਪੱਬਾਂ ਭਾਰ ਹੋਏ ਬੈਠੇ ਹਨ। ਮੁਸਲਿਮ ਭਾਈਚਾਰੇ ਦੇ ਲੋਕ ਲੰਗਰ ਚਲਾ ਰਹੇ ਹਨ। ਦਲਿਤ ਜਥੇਬੰਦੀਆਂ ਵੀ ਸੰਘਰਸ਼ 'ਚ ਸ਼ਾਮਲ ਹੋ ਰਹੀਆਂ ਹਨ। ਭੀਮ ਆਰਮੀ ਦੇ ਮੁਖੀ ਚੰਦਰ ਸ਼ੇਖਰ ਆਜ਼ਾਦ ਤਾਂ ਦਿੱਲੀ ਮੋਰਚੇ 'ਚ ਡਟੇ ਹੋਏ ਹਨ। ਇਥੋਂ ਤੱਕ ਕਿ ਦੇਸ਼ ਦੀ ਸਰਬਉਚ ਕਾਨੂੰਨੀ ਸੰਸਥਾ 'ਸੁਪਰੀਮ ਕੋਰਟ ਦੀ ਬਾਰ ਕੌਂਸਲ' ਮਤਾ ਪਾਸ ਕਰਕੇ ਕਿਸਾਨਾਂ ਨਾਲ ਇਕਜੁੱਟਤਾ ਪ੍ਰਗਟਾਅ ਚੁੱਕੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਸਾਨ ਸੰਘਰਸ਼ ਲਈ ਹਮਾਇਤ ਦੇ ਦਰ ਖੋਲ੍ਹ ਦਿੱਤੇ ਹਨ। ਡਾਕਟਰੀ ਸੰਸਥਾਵਾਂ ਨੇ ਕਿਸਾਨਾਂ ਦੀ ਦਵਾ-ਦਾਰੂ ਕਰਨ ਲਈ ਦਰਜਨਾਂ ਮੈਡੀਕਲ ਕੈਂਪ ਲਗਾ ਰੱਖੇ ਹਨ ਤੇ ਦਵਾਈਆਂ ਵੀ ਮੁਫਤ ਦਿੱਤੀਆਂ ਜਾ ਰਹੀਆਂ ਹਨ। ਪੰਜਾਬ ਦੇ ਕਿਸਾਨ ਰਸਦ ਪਾਣੀ ਦਾ ਤਾਂ ਖੁੱਲ੍ਹਾ ਪ੍ਰਬੰਧ ਕਰ ਕੇ ਦਿੱਲੀ ਨੂੰ ਚੱਲੇ ਸਨ ਪਰ ਆਮ ਲੋਕਾਂ ਨੇ ਕਿਸਾਨਾਂ ਦੀ ਇੰਨੀ ਮਦਦ ਕੀਤੀ ਕਿ ਖਾਣ-ਪੀਣ ਤੋਂ ਲੈ ਕੇ ਹਰ ਤਰ੍ਹਾਂ ਦੀ ਸਹੂਲਤ ਦੇਣ ਵਾਲਿਆਂ ਦੀਆਂ ਕਤਾਰਾਂ ਹੀ ਲੱਗ ਗਈਆਂ। ਸ਼ਹਿਰਾਂ ਦੇ ਆੜ੍ਹਤੀਏ ਤੇ ਹਿੰਦੂ ਭਾਈਚਾਰੇ ਦੇ ਲੋਕਾਂ ਵਲੋਂ ਬੇਸ਼ੁਮਾਰ ਫਲ ਵੰਡੇ ਜਾ ਰਹੇ ਹਨ, ਜਿਥੇ ਮੋਰਚਿਆਂ ਉਪਰ ਬੈਠੇ ਕਿਸਾਨ ਆਪਣੀ ਹਿੰਮਤ ਤੇ ਕੁਰਬਾਨੀ ਦੀਆਂ ਮਿਸਾਲਾਂ ਕਾਇਮ ਕਰ ਰਹੇ ਹਨ, ਉਥੇ ਉਨ੍ਹਾਂ ਦੀ ਹਰ ਲੋੜ ਪੂਰੀ ਕਰਨ ਤੇ ਪਿੱਛੇ ਹੱਲਾਸ਼ੇਰੀ ਦੇਣ 'ਚ ਪੰਜਾਬ ਦਾ ਕੋਈ ਵਰਗ ਪਿੱਛੇ ਨਹੀਂ ਰਹਿ ਰਿਹਾ।

ਸਮਾਂ ਬੀਤਣ ਦੇ ਨਾਲ-ਨਾਲ ਕਿਸਾਨ ਅੰਦੋਲਨ ਦਾ ਘੇਰਾ ਵਿਸ਼ਾਲ ਹੁੰਦਾ ਜਾ ਰਿਹਾ ਹੈ। ਇਸ ਸੰਘਰਸ਼ ਵਿਚ ਸ਼ਾਮਲ ਹੋਣ ਲਈ ਵੱਖ-ਵੱਖ ਸੂਬਿਆਂ ਤੋਂ ਵੱਡੀ ਤਦਾਦ ਵਿਚ ਲੋਕ ਪੁਖਤਾ ਪ੍ਰਬੰਧਾਂ ਸਮੇਤ ਕਿਸਾਨਾਂ ਦੇ ਹੱਕ ਵਿਚ ਭੁਗਤਣ ਲਈ ਪਹੁੰਚ ਰਹੇ ਹਨ ਅਤੇ ਇਕੋ ਮੰਗ ਦ੍ਰਿੜ੍ਹਤਾ ਨਾਲ ਦੁਹਰਾਈ ਜਾ ਰਹੀ ਹੈ ਕਿ ਖੇਤੀ ਕਾਨੂੰਨ ਰੱਦ ਕਰਨ ਤੋਂ ਇਲਾਵਾ ਕੋਈ ਫੈਸਲਾ ਮਨਜ਼ੂਰ ਨਹੀਂ ਕਰਨਗੇ। ਜਾਣਕਾਰੀ ਮੁਤਾਬਕ ਸਰਹੱਦ ਦੇ ਬਾਹਰ ਤੋਂ ਇਲਾਵਾ ਹੁਣ ਦਿੱਲੀ ਵਾਲੇ ਪਾਸਿਆਂ ਤੋਂ ਵੀ ਸੰਘਰਸ਼ ਪ੍ਰਚੰਡ ਹੋਣਾ ਸ਼ੁਰੂ ਹੋ ਗਿਆ ਹੈ ਭਾਵੇਂ ਕਿ ਦਿੱਲੀ ਆਉਣ ਤੋਂ ਪਹਿਲਾਂ ਕਿਸਾਨ ਜਥੇਬੰਦੀਆਂ ਵਲੋਂ 6-6 ਮਹੀਨਿਆਂ ਦਾ ਰਾਸ਼ਨ ਨਾਲ ਲਿਆਂਦਾ ਗਿਆ ਸੀ ਪਰ ਦਿੱਲੀ, ਹਰਿਆਣਾ ਤੇ ਪੰਜਾਬ ਤੋਂ ਇਲਾਵਾ ਹੋਰਨਾਂ ਸੂਬਿਆਂ ਦੇ ਵਸਨੀਕਾਂ ਵਲੋਂ ਲੰਗਰਾਂ ਲਈ ਰਸਦਾਂ ਤੇ ਹੋਰ ਲੋੜੀਂਦੀਆਂ ਵਸਤੂਆਂ ਦੀ ਕੋਈ ਕਮੀ ਨਹੀਂ ਛੱਡੀ ਜਾ ਰਹੀ।

ਕਈ ਮੈਡੀਕਲ ਜਾਂਚ ਕੈਂਪ ਲਗਾ ਕੇ ਕਿਸਾਨਾਂ ਤੇ ਰੋਸ ਮੁਜ਼ਾਹਰੇ 'ਚ ਆਉਣ ਵਾਲੇ ਹੋਰਨਾਂ ਲੋਕਾਂ ਦੀ ਸਿਹਤ ਦਾ ਵੀ ਖਿਆਲ ਰੱਖਿਆ ਜਾ ਰਿਹਾ ਹੈ। ਹਾਲਾਂਕਿ ਮੁਜ਼ਾਹਰਾਕਾਰੀਆਂ ਨੇ ਟਰੈਕਟਰ-ਟਰਾਲੀਆਂ ਨੂੰ ਆਰਜ਼ੀ ਬਸੇਰੇ ਬਣਾ ਰੱਖਿਆ ਹੈ ਪਰ ਵੱਖ-ਵੱਖ ਗਰੁੱਪਾਂ ਵੱਲੋਂ ਉਨ੍ਹਾਂ ਨੂੰ ਜ਼ਰੂਰਤ ਦੀ ਹਰ ਚੀਜ਼ ਮੁਹੱਈਆ ਕਰਵਾਈ ਜਾ ਰਹੀ ਹੈ। ਲੰਗਰ ਤੋਂ ਇਲਾਵਾ ਮੁਜ਼ਾਹਰਾਕਾਰੀਆਂ ਤੇ ਧਰਨੇ ਵਿਚ ਸ਼ਮੂਲੀਅਤ ਕਰਨ ਵਾਲੇ ਲੋਕਾਂ ਨੂੰ ਸੁੱਕੇ ਮੇਵੇ, ਗਰਮ ਦੁੱਧ, ਫਰੂਟ ਚਾਟ ਤੇ ਹੋਰ ਬਹੁਤ ਸਾਰੀਆਂ ਵੰਨ-ਸੁਵੰਨੀਆਂ ਖਾਣ-ਪੀਣ ਵਾਲੀਆਂ ਚੀਜ਼ਾਂ ਵਰਤਾਈਆਂ ਜਾ ਰਹੀਆਂ ਹਨ।

## 'ਪੰਜਾਬ-ਹਰਿਆਣਾ ਭਾਈ ਭਾਈ' ਦੇ ਨਾਅਰੇ ਗੂੰਜੇ

**ਨਵੀਂ ਦਿੱਲੀ:** ਕਿਸਾਨ ਧਰਨੇ ਦੌਰਾਨ 'ਪੰਜਾਬ-ਹਰਿਆਣਾ ਭਾਈ ਭਾਈ' ਦੇ ਨਾਅਰੇ ਗੂੰਜੇ ਤੇ ਕਿਸਾਨਾਂ ਨੇ ਹਰਿਆਣਾ ਸਰਕਾਰ ਨੂੰ ਚੇਤਾਉਣ ਲਈ ਧਰਨੇ ਦੇ ਮੰਚ ਨੇੜੇ ਰੋਸ ਪ੍ਰਦਰਸ਼ਨ ਵੀ ਕੀਤਾ। ਪੰਜਾਬ ਤੇ ਹਰਿਆਣਾ ਦੇ ਕਿਸਾਨ ਆਗੂਆਂ ਨੇ ਭਾਜਪਾ ਆਗੂਆਂ ਨੂੰ ਲੰਮੇ ਹੱਥੀਂ ਲੈਂਦਿਆਂ ਕਿਹਾ ਕਿ ਆਪਣੇ ਹੱਕਾਂ ਲਈ ਸ਼ਾਂਤਮਈ ਅੰਦੋਲਨ ਕਰਨ ਵਾਲਿਆਂ ਖਿਲਾਫ ਹਾਕਮਾਂ ਵੱਲੋਂ ਕੋਝੇ ਹੱਥਕੰਡੇ ਅਪਣਾਏ ਜਾ ਰਹੇ ਹਨ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਵੰਡ ਪਾਊ ਜੁਗਤਾਂ ਨਾਕਾਮ ਰਹੀਆਂ ਹਨ ਤੇ ਕਿਸਾਨਾਂ ਦੇ ਏਕੇ ਨੇ ਠੰਢ ਵਿਚ ਵੀ ਕੇਂਦਰ ਸਰਕਾਰ ਨੂੰ ਤਰੇਲੀਆਂ ਲਿਆ ਦਿੱਤੀਆਂ ਹਨ।

## ਮੁਸਲਿਮ ਭਾਈਚਾਰੇ ਦੇ ਦਲ ਨੇ ਕਿਸਾਨਾਂ ਲਈ ਲੰਗਰ ਲਗਾਇਆ

**ਨਵੀਂ ਦਿੱਲੀ:** ਕੇਂਦਰ ਦੇ ਨਵੇਂ ਖੇਤੀ ਕਾਨੂੰਨਾਂ ਖਿਲਾਫ ਦਿੱਲੀ ਦੇ ਸਿੰਘੂ ਬਾਰਡਰ 'ਤੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਲਈ 25 ਮੈਂਬਰੀ ਮੁਸਲਿਮ ਟੀਮ ਲੰਗਰ ਚਲਾ ਰਹੀ ਹੈ। ਮੁਸਲਿਮ ਫੈਡਰੇਸ਼ਨ ਆਫ ਪੰਜਾਬ ਦੀ ਇਸ ਟੀਮ ਦੇ ਮੁਖੀ ਫਾਰੂਕੀ ਮੁਬੀਨ ਹਨ। ਟੀਮ ਦਾ ਕਹਿਣਾ ਹੈ ਕਿ ਉਹ ਹਰ ਕਿਸੇ ਨੂੰ ਰੋਟੀ ਦੇਣ ਵਾਲੇ ਕਿਸਾਨਾਂ ਦੀ ਸੇਵਾ ਲਈ ਸਿੰਘੂ ਬਾਰਡਰ ਉਤੇ ਆਏ ਹਨ। ਮੁਬੀਨ ਨੇ ਕਿਹਾ ਕਿ ਜਦੋਂ ਤੱਕ ਕਿਸਾਨਾਂ ਦਾ ਰੋਸ ਪ੍ਰਦਰਸ਼ਨ ਜਾਰੀ ਰਹੇਗਾ ਉਦੋਂ ਤੱਕ ਲੰਗਰ ਦੀ ਸੇਵਾ 24 ਘੰਟੇ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਕਿਸਾਨ ਸਾਡੇ ਲਈ ਬਹੁਤ ਕੁਝ ਕਰਦੇ ਹਨ। ਹੁਣ ਕਿਸਾਨਾਂ ਲਈ ਕੁਝ ਕਰਨ ਦੀ ਉਨ੍ਹਾਂ ਦੀ ਵਾਰੀ ਹੈ।

# ਕਿਸਾਨ ਸੰਘਰਸ਼ ਨੇ ਪੰਜਾਬ ਦੀ ਜਵਾਨੀ ਬਾਰੇ ਪਏ ਸਭ ਭੁਲੇਖੇ ਦੂਰ ਕੀਤੇ



**ਨਵੀਂ ਦਿੱਲੀ:** ਪਿਛਲੇ 3 ਮਹੀਨਿਆਂ ਤੋਂ ਕਿਸਾਨ ਜਥੇਬੰਦੀਆਂ ਵਲੋਂ ਵਿੱਢੇ ਸੰਘਰਸ਼ ਦੀ ਚਰਚਾ ਜਿਥੇ ਕੌਮਾਂਤਰੀ ਪੱਧਰ ਉਤੇ ਹੋ ਰਹੀ ਹੈ, ਉਥੇ ਹੀ ਖਾਸ ਕਰਕੇ ਇਸ ਘੋਲ 'ਚ ਨੌਜਵਾਨਾਂ ਵਲੋਂ ਨਿਭਾਈ ਗਈ ਅਹਿਮ ਭੂਮਿਕਾ ਨੇ ਸਭ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਇਥੋਂ ਤੱਕ ਕਿ ਸਰਕਾਰ ਨਾਲ ਸਬੰਧਤ ਲੋਕਾਂ ਨੇ ਵੀ ਅਨੁਸ਼ਾਸਿਤ ਕਿਸਾਨ ਅੰਦੋਲਨ ਦੀ ਸੂਝਬੂਝ ਤੇ ਜੋਸ਼ੀਲੇਪਣ ਦਾ ਪ੍ਰਭਾਵ ਕਬੂਲਿਆ ਹੈ। ਪਿਛਲੇ ਕੁਝ ਸਾਲਾਂ ਤੋਂ ਨਸ਼ਈ ਦੱਸੀ ਜਾ ਰਹੀ ਪੰਜਾਬ ਦੀ ਜਵਾਨੀ ਨੇ ਲੋਕਾਂ ਦੇ ਸਾਰੇ ਭੁਲੇਖੇ ਦੂਰ ਕਰ ਦਿੱਤੇ ਹਨ ਕਿ ਸਮਾਂ ਆਉਣ ਉਤੇ ਉਹ ਹਿੱਕਾਂ ਡਾਹੁਣਾ ਵੀ ਜਾਣਗੇ ਹਨ।

ਦਿੱਲੀ ਚਲੋ ਦੀ ਲਾਮਬੰਦੀ ਤੋਂ ਹੀ ਨੌਜਵਾਨ ਵਰਗ ਪਿੰਡਾਂ 'ਚੋਂ ਲੋਕਾਂ ਨੂੰ ਆਪਣੇ ਹੱਕਾਂ ਦੀ ਰਾਖੀ ਲਈ ਸਰਕਾਰਾਂ ਖਿਲਾਫ ਡਟਣ ਦਾ ਹਲੂਣਾ ਦਿੰਦਾ ਹੋਇਆ ਨਜ਼ਰ ਆਇਆ ਤਾਂ ਲੱਖਾਂ ਦੀ ਤਾਦਾਦ ਵਿਚ ਆਪ ਮੁਹਾਰੇ ਹੀ ਨੌਜਵਾਨ ਟਰੈਕਟਰ-ਟਰਾਲੀਆਂ ਰਾਹੀਂ ਬੱਚੇ, ਬਜ਼ੁਰਗ ਤੇ ਮਾਤਾਵਾਂ ਨੂੰ ਨਾਲ ਲੈ ਕੇ ਬਿਨਾਂ ਕਿਸੇ ਡਰ ਦੇ ਦਿੱਲੀ ਨੂੰ ਚਾਲੇ ਪਾ ਦਿੱਤੇ। ਹਰਿਆਣਾ ਦੀ ਸਰਕਾਰ ਵਲੋਂ ਵਿਛਾਈ ਗਈ ਕੰਡਿਆਂ ਦੀ ਸੇਜ ਨੂੰ ਨੌਜਵਾਨਾਂ ਨੇ ਜੁਝਾਰੂਪਨ ਅਤੇ ਜੋਸ਼ੀਲੇਪਨ ਨਾਲ ਸਮੇਟਦੇ ਹੋਏ ਮਿਥੇ ਗਏ ਟੀਚੇ ਮੁਤਾਬਕ ਦਿੱਲੀ ਸਰਹੱਦ ਵਿਖੇ ਮੁਕੰਮਲ ਨਾਕਾਬੰਦੀ ਕਰ ਦਿੱਤੀ। ਅੰਦੋਲਨ ਦੌਰਾਨ ਨੌਜਵਾਨ ਕਿਸਾਨਾਂ ਦਾ ਹੀ ਜੋਸ਼ ਅਤੇ ਉਤਸ਼ਾਹ ਸੀ ਕਿ ਹਰਿਆਣਾ ਸਰਕਾਰ ਦੀਆਂ ਗੋਡਣੀਆਂ ਲਵਾਉਂਦੇ ਹੋਏ ਦਿੱਲੀ ਨੂੰ ਘੇਰਣ ਵਿਚ ਕਾਮਯਾਬ ਹੋ ਗਏ। ਸਿੰਘੂ ਸਰਹੱਦ ਤੋਂ ਇਲਾਵਾ ਹੋਰਨਾਂ ਮੋਰਚਿਆਂ ਤੇ ਡਟੇ ਨੌਜਵਾਨਾਂ ਵਲੋਂ ਜ਼ਾਬਤੇ ਦਾ ਜ਼ਬਰਦਸਤ ਨਮੂਨਾ ਪੇਸ਼ ਕੀਤਾ ਜਾ ਰਿਹਾ ਹੈ ਅਤੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਵਲੋਂ ਦਿੱਤੀਆਂ ਜਾ ਰਹੀਆਂ ਹਦਾਇਤਾਂ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ ਜਾ ਰਿਹਾ ਹੈ, ਜਿਸ ਦਾ ਨਤੀਜਾ ਹੈ ਕਿ ਜੋਸ਼ ਦੇ ਨਾਲ ਹੋਸ਼ ਦੇ ਸੁਮੇਲ ਨਾਲ ਪੰਜਾਬ ਤੋਂ ਸੂਬਾ ਪੱਧਰੀ ਸ਼ੁਰੂ ਹੋਇਆ ਅੰਦੋਲਨ ਕੌਮਾਂਤਰੀ ਪੱਧਰ ਉਤੇ ਆਪਣਾ ਦਬਦਬਾ ਕਾਇਮ ਕਰ ਚੁੱਕਾ ਹੈ।

ਜਿਵੇਂ-ਜਿਵੇਂ ਦਿਨ ਬਤੀਤ ਹੁੰਦੇ ਜਾ ਰਹੇ ਹਨ ਪ੍ਰਦਰਸ਼ਨਕਾਰੀ ਕਿਸਾਨਾਂ ਦੇ ਹੌਸਲੇ ਬੁਲੰਦ ਹੋ ਰਹੇ ਹਨ ਅਤੇ ਕੜਾਕੇ ਦੀਆਂ ਠੰਢੀਆਂ ਰਾਤਾਂ ਵਿਚ ਖੁੱਲ੍ਹੇ ਅਸਮਾਨ ਹੇਠ ਸੜਕਾਂ ਫੁੱਟਪਾਥਾਂ ਉਤੇ ਸੌਂ ਕੇ ਵੀ ਕਿਸਾਨਾਂ, ਮਜ਼ਦੂਰਾਂ ਦਾ ਆਤਮ ਵਿਸ਼ਵਾਸ ਸਿਖਰਾਂ ਉਪਰ ਹੈ।

## ਡਾਕਟਰ ਚੁੱਕਣਗੇ ਸੰਘਰਸ਼ੀ ਯੋਧਿਆਂ ਦੇ ਇਲਾਜ ਦਾ ਖਰਚਾ

**ਪਟਿਆਲਾ:** ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਦੇ ਪਿੜ 'ਚ ਨਿੱਤਰੇ ਕਿਸਾਨਾਂ ਦੀ ਹਮਾਇਤ 'ਚ ਸੂਬੇ ਦੇ ਡਾਕਟਰ ਵੀ ਸਿੱਧੇ ਅਤੇ ਅਸਿੱਧੇ ਰੂਪ 'ਚ ਯੋਗਦਾਨ ਪਾਉਣ ਲਈ ਲਾਮਬੰਦ ਹੋ ਰਹੇ ਹਨ। ਇਸ ਕਾਰਜ ਲਈ ਪਟਿਆਲਾ ਦੇ ਐਲੋਪੈਥਿਕ ਡਾਕਟਰਾਂ ਨੇ ਡਾਕਟਰਜ਼ ਫਾਰ ਫਾਰਮਰਜ਼ ਨਾਮ ਦਾ ਗਰੁੱਪ ਬਣਾਇਆ ਹੈ। ਇੰਡੀਅਨ ਮੈਡੀਕਲ ਐਸੋਸੀਏਸ਼ਨ ਪੰਜਾਬ ਦੇ ਸਾਬਕਾ ਮੀਤ ਪ੍ਰਧਾਨ ਅਤੇ ਫੌਰੈਂਸਿਕ ਮਾਹਰ ਡਾ. ਡੀ.ਐਸ. ਭੁੱਲਰ ਨੂੰ ਇਸ ਗਰੁੱਪ ਦਾ ਆਰਜ਼ੀ ਕਨਵੀਨਰ ਬਣਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਜੇਕਰ ਸੰਘਰਸ਼ ਵਿਚ ਭਾਗ ਲੈ ਰਹੇ ਕਿਸੇ ਵੀ ਕਿਸਾਨ ਨੂੰ ਕਿਸੇ ਕਾਰਨ ਡਾਕਟਰੀ ਸਹਾਇਤਾ ਦੀ ਲੋੜ ਪੈਂਦੀ ਹੈ ਤਾਂ ਪੀੜਤ ਕਿਸਾਨ ਦੇ ਸਾਰੇ ਇਲਾਜ ਦਾ ਖਰਚਾ ਡਾਕਟਰਾਂ ਦੇ ਨਵ-ਗਠਿਤ ਗਰੁੱਪ ਵੱਲੋਂ ਉਠਾਇਆ ਜਾਵੇਗਾ।

# ਕਿਸਾਨ ਅੰਦੋਲਨ ਨੇ ਵਿਖਾਏ ਪੰਜਾਬੀਆਂ ਦੇ ਸੰਘਰਸ਼ੀ ਰੰਗ

**ਨਵੀਂ ਦਿੱਲੀ:** ਕੁਰਬਾਨੀਆਂ ਭਰੇ ਇਤਿਹਾਸ ਅਤੇ ਸੰਘਰਸ਼ਸ਼ੀਲ ਪੈਂਡਿਆਂ ਦਾ ਪਾਂਧੀ ਰਿਹਾ ਪੰਜਾਬ ਨਵੀਂ ਸਦੀ 'ਚ ਕਿਸਾਨ ਅੰਦੋਲਨ ਦੀ ਜਜ਼ਬੇ ਤੇ ਜੋਸ਼ ਭਰਪੂਰ ਅਗਵਾਈ ਕਰਕੇ ਇਕ ਵਾਰ ਫਿਰ ਪ੍ਰਭਾਵਸ਼ਾਲੀ ਸੂਬੇ ਵਜੋਂ ਉਭਰਨ 'ਚ ਕਾਮਯਾਬ ਹੋਇਆ ਹੈ ਜਿਸ ਨੇ ਸੰਘਰਸ਼ ਦੌਰਾਨ ਕਈ ਦਿਸਹੱਦੇ ਤਾਂ ਸਿਰਜੇ ਹੀ ਹਨ ਸਗੋਂ ਸੂਬੇ ਦੇ ਸੁਨਹਿਰੀ ਭਵਿੱਖ ਦੀ ਆਸ ਵੀ ਪੈਦਾ ਕੀਤੀ ਹੈ।

ਖੇਤੀ ਕਾਨੂੰਨ ਪਾਸ ਹੋਣ ਮਗਰੋਂ ਕੇਂਦਰ ਸਰਕਾਰ ਖਿਲਾਫ ਸੁਚੱਜੇ ਅਤੇ ਸੰਜੀਦਾ ਢੰਗ ਨਾਲ ਪੰਜਾਬ 'ਚ ਕਿਸਾਨ ਅੰਦੋਲਨ ਦੀ ਜਿਸ ਪ੍ਰਕਾਰ ਨਾਲ ਲਾਮਬੰਦੀ ਹੋਈ ਅਤੇ ਜਜ਼ਬਾ ਦਿਖਾਇਆ ਹੈ, ਉਸ ਨੇ ਇਕ ਵਾਰ ਮੁੜ ਪੰਜਾਬੀਆਂ ਦੀ ਮੂਹਰਲੀ ਭੂਮਿਕਾ ਨੂੰ ਅਸਰਦਾਰ ਤਰੀਕੇ ਨਾਲ ਸਾਬਤ ਕਰ ਦਿੱਤਾ ਹੈ। ਇਸ ਗੱਲ ਦੀ ਪੁਸ਼ਟੀ ਉਤਰ ਪ੍ਰਦੇਸ਼, ਗੁਜਰਾਤ, ਰਾਜਸਥਾਨ, ਮੱਧ ਪ੍ਰਦੇਸ਼, ਪੱਛਮੀ ਬੰਗਾਲ, ਹਰਿਆਣਾ, ਉੜੀਸਾ, ਤੇਲੰਗਾਨਾ, ਆਂਧਰਾ ਪ੍ਰਦੇਸ਼ ਆਦਿ ਸੂਬਿਆਂ ਤੋਂ ਆਏ ਕਿਸਾਨ ਆਗੂਆਂ ਤੇ ਹੋਰ ਵਰਗਾਂ ਨਾਲ ਸਬੰਧਤ ਲੋਕਾਂ ਵਲੋਂ ਕੀਤੀ ਗਈ ਹੈ ਕਿ ਪੰਜਾਬ ਦੇ ਇਤਿਹਾਸ ਬਾਰੇ ਸੁਣਿਆ-ਪੜ੍ਹਿਆ ਤਾਂ ਬਹੁਤ ਸੀ ਪਰ ਅੱਖੀਂ ਦੇਖਦੇ ਹੋਏ ਪੰਜਾਬੀਆਂ ਨੇ ਹੰਕਾਰੀ ਹੋਈ ਕੇਂਦਰ ਸਰਕਾਰ ਖਿਲਾਫ ਤਿੱਖੇ ਤੇ ਪ੍ਰਭਾਵਸ਼ਾਲੀ ਸੰਘਰਸ਼ ਦੀ ਅਗਵਾਈ ਕਰਕੇ ਮੁੜ ਉਨ੍ਹਾਂ ਦੇ ਵੱਡੇ ਭਰਾ ਵਜੋਂ ਅਹਿਮ ਭੂਮਿਕਾ ਨਿਭਾਈ ਹੈ। ਘੋਲ ਦੌਰਾਨ ਖੁੱਲ੍ਹੇ ਮਨ ਨਾਲ ਪੰਜਾਬ ਦਾ ਪ੍ਰਭਾਵ ਕਬੂਲ ਕਰਦੇ ਹੋਏ ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬੀਆਂ ਨੇ ਹਮੇਸ਼ਾ ਹੀ ਦੇਸ਼ ਨੂੰ ਰਾਹ ਦਿਖਾਇਆ ਤੇ ਸੇਧ ਦਿੱਤੀ ਹੈ ਅਤੇ ਹੁਣ ਕਿਸਾਨ ਅੰਦੋਲਨ ਦੀ ਜਿੱਤ ਯਕੀਨੀ ਬਣਾਉਣ ਲਈ ਇਕ ਵਾਰ ਫਿਰ ਅੱਗੇ ਹੋ ਕੇ ਲੜਾਈ ਲੜੀ ਜਾ ਰਹੀ ਹੈ ਜੋ ਇਤਿਹਾਸ ਦੇ ਪੰਨਿਆਂ ਉੱਪਰ ਦਰਜ ਹੋਵੇਗੀ। ਉਥੇ ਹੀ ਦੂਜੇ ਪਾਸੇ ਕੇਂਦਰ ਸਰਕਾਰ ਵਲੋਂ ਅੰਦੋਲਨ ਨੂੰ ਅਸਰਹੀਣ ਕਰਨ ਲਈ ਗੁੰਦੀ ਗਈ ਵਿਉਂਤ ਤਹਿਤ ਇਕੱਲੇ ਪੰਜਾਬ ਦੇ ਕਿਸਾਨ ਆਗੂਆਂ ਨੇ ਹੀ ਤਵੱਜੋ ਦੇ ਕੇ ਦੇਸ਼ ਪੱਧਰੀ ਘੋਲ ਨੂੰ ਸੂਬਾ ਪੱਧਰ ਉਤੇ ਸਮੇਟਣ ਦੀ ਲਗਾਤਾਰ ਕੋਸ਼ਿਸ਼ ਕੀਤੀ ਜਾ ਰਹੀ ਸੀ ਪਰ ਸੂਝਵਾਨ ਤੇ ਸਿਆਣੇ ਆਗੂਆਂ ਦੀ ਸਿਆਣਪ ਨਾਲ ਹੋਰਨਾਂ ਸੂਬਿਆਂ ਨੂੰ ਵੀ ਆਪਣੇ ਕਲਾਵੇ 'ਚ ਲੈ ਕੇ ਪੰਜਾਬ ਦੀਆਂ ਜਥੇਬੰਦੀਆਂ ਨੇ ਭਾਵੇਂ ਸਾਰੇ ਸੂਬਿਆਂ ਨੂੰ ਬਰਾਬਰਤਾ ਦਾ ਅਧਿਕਾਰ ਦਿਵਾਉਂਦੇ ਹੋਏ ਕੇਂਦਰ ਨੂੰ ਮਜਬੂਰ ਕੀਤਾ ਕਿ ਦੇਸ਼ ਦੇ ਵੱਖ-ਵੱਖ ਸੂਬਿਆਂ ਦੇ ਕਿਸਾਨ ਆਗੂਆਂ ਨੂੰ ਲਿਖਤੀ ਸੱਦੇ ਪੱਤਰ ਭੇਜ ਕੇ ਖੇਤੀ ਕਾਨੂੰਨਾਂ ਸਬੰਧੀ ਹੋਣ ਵਾਲੀ ਮੀਟਿੰਗ 'ਚ ਸ਼ਾਮਲ ਕੀਤਾ ਜਾਵੇ। ਕਿਸਾਨ ਅੰਦੋਲਨ ਦੌਰਾਨ ਦੇਸ਼ 'ਚ ਵਸਦੇ ਪੰਜਾਬੀ ਤਾਂ ਹੁਣ ਪੂਰੀ ਸਰਗਰਮੀ ਦਿਖਾ ਹੀ ਰਹੇ ਹਨ ਜਦਕਿ ਦੂਜੇ ਪਾਸੇ ਵੱਖ-ਵੱਖ ਮੁਲਕਾਂ 'ਚ ਵਸੇ ਪ੍ਰਵਾਸੀ ਪੰਜਾਬੀ ਵੀ ਪੂਰੀ ਸੰਜੀਦਗੀ ਨਾਲ ਜਿਥੇ ਕੇਂਦਰ ਸਰਕਾਰ ਖਿਲਾਫ ਰੋਸ ਮੁਜ਼ਾਹਰੇ, ਪ੍ਰਦਰਸ਼ਨ ਕਰ ਰਹੇ ਹਨ ਉਥੇ ਹੀ ਆਪਣੇ ਅੰਦੋਲਨ 'ਚ ਆਪਣਾ ਸਹਿਯੋਗ ਭੇਜਣ ਦੇ ਨਾਲ ਪਿੰਡਾਂ 'ਚ ਬੈਠੇ ਪਰਿਵਾਰਾਂ, ਰਿਸ਼ਤੇਦਾਰਾਂ ਨੂੰ ਸੰਘਰਸ਼ 'ਚ ਵਧ ਚੜ੍ਹ ਕੇ ਸ਼ਾਮਿਲ ਹੋਣ ਲਈ ਵੀ ਪ੍ਰੇਰਿਤ ਕਰਕੇ ਅਹਿਮ ਭੂਮਿਕਾ ਨਿਭਾਅ ਰਹੇ ਹਨ।

## ਕਿਤਾਬ ਘਰ ਬਣਿਆ ਖਿੱਚ ਦਾ ਕੇਂਦਰ

**ਨਵੀਂ ਦਿੱਲੀ:** ਕਿਸਾਨ ਅੰਦੋਲਨ ਦੌਰਾਨ ਜੋਸ਼, ਜਜ਼ਬੇ, ਜਨੂੰਨ ਅਤੇ ਸਬਰ ਸੰਤੋਖ ਤੋਂ ਇਲਾਵਾ ਇਕ ਅਜਿਹਾ ਰੰਗ ਹੋਰ ਵੀ ਦੇਖਣ ਨੂੰ ਮਿਲ ਰਿਹਾ ਹੈ, ਜਿਸ ਨੇ ਖਾਸ ਕਰਕੇ ਕਿਸਾਨੀ ਘੋਲ ਲਈ ਪ੍ਰਚਾਰੀ ਜਾ ਰਹੀ ਧਾਰਨਾ ਉਤੇ ਕਰਾਰੀ ਚੋਟ ਕੀਤੀ ਹੈ। ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਵਿੱਢੇ ਗਏ ਸੰਘਰਸ਼ ਲਈ ਇਹ ਧਾਰਨਾ ਮੁਹਿੰਮ ਵਜੋਂ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਕਿ ਕਿਸਾਨੀ ਖਿੱਤੇ ਨਾਲ ਸਬੰਧਤ ਲੋਕ ਘੱਟ ਪੜ੍ਹੇ-ਲਿਖੇ ਅਤੇ ਸਿੱਧ ਪੱਧਰੇ ਹਨ, ਜਿਨ੍ਹਾਂ ਨੂੰ ਸਿਆਸੀ ਪਾਰਟੀਆਂ ਵਰਗਲਾ ਰਹੀਆਂ ਹਨ ਪਰ ਸਿੰਘੂ ਸਰਹੱਦ ਦਿੱਲੀ ਵਿਖੇ ਜਿਥੇ ਕਰੀਬ 36 ਪ੍ਰਕਾਰ ਦੇ ਲੰਗਰ ਚੱਲ ਰਹੇ ਹਨ, ਉਥੇ ਹੀ ਪੰਜਾਬ ਦੇ ਜ਼ਿਲ੍ਹਾ ਮੋਗੇ ਨਾਲ ਸਬੰਧਤ ਪੜ੍ਹੇ-ਲਿਖੇ ਨੌਜਵਾਨਾਂ ਵਲੋਂ ਕਿਤਾਬਾਂ ਦਾ ਲੰਗਰ ਲਗਾ ਕੇ ਸੰਦੇਸ਼ ਦਿੱਤਾ ਜਾ ਰਿਹਾ ਹੈ ਕਿ ਭਾਵੇਂ ਸਾਡੇ ਦਾਦੇ-ਬਾਬੇ ਅਣਭੋਲ ਅਤੇ ਪੜ੍ਹੇ-ਲਿਖੇ ਘੱਟ ਸਨ ਪਰ ਅਜੋਕੇ ਸਮੇਂ ਦੌਰਾਨ ਕਿਸਾਨੀ ਨਾਲ ਸਬੰਧਤ ਹਰੇਕ ਪਰਿਵਾਰ ਦੇ ਬੱਚੇ ਉਚ ਵਿੱਦਿਆ ਹਾਸਲ ਕਰਕੇ ਵਿਸ਼ਵ ਭਰ ਦੀ ਜਾਣਕਾਰੀ ਰੱਖਦੇ ਹਨ, ਜਿਨ੍ਹਾਂ ਨੂੰ ਵਰਗਲਾਉਣਾ ਹੁਣ ਕਿਸੇ ਦੇ ਵਸ ਦੀ ਗੱਲ ਨਹੀਂ ਰਹੀ ਹੈ। ਕਾਨਿਆਂ ਦੀਆਂ ਸੋਟੀਆਂ ਉਪਰ ਸ਼ਤੂਤ ਦੀ ਬਣੀ ਹੋਈ ਟੋਕਰੀ ਵਿਚ ਸਿੱਖ ਇਤਿਹਾਸ, ਇਨਕਲਾਬੀ ਯੋਧਿਆਂ ਦੀਆਂ ਜੀਵਨੀਆਂ, ਖੇਤੀ ਨਾਲ ਸਬੰਧਤ ਤੋਂ ਇਲਾਵਾ ਵਿਸ਼ਵ ਪੱਧਰੀ ਲੇਖਕਾਂ ਦੀਆਂ ਲਿਖਤਾਂ ਨੂੰ 'ਕਿਤਾਬ ਘਰ' ਦਾ ਸ਼ਿੰਗਾਰ ਬਣਾਇਆ ਹੋਇਆ ਹੈ।

## ਖਾਲਸਾ ਏਡ ਨੇ ਕਿਸਾਨਾਂ ਦੀ ਰਿਹਾਇਸ਼ ਲਈ ਬਣਾਇਆ ਰੈਣ ਬਸੇਰਾ

**ਨਵੀਂ ਦਿੱਲੀ:** ਕਿਸਾਨ ਅੰਦੋਲਨ ਦੌਰਾਨ ਵੱਖ-ਵੱਖ ਸੇਵਾਵਾਂ ਨਿਭਾਅ ਰਹੀ ਖਾਲਸਾ ਏਡ ਸੰਸਥਾ ਵਲੋਂ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਧਿਆਨ 'ਚ ਰੱਖਦੇ ਹੋਏ ਅੱਜ ਨਿਵੇਕਲਾ ਉਪਰਾਲਾ ਕਰਦਿਆਂ ਸਿੰਘੂ ਸਰਹੱਦ ਵਿਖੇ ਰੈਣ ਬਸੇਰਾ ਤਿਆਰ ਕੀਤਾ ਗਿਆ ਹੈ, ਜਿਸ 'ਚ 800 ਵਿਅਕਤੀਆਂ ਦੇ ਠਹਿਰਣ ਦਾ ਪ੍ਰਬੰਧ ਕੀਤਾ ਗਿਆ ਹੈ। ਮੌਸਮ ਨੂੰ ਧਿਆਨ 'ਚ ਰੱਖਦਿਆਂ ਜਿਥੇ ਗਰਮ ਪਾਣੀ ਦਾ ਪ੍ਰਬੰਧ ਕੀਤਾ ਗਿਆ ਹੈ, ਉਥੇ ਸੁਰੱਖਿਆ ਪੱਖੋਂ ਸੀ.ਸੀ.ਟੀ.ਵੀ. ਕੈਮਰੇ ਵੀ ਲਗਾਏ ਗਏ ਹਨ। ਇਸ ਸਬੰਧੀ ਖਾਲਸਾ ਏਡ ਦੇ ਡਾਇਰੈਕਟਰ ਅਮਰਪ੍ਰੀਤ ਸਿੰਘ ਨੇ ਦੱਸਿਆ ਕਿ ਸੰਸਥਾ ਵਲੋਂ ਕਿਸਾਨ ਅੰਦੋਲਨ ਨੂੰ ਹਰ ਸੰਭਵ ਸਹਿਯੋਗ ਦਿੱਤਾ ਜਾ ਰਿਹਾ ਹੈ ਅਤੇ ਖਾਸ ਕਰਕੇ ਬਜ਼ੁਰਗਾਂ ਤੇ ਬੀਬੀਆਂ ਲਈ ਰੈਣ ਬਸੇਰਾ ਬਣਵਾਇਆ ਗਿਆ ਹੈ, ਤਾਂ ਜੋ ਕਿਸੇ ਵੀ ਪ੍ਰਦਰਸ਼ਨਕਾਰੀ ਕਿਸਾਨ ਨੂੰ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।

# ਹੁਣ ਰਵਾਇਤੀ ਪਹਿਰਾਵੇ ਕੁੜਤੇ ਪਜਾਮੇ 'ਚ ਨਜ਼ਰ ਆਉਣਗੇ ਸ਼੍ਰੋਮਣੀ ਕਮੇਟੀ ਮੁਲਾਜ਼ਮ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ, ਹੋਰ ਅਦਾਰਿਆਂ ਅਤੇ ਗੁਰਦੁਆਰਿਆਂ ਵਿਚ ਸਿੱਖ ਸੰਸਥਾ ਦੇ ਕਰਮਚਾਰੀ ਹੁਣ ਰਵਾਇਤੀ ਪਹਿਰਾਵੇ ਕੁੜਤੇ ਪਜਾਮੇ ਵਿਚ ਨਜ਼ਰ ਆਉਣਗੇ। ਸ਼੍ਰੋਮਣੀ ਕਮੇਟੀ ਵੱਲੋਂ ਇਸ 'ਡਰੈੱਸ ਕੋਡ' ਨੂੰ ਜਲਦੀ ਲਾਗੂ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਸ਼ਖਸੀਅਤਾਂ ਦੇ ਸਨਮਾਨ ਸਮੇਂ ਸਿਰੋਪਾਉ ਦੇ ਨਾਲ ਲੋਈ ਦੇਣ ਦੇ ਰੁਝਾਨ ਨੂੰ ਵੀ ਬੰਦ ਕਰ ਦਿੱਤਾ ਗਿਆ ਹੈ।

ਦਰਬਾਰ ਸਾਹਿਬ ਦੀ ਪਰਿਕਰਮਾ ਅਤੇ ਸੱਚਖੰਡ ਵਿਚ ਦਾਖਲ ਹੋਣ ਸਮੇਂ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਪੁਰਾਤਨ ਤੇ ਰਵਾਇਤੀ ਪਹਿਰਾਵੇ ਕੁੜਤੇ ਪਜਾਮੇ ਵਿਚ ਹੀ ਨਜ਼ਰ ਆਉਂਦੇ ਹਨ ਪਰ ਇਨ੍ਹਾਂ ਨੂੰ ਛੱਡ ਕੇ ਵੱਡੀ ਗਿਣਤੀ ਵਿਚ ਕਰਮਚਾਰੀਆਂ ਵੱਲੋਂ ਇਹ ਪਹਿਰਾਵਾ ਤਿਆਗ ਦਿੱਤਾ ਗਿਆ ਹੈ। ਬਹੁਗਿਣਤੀ ਕਰਮਚਾਰੀ ਪੈਂਟ-ਕਮੀਜ਼, ਜੀਨ-ਟੀ ਸ਼ਰਟ ਅਤੇ ਪੈਂਟ-ਕੋਟ ਆਦਿ ਵਿਚ ਦਿਖਾਈ ਦਿੰਦੇ ਹਨ। ਇਸੇ ਤਰ੍ਹਾਂ ਉਨ੍ਹਾਂ ਵੱਲੋਂ ਦਸਤਾਰਾਂ ਵੀ ਵੱਖ-ਵੱਖ ਰੰਗਾਂ ਦੀਆਂ ਸਜਾਈਆਂ ਜਾਂਦੀਆਂ ਹਨ। ਸ਼੍ਰੋਮਣੀ ਕਮੇਟੀ ਦੀ ਨਵ-ਨਿਯੁਕਤ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਮਾਨ ਸੰਭਾਲਦਿਆਂ ਹੀ ਕੁਝ ਤਬਦੀਲੀਆਂ ਸ਼ੁਰੂ ਕਰ ਦਿੱਤੀਆਂ ਹਨ, ਜਿਨ੍ਹਾਂ ਵਿਚ ਸਿੱਖ ਸੰਸਥਾ ਦੇ ਕਰਮਚਾਰੀਆਂ ਨੂੰ ਪੱਛਮੀ ਪਹਿਰਾਵਾ ਛੱਡ ਕੇ ਮੁੜ



ਰਵਾਇਤੀ ਪਹਿਰਾਵਾ ਪਹਿਨਣ ਲਈ ਆਖਿਆ ਗਿਆ ਹੈ।

ਉਨ੍ਹਾਂ ਕਿਹਾ ਕਿ ਸਮੂਹ ਕਰਮਚਾਰੀ ਕੁੜਤਾ ਪਜਾਮਾ ਪਾਉਣਗੇ ਤੇ ਉਸ ਦੇ ਉਪਰ ਦੀ ਸ੍ਰੀ ਸਾਹਿਬ ਪਹਿਨਣਗੇ। ਇਸ ਤਬਦੀਲੀ ਨੂੰ ਜਲਦੀ ਹੀ ਲਾਗੂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਨੇ ਪ੍ਰਮੁੱਖ ਸ਼ਖਸੀਅਤਾਂ ਨੂੰ ਸਨਮਾਨ ਵੇਲੇ ਸਿਰੋਪਾਉ ਦੇ ਨਾਲ ਲੋਈ ਦੇਣ ਦਾ ਰੁਝਾਨ ਵੀ ਬੰਦ ਕਰਨ ਦੇ ਆਦੇਸ਼ ਦਿੱਤੇ ਹਨ। ਸਿੱਖ ਸੰਸਥਾ ਦੇ ਨਵੇਂ ਬਣੇ ਆਨਰੇਰੀ ਚੀਫ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਇਸ ਸਬੰਧੀ ਜਲਦੀ ਹੀ ਇਕ ਮੀਟਿੰਗ ਕੀਤੀ ਜਾ ਰਹੀ ਹੈ।

## ਸ਼੍ਰੋਮਣੀ ਕਮੇਟੀ ਦੇ ਕੰਮ ਨੂੰ ਚੁਸਤ-ਦਰੁਸਤ ਕਰਨ ਦਾ ਬੀੜਾ ਚੁੱਕਿਆ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀ ਨਵ-ਨਿਯੁਕਤ ਪ੍ਰਧਾਨ ਬੀਬੀ ਜਗੀਰ ਕੌਰ ਨੇ ਆਪਣੀ ਨਿਯੁਕਤੀ ਤੋਂ ਬਾਅਦ ਕਮੇਟੀ ਦੇ ਅਧਿਕਾਰੀਆਂ ਨਾਲ ਪਲੇਠੀ ਮੀਟਿੰਗ ਕੀਤੀ। ਉਨ੍ਹਾਂ ਆਖਿਆ ਕਿ ਸੰਸਥਾ ਦੇ ਕੰਮ ਨੂੰ ਚੁਸਤ-ਦਰੁਸਤ ਕੀਤਾ ਜਾਵੇਗਾ ਅਤੇ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਆਪਣੇ ਕੰਮ ਪ੍ਰਤੀ ਜਵਾਬਦੇਹ ਬਣਾਇਆ ਜਾਵੇਗਾ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ ਤੇ ਅਧਿਕਾਰੀਆਂ ਵਿਚ ਕੰਮ ਸੱਭਿਆਚਾਰ ਨੂੰ ਹੋਰ ਪ੍ਰਪੱਕ ਕਰਨ ਵਾਸਤੇ ਵਿਸ਼ੇਸ਼ ਸਿਖਲਾਈ ਪ੍ਰੋਗਰਾਮ ਸ਼ੁਰੂ ਕਰਨ ਦੀ ਯੋਜਨਾ ਹੈ। ਨਾਨਕਸ਼ਾਹੀ ਕੈਲੰਡਰ ਦੇ ਮੌਜੂਦਾ ਵਿਵਾਦ ਬਾਰੇ ਉਨ੍ਹਾਂ ਆਖਿਆ ਕਿ ਸਮੁੱਚੀ ਕੌਮ ਨੂੰ ਇਕਮਤ ਕਰਨ ਦੀ ਲੋੜ ਹੈ, ਜਿਸ ਤੋਂ ਬਾਅਦ ਕੋਈ ਫੈਸਲਾ ਲਿਆ ਜਾ ਸਕਦਾ ਹੈ।

# ਅੰਮ੍ਰਿਤਸਰ ਵਿਚ ਅਰਬਨ ਹਾਟ ਫੂਡ ਕੋਰਟ ਖੁੱਲ੍ਹਿਆ

**ਅੰਮ੍ਰਿਤਸਰ:** ਫੂਡ ਲਾਇਬ੍ਰੇਰੀ ਨਾਂ ਦੀ ਕੰਪਨੀ ਵੱਲੋਂ ਇਥੇ ਅਰਬਨ ਹਾਟ ਫੂਡ ਕੋਰਟ ਦੇ ਨਾਂ ਉਤੇ ਫੂਡ ਸਟਰੀਟ ਲੋਕਾਂ ਲਈ ਖੋਲ੍ਹ ਦਿੱਤੀ ਗਈ। ਇਸ ਫੂਡ ਸਟਰੀਟ ਵਿਚ ਕੌਮਾਂਤਰੀ ਅਤੇ ਕੌਮੀ ਪੱਧਰ ਦੀਆਂ ਖਾਧ ਪਦਾਰਥ ਤਿਆਰ ਕਰਨ ਵਾਲੀਆਂ ਕੰਪਨੀਆਂ ਨੇ ਆਪਣੇ ਸਟਾਲ ਸਥਾਪਤ ਕੀਤੇ ਹਨ। ਫੂਡ ਲਾਇਬ੍ਰੇਰੀ ਦੇ ਮਾਰਕੀਟਿੰਗ ਮੁਖੀ ਅਮਰਜੀਤ ਸਿੰਘ ਨੇ ਸ਼ਹਿਰ ਵਾਸੀਆਂ ਕੋਲੋਂ ਚੰਗੇ ਹੁੰਗਾਰੇ ਦੀ ਉਮੀਦ ਕਰਦਿਆਂ ਦੱਸਿਆ ਕਿ ਫਿਲਹਾਲ ਪਹਿਲੇ ਪੜਾਅ ਵਿਚ ਕੌਮਾਂਤਰੀ ਅਤੇ ਕੌਮੀ ਪੱਧਰ ਦੇ ਦਸ ਵੱਡੇ ਬਰਾਂਡ ਇਥੇ ਆਏ ਹਨ। ਜਲਦੀ ਹੀ ਸਥਾਨਕ ਲਜ਼ੀਜ਼ ਖਾਣੇ ਵੀ ਇਥੇ ਸ਼ੁਰੂ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਫੂਡ ਸਟਰੀਟ ਵਿਚ ਛੱਤ ਹੇਠਾਂ ਲੋਕਾਂ ਨੂੰ ਹਰ ਤਰ੍ਹਾਂ ਦਾ ਭੋਜਨ ਅਤੇ ਖਾਣ-ਪੀਣ ਦਾ ਮਿਆਰੀ ਸਾਮਾਨ ਉਪਲਬਧ ਹੋਵੇਗਾ। ਅਗਲੇ ਪੜਾਅ ਵਿਚ ਇਕ ਹੋਟਲ ਸ਼ੁਰੂ ਕਰਨ ਦੀ ਯੋਜਨਾ ਹੈ। ਬਠਿੰਡਾ ਦੀ ਇਸ ਕੰਪਨੀ ਵਲੋਂ ਪਹਿਲਾਂ ਬਠਿੰਡਾ ਵਿਚ ਇਸੇ ਤਰਜ਼ ਉਤੇ ਫੂਡ ਸਟਰੀਟ ਸ਼ੁਰੂ ਕੀਤੀ ਗਈ ਹੈ।

ਇਹ ਫੂਡ ਸਟਰੀਟ ਅਰਬਨ ਹਾਟ ਇਥੇ ਸਦੀ ਤੋਂ ਵਧੇਰੇ ਪੁਰਾਣੀ ਇਮਾਰਤ ਵਿਚ ਸ਼ੁਰੂ ਕੀਤੀ ਗਈ ਹੈ। ਇਹ ਇਮਾਰਤ ਅੰਗਰੇਜ਼ਾਂ ਦੇ ਵੇਲੇ ਵਿਕਟੋਰੀਆ ਜੁਬਲੀ ਹਸਪਤਾਲ (ਵੀ.ਜੇ. ਹਸਪਤਾਲ) ਵਜੋਂ ਬਣਾਈ ਗਈ ਸੀ, ਜਿਸ ਨੂੰ ਆਜ਼ਾਦੀ ਤੋਂ ਬਾਅਦ ਗੁਰੂ ਤੇਗ ਬਹਾਦਰ




ਹਸਪਤਾਲ ਦਾ ਨਾਂ ਦਿੱਤਾ ਗਿਆ। ਇਸ ਹਸਪਤਾਲ ਨੂੰ ਗੁਰੂ ਨਾਨਕ ਦੇਵ ਹਸਪਤਾਲ 'ਚ ਤਬਦੀਲ ਕੀਤੇ ਜਾਣ ਮਗਰੋਂ ਇਹ ਪੁਰਾਤਨ ਇਮਾਰਤ ਖੰਡਰ ਬਣ ਰਹੀ ਸੀ। ਅਕਾਲੀ ਭਾਜਪਾ ਸਰਕਾਰ ਵੇਲੇ ਇਸ ਇਮਾਰਤ ਨੂੰ ਪੁਰਾਤਨ ਸਰੂਪ ਵਿਚ ਸੰਭਾਲਿਆ ਗਿਆ ਅਤੇ ਇਥੇ ਲਾਹੌਰ ਦੀ ਤਰਜ਼ ਉਤੇ ਫੂਡ ਸਟਰੀਟ ਬਣਾਉਣ ਦੀ ਯੋਜਨਾ ਬਣਾਈ ਗਈ ਸੀ। ਲਗਭਗ ਸਾਢੇ ਚਾਰ ਏਕੜ ਰਕਬੇ ਵਿਚ ਬਣੀਆਂ ਇਹ ਇਮਾਰਤਾਂ ਇਸ ਕੰਪਨੀ ਨੂੰ 30 ਸਾਲਾਂ ਲਈ ਪਟੇ ਉਤੇ ਦਿੱਤੀਆਂ ਗਈਆਂ ਹਨ। ਦੱਸਣਯੋਗ ਹੈ ਕਿ 2016 ਵਿਚ ਅਕਾਲੀ ਸਰਕਾਰ ਵੱਲੋਂ ਇਸ ਨੂੰ ਸ਼ੁਰੂ ਕੀਤਾ ਗਿਆ ਸੀ ਅਤੇ ਸਥਾਨਕ ਖਾਣ ਪੀਣ ਦਾ ਸਾਮਾਨ ਤਿਆਰ ਕਰਨ ਵਾਲੇ ਕਈ ਵਪਾਰੀਆਂ ਨੂੰ ਨਾਲ ਜੋੜਿਆ ਸੀ। ਕੁਝ ਸਟਾਲ ਸ਼ੁਰੂ ਕੀਤੇ ਗਏ ਸਨ ਪਰ ਉਸ ਵੇਲੇ ਇਹ ਯੋਜਨਾ ਸਫਲ ਨਹੀਂ ਹੋ ਸਕੀ ਸੀ।

# ਸੁਮੇਧ ਸੈਣੀ ਨੂੰ ਅਗਾਊਂ ਜ਼ਮਾਨਤ

**ਮੁਹਾਲੀ:** ਸੁਪਰੀਮ ਕੋਰਟ ਨੇ 1991 ਵਿਚ ਇਕ ਜੂਨੀਅਰ ਇੰਜੀਨੀਅਰ ਬਲਵੰਤ ਸਿੰਘ ਮੁਲਤਾਨੀ ਨੂੰ ਅਗਵਾ ਕਰਨ ਅਤੇ ਉਸ ਦੀ ਲਾਸ਼ ਨੂੰ ਖੁਰਦ ਬੁਰਦ ਕਰਨ ਦੇ ਮਾਮਲੇ 'ਚ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਨੂੰ ਅਗਾਊਂ ਜ਼ਮਾਨਤ ਦੇ ਦਿੱਤੀ ਹੈ। ਜਸਟਿਸ ਅਸ਼ੋਕ ਭੂਸ਼ਨ ਦੀ ਅਗਵਾਈ ਵਾਲੇ ਬੈਂਚ ਨੇ ਸੈਣੀ ਨੂੰ ਆਪਣਾ ਪਾਸਪੋਰਟ ਸਪੁਰਦ ਕਰਨ ਅਤੇ ਜਾਂਚ 'ਚ ਸਹਿਯੋਗ ਕਰਨ ਲਈ ਵੀ ਕਿਹਾ ਹੈ।

ਹੇਠਲੀ ਅਦਾਲਤ ਅਤੇ ਹਾਈਕੋਰਟ ਦੇ ਹੁਕਮਾਂ ਨੂੰ ਮੁੱਖ ਰੱਖਦਿਆਂ ਸੁਪਰੀਮ ਕੋਰਟ ਨੇ ਕਿਹਾ ਕਿ ਸੁਮੇਧ ਸੈਣੀ ਨੂੰ ਇਕ ਲੱਖ ਰੁਪਏ ਦੇ ਨਿੱਜੀ ਮੁਚੱਲਕਾ ਭਰਨਾ ਹੋਵੇਗਾ। ਬੈਂਚ ਨੇ ਸੁਮੇਧ ਸੈਣੀ ਨੂੰ ਇਸ ਕਤਲ ਮਾਮਲੇ 'ਚ ਗਵਾਹਾਂ ਤੋਂ ਦੂਰ ਰਹਿਣ ਲਈ ਵੀ ਕਿਹਾ ਹੈ। ਸੈਣੀ ਨੂੰ ਇਸ



ਸਾਲ ਮਈ ਮਹੀਨੇ 'ਚ ਮੁਹਾਲੀ ਦੇ ਮਟੌਰ ਥਾਣੇ 'ਚ ਬਲਵੰਤ ਸਿੰਘ ਮੁਲਤਾਨੀ ਨੂੰ ਅਗਵਾ ਕਰਨ, ਗਲਤ ਢੰਗ ਨਾਲ ਹਿਰਾਸਤ 'ਚ ਰੱਖਣ ਸਮੇਤ ਹੋਰਨਾਂ ਦੋਸ਼ਾਂ ਤਹਿਤ ਹੋਰਨਾਂ ਪੁਲਿਸ ਕਰਮਚਾਰੀਆਂ ਸਮੇਤ ਕੁੱਲ 6 ਮੁਲਜ਼ਮਾਂ ਖਿਲਾਫ ਮੁਕੱਦਮਾ ਦਰਜ ਕੀਤਾ ਸੀ। ਬਾਅਦ 'ਚ ਅਗਸਤ ਵਿਚ ਕਤਲ ਦੀ ਧਾਰਾ ਦਾ ਵਾਧਾ ਕਰ ਦਿੱਤਾ ਗਿਆ ਸੀ।

# ਸਿੱਖ ਅਫਸਰ ਦੇ ਨਾਂ 'ਤੇ ਡਾਕਖਾਨੇ ਦਾ ਨਾਂ ਰੱਖਣ ਸਬੰਧੀ ਬਿੱਲ ਪਾਸ

**ਵਾਸ਼ਿੰਗਟਨ:** ਅਮਰੀਕੀ ਸੈਨੇਟ ਨੇ ਹਿਊਸਟਨ 'ਚ ਇਕ ਡਾਕਖਾਨੇ ਦਾ ਨਾਂ ਸਿੱਖ ਪੁਲਿਸ ਅਫਸਰ ਸੰਦੀਪ ਸਿੰਘ ਧਾਲੀਵਾਲ ਦੇ ਨਾਂ ਉਤੇ ਰੱਖਣ ਸਬੰਧੀ ਬਿੱਲ ਪਾਸ ਕਰ ਦਿੱਤਾ ਹੈ। ਪਿਛਲੇ ਸਾਲ ਧਾਲੀਵਾਲ ਆਪਣੀ ਟਰੈਫਿਕ ਡਿਊਟੀ ਉਤੇ ਸੀ ਜਦੋਂ ਉਸ ਨੂੰ ਗੋਲੀ ਮਾਰ ਦਿੱਤੀ ਗਈ ਸੀ। ਹਿਊਸਟਨ 'ਚ 315 ਐਡਿਕਸ ਹੌਵੈੱਲ ਰੋਡ ਉਤੇ ਸਥਿਤ ਡਾਕਖਾਨੇ ਦਾ ਨਾਂ 'ਡਿਪਟੀ ਸੰਦੀਪ ਸਿੰਘ ਧਾਲੀਵਾਲ ਪੋਸਟ ਆਫਿਸ ਬਿਲਡਿੰਗ' ਰੱਖਣ ਸਬੰਧੀ ਬਿੱਲ ਅਮਰੀਕੀ ਸੰਸਦ ਦੇ ਹੇਠਲੇ ਸਦਨ ਵੱਲੋਂ ਸਤੰਬਰ ਮਹੀਨੇ ਹੀ ਪਾਸ ਕਰ ਦਿੱਤਾ ਗਿਆ ਸੀ।

# ਕਰਤਾਰਪੁਰ ਗੁਰਦੁਆਰੇ ਦਾ ਪ੍ਰਬੰਧ ਗੈਰ ਸਿੱਖ ਸੰਸਥਾ ਹਵਾਲੇ ਕਰਨਾ ਯੂ.ਐਨ. ਮਤੇ ਦੀ ਉਲੰਘਣਾ ਕਰਾਰ

**ਸੰਯੁਕਤ ਰਾਸ਼ਟਰ:** ਭਾਰਤ ਨੇ ਪਾਕਿਸਤਾਨ ਵੱਲੋਂ ਕਰਤਾਰਪੁਰ ਸਾਹਿਬ ਗੁਰਦੁਆਰੇ ਦਾ ਪ੍ਰਬੰਧ ਪੱਖਪਾਤੀ ਢੰਗ ਨਾਲ ਗੈਰ ਸਿੱਖ ਸੰਸਥਾ ਹਵਾਲੇ ਕਰਨ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਇਸਲਾਮਾਬਾਦ ਦਾ ਇਹ ਕਦਮ ਸਿੱਖ ਧਰਮ, ਉਸ ਦੀ ਸਾਂਭ-ਸੰਭਾਲ ਅਤੇ ਸੁਰੱਖਿਆ ਖਿਲਾਫ ਹੋਣ ਦੇ ਨਾਲ ਹੀ ਸੰਯੁਕਤ ਰਾਸ਼ਟਰ ਮਹਾਸਭਾ ਦੇ ਮਤੇ ਦੀ ਉਲੰਘਣਾ ਹੈ। ਨਵੰਬਰ 'ਚ ਪਾਕਿਸਤਾਨ ਨੇ ਕਰਤਾਰਪੁਰ ਸਾਹਿਬ ਗੁਰਦੁਆਰੇ ਦਾ ਪ੍ਰਬੰਧ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਲੈ ਕੇ 'ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ' ਦੇ ਪ੍ਰਸ਼ਾਸਕੀ ਕੰਟਰੋਲ ਹਵਾਲੇ ਕਰ ਦਿੱਤਾ ਸੀ ਜੋ ਗੈਰ-ਸਿੱਖ ਸੰਸਥਾ ਹੈ।

ਸੰਯੁਕਤ ਰਾਸ਼ਟਰ 'ਚ ਭਾਰਤੀ ਸਥਾਈ ਮਿਸ਼ਨ ਦੇ ਪ੍ਰਥਮ ਸਕੱਤਰ ਆਸ਼ੀਸ਼ ਸ਼ਰਮਾ ਨੇ ਸੰਯੁਕਤ ਰਾਸ਼ਟਰ 'ਚ ਕਿਹਾ, "ਪਾਕਿਸਤਾਨ ਪਹਿਲਾਂ ਹੀ ਪਿਛਲੇ ਸਾਲ ਇਸ ਸਭਾ ਵੱਲੋਂ ਪਾਸ 'ਕਲਚਰ ਆਫ ਪੀਸ' ਦੇ ਮਤਿਆਂ ਦੀ ਉਲੰਘਣਾ ਕਰ ਚੁੱਕਾ ਹੈ। ਪਿਛਲੇ ਮਹੀਨੇ ਪਾਕਿਸਤਾਨ ਨੇ ਪੱਖਪਾਤੀ ਤਰੀਕੇ ਨਾਲ ਸਿੱਖਾਂ ਦੇ ਪਵਿੱਤਰ ਧਾਰਮਿਕ ਅਸਥਾਨ ਕਰਤਾਰਪੁਰ ਸਾਹਿਬ ਗੁਰਦੁਆਰੇ ਦਾ ਪ੍ਰਬੰਧ ਸਿੱਖਾਂ ਤੋਂ ਲੈ ਕੇ ਗੈਰ



ਸਿੱਖ ਸੰਸਥਾ ਦੇ ਕੰਟਰੋਲ ਵਾਲੇ ਪ੍ਰਸ਼ਾਸਨ ਨੂੰ ਸੌਂਪ ਦਿੱਤਾ ਹੈ।" ਉਨ੍ਹਾਂ ਕਿਹਾ ਕਿ ਇਹ ਕਾਰਾ ਸਿੱਖ ਧਰਮ, ਇਸ ਦੀ ਸਾਂਭ-ਸੰਭਾਲ ਅਤੇ ਸੁਰੱਖਿਆ ਖਿਲਾਫ ਹੈ। ਉਨ੍ਹਾਂ ਕਿਹਾ ਕਿ ਮਹਾਸਭਾ 'ਚ ਕਰਤਾਰਪੁਰ ਸਾਹਿਬ ਗੁਰਦੁਆਰੇ ਦਾ ਜ਼ਿਕਰ ਦਸੰਬਰ 2019 ਨੂੰ ਹੋਇਆ ਸੀ ਅਤੇ ਪਾਕਿਸਤਾਨ ਨੇ ਇਸ ਮਤੇ ਦੀ ਉਲੰਘਣਾ ਕੀਤੀ ਹੈ। ਯੂ.ਐਨ.ਜੀ.ਏ. ਨੇ 'ਸ਼ਾਂਤੀ ਲਈ ਅੰਤਰ ਧਾਰਮਿਕ ਅਤੇ ਅੰਤਰ ਸਭਿਆਚਾਰ ਦੇ ਪ੍ਰਚਾਰ, ਸਮਝ ਅਤੇ ਸਹਿਯੋਗ' ਦੇ ਮਤੇ ਨੂੰ ਪਿਛਲੇ ਸਾਲ ਦਸੰਬਰ 'ਚ ਪਾਸ ਕੀਤਾ ਸੀ। ਇਸ 'ਚ ਕਰਤਾਰਪੁਰ ਸਾਹਿਬ ਲਾਂਘੇ ਨੂੰ ਖੋਲ੍ਹੇ ਜਾਣ ਦਾ ਸਵਾਗਤ ਕੀਤਾ ਗਿਆ ਸੀ।

ਯਾਦ ਰਹੇ ਕਿ ਕਰਤਾਰਪੁਰ ਸਾਹਿਬ ਲਾਂਘਾ ਪਿਛਲੇ ਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਸ਼ੁਰੂ ਕੀਤਾ ਗਿਆ ਸੀ ਅਤੇ ਇਸ ਕਾਰਜ ਵਿਚ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਦੀ ਆਪਸ ਵਿਚ ਸਹਿਮਤੀ ਬਣੀ ਸੀ ਪਰ ਇਸ ਸਾਲ ਕਰੋਨਾ ਮਹਾਮਾਰੀ ਕਾਰਨ ਲਾਂਘਾ ਬੰਦ ਕਰ ਦਿੱਤਾ ਗਿਆ ਸੀ।

# ਰਾਜੋਆਣਾ ਦੀ ਸਜ਼ਾ ਮੁਆਫੀ ਬਾਰੇ ਕੇਂਦਰ ਤੋਂ ਜਵਾਬ ਤਲਬ

**ਨਵੀਂ ਦਿੱਲੀ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਕੇਸ ਵਿਚ ਦੋਸ਼ੀ ਠਹਿਰਾਏ ਗਏ ਬਲਵੰਤ ਸਿੰਘ ਰਾਜੋਆਣਾ ਨੂੰ ਹੋਈ ਫਾਂਸੀ ਦੀ ਸਜ਼ਾ ਮੁਆਫ ਕਰਨ ਲਈ ਰਾਸ਼ਟਰਪਤੀ ਨੂੰ ਕੇਂਦਰ ਵੱਲੋਂ ਭੇਜੀ ਜਾਣ ਵਾਲੀ ਤਜਵੀਜ਼ 'ਚ ਹੋਈ ਦੇਰੀ ਉਤੇ ਸੁਪਰੀਮ ਕੋਰਟ ਨੇ ਸਵਾਲ ਉਠਾਇਆ ਹੈ।

ਚੀਫ ਜਸਟਿਸ ਐਸ.ਏ. ਬੋਬੜੇ ਦੀ ਅਗਵਾਈ ਵਾਲੇ ਬੈਂਚ ਨੇ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਸਬੰਧਤ ਅਥਾਰਿਟੀ ਅਦਾਲਤ ਨੂੰ ਜਾਣੂ ਕਰਵਾਏ ਕਿ ਰਾਸ਼ਟਰਪਤੀ ਨੂੰ ਸੰਵਿਧਾਨ ਦੀ ਧਾਰਾ 72 ਤਹਿਤ ਤਜਵੀਜ਼ ਕਦੋਂ ਭੇਜੀ ਜਾਵੇਗੀ। ਅਦਾਲਤ ਨੇ ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਵਧੀਕ ਸੌਲਿਸਟਰ ਜਨਰਲ ਕੇ.ਐਮ. ਨਟਰਾਜ ਨੂੰ ਪੁੱਛਿਆ ਕਿ ਤਜਵੀਜ਼ ਹਾਲੇ ਤੱਕ ਭੇਜੀ ਕਿਉਂ ਨਹੀਂ ਗਈ? ਸਿਖਰਲੀ ਅਦਾਲਤ ਰਾਜੋਆਣਾ ਦੀ ਅਰਜ਼ੀ ਉਤੇ ਸੁਣਵਾਈ ਕਰ ਰਹੀ ਸੀ ਜਿਸ ਵਿਚ ਉਸ ਨੇ ਗ੍ਰਹਿ ਮੰਤਰਾਲੇ ਦੀ ਤਜਵੀਜ਼ ਉਤੇ ਜਲਦੀ ਕਾਰਵਾਈ ਮੰਗੀ ਹੈ। ਵੀਡੀਓ ਕਾਨਫਰੰਸ ਰਾਹੀਂ ਹੋਈ ਸੁਣਵਾਈ ਦੌਰਾਨ ਨਟਰਾਜ ਨੇ ਕਿਹਾ ਕਿ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਨ ਬਾਰੇ ਫੈਸਲਾ ਰਾਸ਼ਟਰਪਤੀ ਵਲੋਂ ਲਿਆ ਜਾਣਾ ਹੈ। ਸਿਖਰਲੀ ਅਦਾਲਤ ਨੇ ਕੇਂਦਰ ਸਰਕਾਰ ਦੇ ਵਕੀਲ ਨੂੰ ਕਿਹਾ 'ਤੁਸੀਂ ਪੰਜਾਬ ਸਰਕਾਰ ਨੂੰ ਲਿਖਿਆ ਸੀ ਕਿ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਮੌਕੇ ਸਜ਼ਾ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਜਾਵੇਗੀ।'



ਸਿਖਰਲੀ ਅਦਾਲਤ ਨੇ ਜ਼ਿਕਰ ਕੀਤਾ ਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ ਪਿਛਲੇ ਵਰ੍ਹੇ 27 ਸਤੰਬਰ ਨੂੰ ਪੰਜਾਬ ਦੇ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਜਾਣੂ ਕਰਵਾਇਆ ਸੀ ਕਿ ਰਾਜੋਆਣਾ ਦੀ ਸਜ਼ਾ ਮੁਆਫੀ ਬਾਰੇ ਰਾਸ਼ਟਰਪਤੀ ਨੂੰ ਤਜਵੀਜ਼ ਭੇਜੀ ਜਾਵੇਗੀ। ਇਸ ਵਿਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਵਿਸ਼ੇਸ਼ ਸਜ਼ਾ ਮੁਆਫੀ ਤੇ ਕੈਦੀਆਂ ਦੀ ਰਿਹਾਈ ਬਾਰੇ ਲਿਖਿਆ ਗਿਆ ਸੀ। ਵਧੀਕ ਸੌਲੀਸਿਟਰ ਜਨਰਲ ਨਟਰਾਜ ਨੇ ਅਦਾਲਤ ਨੂੰ ਦੱਸਿਆ ਕਿ ਤਜਵੀਜ਼ ਇਸ ਲਈ ਨਹੀਂ ਭੇਜੀ ਗਈ ਕਿਉਂਕਿ ਸਹਿ ਮੁਲਜ਼ਮਾਂ ਦੀਆਂ ਅਪੀਲਾਂ ਇਸ ਅਦਾਲਤ ਵਿਚ ਬਕਾਇਆ ਹਨ। ਅਦਾਲਤ ਨੇ ਕੇਂਦਰ ਸਰਕਾਰ ਦੇ ਵਕੀਲ ਨੂੰ ਕਿਹਾ 'ਤੁਹਾਨੂੰ ਕੋਈ ਅਪੀਲ ਬਕਾਇਆ ਹੋਣ ਬਾਰੇ ਗਲਤਫਹਿਮੀ ਹੈ।' ਪਟੀਸ਼ਨਕਰਤਾ ਨੇ ਆਪਣੀ ਸਜ਼ਾ ਖਿਲਾਫ ਖੁਦ ਕੋਈ ਅਪੀਲ ਨਹੀਂ ਪਾਈ ਹੈ। ਇਸ ਲਈ ਕਿਸੇ ਅਪੀਲ ਦਾ ਨਤੀਜਾ ਉਡੀਕਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਨਟਰਾਜ ਨੇ ਇਸ ਮਾਮਲੇ 'ਚ ਅਦਾਲਤ ਕੋਲੋਂ ਦੋ ਹਫਤਿਆਂ ਦਾ ਸਮਾਂ ਮੰਗਿਆ ਹੈ। ਉਨ੍ਹਾਂ ਕਿਹਾ ਕਿ ਉਹ ਇਸ ਕੇਸ ਵਿਚ ਹਦਾਇਤਾਂ ਲੈ ਕੇ ਅਦਾਲਤ ਨੂੰ ਜਾਣੂ ਕਰਵਾਉਣਗੇ। ਕੇਸ ਨੂੰ ਹੁਣ ਜਨਵਰੀ ਦੇ ਪਹਿਲੇ ਹਫਤੇ ਲਈ ਸੂਚੀਬੱਧ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਰਾਜੋਆਣਾ 25 ਸਾਲਾਂ ਤੋਂ ਜੇਲ੍ਹ ਵਿਚ ਹੈ।

# ਸ੍ਰੀ ਹਰਿਮੰਦਰ ਸਾਹਿਬ ਦੀਆਂ ਦੀਵਾਰਾਂ ਸਲ੍ਹਾਬ ਤੋਂ ਬਚਾਉਣ ਲਈ ਸੇਵਾ ਅਰੰਭ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਹਰਿਮੰਦਰ ਸਾਹਿਬ ਦੀਆਂ ਦੀਵਾਰਾਂ ਨੂੰ ਸਲ੍ਹਾਬ ਤੋਂ ਬਚਾਉਣ ਲਈ ਮਾਹਿਰਾਂ ਦੀ ਰਾਇ ਨਾਲ ਰੱਖ-ਰਖਾਅ ਅਤੇ ਸਾਂਭ-ਸੰਭਾਲ ਦਾ ਕਾਰਜ ਅਰੰਭ ਕਰਦਿਆਂ ਇਸ ਦੀ ਕਾਰ ਸੇਵਾ ਭਾਈ ਮਹਿੰਦਰ ਸਿੰਘ ਯੂ.ਕੇ. ਦੀ ਅਗਵਾਈ ਵਾਲੀ ਸਿੱਖ ਸੰਸਥਾ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਨੂੰ ਸੌਂਪੀ ਗਈ ਹੈ। ਇਸ ਨਿਵੇਕਲੀ ਸੇਵਾ, ਜਿਸ ਦੌਰਾਨ ਮੁਢਲੇ ਤੌਰ ਉਤੇ ਸ੍ਰੀ ਹਰਿਮੰਦਰ ਸਾਹਿਬ ਦੀਆਂ ਦੀਵਾਰਾਂ ਦੀ 3-ਡੀ ਸਕੈਨਿੰਗ ਦੇ ਨਾਲ-ਨਾਲ ਆਈ.ਆਰ. ਐਸ. ਸਕੈਨਿੰਗ, ਜੀ.ਪੀ.ਆਰ. ਸਕੈਨਿੰਗ ਅਤੇ ਟੋਮੋਗ੍ਰਾਫੀ ਕੀਤੀ ਜਾਵੇਗੀ, ਦੀ ਆਰੰਭਤਾ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਦੀ ਮੌਜੂਦਗੀ ਵਿਚ ਅਰਦਾਸ ਉਪਰੰਤ ਕੀਤੀ ਗਈ।

ਇਸ ਮੌਕੇ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਯੂ.ਕੇ. ਦੇ ਪ੍ਰਤੀਨਿਧ ਭਾਈ ਇੰਦਰਜੀਤ ਸਿੰਘ ਨੇ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਕਰੀਬ 250 ਸਾਲਾ ਪੁਰਾਤਨ ਇਤਿਹਾਸਕ ਇਮਾਰਤ ਨੂੰ ਸਲਾਬ ਤੋਂ ਮੌਜੂਦਾ ਸਮੇਂ ਤੇ ਭਵਿੱਖ ਵਿਚ ਬਚਾਉ ਲਈ ਅਰੰਭੀ ਗਈ ਇਸ ਸੇਵਾ ਲਈ ਆਈ.ਆਈ.ਟੀ. ਰੁੜਕੀ ਦੇ ਪ੍ਰੋਫੈਸਰ ਡਾ.



ਭੁਪਿੰਦਰ ਸਿੰਘ, ਆਈ.ਆਈ.ਟੀ. ਮਦਰਾਸ ਦੇ ਪ੍ਰੋ. ਡਾ. ਸਵਾਤੀ ਅਤੇ ਬੜੌਦਾ ਤੋਂ ਮਾਹਿਰ ਇੰਜੀਨੀਅਰ ਕਜਾਦ ਦੀਆਂ ਤਕਨੀਕੀ ਸੇਵਾਵਾਂ ਲਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਮਾਹਿਰਾਂ ਵਲੋਂ ਦੀਵਾਰਾਂ ਅਤੇ ਛੱਤਾਂ ਦੀ ਆਧੁਨਿਕ ਤਕਨੀਕਾਂ ਨਾਲ ਸਕੈਨਿੰਗ ਕਰਨ ਅਤੇ ਇਸ ਉਤੇ ਲੱਗੇ ਮਟੀਰੀਅਲ ਦੇ ਸੈਂਪਲ ਲੈਣ ਉਪਰੰਤ ਵਿਸ਼ੇਸ਼ ਲੈਬਾਰਟਰੀ ਵਿਚ ਜਾਂਚ ਕਰਕੇ ਸਲ੍ਹਾਬ ਦੇ ਕਾਰਨਾਂ ਦਾ ਪਤਾ ਲਗਾ ਕੇ ਇਸ ਦਾ ਢੁਕਵਾਂ ਹੱਲ ਕੀਤਾ ਜਾਵੇਗਾ ਤੇ ਇਸ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸੋਨੇ ਦੇ ਪੱਤਰਿਆਂ ਉਤੇ ਹੋਰ ਮੀਨਾਕਾਰੀ ਦੀ ਸੇਵਾ ਅਰੰਭ ਕੀਤੀ ਜਾਵੇਗੀ।

# ਗਰੀਨ ਕਾਰਡ ਉਡੀਕ ਰਹੇ ਭਾਰਤੀਆਂ ਲਈ ਖੁਸ਼ਖਬਰੀ

**ਵਾਸ਼ਿੰਗਟਨ:** ਅਮਰੀਕੀ ਸੈਨੇਟ ਨੇ ਵੱਖ-ਵੱਖ ਮੁਲਕਾਂ ਲਈ ਰੁਜ਼ਗਾਰ ਆਧਾਰਿਤ ਇਮੀਗਰੈਂਟ ਵੀਜ਼ਿਆਂ ਦੀ ਗਿਣਤੀ ਦੀ ਹੱਦ ਤੈਅ ਖਤਮ ਕਰਨ ਵਾਲੇ ਬਿੱਲ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਹੈ। ਬਿੱਲ ਅਮਰੀਕਾ 'ਚ ਕੰਮ ਕਰਦੇ ਸੈਂਕੜੇ ਭਾਰਤੀ ਮਾਹਿਰਾਂ ਨੂੰ ਲਾਭ ਪਹੁੰਚਾਏਗਾ ਜੋ ਵਰ੍ਹਿਆਂ ਤੋਂ ਗਰੀਨ ਕਾਰਡ ਲੈਣ ਦੀ ਉਡੀਕ ਕਰ ਰਹੇ ਹਨ।

'ਫੇਅਰਨੈਸ ਫਾਰ ਹਾਈ ਸਕਿੱਲਡ ਇਮੀਗਰੈਂਟਸ ਐਕਟ' ਸੈਨੇਟ ਨੇ ਪਾਸ ਕੀਤਾ ਹੈ ਅਤੇ ਇਹ ਭਾਰਤੀ ਆਈ.ਟੀ. ਮਾਹਿਰਾਂ ਲਈ ਵੱਡੀ ਰਾਹਤ ਹੈ ਜੋ ਐਚ-1ਬੀ ਵੀਜ਼ਿਆਂ ਉਤੇ ਅਮਰੀਕਾ ਆਏ ਸਨ। ਬਿੱਲ ਪਿਛਲੇ ਸਾਲ 10 ਜੁਲਾਈ ਨੂੰ ਪ੍ਰਤੀਨਿਧ ਸਭਾ 'ਚ ਪਾਸ ਹੋ ਗਿਆ ਸੀ। ਬਿੱਲ ਨੇ ਪਰਿਵਾਰ ਆਧਾਰਿਤ ਇਮੀਗਰੈਂਟ ਵੀਜ਼ੇ ਉਤੇ ਉਸ ਵਰ੍ਹੇ ਮੌਜੂਦ ਕੁੱਲ ਵੀਜ਼ਿਆਂ ਦੇ ਪ੍ਰਤੀ ਮੁਲਕ 7 ਫੀਸਦ ਦੀ ਹੱਦ ਵਧਾ ਕੇ 15 ਫੀਸਦ ਕਰ ਦਿੱਤੀ ਸੀ।

ਊਟਾਹ ਤੋਂ ਰਿਪਬਲਿਕ ਪਾਰਟੀ ਦੇ ਸੈਨੇਟਰ ਮਾਈਕ ਲੀ ਨੇ ਇਹ ਬਿੱਲ ਪੇਸ਼ ਕੀਤਾ ਸੀ। 2019 'ਚ ਭਾਰਤੀ ਨਾਗਰਿਕਾਂ ਨੂੰ 9,008 ਸ਼੍ਰੇਣੀ 1, 2,908 ਸ਼੍ਰੇਣੀ 2 ਅਤੇ 5,083 ਸ਼੍ਰੇਣੀ 3 ਗਰੀਨ ਕਾਰਡ ਮਿਲੇ ਸਨ।

ਜੁਲਾਈ ਵਿਚ ਸੈਨੇਟਰ ਲੀ ਨੇ ਸੈਨੇਟ ਨੂੰ ਦੱਸਿਆ ਸੀ ਕਿ ਜੇਕਰ ਭਾਰਤੀ ਨਾਗਰਿਕ ਨੇ ਗਰੀਨ ਕਾਰਡ ਜਾਂ ਪੱਕੀ ਨਾਗਰਿਕਤਾ ਲੈਣੀ ਹੈ ਤਾਂ ਉਸ ਨੂੰ 195 ਸਾਲ ਤੋਂ ਵੱਧ ਦਾ ਸਮਾਂ ਲੱਗ ਜਾਵੇਗਾ। ਇਸ ਸਮੇਂ ਕਰੀਬ 10 ਲੱਖ ਵਿਦੇਸ਼ੀ ਨਾਗਰਿਕ ਗਰੀਨ ਕਾਰਡ ਲੈਣ ਦੀ ਕਤਾਰ 'ਚ ਲੱਗੇ ਹੋਏ ਹਨ।




## ਐਚ-1ਬੀ ਵੀਜ਼ਾ: ਪ੍ਰਸਤਾਵਿਤ ਦੋ ਨੇਮਾਂ 'ਤੇ ਰੋਕ

**ਵਾਸ਼ਿੰਗਟਨ:** ਅਮਰੀਕਾ ਦੀਆਂ ਆਈ.ਟੀ. ਕੰਪਨੀਆਂ ਤੇ ਹਜ਼ਾਰਾਂ ਭਾਰਤੀ ਮਾਹਿਰਾਂ ਨੂੰ ਰਾਹਤ ਦਿੰਦਿਆਂ ਅਮਰੀਕੀ ਅਦਾਲਤ ਨੇ ਟਰੰਪ ਪ੍ਰਸ਼ਾਸਨ ਵੱਲੋਂ ਪ੍ਰਸਤਾਵਿਤ ਐਚ-1ਬੀ ਵੀਜ਼ਾ ਦੇ ਦੋ ਨੇਮਾਂ ਉਤੇ ਰੋਕ ਲਗਾ ਦਿੱਤੀ ਹੈ। ਟਰੰਪ ਪ੍ਰਸ਼ਾਸਨ ਨੇ ਅਮਰੀਕੀ ਕੰਪਨੀਆਂ ਨੂੰ ਵਿਦੇਸ਼ੀ ਮੁਲਾਜ਼ਮਾਂ ਦੀ ਭਰਤੀ ਦੀ ਇਜਾਜ਼ਤ ਉਤੇ ਰੋਕ ਲਗਾ ਦਿੱਤੀ ਸੀ। ਅਮਰੀਕਾ ਵੱਲੋਂ ਹਰ ਵਰ੍ਹੇ 85 ਹਜ਼ਾਰ ਐਚ-1ਬੀ ਵੀਜ਼ੇ ਜਾਰੀ ਕੀਤੇ ਜਾਂਦੇ ਹਨ। ਕਰੀਬ 6 ਲੱਖ ਐਚ-1ਬੀ ਵੀਜ਼ਾਧਾਰਕਾਂ ਵਿਚੋਂ ਜ਼ਿਆਦਾਤਰ ਭਾਰਤੀ ਤੇ ਚੀਨੀ ਹਨ। ਅਦਾਲਤ ਦੇ ਹੁਕਮ ਦੌਰਾਨ ਟਰੰਪ ਪ੍ਰਸ਼ਾਸਨ ਦੀ ਨਵੀਂ ਨੀਤੀ 'ਤੇ ਰੋਕ ਲਗਾ ਦਿੱਤੀ।

## ਨਿਕੀ ਵਲੋਂ ਬਾਇਡਨ ਦੀ ਨੀਤੀ ਦੀ ਆਲੋਚਨਾ

**ਵਾਸ਼ਿੰਗਟਨ:** ਰਿਪਬਲਿਕਨ ਪਾਰਟੀ ਦੀ ਆਗੂ ਨਿੱਕੀ ਹੇਲੀ ਨੇ ਚੁਣੇ ਗਏ ਰਾਸ਼ਟਰਪਤੀ ਜੋਅ ਬਾਇਡਨ ਦੀ ਇਮੀਗਰੇਸ਼ਨ ਨੀਤੀ ਦੀ ਆਲੋਚਨਾ ਕਰਦਿਆਂ ਦਾਅਵਾ ਕੀਤਾ ਹੈ ਕਿ ਇਸ ਨਾਲ ਅਮਰੀਕੀ ਵਰਕਰਾਂ ਨੂੰ ਨੁਕਸਾਨ ਪਹੁੰਚੇਗਾ ਤੇ ਕਾਨੂੰਨੀ ਪਰਵਾਸੀਆਂ ਦਾ ਅਪਮਾਨ ਹੋਵੇਗਾ। ਭਾਰਤੀ-ਅਮਰੀਕੀ ਹੇਲੀ ਨੇ ਆਪਣੇ ਟਵੀਟਾਂ 'ਚ ਕਿਹਾ ਕਿ ਬਾਇਡਨ ਦੀ ਇਮੀਗਰੇਸ਼ਨ ਨੀਤੀ ਇਕ ਹੋਰ ਸਰਹੱਦੀ ਸੰਕਟ ਖੜ੍ਹਾ ਕਰ ਦੇਵੇਗੀ। ਉਨ੍ਹਾਂ ਜੌਰਜੀਆ 'ਚ ਦੋ ਰਿਪਬਲਿਕਨ ਸੈਨੇਟਰਾਂ ਲਈ ਵੋਟ ਮੰਗਦਿਆਂ ਕਿਹਾ ਕਿ ਅਮਰੀਕਾ ਨੂੰ ਕੰਜ਼ਰਵੇਟਿਵ ਸੈਨੇਟ ਦੀ ਲੋੜ ਹੈ ਜੋ ਬਾਇਡਨ ਦੀ ਯੋਜਨਾ ਨੂੰ ਡੱਕ ਸਕੇ। 100 ਮੈਂਬਰੀ ਸੈਨੇਟ 'ਚ ਰਿਪਬਲਿਕਨ ਪਾਰਟੀ ਦੇ 50 ਜਦਕਿ ਡੈਮੋਕਰੈਟ ਪਾਰਟੀ ਦੇ 48 ਸੈਨੇਟਰ ਹਨ।


## ਚੀਨੀ ਨਾਗਰਿਕਾਂ 'ਤੇ ਹੋਰ ਵੀਜ਼ਾ ਪਾਬੰਦੀਆਂ



**ਵਾਸ਼ਿੰਗਟਨ:** ਅਮਰੀਕਾ ਨੇ ਕੁਝ ਹੋਰ ਚੀਨੀ ਅਧਿਕਾਰੀਆਂ ਅਤੇ ਨਾਗਰਿਕਾਂ ਖਿਲਾਫ ਵੀਜ਼ਾ ਪਾਬੰਦੀਆਂ ਲਗਾਈਆਂ ਹਨ ਜੋ ਮੁਲਕਾਂ ਨੂੰ ਪ੍ਰਭਾਵਿਤ ਕਰਨ ਵਾਲੇ ਪ੍ਰਚਾਰ 'ਚ ਜੁਟੇ ਹੋਏ ਹਨ। ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਕਿਹਾ ਕਿ ਇਹ ਪਾਬੰਦੀਆਂ ਚੀਨੀ ਕਮਿਊਨਿਸਟ ਪਾਰਟੀ ਦੇ ਅਹੁਦੇਦਾਰਾਂ ਜਾਂ ਉਨ੍ਹਾਂ ਵਿਅਕਤੀ ਖਿਲਾਫ ਲਾਈਆਂ ਗਈਆਂ ਹਨ ਜੋ ਯੂਨਾਈਟਿਡ ਫਰੰਟ ਵਰਕ ਵਿਭਾਗ ਨਾਲ ਜੁੜੇ ਪ੍ਰਚਾਰ ਜਾਂ ਉਸ ਦੀਆਂ ਮੁਹਿੰਮਾਂ 'ਚ ਹਿੱਸਾ ਲੈਂਦੇ ਹਨ। ਚੀਨੀ ਕਮਿਊਨਿਸਟ ਪਾਰਟੀ ਦੇ ਯੂਨਾਈਟਿਡ ਫਰੰਟ ਵਰਕ ਵਿਭਾਗ ਉਤੇ ਦੋਸ਼ ਲੱਗਾ ਹੈ ਕਿ ਉਹ ਹਿੰਸਾ, ਪ੍ਰਾਈਵੇਟ ਜਾਣਕਾਰੀ ਚੋਰੀ ਕਰਨ, ਜਾਸੂਸੀ, ਸਾਬੋਤਾਜ ਜਾਂ ਕੂੜ ਪ੍ਰਚਾਰ ਕਰਨ 'ਚ ਲੱਗਾ ਹੋਇਆ ਹੈ। ਚੀਨ ਖਿਲਾਫ ਟਰੰਪ ਪ੍ਰਸ਼ਾਸਨ ਨੇ ਆਪਣੀ ਨੀਤੀ ਤਹਿਤ ਇਹ ਸਖਤ ਕਦਮ ਐਲਾਨੇ ਹਨ।

# ਹੈਦਰਾਬਾਦ ਨਗਰ ਨਿਗਮ ਚੋਣਾਂ 'ਚ ਟੀ.ਆਰ.ਐਸ. ਦੀ ਚੜ੍ਹਤ


**ਹੈਦਰਾਬਾਦ:** ਹੁਕਮਰਾਨ ਟੀ.ਆਰ.ਐਸ. ਨੇ ਗਰੇਟਰ ਹੈਦਰਾਬਾਦ ਨਗਰ ਨਿਗਮ ਚੋਣਾਂ 'ਚ ਆਪਣੀ ਚੜ੍ਹਤ ਬਰਕਰਾਰ ਰੱਖੀ ਹੈ। ਪਾਰਟੀ ਨੂੰ 150 ਵਿਚੋਂ 56 ਸੀਟਾਂ ਮਿਲੀਆਂ ਹਨ ਅਤੇ ਇਸ ਵਾਰ ਅਸਦ-ਉਦ-ਦੀਨ ਓਵਾਇਸੀ ਦੀ ਅਗਵਾਈ ਹੇਠਲੀ ਪਾਰਟੀ ਏ.ਆਈ.ਐਮ.ਆਈ.ਐਮ. ਨਾਲ ਮਿਲ ਕੇ ਨਗਰ ਨਿਗਮ ਦਾ ਪ੍ਰਸ਼ਾਸਨ ਚਲਾਉਣਾ ਪਵੇਗਾ। ਭਾਜਪਾ ਨੇ ਇਨ੍ਹਾਂ ਚੋਣਾਂ 'ਚ ਜ਼ੋਰਦਾਰ ਪ੍ਰਦਰਸ਼ਨ ਕੀਤਾ ਹੈ ਅਤੇ ਉਸ ਨੇ 49 ਸੀਟਾਂ ਜਿੱਤੀਆਂ। ਅਸਦ-ਉਦ-ਦੀਨ ਦੀ ਪਾਰਟੀ ਨੇ ਪੁਰਾਣੇ ਹੈਦਰਾਬਾਦ 'ਚ ਆਪਣਾ ਕਬਜ਼ਾ ਕਾਇਮ ਰਖਦਿਆਂ 43 ਵਾਰਡਾਂ 'ਚ ਜਿੱਤ ਹਾਸਲ ਕੀਤੀ ਹੈ। ਕਾਂਗਰਸ ਨੂੰ ਸਿਰਫ 2 ਸੀਟਾਂ ਨਸੀਬ ਹੋਈਆਂ ਹਨ। ਭਾਜਪਾ ਨੇ ਚਾਰ ਸਾਲ ਪਹਿਲਾਂ ਤੇਲਗੂ ਦੇਸਮ ਪਾਰਟੀ ਨਾਲ ਮਿਲ ਕੇ ਚੋਣਾਂ ਲੜੀਆਂ ਸਨ ਅਤੇ



ਐਤਕੀਂ ਉਸ ਦੇ ਪ੍ਰਦਰਸ਼ਨ 'ਚ ਚੋਖਾ ਸੁਧਾਰ ਦੇਖਣ ਨੂੰ ਮਿਲ ਰਿਹਾ ਹੈ। ਕੇਂਦਰੀ ਗ੍ਰਹਿ ਮੰਤਰੀ ਅਤੇ ਭਾਜਪਾ ਆਗੂ ਅਮਿਤ ਸ਼ਾਹ ਸਮੇਤ ਹੋਰਾਂ ਨੇ ਇਨ੍ਹਾਂ ਚੋਣਾਂ ਦੌਰਾਨ ਪ੍ਰਚਾਰ ਕੀਤਾ ਸੀ ਅਤੇ ਦਾਅਵਾ ਕੀਤਾ ਸੀ ਕਿ ਇਸ ਵਾਰ ਚੋਣਾਂ ਮਗਰੋਂ ਹੈਦਰਾਬਾਦ 'ਚ ਭਾਜਪਾ ਦਾ ਮੇਅਰ ਬਣੇਗਾ। ਕੇ. ਚੰਦਰਸ਼ੇਖਰ ਰਾਓ ਦੀ ਅਗਵਾਈ ਹੇਠਲੀ ਤਿਲੰਗਾਨਾ ਰਾਸ਼ਟਰ ਸਮਿਤੀ ਨੇ 2016 ਵਿਚ 150 'ਚੋਂ 99 ਵਾਰਡਾਂ ਉਤੇ ਜਿੱਤ ਹਾਸਲ ਕੀਤੀ ਸੀ। ਚੋਣਾਂ ਦੌਰਾਨ ਬੈਲੇਟ ਪੇਪਰਾਂ ਦੀ ਵਰਤੋਂ ਕੀਤੀ ਗਈ ਸੀ।

# 'ਪਰਾਲੀ ਸੜਨੀ ਬੰਦ ਪਰ ਦਿੱਲੀ 'ਚ ਹਵਾ ਪ੍ਰਦੂਸ਼ਣ ਗੰਭੀਰ'

**ਨਵੀਂ ਦਿੱਲੀ:** ਕੇਂਦਰੀ ਵਾਤਾਵਰਨ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਕਿਹਾ ਕਿ ਹੁਣ ਪਰਾਲੀ ਸੜਨੀ ਬੰਦ ਹੋ ਗਈ ਹੈ ਪਰ ਦਿੱਲੀ ਦੀ ਆਬੋ-ਹਵਾ ਅਜੇ ਵੀ ਗੰਭੀਰ ਬਣੀ ਹੋਈ ਹੈ। ਆਪਣੀ ਰਿਹਾਇਸ਼ ਤੋਂ ਦਿੱਤੇ ਗਏ ਸੁਨੇਹੇ 'ਚ ਜਾਵੜੇਕਰ ਨੇ ਕਿਹਾ ਕਿ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਦਿੱਲੀ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਪ੍ਰਦੂਸ਼ਣ ਫੈਲਾਉਣ ਵਾਲਿਆਂ ਖਿਲਾਫ ਸਖਤ ਅਤੇ ਫੌਰੀ ਕਾਰਵਾਈ ਲਈ ਕਿਹਾ ਹੈ। ਮੰਤਰੀ ਨੇ ਕਿਹਾ ਕਿ ਬੋਰਡ ਨੂੰ ਅਜਿਹੀਆਂ ਕਈ ਸ਼ਿਕਾਇਤਾਂ ਮਿਲੀਆਂ ਹਨ ਜਿਸ ਨਾਲ ਦਿੱਲੀ ਅਤੇ ਕੌਮੀ ਰਾਜਧਾਨੀ ਖੇਤਰ (ਐਨ.ਸੀ.ਆਰ.) ਵਿਚ ਲਗਾਤਾਰ ਪ੍ਰਦੂਸ਼ਣ ਫੈਲ ਰਿਹਾ ਹੈ। ਉਨ੍ਹਾਂ ਕਿਹਾ,"ਦਿੱਲੀ ਵਿਚ ਹਵਾ ਪ੍ਰਦੂਸ਼ਣ ਦੇ ਹਾਲਾਤ ਅਜੇ ਵੀ ਗੰਭੀਰ ਹਨ। ਪਰਾਲੀ ਸਾੜੇ ਜਾਣ ਦੀਆਂ ਘਟਨਾਵਾਂ ਰੁਕ ਗਈਆਂ ਹਨ ਪਰ ਦਿੱਲੀ ਦਾ ਹਵਾ ਗੁਣਵੱਤਾ



ਇੰਡੈਕਸ ਅਜੇ ਵੀ 'ਬਹੁਤ ਮਾੜੀ' ਸ਼੍ਰੇਣੀ 'ਚ ਹੈ।" ਮੰਤਰੀ ਨੇ ਕਿਹਾ ਕਿ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੀਆਂ 50 ਟੀਮਾਂ ਰੋਜ਼ਾਨਾ ਦਿੱਲੀ ਅਤੇ ਐਨ.ਸੀ.ਆਰ. ਦਾ ਨਿਰੀਖਣ ਕਰਦੀਆਂ ਹਨ ਅਤੇ ਸਬੰਧਤ ਏਜੰਸੀਆਂ ਨੂੰ ਸ਼ਿਕਾਇਤਾਂ ਦੀ ਜਾਣਕਾਰੀ ਦਿੰਦੀਆਂ ਹਨ। ਉਨ੍ਹਾਂ ਮੁਤਾਬਕ ਬੋਰਡ ਦੀ ਰਿਪੋਰਟ ਮਗਰੋਂ ਕੁਝ ਕੰਮ ਹੋਇਆ ਹੈ ਅਤੇ ਕੁਝ ਉਤੇ ਕੋਈ ਕਾਰਵਾਈ ਨਹੀਂ ਹੋਈ ਜਿਸ ਕਾਰਨ ਦਿੱਲੀ ਸਰਕਾਰ ਨੂੰ ਲੋੜੀਂਦੇ ਕਦਮ ਚੁੱਕਣ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਦੀਆਂ ਘਟਨਾਵਾਂ ਰੁਕ ਗਈਆਂ ਹਨ ਤਾਂ ਦਿੱਲੀ ਸਰਕਾਰ ਅਤੇ ਸਾਰੀਆਂ ਏਜੰਸੀਆਂ ਨੂੰ ਹਰਕਤ 'ਚ ਆਉਣਾ ਚਾਹੀਦਾ ਹੈ। ਨੋਟਿਸ ਵਿਚ ਕਿਹਾ ਗਿਆ ਹੈ ਕਿ ਨਰੇਲਾ, ਆਨੰਦ ਵਿਹਾਰ, ਮੁੰਡਕਾ, ਦਵਾਰਕਾ ਅਤੇ ਪੰਜਾਬੀ ਬਾਗ ਜਦਕਿ ਐਨ.ਸੀ.ਆਰ. ਦੇ ਫਰੀਦਾਬਾਦ, ਝੱਜਰ, ਨੋਇਡਾ ਅਤੇ ਭਿਵਾੜੀ 'ਚ ਪ੍ਰਦੂਸ਼ਣ ਹੱਦੋਂ ਵੱਧ ਹੈ ਜੋ ਚਿੰਤਾ ਦਾ ਵਿਸ਼ਾ ਹੈ।

# ਭਾਸ਼ਾ ਵਿਭਾਗ ਵੱਲੋਂ ਸਾਹਿਤ ਰਤਨ ਅਤੇ ਸ਼੍ਰੋਮਣੀ ਪੁਰਸਕਾਰਾਂ ਦਾ ਐਲਾਨ

**ਚੰਡੀਗੜ੍ਹ:** ਭਾਸ਼ਾ ਵਿਭਾਗ ਪੰਜਾਬ ਵੱਲੋਂ ਸਾਹਿਤ ਤੇ ਕਲਾ ਦੇ 18 ਵੱਖ-ਵੱਖ ਵਰਗਾਂ ਲਈ ਸਾਹਿਤ ਰਤਨ ਅਤੇ ਸ਼੍ਰੋਮਣੀ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਉਚੇਰੀ ਸਿੱਖਿਆ ਤੇ ਭਾਸ਼ਾ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਦੀ ਪ੍ਰਧਾਨਗੀ 'ਚ ਪੰਜਾਬ ਭਵਨ ਚੰਡੀਗੜ੍ਹ 'ਚ ਹੋਈ ਰਾਜ ਸਲਾਹਕਾਰ ਬੋਰਡ ਦੀ ਮੀਟਿੰਗ ਵਿਚ ਸਾਲ 2015 ਤੋਂ 2020 ਤੱਕ ਦੇ ਪੁਰਸਕਾਰਾਂ ਦਾ ਫੈਸਲਾ ਲਿਆ ਗਿਆ।

ਰਾਜ ਸਲਾਹਕਾਰ ਬੋਰਡ ਦੇ ਫੈਸਲੇ ਅਨੁਸਾਰ ਪੰਜਾਬੀ ਸਾਹਿਤ ਰਤਨ ਸਾਲ 2015 ਲਈ ਓਮ ਪ੍ਰਕਾਸ਼ ਗਾਸੋ, 2016 ਲਈ ਗੁਰਬਚਨ ਭੁੱਲਰ, 2017 ਲਈ ਗੁਲਜ਼ਾਰ ਸਿੰਘ ਸੰਧੂ, 2018 ਲਈ ਫ਼ਖ਼ਰ ਜ਼ਮਾਨ, 2019 ਲਈ ਡਾ. ਤੇਜਵੰਤ ਮਾਨ ਅਤੇ 2020 ਲਈ ਡਾ. ਬਰਜਿੰਦਰ ਸਿੰਘ ਹਮਦਰਦ ਨੂੰ ਚੁਣਿਆ ਗਿਆ ਹੈ। ਸ਼੍ਰੋਮਣੀ ਪੰਜਾਬੀ ਸਾਹਿਤਕਾਰ ਸਾਲ 2015 ਲਈ ਜੋਗਿੰਦਰ ਸਿੰਘ ਕੈਰੋਂ, 2016 ਲਈ ਤਾਰਨ ਗੁਲਜ਼ਾਰ, 2017 ਲਈ ਕੇਐੱਲ ਗਰਗ, 2018 ਲਈ ਅਤਰਜੀਤ ਸਿੰਘ, 2019 ਲਈ ਕਿਰਪਾਲ ਕਜ਼ਾਕ ਅਤੇ 2020 ਲਈ ਡਾ. ਮਨਮੋਹਨ ਨੂੰ ਚੁਣਿਆ ਗਿਆ ਹੈ। ਸ਼੍ਰੋਮਣੀ ਹਿੰਦੀ ਸਾਹਿਤਕਾਰ ਸਾਲ 2015 ਲਈ ਵਿਨੋਦ ਸ਼ਾਹੀ, 2016 ਲਈ ਸੁਖਵਿੰਦਰ ਕੌਰ ਬਾਠ, 2017 ਲਈ ਰਾਜੀ ਸੇਠ, 2018 ਲਈ ਬਲੀ ਸਿੰਘ ਚੀਮਾ, 2019 ਲਈ ਅਜੈ ਸ਼ਰਮਾ ਅਤੇ 2020 ਲਈ ਡਾ. ਕੀਰਤੀ ਕੇਸਰ ਨੂੰ ਚੁਣਿਆ ਗਿਆ ਹੈ। ਸ਼੍ਰੋਮਣੀ ਉਰਦੂ ਸਾਹਿਤਕਾਰ ਸਾਲ 2015 ਲਈ ਮੁਹੰਮਦ ਫਯਾਜ਼ ਫਾਰੂਕੀ, 2016 ਲਈ ਨਦੀਮ ਅਹਿਮਦ ਨਦੀਮ, 2017 ਲਈ ਟੀਐਨ ਰਾਜ, 2018 ਲਈ ਬੀ.ਡੀ. ਕਾਲੀਆ ਹਮਦਮ, 2019 ਲਈ ਮੁਹੰਮਦ ਬਸ਼ੀਰ ਅਤੇ 2020 ਲਈ ਰਹਿਮਾਨ ਅਖਤਰ ਨੂੰ ਚੁਣਿਆ ਗਿਆ ਹੈ। ਇਸੇ ਤਰ੍ਹਾਂ ਸ਼੍ਰੋਮਣੀ ਸੰਸਕ੍ਰਿਤ ਸਾਹਿਤਕਾਰ ਸਾਲ 2015 ਲਈ ਰਮਾ ਕਾਂਤ ਅੰਗਰੀਸ਼, 2016 ਲਈ ਵੇਦ ਪ੍ਰਕਾਸ਼ ਉਪਾਧਿਆ, 2017 ਲਈ ਦਾਮੋਦਰਝਾਅ, 2018 ਲਈ ਕਨ੍ਹੱਈਆ ਲਾਲ ਪਰਾਸ਼ਰ, 2019 ਲਈ ਵਰਿੰਦਰ ਅਲੰਕਾਰ ਅਤੇ 2020 ਲਈ ਡਾ. ਸ਼ਰਨ ਕੌਰ ਨੂੰ ਚੁਣਿਆ ਗਿਆ ਹੈ ਜਦਕਿ ਸ਼੍ਰੋਮਣੀ ਪੰਜਾਬੀ ਕਵੀ ਸਾਲ 2015 ਲਈ ਸੰਤੋਖ ਸਿੰਘ ਸ਼ਹਰਯਾਰ, 2016 ਲਈ ਮਨਜੀਤ ਇੰਦਰਾ, 2017 ਲਈ ਡਾ. ਰਵਿੰਦਰ ਬਟਾਲਾ, 2018 ਲਈ ਜਸਵੰਤ ਜ਼ਫ਼ਰ, 2019 ਲਈ ਬਲਵਿੰਦਰ ਸਿੰਘ ਸੰਧੂ ਅਤੇ 2020 ਲਈ ਸਿਰੀ ਰਾਮ ਅਰਸ਼ ਨੂੰ ਚੁਣਿਆ ਗਿਆ ਹੈ।




ਸ਼੍ਰੋਮਣੀ ਪੰਜਾਬੀ ਆਲੋਚਕ/ਖੋਜ ਸਾਹਿਤਕਾਰ ਸਾਲ 2015 ਲਈ ਡਾ. ਸਤਿੰਦਰ ਸਿੰਘ, 2016 ਲਈ ਬਲਦੇਵ ਸਿੰਘ ਚੀਮਾ, 2017 ਲਈ ਅਮਰਜੀਤ ਗਰੇਵਾਲ, 2018 ਲਈ ਡਾ. ਧਨਵੰਤ ਕੌਰ, 2019 ਲਈ ਡਾ. ਸੁਖਦੇਵ ਸਿੰਘ ਸਿਰਸਾ ਅਤੇ 2020 ਲਈ ਸੁਰਿੰਦਰ ਕੁਮਾਰ ਦਵੇਸ਼ਵਰ ਨੂੰ ਚੁਣਿਆ ਗਿਆ ਹੈ। ਸ਼੍ਰੋਮਣੀ ਪੰਜਾਬੀ ਗਿਆਨ ਸਾਹਿਤਕਾਰ ਪੁਰਸਕਾਰ ਸਾਲ 2015 ਲਈ ਡਾ. ਮਦਨ ਲਾਲ ਹਸੀਜਾ, 2016 ਲਈ ਹਰਪਾਲ ਸਿੰਘ ਪੰਨੂ, 2017 ਲਈ ਡਾ. ਅਨੂਪ ਸਿੰਘ, 2018 ਲਈ ਡਾ. ਗਿਆਨ ਸਿੰਘ, 2019 ਲਈ ਡਾ. ਗੁਰਸ਼ਰਨ ਕੌਰ ਜੱਗੀ ਅਤੇ 2020 ਲਈ ਨਿੰਦਰ ਘੁਗਿਆਣਵੀ ਨੂੰ ਚੁਣਿਆ ਗਿਆ ਹੈ। ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਵਿਦੇਸ਼ੀ) ਸਾਲ 2015 ਲਈ ਸਾਧੂ ਸਿੰਘ ਬਲਿੰਗ, 2016 ਲਈ ਇਕਬਾਲ ਮਾਹਿਲ, 2017 ਲਈ ਹਰਜੀਤ ਅਟਵਾਲ, 2018 ਲਈ ਰਵਿੰਦਰ ਸਹਿਰਾਅ, 2019 ਲਈ ਸੁਖਵਿੰਦਰ ਕੰਬੋਜ ਅਤੇ 2020 ਲਈ ਐਸ. ਬਲਵੰਤ ਨੂੰ ਚੁਣਿਆ ਗਿਆ ਹੈ। ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਪੰਜਾਬੋਂ ਬਾਹਰ) ਸਾਲ 2015 ਲਈ ਡਾ. ਜਸਪਾਲ ਸਿੰਘ , 2016 ਲਈ ਡਾ. ਜਗਬੀਰ ਸਿੰਘ, 2017 ਲਈ ਜੀਡੀ ਚੌਧਰੀ, 2018 ਲਈ ਸਵਰਨ ਸਿੰਘ ਵਿਰਕ, 2019 ਲਈ ਬਰਜਿੰਦਰ ਚੌਹਾਨ ਅਤੇ 2020 ਲਈ ਡਾ. ਰਵੀ ਰਵਿੰਦਰ ਨੂੰ ਚੁਣਿਆ ਗਿਆ ਹੈ।

ਇਸ ਤੋਂ ਇਲਾਵਾ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਸਾਲ 2015 ਲਈ ਅਵਤਾਰ ਸਿੰਘ ਦੀਪਕ, 2016 ਲਈ ਹਰਬੰਸ ਸਿੰਘ ਚਾਵਲਾ, 2017 ਲਈ ਕਰਨੈਲ ਸਿੰਘ ਸੋਮਲ, 2018 ਲਈ ਕੁਲਬੀਰ ਸਿੰਘ ਸੂਰੀ, 2019 ਲਈ ਤੇਜਿੰਦਰ ਹਰਜੀਤ ਅਤੇ 2020 ਲਈ ਬਲਜਿੰਦਰ ਮਾਨ ਨੂੰ ਚੁਣਿਆ ਗਿਆ ਹੈ। ਸ਼੍ਰੋਮਣੀ ਪੰਜਾਬੀ ਪੱਤਰਕਾਰ ਸਾਲ 2015 ਲਈ ਕੁਲਦੀਪ ਸਿੰਘ ਬੇਦੀ, 2016 ਲਈ ਹਰਬੀਰ ਸਿੰਘ ਭੰਵਰ, 2017 ਲਈ ਸੁਰਿੰਦਰ ਸਿੰਘ ਤੇਜ, 2018 ਲਈ ਚਰਨਜੀਤ ਸਿੰਘ ਭੁੱਲਰ, 2019 ਲਈ ਦਵਿੰਦਰ ਪਾਲ ਅਤੇ 2020 ਲਈ ਜਗੀਰ ਸਿੰਘ ਜਗਤਾਰ ਨੂੰ ਚੁਣਿਆ ਗਿਆ ਹੈ। ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ ਸਾਲ 2015 ਲਈ ਗੁਰਬਚਨ (ਫਿਲਹਾਲ), 2016 ਲਈ ਬਲਬੀਰ ਪਰਵਾਨਾ, 2017 ਲਈ ਪੂਨਮ ਪ੍ਰੀਤਲੜੀ, 2018 ਲਈ ਡਾ. ਹਰਜਿੰਦਰ ਵਾਲੀਆ, 2019 ਲਈ ਕੰਵਰਜੀਤ ਭੱਠਲ ਤੇ 2020 ਲਈ ਦਰਸ਼ਨ ਢਿੱਲੋਂ ਨੂੰ ਚੁਣਿਆ ਗਿਆ ਹੈ।

ਸ਼੍ਰੋਮਣੀ ਰਾਗੀ ਸਾਲ 2015 ਲਈ ਭਾਈ ਰਣਧੀਰ ਸਿੰਘ, 2016 ਲਈ ਭਾਈ ਨਰਿੰਦਰ ਸਿੰਘ, 2017 ਲਈ ਭਾਈ ਰਵਿੰਦਰ ਸਿੰਘ, 2018 ਲਈ ਭਾਈ ਮਨਿੰਦਰ ਸਿੰਘ ਸ੍ਰੀਨਗਰ ਵਾਲੇ, 2019 ਲਈ ਡਾ. ਜਸਬੀਰ ਕੌਰ ਅਤੇ 2020 ਲਈ ਭਾਈ ਗੁਰਮੇਲ ਸਿੰਘ ਨੂੰ ਚੁਣਿਆ ਗਿਆ ਹੈ। ਸ਼੍ਰੋਮਣੀ ਢਾਡੀ/ਕਵੀਸ਼ਰ ਸਾਲ 2015 ਲਈ ਹੰਸ ਸਿੰਘ ਮਾਨੀਖੇੜਾ, 2016 ਲਈ ਜਗਦੇਵ ਸਿੰਘ ਛਾਜਲੀ, 2017 ਲਈ ਮੁਖਤਿਆਰ ਸਿੰਘ ਜ਼ਫ਼ਰ, 2018 ਲਈ ਫਜ਼ਲਦੀਨ ਲੋਹਟਬੱਧੀ, 2019 ਲਈ ਭਾਈ ਬਲਬੀਰ ਸਿੰਘ ਬੀਹਲਾ ਅਤੇ 2020 ਲਈ ਦਲਬਾਰਾ ਸਿੰਘ ਉੱਭਾ ਨੂੰ ਚੁਣਿਆ ਗਿਆ ਹੈ। ਸ਼੍ਰੋਮਣੀ ਪੰਜਾਬੀ ਟੈਲੀਵਿਜ਼ਨ/ ਰੇਡੀਓ/ਫਿਲਮ ਪੁਰਸਕਾਰ ਸਾਲ 2015 ਲਈ ਵਿਜੈ ਟੰਡਨ, 2016 ਲਈ ਕੁਲਵਿੰਦਰ ਬੁੱਟਰ, 2017 ਲਈ ਗਿਰਜਾ ਸ਼ੰਕਰ, 2018 ਲਈ ਸੁਰੇਸ਼ ਪੰਡਿਤ, 2019 ਲਈ ਬੀਐੱਨ ਸ਼ਰਮਾ ਅਤੇ 2020 ਲਈ ਪੁਨੀਤ ਸਹਿਗਲ ਨੂੰ ਚੁਣਿਆ ਗਿਆ ਹੈ। ਸ਼੍ਰੋਮਣੀ ਪੰਜਾਬੀ ਨਾਟਕ/ਥੀਏਟਰ ਪੁਰਸਕਾਰ ਸਾਲ 2015 ਲਈ ਪ੍ਰਾਣ ਸੱਭਰਵਾਲ, 2016 ਲਈ ਕੈਲਾਸ਼ ਕੌਰ, 2017 ਲਈ ਨਵਨਿੰਦਰਾ ਬਹਿਲ, 2018 ਲਈ ਜਸਵੰਤ ਕੌਰ ਦਮਨ, 2019 ਲਈ ਡਾ. ਸਤੀਸ਼ ਕੁਮਾਰ ਵਰਮਾ ਅਤੇ 2020 ਲਈ ਡਾ. ਸਾਹਿਬ ਸਿੰਘ ਨੂੰ ਚੁਣਿਆ ਗਿਆ ਹੈ। ਸ਼੍ਰੋਮਣੀ ਪੰਜਾਬੀ ਗਾਇਕ/ਸੰਗੀਤਕਾਰ ਸਾਲ 2015 ਲਈ ਚਰਨਜੀਤ ਆਹੂਜਾ, 2016 ਲਈ ਰਣਜੀਤ ਕੌਰ, 2017 ਲਈ ਸਰਦੂਲ ਸਿਕੰਦਰ, 2018 ਲਈ ਹਰਭਜਨ ਮਾਨ, 2019 ਲਈ ਪਾਲੀ ਦੇਤਵਾਲੀਆ ਤੇ 2020 ਲਈ ਮੇਜਰ ਸਿੰਘ ਨੂੰ ਚੁਣਿਆ ਗਿਆ ਹੈ।

## ਪ੍ਰਿੰ. ਸਰਵਣ ਸਿੰਘ ਨੈਸ਼ਨਲ ਸਪੋਰਟਸ ਅਵਾਰਡ ਮੋੜਨਗੇ

**ਬਰੈਂਪਟਨ (ਬਿਊਰੋ):** ਭਾਰਤ ਸਰਕਾਰ ਵੱਲੋਂ ਭਾਰਤੀ ਕਿਸਾਨ ਅੰਦੋਲਨ ਪ੍ਰਤੀ ਅਪਨਾਏ ਅੜੀਅਲ ਰਵੱਈਏ ਵਿਰੁਧ ਰੋਸ ਪਰਗਟ ਕਰਦਿਆਂ ਪੰਜਾਬੀ ਦੇ ਕੌਮਾਂਤਰੀ ਖੇਡ ਲੇਖਕ ਸਰਵਣ ਸਿੰਘ ਪਿੰਡ ਚਕਰ ਨੇ ਭਾਰਤੀ ਖੇਡ ਸਾਹਿਤ ਦਾ ਨੈਸ਼ਨਲ ਅਵਾਰਡ ਮੋੜਨ ਦਾ ਐਲਾਨ ਕੀਤਾ ਹੈ।

ਜਾਰੀ ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਜੇ ਕੇਂਦਰ ਸਰਕਾਰ ਕਿਸਾਨਾਂ ਦੀਆਂ ਹੱਕੀ ਮੰਗਾਂ ਨਹੀਂ ਮੰਨਦੀ ਅਤੇ ਕਾਲੇ ਕਾਨੂੰਨ ਵਾਪਸ ਨਹੀਂ ਲੈਂਦੀ ਤਾਂ ਉਨ੍ਹਾਂ ਦੇ ਸੁਤੰਤਰਤਾ ਸੰਗਰਾਮੀ ਬਾਬਾ ਪਾਲਾ ਸਿੰਘ ਨੂੰ ਮਿਲਿਆ ਤਾਮਰ ਪੱਤਰ ਵੀ ਉਹ ਰਾਸ਼ਟਰਪਤੀ ਨੂੰ ਮੋੜ ਦੇਣਗੇ। ਬਾਬਾ ਪਾਲਾ ਸਿੰਘ ਦੇ ਪਰਿਵਾਰ ਨੇ ਕਿਸਾਨ ਜਥੇਬੰਦੀਆਂ ਦੀ ਤਨ, ਮਨ, ਧਨ ਨਾਲ ਹਮਾਇਤ ਕਰਨ ਦੀ ਹਾਮੀ ਭਰੀ ਹੈ।

# ਮੋਦੀ ਸਰਕਾਰ ਹੁਣ ਕਿਸਾਨ ਅੰਦੋਲਨ ਬਾਰੇ ਹਉਮੈ ਛੱਡੇ

ਕਿਸਾਨ ਅੰਦੋਲਨ ਇੰਨੀ ਜਲਦੀ ਅਜਿਹਾ ਰੂਪ ਧਾਰ ਲਵੇਗਾ, ਇਸ ਦਾ ਅਨੁਮਾਨ ਸਰਕਾਰ, ਸਿਆਸੀ ਧਿਰਾਂ, ਬੁੱਧੀਜੀਵੀਆਂ ਜਾਂ ਖੁਦ ਕਿਸਾਨ ਜਥੇਬੰਦੀਆਂ ਨੂੰ ਵੀ ਨਹੀਂ ਸੀ। ਇਸ ਅੰਦੋਲਨ ਨੇ ਗੁਰੂ ਨਾਨਕ ਦੀ ਵਿਚਾਰਧਾਰਾ ਮੁਤਾਬਕ ਸਬਰ, ਸੰਤੋਖ, ਸੰਜਮ ਅਤੇ ਜੰਗੀ ਮਾਹੌਲ ਵਿਚ ਵੀ ਦੁਸ਼ਮਣੀ ਨਾ ਪਾਲ ਕੇ ਸਰਬੱਤ ਦੇ ਭਲੇ ਦੀ ਮਾਨਸਿਕਤਾ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਸ਼ਾਂਤਮਈ ਅਕਾਲੀ ਮੋਰਚਿਆਂ ਵਿਚ ਦਿੱਤੀਆਂ ਕੁਰਬਾਨੀਆਂ ਤੋਂ ਪਿੱਛੋਂ ਇਹ ਅੰਦੋਲਨ ਇਤਿਹਾਸ ਦੀ ਨਵੀਂ ਇਬਾਰਤ ਲਿਖ ਰਿਹਾ ਹੈ। ਇਸ ਵਿਚ ਬੀਬੀਆਂ, ਬੱਚੇ, ਬਜ਼ੁਰਗ, ਕਲਾਕਾਰ, ਲੇਖਕ, ਵਪਾਰੀ ਅਤੇ ਗਵੱਈਏ ਸਮੇਤ ਸਭ ਸ਼ਾਮਲ ਹਨ। ਅੰਦੋਲਨ ਦਾ ਆਕਾਰ ਇਸ ਕਦਰ

**ਹਮੀਰ ਸਿੰਘ**

ਵਿਆਪਕ ਹੋ ਗਿਆ ਹੈ ਕਿ ਹੁਣ ਪੰਜਾਬ, ਦੇਸ਼ ਅਤੇ ਵਿਦੇਸ਼ ਵਿਚ ਬੈਠੇ ਕੇਵਲ ਪੰਜਾਬੀ ਹੀ ਨਹੀਂ ਬਲਕਿ ਸੰਯੁਕਤ ਰਾਸ਼ਟਰ (ਯੂ.ਐਨ.) ਦੇ ਸਕੱਤਰ ਜਨਰਲ ਸਮੇਤ ਬਹੁਤ ਸਾਰੇ ਦੇਸ਼ਾਂ ਦੇ ਆਗੂਆਂ ਨੇ ਕਿਸਾਨ ਅੰਦੋਲਨ ਦੀ ਹਮਾਇਤ ਕੀਤੀ ਹੈ। ਇਸੇ ਵਿਆਪਕ ਆਕਾਰ ਦੇ ਕਾਰਨ ਕੋਈ ਵੀ ਧਿਰ ਆਪਣੇ ਆਪ ਸਮਝੌਤਾ ਕਰਨ ਦੀ ਹੈਸੀਅਤ ਵਾਲੀ ਨਹੀਂ ਰਹੀ।

ਕੋਵਿਡ-19 ਦੀ ਆੜ ਵਿਚ ਲਿਆਂਦੇ ਤਿੰਨ ਖੇਤੀ ਆਰਡੀਨੈਂਸਾਂ ਦੇ ਪਿੱਛੇ ਮਕਸਦ ਸ਼ਾਇਦ ਇਹੀ ਸੀ ਕਿ ਡਰ ਅਤੇ ਸਹਿਮ ਦੇ ਕਾਰਨ ਕਿਸਾਨ ਬਾਹਰ ਨਹੀਂ ਨਿਕਲਣਗੇ ਅਤੇ ਸਰਕਾਰ ਕਾਰਪੋਰੇਟ ਘਰਾਣਿਆਂ ਨਾਲ ਬਣਾਈ ਆਪਣੀ ਸਾਂਝ ਦੇ ਕਾਰਨ ਉਨ੍ਹਾਂ ਦੇ ਮੁਨਾਫੇ ਦੀ ਹਵਸ ਪੂਰੀ ਕਰਨ ਵਿਚ ਕਾਮਯਾਬ ਹੋ ਜਾਵੇਗੀ। ਇਸ ਅੰਦੋਲਨ ਨੇ ਕਈ ਨਿਵੇਕਲੇ ਕੰਮ ਕੀਤੇ ਹਨ। ਪੂਰੀ ਤਰ੍ਹਾਂ ਸ਼ਾਂਤਮਈ ਰਹਿਣਾ ਇਸ ਦਾ ਹਾਸਲ ਹੈ। 26 ਤੇ 27 ਨਵੰਬਰ ਨੂੰ ਦਿੱਲੀ ਜਾਣ ਦੇ ਸੱਦੇ ਮੌਕੇ ਸਾਰੀਆਂ ਕਿਸਾਨ ਜਥੇਬੰਦੀਆਂ ਦਾ ਸਾਂਝਾ ਫੈਸਲਾ ਸੀ ਕਿ ਜਿਥੇ ਸਰਕਾਰ ਰੋਕੇਗੀ ਉਥੇ ਹੀ ਡੇਰਾ ਲਗਾ ਦਿੱਤਾ ਜਾਵੇਗਾ। ਹਰਿਆਣਾ ਸਰਕਾਰ ਨੇ ਕਰੇਨਾਂ ਨਾਲ ਵੱਡੇ-ਵੱਡੇ ਪੱਥਰ ਰੱਖ, ਉਨ੍ਹਾਂ ਨੂੰ ਸੰਗਲਾਂ ਨਾਲ ਨੂੜ ਕੇ, ਕੰਡਿਆਲੀਆਂ ਤਾਰਾਂ ਵਲਣ, ਮੁੱਖ ਸੜਕਾਂ ਪੁੱਟ ਕੇ ਖੰਦਕਾਂ ਲਗਾ ਦੇਣ ਅਤੇ ਇਸ ਤੋਂ ਵਧ ਕੇ ਪੁਲਿਸ ਵੱਲੋਂ ਪਾਣੀ ਦੀਆਂ ਬੁਛਾੜਾਂ ਅਤੇ ਅੱਥਰੂ ਗੈਸ ਦੇ ਗੋਲੇ ਦਾਗਣ ਦਾ ਪ੍ਰਬੰਧ ਕਰ ਦਿੱਤਾ ਗਿਆ। ਹਰਿਆਣਾ ਦੇ ਕਿਸਾਨਾਂ ਨੇ 25 ਨਵੰਬਰ ਨੂੰ ਹੀ ਤਿੰਨ ਨਾਕੇ ਭੰਨ ਦਿੱਤੇ ਤਾਂ ਪੰਜਾਬ ਦੇ ਨੌਜਵਾਨਾਂ ਦਾ ਇਰਾਦਾ ਦਿੱਲੀ ਪਹੁੰਚਣ ਦਾ ਹੋ ਗਿਆ। ਸਰਕਾਰ ਦੀ ਕਈ ਦਿਨਾਂ ਦੀ ਮਿਹਨਤ ਘੰਟਿਆਂ ਅੰਦਰ ਹੀ ਤਾਸ਼ ਦੇ ਪੱਤਿਆਂ ਵਾਂਗ ਖਿਲਰ ਗਈ। ਇਸ ਨਾਲ ਨੌਜਵਾਨਾਂ ਦੇ ਜਥੇਬੰਦੀਆਂ ਵੱਲੋਂ ਮਿਥੇ ਅਨੁਸ਼ਾਸਨ ਤੋਂ ਬਾਹਰ ਜਾਣ ਦਾ ਪ੍ਰਭਾਵ ਤਾਂ ਮਿਲਿਆ ਪਰ ਜਜ਼ਬੇ ਦੇ ਬਾਵਜੂਦ ਅਮਨ ਵਾਲੇ ਅੰਦੋਲਨ ਦਾ ਜ਼ਾਬਤਾ ਕਾਇਮ ਰਿਹਾ। ਅਥਰੂ ਗੈਸ ਦੇ ਗੋਲੇ ਸੁੱਟਣ ਵਾਲੇ ਪੁਲਿਸ ਮੁਲਾਜ਼ਮਾਂ ਨੂੰ ਲੰਗਰ ਛਕਾਉਣ ਤੇ ਪਾਣੀ ਪਿਲਾਉਣ ਦੀਆਂ ਘਟਨਾਵਾਂ ਨੇ ਭਾਈ ਘਨੱਈਆ ਦੀ ਅਦੁੱਤੀ ਮਿਸਾਲ ਦੀ ਯਾਦ ਤਾਜ਼ਾ ਕਰਵਾ ਦਿੱਤੀ।

ਇਹ ਦੋ ਮਹੀਨੇ ਦੇ ਮੋਰਚੇ ਇਕ ਤਰ੍ਹਾਂ ਅੰਦੋਲਨ ਲਈ ਵੱਡੇ ਅਤੇ ਬਿਨਾ ਕਿਸੇ ਭੇਦਭਾਵ ਵਾਲੇ ਸਕੂਲ ਦੀ ਸਿਖਲਾਈ ਸੀ ਜਿਸ ਨੇ ਇੱਕ ਸਮੂਹਿਕ ਚੇਤਨਾ ਵਿਕਸਤ ਕਰਨ ਵਿਚ ਭੂਮਿਕਾ ਨਿਭਾਈ। ਇਸ ਲੰਮੇ ਸਮੇਂ ਤੋਂ ਨਿਰਾਸ਼ਾ ਦੇ ਆਲਮ ਵਿਚ ਵਿਚਰਦੇ ਪੰਜਾਬੀ ਨੌਜਵਾਨ ਨੂੰ ਹਲੂਣਾ ਦਿੱਤਾ। ਇਸ ਤੋਂ ਪਹਿਲਾਂ ਦੇ ਹਾਲਾਤ ਸਾਡੇ ਸਾਹਮਣੇ ਹਨ ਕਿ ਪੰਜਾਬ ਦੇ ਨੌਜਵਾਨ ਦਾ ਇਸ ਧਰਤੀ ਉਤੇ ਜੀਅ ਲਗਣੋਂ ਹਟ ਗਿਆ। ਉਨ੍ਹਾਂ ਦੇ ਸੁਪਨੇ ਮਰ ਗਏ। ਸੁਪਨਿਆਂ ਵਿਚ ਗੁਰੂ ਦੇ ਨਾਮ ਉਤੇ ਵੱਸਦੇ ਪੰਜਾਬ ਦੀ ਥਾਂ ਅਮਰੀਕਾ, ਕੈਨੇਡਾ, ਯੂ.ਕੇ., ਆਸਟਰੇਲੀਆ ਅਤੇ ਨਿਊਜ਼ੀਲੈਂਡ ਵਰਗੇ ਦੇਸ਼ ਘੁੰਮਦੇ ਆ ਰਹੇ ਹਨ। ਇਸੇ ਕਰ ਕੇ ਆਈਲੈਟਸ ਕਰ ਕੇ ਹਰ ਸਾਲ ਲਗਭਗ ਡੇਢ ਲੱਖ ਬੱਚਾ ਪੰਜਾਬ ਨੂੰ ਅਲਵਿਦਾ ਕਹਿ ਰਿਹਾ ਹੈ। ਇਸ ਤੋਂ ਇਲਾਵਾ ਪੰਜ ਲੱਖ ਨੌਜਵਾਨ ਰਜਿਸਟਰਡ ਫਾਈਲਾਂ ਮੁਤਾਬਕ ਹਰ ਦਿਨ 'ਓਟ' ਕੇਂਦਰਾਂ ਤੋਂ ਨਸ਼ਾ ਛੁਡਾਉਣ ਵਾਲੀ ਗੋਲੀ ਮੂੰਹ ਵਿਚ ਪਵਾਉਣ ਲਈ ਕਤਾਰਾਂ ਵਿਚ ਖੜ੍ਹਾ ਦਿਖਾਈ ਦਿੰਦਾ ਹੈ। ਕਿਸਾਨ ਤੇ ਮਜ਼ਦੂਰ ਕਰਜ਼ੇ ਦੇ ਬੋਝ ਕਾਰਨ ਖੁਦਕੁਸ਼ੀਆਂ ਕਰ ਰਹੇ ਹਨ। ਸਮੂਹਿਕ ਨਿਰਾਸ਼ਾ ਵਿਚ ਵਿਚਰ ਰਹੇ ਪੰਜਾਬ ਨੂੰ ਇਸ ਅੰਦੋਲਨ ਨੇ ਨਵੀਂ ਸਵੇਰ ਦੀ ਤਰ੍ਹਾਂ ਲੜਾਈ ਦਾ ਜਜ਼ਬਾ ਅਤੇ ਆਪਣੀ ਤਾਕਤ ਪਛਾਨਣ ਦਾ ਮੌਕਾ ਦਿੱਤਾ ਹੈ। ਉਨ੍ਹਾਂ ਹੀ ਨੌਜਵਾਨਾਂ ਦੀ ਸਮੂਹਿਕ ਮਾਨਸਿਕਤਾ ਨੇ ਇਹ ਕ੍ਰਿਸ਼ਮਾ ਕਰ ਕੇ ਦਿਖਾ ਦਿੱਤਾ ਹੈ।

ਇਸ ਅੰਦੋਲਨ ਦੀ ਦੇਣ ਹੈ ਕਿ ਪਿੰਡਾਂ ਵਿਚ ਵੋਟ ਬੈਂਕ ਦੀ ਸਿਆਸਤ ਕਰ ਕੇ ਸਿਆਸੀ ਧਿਰਾਂ ਵੱਲੋਂ ਬਣਾਈ ਧੜੇਬੰਦੀ ਖਤਮ ਹੁੰਦੀ ਨਜ਼ਰ ਆ ਰਹੀ ਹੈ। ਹੁਣ ਤੱਕ ਪੰਚਾਇਤਾਂ ਵੀ ਪਿੰਡਾਂ ਦੀਆਂ ਨਹੀਂ ਬਲਕਿ ਧੜਿਆਂ (ਪਾਰਟੀਆਂ) ਦੀਆਂ ਬਣ ਰਹੀਆਂ ਸਨ। ਇਸੇ ਕਰ ਕੇ ਥਾਣਿਆਂ, ਕਚਹਿਰੀਆਂ ਤੋਂ




ਬਾਹਰ ਗੱਲ ਹੋਣੋਂ ਹੀ ਬੰਦ ਹੋ ਗਈ ਸੀ। ਹੁਣ ਪਾਰਟੀ ਦਾ ਕਾਰਕੁਨ ਕਹਾਉਣ ਦੇ ਬਜਾਇ ਲੋਕ ਕਿਸਾਨ ਅੰਦੋਲਨ ਦਾ ਹਿੱਸਾ ਅਤੇ ਕਿਸਾਨ ਜਥੇਬੰਦੀ ਦਾ ਝੰਡਾ ਚੁੱਕਣ ਵਿਚ ਮਾਣ ਮਹਿਸੂਸ ਕਰ ਰਹੇ ਹਨ। ਦਿੱਲੀ ਦੇ ਅੰਦੋਲਨ ਵਿਚ ਵਿਧਾਇਕ ਅਤੇ ਹੋਰ ਸਿਆਸੀ ਆਗੂ ਹੁਣ ਕਿਸਾਨੀ ਝੰਡਾ ਫੜ ਕੇ ਰਾਤਾਂ ਨੂੰ ਹਾਜ਼ਰੀ ਲਵਾਉਣ ਲਈ ਮਜਬੂਰ ਹਨ। ਇਹ ਅਲੱਗ ਗੱਲ ਹੈ ਕਿ ਅਜੇ ਵੀ ਸਾਡੀਆਂ ਸਿਆਸੀ ਧਿਰਾਂ ਦੀ ਮਾਨਸਿਕਤਾ ਵਿਚ ਮੋਕਲਾਪਣ ਨਹੀਂ ਆਇਆ, ਉਹ ਇਸ ਵੱਡੀ ਜਮਹੂਰੀ ਜੰਗ ਦੌਰਾਨ ਵੀ 2022 ਵਿਚ ਆਪਣੀ ਸਰਕਾਰ ਬਣਾਉਣ ਦੀ ਬਿਆਨਬਾਜ਼ੀ ਤੋਂ ਗੁਰੇਜ਼ ਨਹੀਂ ਕਰ ਰਹੀਆਂ। ਪਿੰਡਾਂ ਦਾ ਭਾਈਚਾਰਾ ਜੇ ਇਸੇ ਪਾਸੇ ਗਿਆ ਤੇ ਲੋਕ ਗ੍ਰਾਮ ਸਭਾਵਾਂ ਵਿਚ ਸੰਗਤੀ ਰੂਪ ਵਿਚ ਫੈਸਲੇ ਕਰਨ ਲੱਗ ਜਾਣ ਤਾਂ ਨਵੀਂ ਦੂਰ ਅੰਦੇਸ਼ ਸਿਆਸਤ ਲਈ ਵੀ ਰਾਹ ਨਿਕਲਣ ਦੇ ਆਸਾਰ ਬਣ ਸਕਦੇ ਹਨ।

ਕਿਸਾਨ ਬੀਬੀਆਂ ਦਾ ਵੱਡੀ ਗਿਣਤੀ ਵਿਚ ਮੈਦਾਨੇ ਜੰਗ ਵਿਚ ਨਿਤਰਨਾ ਉਸ ਦਿਸ਼ਾ ਵੱਲ ਕਦਮ ਹੈ ਕਿ ਅੱਗੋਂ ਸਮਾਜਿਕ ਅਤੇ ਸਿਆਸੀ ਖੇਤਰ ਵਿਚ ਵੀ ਉਨ੍ਹਾਂ ਦੀ ਹਿੱਸੇਦਾਰੀ ਦਾ ਰਾਹ ਮੋਕਲਾ ਹੋਣਾ ਸ਼ੁਰੂ ਹੋ ਗਿਆ ਹੈ। ਇਸ ਪਾਸੇ ਹੋਰ ਸੁਚੇਤ ਯਤਨ ਕਰਨ ਦੀ ਲੋੜ ਵੀ ਮਹਿਸੂਸ ਕੀਤੀ ਜਾ ਰਹੀ ਹੈ। ਇਹ ਅੰਦੋਲਨ ਕੇਵਲ ਤਿੰਨ ਖੇਤੀ ਕਾਨੂੰਨ ਵਾਪਸ ਕਰਵਾਉਣ ਜਾਂ ਫਸਲਾਂ ਦੇ ਸਮਰਥਨ ਮੁੱਲ ਤੋਂ ਸ਼ੁਰੂ ਹੋਇਆ ਪਰ ਹੁਣ ਇਹਦਾ ਦਾਇਰਾ ਇਸ ਤੋਂ ਕਿਤੇ ਅੱਗੇ ਚਲਾ ਗਿਆ ਹੈ। ਇਸ ਵਿਚੋਂ ਸਮਾਜਿਕ ਇਨਸਾਫ ਦੀਆਂ ਸੁਰਾਂ ਵੀ ਉਠਣੀਆਂ ਸ਼ੁਰੂ ਹੋਈਆਂ ਹਨ ਕਿ ਦਲਿਤ ਭਾਈਚਾਰੇ ਨੂੰ ਕਿਸ ਤਰ੍ਹਾਂ ਹਿੱਸੇਦਾਰੀ ਵਾਲੀ ਜਮਹੂਰੀ ਪ੍ਰਣਾਲੀ ਵਿਚ ਸਰਗਰਮ ਹਿੱਸੇਦਾਰ ਬਣਾਇਆ ਜਾਵੇ। ਭਾਵੇਂ ਅਜੇ ਇਹ ਦੱਬਵੀਂ ਸੁਰ ਹੀ ਹੈ ਪਰ ਸਹਿਯੋਗ ਲੈਣ ਅਤੇ ਦਿੱਤੇ ਜਾਣ ਦੇ ਕਾਰਨ ਚਰਚਾ ਇਸ ਪਾਸੇ ਵੀ ਚੱਲਣੀ ਸ਼ੁਰੂ ਹੋਈ ਹੈ।

ਕਿਸਾਨ ਆਗੂਆਂ ਅਤੇ ਮੰਤਰੀਆਂ ਦਰਮਿਆਨ ਹੋਣ ਵਾਲੀ ਗੱਲਬਾਤ ਹੁਣ ਨਿਰਣਾਇਕ ਪੜਾਅ ਉਤੇ ਪਹੁੰਚ ਚੁੱਕੀ ਹੈ। ਸਰਕਾਰੀ ਧਿਰ ਕਾਨੂੰਨ ਵਾਪਸੀ ਤੋਂ ਪਿੱਛੇ ਕਿਸੇ ਵੀ ਹੋਰ ਗੱਲ ਉਤੇ ਸਮਝੌਤੇ ਵੱਲ ਪਰਤਦੀ ਨਜ਼ਰ ਆ ਰਹੀ ਹੈ। ਕਿਸਾਨ ਆਗੂਆਂ ਨੂੰ ਸੰਗਤੀ ਫਰਮਾਨ ਹੈ ਕਿ ਕਾਨੂੰਨ ਵਾਪਸੀ ਤੋਂ ਘੱਟ ਸਮਝੌਤਾ ਕਬੂਲ ਕੀਤਾ ਜਾਣਾ ਸੰਭਵ ਨਹੀਂ ਹੈ। ਦੇਸ਼ ਭਰ ਵਿਚੋਂ ਕਿਸਾਨ ਦਿੱਲੀ ਵੱਲ ਵਹੀਰਾਂ ਘੱਤ ਰਹੇ ਹਨ। ਘੇਰਾ ਵਿਸ਼ਾਲ ਹੋ ਰਿਹਾ ਹੈ। ਕਿਸਾਨਾਂ ਨਾਲ ਹੋਈ ਪਿਛਲੀ ਗੱਲਬਾਤ ਦੌਰਾਨ ਜਦੋਂ ਇਹ ਦਲੀਲ ਦਿੱਤੀ ਗਈ ਕਿ ਇਹ ਕਾਨੂੰਨ ਗੈਰ ਸੰਵਿਧਾਨਕ ਹਨ ਕਿਉਂਕਿ ਖੇਤੀ ਸੱਤਵੇਂ ਸ਼ੈਡਿਊਲ ਦੀ ਐਂਟਰੀ 14 ਤਹਿਤ ਸੂਬੇ ਦਾ ਅਧਿਕਾਰ ਹੈ। ਕਿਸਾਨ ਵਪਾਰੀ ਨਹੀਂ, ਤੁਸੀਂ ਵਣਜ ਅਤੇ ਵਪਾਰ ਦੀ ਐਂਟਰੀ ਦਾ ਲਾਭ ਉਠਾ ਕੇ ਖੇਤੀ ਦੀ ਪ੍ਰੀਭਾਸ਼ਾ ਬਦਲਣ ਲੱਗੇ ਹੋ। ਹਾਲਾਂਕਿ ਉਸ ਉਤੇ ਕਾਨੂੰਨ ਵੀ ਸੂਬਾ ਸਰਕਾਰ ਦੀ ਰਾਇ ਨਾਲ ਹੀ ਬਣਾਇਆ ਜਾ ਸਕਦਾ ਹੈ। ਸਰਕਾਰੀ ਧਿਰ ਵਾਲੇ ਪਾਸਿਓਂ ਜਵਾਬ ਆਇਆ ਸੀ ਕਿ ਜੇ ਤੁਹਾਨੂੰ ਇਹ ਲੱਗਦਾ ਹੈ ਤਾਂ ਸੁਪਰੀਮ ਕੋਰਟ ਜਾਣਾ ਚਾਹੀਦਾ ਸੀ। ਜੰਮੂ ਕਸ਼ਮੀਰ ਦੇ ਵਿਸ਼ੇਸ਼ ਰੁਤਬੇ ਨੂੰ ਤੋੜ ਕੇ ਦੋ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿਚ ਟੁਕੜੇ ਕਰ ਦੇਣ ਦਾ ਮਾਮਲਾ ਸੁਪਰੀਮ ਕੋਰਟ ਵਿਚ ਠੰਢੇ ਬਸਤੇ ਵਿਚ ਪਿਆ ਹੈ। ਨਾਗਰਿਕ ਸੋਧ ਕਾਨੂੰਨ ਦੇ ਖਿਲਾਫ ਪਟੀਸ਼ਨ ਸੁਪਰੀਮ ਕੋਰਟ ਵਿਚ ਪਈ ਹੈ। ਇੱਥੋਂ ਤੱਕ ਕਿ ਸੁਪਰੀਮ ਕੋਰਟ ਵਿਚ ਜੰਮੂ ਕਸ਼ਮੀਰ ਦੇ ਤਾਂ ਜ਼ਿੰਦਗੀ ਦਾ ਅਧਿਕਾਰ ਬਚਾਉਣ ਲਈ ਹੈਬਸ ਕਾਰਪਸ (ਬੰਦੀ ਪੇਸ਼ ਕਰਨ) ਦੇ ਸੈਂਕੜੇ ਕੇਸ ਪਏ ਹਨ। ਜਮਹੂਰੀਅਤ ਵਿਚ ਜਨਤਕ ਅੰਦੋਲਨਾਂ ਅਤੇ ਲੋਕਾਂ ਦੀ ਰਾਇ ਸੁਪਰੀਮ ਮੰਨੀ ਜਾਂਦੀ ਹੈ। ਦੇਸ਼ ਵਿਚ ਸੁਪਰੀਮ ਕੋਰਟ ਦੇ ਕਿੰਨੇ ਹੀ ਫੈਸਲੇ ਪਾਰਲੀਮੈਂਟ ਵਿਚ ਨਵਾਂ ਕਾਨੂੰਨ ਬਣਾ ਕੇ ਰੱਦ ਕਰ ਦਿੱਤੇ ਗਏ ਹਨ। ਕਿਸਾਨਾਂ ਦੇ ਮਾਮਲੇ ਵਿਚ ਸਰਕਾਰ ਜਾਂ ਪਾਰਲੀਮੈਂਟ ਕਿਉਂ ਉਨ੍ਹਾਂ ਦੀਆਂ ਠੋਸ ਦਲੀਲਾਂ ਅਤੇ ਭਾਵਨਾਵਾਂ ਦੀ ਕਦਰ ਕਰਦਿਆਂ ਇਨ੍ਹਾਂ ਕਾਨੂੰਨਾਂ ਨੂੰ ਵਾਪਸ ਨਹੀਂ ਲੈ ਸਕਦੀ?

ਜੇ ਦੇਸ਼ ਵਿਚ ਲੋਕ ਸੁਪਰੀਮ ਹਨ ਤਾਂ ਨੋਟਬੰਦੀ ਵਾਂਗ ਗਲਤ ਫੈਸਲੇ ਲੈ ਕੇ ਵੀ ਉਸ ਨੂੰ ਵਾਜਬ ਕਰਾਰ ਦੇਣ ਨਾਲ ਪਿੱਛੇ ਨਾ ਹਟਣ ਵਾਲੇ ਆਗੂ ਦੀ ਛਵੀ ਦੀ ਹਉਮੈ ਤੋਂ ਪਿੱਛੇ ਹਟਣ ਦੀ ਲੋੜ ਹੈ। ਲੋਕਾਂ ਦੀ ਮੰਨਣ ਵਾਲੇ ਆਗੂ ਦਾ ਕੱਦ ਹਮੇਸ਼ਾ ਵਧਦਾ ਹੈ ਘਟਦਾ ਨਹੀਂ ਹੈ। ਇਸ ਤੋਂ ਪਹਿਲਾਂ 1975 ਵਿਚ ਬਿਹਾਰ ਦੇ ਵਿਦਿਆਰਥੀਆਂ ਦਾ ਬੇਰੁਜ਼ਗਾਰੀ ਨੂੰ ਲੈ ਕੇ ਚੱਲਿਆ ਅੰਦੋਲਨ ਅੱਗੋਂ ਜੈ ਪ੍ਰਕਾਸ਼ ਨਾਰਾਇਣ ਦੀ ਅਗਵਾਈ ਵਿਚ ਸਿਆਸੀ ਅੰਦੋਲਨ ਵਿਚ ਬਦਲ ਗਿਆ ਸੀ। ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਚੋਣ ਜਦੋਂ ਹੇਠਲੀ ਅਦਾਲਤ ਨੇ ਰੱਦ ਕਰ ਦਿੱਤੀ ਤਾਂ ਸੁਪਰੀਮ ਕੋਰਟ ਨੇ ਸ਼ਰਤਾਂ ਨਾਲ ਉਸ ਹੁਕਮ ਉਤੇ ਰੋਕ ਲਗਾ ਦਿੱਤੀ ਸੀ। ਉਸ ਸਮੇਂ ਮਜ਼ਬੂਤ ਆਗੂ ਦੀ ਛਵੀ ਨੇ ਹੀ ਕੰਮ ਖਰਾਬ ਕੀਤਾ ਸੀ ਕਿ ਜਮਹੂਰੀ ਤਰੀਕੇ ਨਾਲ ਫੈਸਲੇ ਲੈਣ ਦੇ ਬਜਾਇ ਸਾਰੇ ਦੇਸ਼ ਨੂੰ ਐਮਰਜੈਂਸੀ ਦੇ ਹਵਾਲੇ ਕਰ ਦਿੱਤਾ ਗਿਆ। ਵਿਰੋਧੀ ਸਿਆਸੀ ਆਗੂਆਂ, ਹੋਰ ਸਿਆਸੀ ਤੇ ਸਮਾਜਿਕ ਕਾਰਕੁਨਾਂ ਨੂੰ ਜੇਲ੍ਹਾਂ ਵਿਚ ਸੁੱਟ ਦਿੱਤਾ ਗਿਆ ਸੀ। ਇਹ ਉਸ ਵਕਤ ਹੋਇਆ ਸੀ ਜਦੋਂ 1971 ਦੀ ਜੰਗ ਜਿੱਤ ਕੇ 'ਦੁਰਗਾ' ਦਾ ਖਿਤਾਬ ਪ੍ਰਾਪਤ ਅਤੇ 'ਗਰੀਬੀ ਹਟਾਓ' ਦੇ ਨਾਹਰੇ ਹੇਠ ਵੱਡੀ ਬਹੁਗਿਣਤੀ ਨਾਲ ਜਿੱਤੀ ਪ੍ਰਧਾਨ ਮੰਤਰੀ ਕੁਰਸੀ ਉਤੇ ਬਿਰਾਜਮਾਨ ਸੀ। ਇਸ ਸਮੇਂ ਸਰਕਾਰ ਜੇ ਲੋਕ ਭਾਵਨਾਵਾਂ ਦੀ ਕਦਰ ਨਹੀਂ ਕਰਦੀ ਤਾਂ ਦਿੱਲੀ ਦੇ ਦੁਆਲੇ ਬੈਠੇ ਕਿਸਾਨ ਅਤੇ ਹੋਰਾਂ ਸਭ ਥਾਵਾਂ ਉਤੇ ਉਨ੍ਹਾਂ ਦੀ ਹਮਾਇਤ ਕਰ ਰਹੇ ਲੋਕ ਕੀ ਕਰਨਗੇ? ਇਹ ਸੁਆਲ ਭਵਿੱਖ ਦੇ ਗਰਭ ਵਿਚ ਹੈ। ਕੀ ਜੇ.ਪੀ. ਦੀ ਤਰ੍ਹਾਂ ਸਿਵਲ ਨਾਫਰਮਾਨੀ ਵਰਗਾ ਵੱਡਾ ਸਿਆਸੀ ਅੰਦੋਲਨ ਜਨਮ ਲਵੇਗਾ ਜਾਂ ਕੇਂਦਰੀ ਸਰਕਾਰ ਕਾਨੂੰਨਾਂ ਨੂੰ ਕਾਇਮ ਰੱਖਣ 'ਚ ਕਾਮਯਾਬ ਹੋ ਜਾਵੇਗੀ?

# ਹੁਣ ਬੈਂਕਿੰਗ ਪ੍ਰਣਾਲੀ ਦੀ ਤਬਾਹੀ!

ਭਾਰਤ ਵਿਚ ਲਕਸ਼ਮੀ ਵਿਲਾਸ ਬੈਂਕ ਦੇ ਸੰਕਟ ਨਾਲ ਸਬੰਧਤ ਖਬਰਾਂ ਸਾਰੇ ਅਖਬਾਰਾਂ ਦੇ ਪਹਿਲੇ ਪੰਨੇ ਉਤੇ ਪ੍ਰਮੁੱਖਤਾ ਨਾਲ ਪ੍ਰਕਾਸ਼ਤ ਹੋਈਆਂ। ਲਕਸ਼ਮੀ ਵਿਲਾਸ ਬੈਂਕ ਦੀ ਅਸਫਲਤਾ ਪਿਛਲੇ 15 ਮਹੀਨਿਆਂ ਵਿਚ ਪੀ.ਐਮ.ਸੀ. ਬੈਂਕ ਅਤੇ ਯੈੱਸ ਬੈਂਕ ਤੋਂ ਬਾਅਦ ਭਾਰਤੀ ਬੈਂਕਾਂ ਦੀ ਤੀਜੀ ਵੱਡੀ ਨਾਕਾਮੀ ਹੈ। ਭਾਵੇਂ ਅਸਫਲ ਹੋਏ ਤਿੰਨੋਂ ਬੈਂਕਾਂ ਦਾ ਸਮਾਂ, ਹਾਲਾਤ ਅਤੇ ਪ੍ਰਬੰਧਨ ਅਲਗ-ਅਲਗ ਹਨ, ਪਰ ਇਨ੍ਹਾਂ ਵਿਚਕਾਰ ਇਕ ਸਾਂਝ ਜ਼ਰੂਰ ਨਜ਼ਰ ਆਉਂਦੀ ਹੈ। ਇਨ੍ਹਾਂ ਤਿੰਨੋਂ ਬੈਂਕਾਂ ਨੇ ਪਿਛਲੇ ਕੁਝ ਸਮੇਂ ਦੌਰਾਨ

**ਰਾਜੀਵ ਖੋਸਲਾ**

ਆਮ ਲੋਕਾਂ ਤੇ ਛੋਟੇ ਵਪਾਰੀਆਂ ਨੂੰ ਕਰਜ਼ੇ ਦੇਣ ਦੀ ਜਗ੍ਹਾ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਗਲਤ ਢੰਗ ਨਾਲ ਕਰਜ਼ੇ ਦੇਣੇ ਸ਼ੁਰੂ ਕਰ ਦਿੱਤੇ ਸਨ। ਇਸ ਦਾ ਪਤਾ ਪੀ.ਐਮ.ਸੀ. ਬੈਂਕ ਦੁਆਰਾ ਹਾਊਸਿੰਗ ਡਿਵੈਲਪਮੈਂਟ ਇਨਫਰਾਸਟਰਕਚਰ ਲਿਮਟਿਡ ਦੇ 6500 ਕਰੋੜ ਰੁਪਏ, ਯੈੱਸ ਬੈਂਕ ਦੁਆਰਾ ਜੈੱਟ ਏਅਰਵੇਜ, ਕੌਕਸ ਐਂਡ ਕਿੰਗਜ਼, ਕੈਫੇ ਕੌਫੀ ਡੇ ਆਦਿ ਦੇ 4300 ਕਰੋੜ ਰੁਪਏ ਅਤੇ ਲਕਸ਼ਮੀ ਵਿਲਾਸ ਬੈਂਕ ਦੁਆਰਾ ਰੈਨਬੈਕਸੀ ਅਤੇ ਫੋਰਟਿਸ ਹਸਪਤਾਲਾਂ ਦੇ ਮਾਲਕਾਂ ਨੂੰ ਲਗਭਗ 800 ਕਰੋੜ ਰੁਪਏ ਦੇ ਘੁਟਾਲਿਆਂ ਤੋਂ ਲਗਦਾ ਹੈ।

ਲਕਸ਼ਮੀ ਵਿਲਾਸ ਬੈਂਕ ਦਾ ਸਾਰਾ ਸੰਕਟ ਮਲਵਿੰਦਰ ਸਿੰਘ ਅਤੇ ਸ਼ਵਿੰਦਰ ਸਿੰਘ ਦੀਆਂ ਕੰਪਨੀਆਂ ਨਾਲ ਜੁੜਿਆ ਹੈ। ਦਰਅਸਲ ਮਲਵਿੰਦਰ ਮੋਹਨ ਸਿੰਘ ਅਤੇ ਸ਼ਵਿੰਦਰ ਮੋਹਨ ਸਿੰਘ ਜੋ ਰੈਨਬੈਕਸੀ - ਆਰ.ਐਚ.ਸੀ. ਹੋਲਡਿੰਗ ਲਿਮਟਿਡ, ਰੇਨਕੇਮ ਪ੍ਰਾਈਵੇਟ ਲਿਮਟਿਡ, ਰੇਲੀਗੇਅਰ ਫਿਨਵੈਸਟ ਲਿਮਟਿਡ (ਆਰ.ਐਫ.ਐਲ.) ਅਤੇ ਫੋਰਟਿਸ ਹਸਪਤਾਲਾਂ ਦੇ ਮਾਲਕ ਰਹੇ ਹਨ, ਨੇ ਨਵੰਬਰ 2016 ਵਿਚ ਆਰ.ਐਫ.ਐਲ. ਦੇ 400 ਕਰੋੜ ਰੁਪਏ ਲਕਸ਼ਮੀ ਵਿਲਾਸ ਬੈਂਕ ਕੋਲ ਫਿਕਸਡ ਡਿਪਾਜ਼ਿਟ (ਐਫ.ਡੀ.) ਰਾਹੀਂ ਜਮ੍ਹਾਂ ਕਰਵਾਏ। ਜਨਵਰੀ 2017 ਵਿਚ ਆਰ.ਐਫ.ਐਲ. ਦੇ ਮੁੜ 350 ਕਰੋੜ ਰੁਪਏ ਦੀ ਰਕਮ ਇਸ ਬੈਂਕ ਕੋਲ ਇੱਕ ਹੋਰ ਐਫ.ਡੀ. ਰਾਹੀਂ ਜਮ੍ਹਾਂ ਕਰਵਾਈ ਗਈ। ਜੁਲਾਈ 2017 ਵਿਚ ਆਰ.ਐਫ.ਐਲ. ਕੰਪਨੀ ਦੇ ਅਧਿਕਾਰੀਆਂ ਨੂੰ ਪਤਾ ਲੱਗਾ ਕਿ ਲਕਸ਼ਮੀ ਵਿਲਾਸ ਬੈਂਕ ਨੇ ਐਫ.ਡੀ. ਵਾਲੀ ਰਕਮ ਵਿਆਜ ਸਮੇਤ ਆਰ.ਐਫ.ਐਲ. ਦੇ ਚਾਲੂ ਖਾਤੇ ਵਿਚ ਜਮ੍ਹਾਂ ਕਰਵਾਈ ਅਤੇ ਬਾਅਦ ਵਿਚ ਬਿਨਾਂ ਕਿਸੇ ਪੂਰਵ ਜਾਣਕਾਰੀ ਦੇ 7.23 ਕਰੋੜ ਰੁਪਏ ਦੀ ਰਕਮ ਵਾਪਸ ਵੀ ਲੈ ਲਈ ਹੈ। ਪੜਤਾਲ ਤੋਂ ਪਤਾ ਲੱਗਾ ਕਿ ਬੈਂਕ ਦੇ ਕੁਝ ਉਚ ਅਧਿਕਾਰੀਆਂ ਨੇ ਮਲਵਿੰਦਰ ਮੋਹਨ ਸਿੰਘ ਅਤੇ ਸ਼ਵਿੰਦਰ ਮੋਹਨ ਸਿੰਘ ਦੀ ਮਿਲੀਭੁਗਤ ਨਾਲ ਰਸਮੀ ਕਾਰਵਾਈਆਂ ਪੂਰੀਆਂ ਕੀਤੇ ਬਿਨਾਂ ਇਸ ਰਾਸ਼ੀ ਨੂੰ ਕਰਜ਼ੇ ਦੇ ਤੌਰ 'ਤੇ ਉਨ੍ਹਾਂ ਨੂੰ ਦੇ ਦਿੱਤਾ ਹੈ। ਘੁਟਾਲਾ ਸਾਹਮਣੇ ਆਉਣ ਤੋਂ ਬਾਅਦ ਜਮ੍ਹਾਂਕਰਤਾਵਾਂ ਨੇ ਵੀ ਆਪਣੀ ਜਮ੍ਹਾਂ ਰਕਮ ਕਢਵਾਉਣੀ ਸ਼ੁਰੂ ਕਰ ਦਿੱਤੀ।

ਬੈਂਕ ਦੀ ਸਾਖ ਡਿੱਗਣ ਕਾਰਨ ਚੇਨੱਈ ਆਧਾਰਿਤ 93 ਸਾਲ ਪੁਰਾਣੇ ਇਸ ਬੈਂਕ ਦੀ ਵਿੱਤੀ ਹਾਲਤ ਕਮਜ਼ੋਰ ਹੋਣ ਲੱਗੀ ਅਤੇ ਪਿਛਲੇ ਤਿੰਨ ਸਾਲਾਂ ਤੋਂ ਬੈਂਕ ਨੂੰ ਲਗਾਤਾਰ ਘਾਟਾ ਹੋ ਰਿਹਾ ਸੀ। ਬੈਂਕ ਨੂੰ ਨੁਕਸਾਨ ਵਿਚ ਘਿਰਦਾ ਦੇਖ ਬੈਂਕ ਪ੍ਰਬੰਧਕਾਂ ਨੇ ਕੁਝ ਖਾਸ ਨਿਵੇਸ਼ਕਾਂ ਨਾਲ ਗੱਲਬਾਤ ਕੀਤੀ ਤਾਂ ਜੋ ਵਾਧੂ ਰਕਮ ਬੈਂਕ ਨੂੰ ਮੁਹੱਈਆ ਕਰਵਾਈ ਜਾ ਸਕੇ, ਪਰ ਕੋਈ ਠੋਸ ਸਿੱਟਾ ਪੇਸ਼ ਨਹੀਂ ਹੋ ਸਕਿਆ। ਅੰਤ ਵਿੱਤ ਮੰਤਰਾਲੇ ਨੇ ਬੈਂਕ ਦੇ ਜਮ੍ਹਾਂਕਰਤਾਵਾਂ 'ਤੇ 25000 ਰੁਪਏ ਤੋਂ ਵੱਧ ਦੀ ਰਾਸ਼ੀ ਇਕ ਮਹੀਨੇ ਲਈ (16 ਦਸੰਬਰ ਤਕ) ਕਢਵਾਉਣ 'ਤੇ ਰੋਕ ਲਾ ਦਿੱਤੀ ਅਤੇ ਕੇਂਦਰੀ ਬੈਂਕ ਨੇ ਇਸ ਬੈਂਕ ਨੂੰ ਸਿੰਗਾਪੁਰ ਦੇ ਡੀ.ਬੀ.ਐਸ. ਬੈਂਕ ਨਾਲ ਜੋੜਨ ਲਈ ਇਕ ਯੋਜਨਾ ਲਾਗੂ ਕਰਨ ਦਾ ਫੈਸਲਾ ਕੀਤਾ ਹੈ। ਭਾਵੇਂ ਬੈਂਕਾਂ ਨੂੰ ਬਚਾਉਣ ਲਈ ਅਜਿਹੇ ਆਸ਼ਥਾਈ ਯਤਨ ਲਗਾਤਾਰ ਕੀਤੇ ਜਾ ਰਹੇ ਹਨ, ਪਰ ਸਵਾਲ ਇਹ ਹੈ ਕਿ ਕੀ ਭਵਿੱਖ ਵਿਚ ਸਾਡੇ ਬੈਂਕ ਅਤੇ ਉਨ੍ਹਾਂ ਵਿਚ ਜਮ੍ਹਾਂ ਸਾਡੀਆਂ ਰਕਮਾਂ ਸੁਰੱਖਿਅਤ ਹਨ?

ਸਰਕਾਰਾਂ ਦੁਆਰਾ ਲਾਗੂ ਕੀਤੀਆਂ ਨੀਤੀਆਂ ਦੇ ਅਸਲ ਨਤੀਜੇ ਤਾਂ ਇਕ ਸਮੇਂ ਬਾਅਦ ਹੀ ਆਉਂਦੇ ਹਨ। ਜੇ ਅਸੀਂ ਮੋਦੀ ਸਰਕਾਰ ਵੱਲੋਂ 5 ਸਾਲ ਪਹਿਲਾਂ ਲਾਗੂ ਕੀਤੀਆਂ ਨੀਤੀਆਂ ਵੱਲ ਝਾਤੀ ਮਾਰੀਏ, ਤਾਂ ਸਪਸ਼ਟ ਹੋ ਜਾਂਦਾ ਹੈ ਕਿ ਮੋਦੀ ਸਰਕਾਰ ਦਾ ਰੁਝਾਨ ਜਨਤਕ ਖੇਤਰ ਦੇ ਬੈਂਕਾਂ ਨੂੰ ਘਟਾ ਕੇ ਪ੍ਰਾਈਵੇਟ ਖੇਤਰ ਦੇ ਬੈਂਕਾਂ ਨੂੰ ਖੋਲ੍ਹਣ ਵੱਲ ਰਿਹਾ ਹੈ। ਜਿਥੇ ਇਕ ਪਾਸੇ ਸਰਕਾਰ ਨੇ ਤਰਕਹੀਣ ਬਿਆਨ ਦੇ ਕੇ ਜਨਤਕ ਖੇਤਰ ਦੇ ਬੈਂਕਾਂ ਦਾ ਰਲੇਵਾਂ ਕਰਦਿਆਂ ਉਨ੍ਹਾਂ ਦੀ ਗਿਣਤੀ ਨੂੰ 27 (2017) ਤੋਂ ਘਟਾ ਕੇ 12 (2020) ਕਰ ਦਿੱਤਾ ਹੈ, ਉਥੇ ਹੀ ਬੰਧਨ ਅਤੇ ਆਈ.ਡੀ.ਐਫ.ਸੀ. ਵਰਗੇ ਪ੍ਰਾਈਵੇਟ ਬੈਂਕਾਂ ਨੂੰ ਬੈਂਕਿੰਗ ਖੇਤਰ ਵਿਚ ਕੰਮ ਕਰਨ ਦੀ ਆਗਿਆ ਦੇ ਕੇ ਆਪਣੇ ਇਰਾਦਿਆਂ ਨੂੰ ਸਿਰੇ ਲਾਇਆ ਹੈ। ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਤਾਜ਼ਾ ਅੰਕੜੇ ਵੀ ਇਸ਼ਾਰਾ ਕਰਦੇ ਹਨ ਕਿ ਭਾਰਤ ਵਿਚ ਜਨਤਕ ਬੈਂਕਾਂ ਦੁਆਰਾ ਜਾਰੀ ਕਰਜ਼ਿਆਂ ਦੀ ਹਿੱਸੇਦਾਰੀ ਸਾਲ 2015 ਵਿਚ 74.28 ਫੀਸਦ ਸੀ ਜੋ 2020 ਵਿਚ ਘਟ ਕੇ 59.8 ਫੀਸਦ ਰਹਿ ਗਈ ਹੈ ਅਤੇ ਇਸੇ ਮਿਆਦ ਵਿਚ ਪ੍ਰਾਈਵੇਟ ਬੈਂਕਾਂ ਦੀ ਹਿੱਸੇਦਾਰੀ 21.26 ਫੀਸਦ ਤੋਂ ਵਧ ਕੇ 36.04 ਫੀਸਦ ਹੋ ਗਈ। ਜਮ੍ਹਾਂ ਰਕਮਾਂ ਵੀ ਇਹੋ ਕਹਾਣੀ ਬਿਆਨਦੀਆਂ ਹਨ।

ਕਿੰਨੀ ਹੈਰਾਨੀ ਦੀ ਗੱਲ ਹੈ ਕਿ ਸਰਕਾਰ ਖੁਦ ਹੀ ਗੈਰ-ਪਾਰਦਰਸ਼ੀ ਢੰਗ ਨਾਲ ਇਲੈਕਟੋਰਲ ਬਾਂਡਾਂ ਰਾਹੀਂ ਉਦਯੋਗਪਤੀਆਂ ਤੋਂ ਫੰਡ ਲੈ ਕੇ ਅਤੇ ਉਨ੍ਹਾਂ ਦੇ ਕਰਜ਼ੇ ਮੁਆਫ ਕਰ ਕੇ ਜਨਤਕ ਖੇਤਰ ਦੇ ਬੈਂਕਾਂ ਨੂੰ ਬਿਮਾਰ ਬਣਾ ਰਹੀ ਹੈ ਤੇ ਫੇਰ ਉਨ੍ਹਾਂ ਦੇ ਹੀ ਰਲੇਵੇਂ ਕਰ ਰਹੀ ਹੈ, ਪਰ ਜਿਹੜੇ ਪ੍ਰਾਈਵੇਟ ਬੈਂਕਾਂ ਵੱਲ ਸਰਕਾਰ ਦਾ ਝੁਕਾਅ ਹੈ ਉਹ ਭ੍ਰਿਸ਼ਟਾਚਾਰ ਵਿਚ ਫਸ ਕੇ ਅਸਫਲ ਹੋ ਰਹੇ ਹਨ। ਭਾਵੇਂ ਜਨਤਕ ਬੈਂਕਾਂ ਬਿਮਾਰ ਹੋਣ ਜਾਂ ਪ੍ਰਾਈਵੇਟ ਬੈਂਕ ਅਸਫਲ, ਮਾਰ ਤਾਂ ਦੋਨੋਂ ਪਾਸੇ ਆਮ ਜਨਤਾ ਨੂੰ ਹੀ ਪੈ ਰਹੀ ਹੈ। ਹੁਣ ਇਸ ਲੜੀ ਵਿਚ ਇਕ ਹੋਰ ਨਵਾਂ ਅਧਿਆਇ ਜੁੜਨ ਜਾ ਰਿਹਾ, ਜਿਸ ਦੇ ਲਾਗੂ ਹੋਣ ਨਾਲ ਆਮ ਜਨਤਾ ਖੂਨ ਦੇ ਹੰਝੂ ਰੋਣ ਤੇ ਮਜਬੂਰ ਹੋ ਜਾਵੇਗੀ। ਦਰਅਸਲ ਭਾਰਤੀ ਰਿਜ਼ਰਵ ਬੈਂਕ ਵੱਲੋਂ ਸਥਾਪਤ ਕੀਤੇ ਗਏ ਅੰਦਰੂਨੀ ਕੰਮਕਾਜੀ ਸਮੂਹ (ਆਈ.ਡਬਲਿਊ.ਜੀ.) ਨੇ ਕਈ ਸਿਫਾਰਿਸ਼ਾਂ ਕੀਤੀਆਂ ਹਨ, ਜਿਨ੍ਹਾਂ ਵਿਚ ਪ੍ਰਮੁੱਖ ਹਨ ਕਿ ਬੈਂਕਿੰਗ ਰੈਗੂਲੇਸ਼ਨਜ਼ ਐਕਟ ਵਿਚ ਲੋੜੀਂਦੀਆਂ ਸੋਧਾਂ ਮਗਰੋਂ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਪ੍ਰਾਈਵੇਟ ਬੈਂਕ ਪ੍ਰਮੋਟ ਕਰਨ ਦੀ ਆਗਿਆ ਦਿੱਤੀ ਜਾਵੇ, 15 ਸਾਲ ਪੁਰਾਣੇ ਪ੍ਰਮੋਟਰਾਂ ਦੀ ਹਿੱਸੇਦਾਰੀ ਮੌਜੂਦਾ 15 ਫੀਸਦੀ ਤੋਂ ਵਧਾ ਕੇ 26 ਫੀਸਦੀ ਕੀਤੀ ਜਾਵੇ ਅਤੇ ਗੈਰ-ਬੈਂਕ ਵਿੱਤੀ ਕੰਪਨੀਆਂ (ਟਾਟਾ ਕੈਪੀਟਲ, ਅਦਿਤਿਆ ਬਿਰਲਾ ਕੈਪੀਟਲ, ਮੁਥੂਟ ਫਾਇਨਾਂਸ ਆਦਿ) ਜਿਨ੍ਹਾਂ ਦੀ ਸੰਪਤੀ 50,000 ਕਰੋੜ ਰੁਪਏ ਜਾਂ ਇਸ ਤੋਂ ਵੱਧ ਹੈ, ਬੈਂਕਿੰਗ ਲਾਇਸੈਂਸ ਲੈ ਸਕਣ।

ਪਹਿਲੀ ਤਜਵੀਜ਼ ਦੇ ਲਾਗੂ ਹੋਣ ਦਾ ਅਰਥ ਹੈ ਬੈਂਕਿੰਗ ਰੈਗੂਲੇਸ਼ਨਜ਼ ਐਕਟ ਨੂੰ ਕਮਜ਼ੋਰ ਕਰਨਾ, ਜਨਤਕ ਖੇਤਰ ਦੇ ਬੈਂਕਾਂ ਦੀ ਹੋਰ ਘੱਟ ਗਿਣਤੀ ਅਤੇ ਪ੍ਰਾਈਵੇਟ ਬੈਂਕਾਂ ਨੂੰ ਸਿਆਸਤਦਾਨਾਂ ਅਤੇ ਕਾਰਪੋਰੇਟਾਂ ਦੇ ਗਠਜੋੜ ਨਾਲ ਖੁੱਲ੍ਹੀ ਲੁੱਟ ਦੀ ਆਗਿਆ। ਇਤਿਹਾਸ ਗਵਾਹ ਹੈ ਕਿ 1947 ਤੋਂ 1968 ਤਕ ਭਾਰਤ ਵਿਚ 559 ਪ੍ਰਾਈਵੇਟ ਬੈਂਕ ਡੁੱਬੇ, ਜਿਸ ਕਾਰਨ ਜਮ੍ਹਾਂਕਰਤਾਵਾਂ ਨੂੰ ਵੱਡੇ ਪੱਧਰ 'ਤੇ ਆਪਣੀਆਂ ਰਕਮਾਂ ਤੋਂ ਹੱਥ ਧੋਣੇ ਪਏ। ਬੈਂਕਾਂ ਡੁੱਬਣ ਦਾ ਮੁੱਖ ਕਾਰਨ ਸੀ ਬੈਂਕ ਪ੍ਰਮੋਟਰਾਂ ਦਾ ਗੈਰ ਜ਼ਿੰਮੇਵਾਰਾਨਾ ਢੰਗ ਨਾਲ ਜਮ੍ਹਾਂ ਰਕਮ ਦਾ ਆਪਣੇ ਕਾਰੋਬਾਰਾਂ ਵਿਚ ਨਿਵੇਸ਼ ਕਰਨਾ। ਜਦੋਂ ਅਸੀਂ ਅੱਜ ਬੈਂਕਿੰਗ ਰੈਗੂਲੇਸ਼ਨਜ਼ ਐਕਟ ਦੇ ਮਜ਼ਬੂਤ ਸਥਿਤੀ ਵਿਚ ਰਹਿੰਦੇ ਪ੍ਰਾਈਵੇਟ ਬੈਂਕਾਂ ਦੇ ਘੁਟਾਲਿਆਂ ਨੂੰ ਠੱਲ੍ਹ ਪਾਉਣ ਵਿਚ ਨਾਕਾਮਯਾਬ ਹਾਂ, ਤਾਂ ਭਵਿੱਖ ਵਿਚ ਕੀ ਹੋਵੇਗਾ ਇਸ ਦਾ ਅਨੁਮਾਨ ਲਾਉਣਾ ਮੁਸ਼ਕਲ ਨਹੀਂ।

ਕੁਝ ਸਮਾਂ ਪਹਿਲਾਂ ਤਕ ਕੇਂਦਰੀ ਬੈਂਕ, ਪ੍ਰਾਈਵੇਟ ਬੈਂਕਾਂ ਨੂੰ ਉਨ੍ਹਾਂ ਦੇ ਵਧ ਤੋਂ ਵਧ ਸ਼ੇਅਰ ਆਮ ਜਨਤਾ ਨੂੰ ਵੇਚਣ ਦੀ ਸਲਾਹ ਦੇ ਰਿਹਾ ਸੀ ਤਾਂ ਜੋ ਪ੍ਰਾਈਵੇਟ ਬੈਂਕਾਂ ਦੇ ਲੈਣ-ਦੇਣ ਵਿਚ ਪਾਰਦਰਸ਼ਤਾ ਆ ਜਾਵੇ, ਪਰ ਹੁਣ ਗੱਲ ਪ੍ਰਮੋਟਰਾਂ ਦੀ ਹਿੱਸੇਦਾਰੀ ਨੂੰ ਵਧਾਉਣ ਦੀ ਹੋ ਰਹੀ ਹੈ, ਜਿਸਦਾ ਮਤਲਬ ਹੈ ਪ੍ਰਾਈਵੇਟ ਬੈਂਕਾਂ ਦਾ ਵੀ ਬੁਨਿਆਦੀ ਤੌਰ 'ਤੇ ਕਮਜ਼ੋਰ ਹੋਣਾ। ਕਿਉਂਕਿ ਸਰਕਾਰ ਆਪ ਤਾਂ ਆਰਥਿਕ ਤੌਰ 'ਤੇ ਕਮਜ਼ੋਰ ਹੋਣ ਕਾਰਨ ਪ੍ਰਾਈਵੇਟ ਬੈਂਕਾਂ ਦੀ ਕੋਈ ਮਦਦ ਨਹੀਂ ਕਰ ਸਕਦੀ ਅਤੇ ਵਧਦੀ ਬੇਰੁਜ਼ਗਾਰੀ ਤੇ ਅਨਿਸ਼ਚਿਤ ਆਰਥਿਕ ਮਾਹੌਲ ਕਾਰਨ ਆਮ ਲੋਕਾਂ ਕੋਲ ਵੀ ਨਿਵੇਸ਼ ਕਰਨ ਲਾਇਕ ਰਕਮ ਘਟ ਗਈ ਹੈ। ਇਸ ਲਈ ਬੈਂਕ ਦੇ ਪ੍ਰਮੋਟਰਾਂ ਦੀ ਆਪਣੀ ਹਿੱਸੇਦਾਰੀ ਵਧਾਉਣਾ ਹੀ ਸਭ ਤੋਂ ਸੌਖਾ ਰਾਹ ਬਚਦਾ ਹੈ। ਹਾਲਾਂਕਿ ਅੰਦਰੂਨੀ ਕਾਰਜਕਾਰੀ ਸਮੂਹ ਭਵਿੱਖ ਵਿਚ ਕਿਸੇ ਵੀ ਬੈਂਕ ਉਤੇ ਵਧ ਕਰਜ਼ਿਆਂ ਦੇ ਬੋਝ ਹੋਣ ਦੀ ਸੂਰਤ ਵਿਚ ਜੁਰਮਾਨੇ ਦੀ ਵਿਵਸਥਾ ਵੀ ਦਰਸਾਉਂਦਾ ਹੈ, ਫਿਰ ਵੀ ਪਿਛਲੇ ਕੁਝ ਸਾਲਾਂ ਵਿਚ ਐਕਸਿਸ ਬੈਂਕ, ਆਈ.ਸੀ.ਆਈ.ਸੀ.ਆਈ. ਬੈਂਕ ਅਤੇ ਯੈੱਸ ਬੈਂਕ ਦੇ ਮੁੱਖ ਕਾਰਜਕਾਰੀ ਅਧਿਕਾਰੀਆਂ ਵਿਰੁੱਧ ਅਜਿਹੀ ਕੋਈ ਕਾਰਵਾਈ ਨਾ ਹੋਣਾ, ਭਰੋਸੇਯੋਗਤਾ ਬਾਰੇ ਸ਼ੰਕੇ ਖੜ੍ਹੇ ਕਰਦੀ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 12 ਦਸੰਬਰ 2020*

# ਕਿਸਾਨ ਅੰਦੋਲਨ ਅਤੇ ਸਰਕਾਰ

ਭਾਰਤ ਵਿਚ ਚੱਲ ਰਿਹਾ ਕਿਸਾਨ ਅੰਦੋਲਨ ਨਿੱਤ ਨਵੀਆਂ ਪੈੜਾਂ ਪਾ ਰਿਹਾ ਹੈ। ਇਸ ਅੰਦੋਲਨ ਵਿਚ ਕਿਸਾਨ ਜਥੇਬੰਦੀਆਂ ਅਤੇ ਆਗੂਆਂ ਨੇ ਆਪਣੀ ਰਣਨੀਤੀ ਦਾ ਜਲਵਾ ਤਾਂ ਦਿਖਾਇਆ ਹੀ ਹੈ, ਨੌਜਵਾਨਾਂ ਨੇ ਜਿਹੜਾ ਜੋਸ਼ ਦਿਖਾਇਆ ਹੈ, ਉਹ ਬੇਮਿਸਾਲ ਹੈ। ਨੌਜਵਾਨਾਂ ਨੇ ਸੜਕਾਂ ਉਤੇ ਹੀ ਆਪਣੀ ਭਰਵੀਂ ਹਾਜ਼ਰੀ ਹੀ ਨਹੀਂ ਲੁਆਈ ਸਗੋਂ ਅੱਜ ਦੇ ਜ਼ਮਾਨੇ ਦੇ ਵੱਡੇ ਹਥਿਆਰ, ਸੋਸ਼ਲ ਮੀਡੀਆ ਰਾਹੀਂ ਵੀ ਅੰਦੋਲਨ ਦਾ ਰਾਹ ਮੋਕਲਾ ਕੀਤਾ। ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦਾ ਆਈ.ਟੀ. ਸੈੱਲ ਪਿਛਲੇ ਸਮਿਆਂ ਦੌਰਾਨ ਦੁਰਪ੍ਰਚਾਰ ਲਈ ਬਹੁਤ ਬਦਨਾਮ ਰਿਹਾ ਹੈ ਪਰ ਇਸ ਵਾਰ ਪੰਜਾਬ ਦੇ ਨੌਜਵਾਨਾਂ ਨੇ ਇਸ ਸੈੱਲ ਦੀਆਂ ਵੀ ਗੋਡਣੀਆਂ ਲੁਆ ਦਿੱਤੀਆਂ ਹਨ। ਕਿਸਾਨ ਜਥੇਬੰਦੀਆਂ ਦੀ ਹੁਣ ਤੱਕ ਦੀ ਨੀਤੀ ਅਤੇ ਰਣਨੀਤੀ ਦੱਸਦੀ ਹੈ ਕਿ ਇਸ ਨੇ ਅੰਦੋਲਨ ਨੂੰ ਇਸ ਮੁਕਾਮ ਤੱਕ ਕਿਸ ਤਰ੍ਹਾਂ ਅਪੜਾਇਆ ਹੈ। ਅੱਜਕੱਲ੍ਹ ਕੁਝ ਅਜਿਹੀਆਂ ਖਬਰਾਂ ਵੀ ਸੁਣਨ ਨੂੰ ਮਿਲ ਰਹੀਆਂ ਹਨ ਕਿ ਇਹ ਅੰਦੋਲਨ ਹੁਣ ਕਿਸਾਨ ਜਥੇਬੰਦੀਆਂ ਜਾਂ ਇਨ੍ਹਾਂ ਦੇ ਆਗੂਆਂ ਤੋਂ ਵੀ ਅੱਗੇ ਨਿਕਲ ਗਿਆ ਹੈ ਪਰ ਵਿਚਾਰਨ ਵਾਲਾ ਮਸਲਾ ਇਹ ਹੈ ਕਿ ਕੇਂਦਰ ਦੀ ਮੋਦੀ ਸਰਕਾਰ ਅਜੇ ਤੱਕ ਅੜੀ ਬੈਠੀ ਹੈ ਅਤੇ ਕਿਸਾਨ ਆਗੂ ਪੂਰੇ ਸਬਰ ਅਤੇ ਜ਼ਾਬਤੇ ਵਿਚ ਰਹਿ ਕੇ ਕੇਂਦਰ ਨੂੰ ਟੱਕਰ ਦੇ ਰਹੇ ਹਨ। ਇਸ ਦੌਰਾਨ ਕੁਝ ਅਜਿਹੀਆਂ 'ਖਬਰਾਂ' ਵੀ ਆਉਂਦੀਆਂ ਰਹੀਆਂ ਹਨ ਜਿਹੜੀਆਂ ਕਿਸਾਨ ਜਥੇਬੰਦੀਆਂ ਦੇ ਏਕੇ ਉਤੇ ਸਵਾਲ ਖੜ੍ਹੇ ਕਰਦੀਆਂ ਹਨ। ਕੇਂਦਰ ਸਰਕਾਰ ਪੂਰਾ ਜ਼ੋਰ ਲਾ ਰਹੀ ਹੈ ਕਿ ਕਿਸੇ ਤਰ੍ਹਾਂ ਕਿਸਾਨ ਜਥੇਬੰਦੀਆਂ ਫੁੱਟ ਦੇ ਬੀਅ ਸੁੱਟ ਦਿੱਤੇ ਜਾਣ ਅਤੇ ਅੰਦੋਲਨ ਨੂੰ ਤਾਰਪੀਡੋ ਕਰ ਕੇ ਇਸ ਦਾ ਸੇਕ ਮੱਠਾ ਕਰ ਦਿੱਤਾ।

ਖੇਤੀ ਖੇਤਰ ਵਿਚ ਸੁਧਾਰ ਦੇ ਨਾਂ 'ਤੇ ਮੋਦੀ ਸਰਕਾਰ ਨੇ ਜਿਹੜੇ ਤਿੰਨ ਕਾਨੂੰਨ ਬਣਾਏ ਹਨ, ਉਨ੍ਹਾਂ ਬਾਰੇ ਇਸ ਦੇ ਰਵੱਈਏ ਵਿਚ ਫਿਲਹਾਲ ਕੋਈ ਵੱਡੀ ਤਬਦੀਲੀ ਸਾਹਮਣੇ ਨਹੀਂ ਆਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੱਕ ਇਹੀ ਗੱਲ ਵਾਰ-ਵਾਰ ਕਹਿ ਰਹੇ ਹਨ ਕਿ ਕਾਨੂੰਨਾਂ ਕਿਸਾਨਾਂ ਦੇ ਫਾਇਦੇ ਲਈ ਹੀ ਹਨ। ਇਸ ਤੋਂ ਪਹਿਲਾਂ ਇਹ ਕਾਨੂੰਨ ਜਿਸ ਤਰ੍ਹਾਂ ਕਾਹਲੀ ਵਿਚ ਲਾਗੂ ਕੀਤੇ ਗਏ, ਉਸ ਉਤੇ ਵੀ ਸਵਾਲ ਉਠਦੇ ਰਹੇ ਹਨ। ਇਹ ਕਾਨੂੰਨ ਲਾਗੂ ਕੀਤੇ ਜਾਣ ਤੋਂ ਪਹਿਲਾਂ ਜਿਸ ਤਰ੍ਹਾਂ ਆਰਡੀਨੈਂਸ ਲਿਆਂਦੇ ਗਏ, ਤੇ ਫਿਰ ਇਨ੍ਹਾਂ ਨੂੰ ਮਨਮਰਜ਼ੀ ਨਾਲ ਸੰਸਦ ਵਿਚੋਂ ਪਾਸ ਕਰਵਾਇਆ ਹੈ, ਉਸ ਬਾਰੇ ਵੀ ਸਰਕਾਰ ਨੂੰ ਤਿੱਖੀ ਨੁਕਤਾਚੀਨੀ ਦਾ ਸਾਹਮਣਾ ਕਰਨਾ ਪਿਆ ਪਰ ਸਰਕਾਰ ਆਪਣੀ ਕਾਰਵਾਈ ਤੋਂ ਰੱਤੀ ਭਰ ਵੀ ਟੱਸ ਤੋਂ ਮੱਸ ਨਹੀਂ ਹੋਈ। ਪੰਜਾਬ ਭਰ ਵਿਚ ਕਿਸਾਨ ਜਥੇਬੰਦੀਆਂ ਨੇ ਅੰਦੋਲਨ ਭਖਾਇਆ। ਪੰਜਾਬ ਵਿਧਾਨ ਸਭਾ ਨੇ ਕੇਂਦਰ ਦੇ ਤਿੰਨੇ ਕਾਨੂੰਨ ਰੱਦ ਕਰ ਕੇ ਆਪਣੇ ਕਾਨੂੰਨ ਪਾਸ ਕੀਤੇ ਜੋ ਅਜੇ ਤੱਕ ਪੰਜਾਬ ਦੇ ਰਾਜਪਾਲ ਕੋਲ ਪਏ ਹਨ। ਉਸ ਨੇ ਪੰਜਾਬ ਵਿਧਾਨ ਸਭਾ ਦੇ ਜਾਰੀ ਕੀਤੇ ਕਾਨੂੰਨ ਅਜੇ ਤੱਕ ਪਾਸ ਹੋਣ ਲਈ ਮੁਲਕ ਦੇ ਰਾਸ਼ਟਰਪਤੀ ਕੋਲ ਭੇਜੇ ਹੀ ਨਹੀਂ ਹਨ। ਇਸ ਤੋਂ ਬਾਅਦ ਕਿਸਾਨ ਜਥੇਬੰਦੀਆਂ ਨੇ ਪੰਜਾਬ ਭਰ ਵਿਚ ਧਰਨੇ ਜਾਰੀ ਰੱਖਦਿਆਂ ਨਵੀਂ ਦਿੱਲੀ ਵਿਚ ਧਰਨਾ ਮਾਰਨ ਦਾ ਐਲਾਨ ਕੀਤਾ। ਇਸ ਧਰਨੇ ਨੂੰ ਰੋਕਣ ਲਈ ਕੇਂਦਰ ਸਰਕਾਰ ਅਤੇ ਹਰਿਆਣਾ ਵਿਚ ਭਾਰਤੀ ਜਨਤਾ ਪਾਰਟੀ ਦੀ ਸੂਬਾ ਸਰਕਾਰ ਪੂਰਾ ਜ਼ੋਰ ਲਾ ਦਿੱਤਾ। ਨਤੀਜੇ ਵਜੋਂ ਕਿਸਾਨ ਜਿਵੇਂ-ਕਿਵੇਂ ਮੁਲਕ ਦੀ ਰਾਜਧਾਨੀ ਦਿੱਲੀ ਦੀਆਂ ਬਰੂਹਾਂ ਤੱਕ ਪੁੱਜ ਗਏ ਅਤੇ ਉਥੇ ਡੇਰੇ ਲਾ ਲਏ। ਕੇਂਦਰ ਸਰਕਾਰ ਨੇ ਪਹਿਲਾਂ ਤਾਂ ਇਨ੍ਹਾਂ ਨੂੰ ਗੌਲਿਆ ਹੀ ਨਹੀਂ ਪਰ ਜਦੋਂ ਕਿਸਾਨ ਲੱਖਾਂ ਦੀ ਗਿਣਤੀ ਵਿਚ ਜਮ੍ਹਾਂ ਹੋ ਗਏ ਅਤੇ ਪੰਜਾਬ ਹਰਿਆਣਾ ਤੋਂ ਇਲਾਵਾ ਹੋਰ ਸੂਬਿਆਂ ਤੋਂ ਵੀ ਆਉਣੇ ਸ਼ੁਰੂ ਹੋ ਗਏ ਤਾਂ ਸਰਕਾਰ ਨੇ ਗੱਲਬਾਤ ਸ਼ੁਰੂ ਕੀਤੀ। ਗੱਲਬਾਤ ਦੇ ਕਈ ਗੇੜ ਚੱਲਣ ਦੇ ਬਾਵਜੂਦ ਸਰਕਾਰ ਨੇ ਅਜੇ ਤੱਕ ਕੋਈ ਰਾਹ-ਸਿਰਾ ਫੜਾਇਆ ਨਹੀਂ ਹੈ। ਉਧਰ, ਕਿਸਾਨ ਵੀ ਅੜੇ ਹੋਏ ਹਨ ਕਿ ਉਹ ਹੁਣ ਖੇਤੀ ਕਾਨੂੰਨ ਵਾਪਸ ਕਰਵਾ ਕੇ ਹੀ ਮੁੜਨਗੇ।

ਕਿਸਾਨ ਜਥੇਬੰਦੀਆਂ ਪਹਿਲਾਂ ਹੀ ਸਪਸ਼ਟ ਕਰ ਚੁੱਕੀਆਂ ਹਨ ਕਿ ਇਹ ਲੜਾਈ ਇਕ ਦਿਨ, ਹਫਤੇ ਜਾਂ ਮਹੀਨੇ ਦੀ ਨਹੀਂ ਹੈ; ਇਹ ਲੜਾਈ ਲੰਮੀ ਚੱਲਣੀ ਹੈ। ਕਿਸਾਨਾਂ ਦੇ ਇਸ ਸੱਦੇ ਉਤੇ ਹੀ ਕਿਸਾਨ ਆਪਣੇ ਨਾਲ ਛੇ-ਛੇ ਮਹੀਨਿਆਂ ਦਾ ਰਸਦ ਲੈ ਕੇ ਆਏ ਅਤੇ ਆਪੋ-ਆਪਣੀ ਟਰਾਲੀਆਂ ਨੂੰ ਕਮਰੇ ਬਣਾ ਲਿਆ ਤਾਂ ਕਿ ਠੰਢ ਤੇ ਮੀਂਹ ਬਗੈਰਾ ਤੋਂ ਬਚਿਆ ਜਾ ਸਕੇ। ਵਿਚਲਾ ਨੁਕਤਾ ਇਹ ਵੀ ਹੈ ਕਿ ਇਸ ਕਿਸਾਨ ਅੰਦੋਲਨ ਦੀ ਧਾਰ ਸਿਰਫ ਖੇਤੀ ਕਾਨੂੰਨ ਰੱਦ ਕਰਵਾਉਣਾ ਹੀ ਨਹੀਂ, ਅੜਬ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਨਮਰਜ਼ੀ ਵਾਲੀ ਸਿਆਸਤ ਨੂੰ ਨੱਕਾ ਲਾਉਣਾ ਵੀ ਹੈ। ਇਸ ਪੱਖ ਤੋਂ ਪੰਜਾਬ ਨੇ ਆਪਣੀ ਆਵਾਜ਼ ਪੂਰੀ ਤਰ੍ਹਾਂ ਬੁਲੰਦ ਕੀਤੀ ਹੈ ਅਤੇ ਇਸ ਅੰਦੋਲਨ 'ਚ ਸਮੁੱਚੇ ਮੁਲਕ ਦੀ ਅਗਵਾਈ ਵੀ ਕੀਤੀ ਹੈ। ਕੇਂਦਰ ਸਰਕਾਰ ਨੇ ਇਸ ਅੰਦੋਲਨ ਨੂੰ ਬਦਨਾਮ ਕਰਨ ਲਈ ਇਸ ਨੂੰ ਖਾਲਿਸਤਾਨ ਦੀ ਮੰਗ ਨਾਲ ਜੋੜਨ ਦਾ ਯਤਨ ਵੀ ਕੀਤਾ, ਪਰ ਇਸ ਮਾਮਲੇ 'ਚ ਕੇਂਦਰ ਸਰਕਾਰ ਬੁਰੀ ਤਰ੍ਹਾਂ ਨਾਕਾਮ ਰਹੀ ਸਗੋਂ ਇਸ ਨੁਕਤੇ ਤੋਂ ਸਰਕਾਰ ਦੀ ਬਹੁਤ ਦੁਰ-ਦੁਰ ਹੋਈ ਅਤੇ ਇਸ ਦੀ ਹਮਾਇਤ ਦਾ ਘੇਰਾ ਵੀ ਚੌੜਾ ਹੋਇਆ। ਅੱਜ ਇਸ ਅੰਦੋਲਨ ਨੂੰ ਸੰਸਾਰ ਭਰ 'ਚੋਂ ਹਮਾਇਤ ਮਿਲ ਰਹੀ ਹੈ। ਹੁਣ ਸਰਕਾਰ ਅੱਗੇ ਦੋ ਹੀ ਰਾਹ ਬਚੇ ਹਨ। ਇਕ ਰਾਹ ਕਿਸਾਨਾਂ ਦੀ ਮੰਗ ਸਵੀਕਾਰ ਕਰਨ ਦਾ ਹੈ ਤੇ ਦੂਜਾ ਰਾਹ ਸਰਕਾਰ ਵਲੋਂ ਅੰਦੋਲਨਕਾਰੀਆਂ ਉਤੇ ਜਬਰ ਕਰ ਕੇ ਅੰਦੋਲਨ ਨੂੰ ਫੇਲ੍ਹ ਕਰਨ ਦਾ ਹੈ। ਕਿਸਾਨ ਜਥੇਬੰਦੀਆਂ ਵੀ ਇਨ੍ਹਾਂ ਦੋਹਾਂ ਨੁਕਤਿਆਂ ਬਾਰੇ ਪੂਰੀ ਤਰ੍ਹਾਂ ਸੁਚੇਤ ਹਨ ਤੇ ਫੂਕ-ਫੂਕ ਕੇ ਪੈਰ ਧਰ ਰਹੀਆਂ ਹਨ। ਇਨ੍ਹਾਂ ਜਥੇਬੰਦੀਆਂ ਨੇ ਹੁਣ ਤੱਕ ਜਿਸ ਤਰ੍ਹਾਂ ਜ਼ਬਤ ਅਤੇ ਸਬਰ ਦਿਖਾਇਆ ਹੈ, ਉਹ ਮਿਸਾਲੀ ਹੋ ਨਿਬੜਿਆ ਹੈ। ਹੁਣ ਸਰਕਾਰ ਦੀ ਪਿੱਠ ਲੁਆਉਣ ਲਈ ਕਿਸਾਨ ਜਥੇਬੰਦੀਆਂ ਆਉਣ ਵਾਲੇ ਸਮੇਂ ਦੌਰਾਨ ਕੀ ਰਣਨੀਤੀ ਘੜਦੀਆਂ ਹਨ, ਇਹ ਕਿਸਾਨ ਜਥੇਬੰਦੀਆਂ ਦੇ ਏਕੇ ਉਤੇ ਨਿਰਭਰ ਕਰੇਗਾ। ਉਂਜ, ਇਕ ਗੱਲ ਤੈਅ ਹੋ ਗਈ ਹੈ ਕਿ ਇਹ ਅੰਦੋਲਨ ਮੁਲਕ ਦੀ ਸਿਆਸਤ ਉਤੇ ਡੂੰਘਾ ਅਸਰ ਪਾਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕਿਸਾਨਾਂ ਲਈ ਕੁਰਬਾਨੀ?*

ਤਾਜ ਪੁੱਤ ਨੂੰ ਦੇ ਕੇ ਪ੍ਰਧਾਨਗੀ ਦਾ, ਦਿੱਤੇ ਰੋ.ਲ ਸਿਧਾਂਤ ਸਰਦਾਰੀਆਂ ਦੇ।
ਲੁੱਟ 'ਗੋਲਕਾਂ' ਧਨ ਸਰਕਾਰ ਵਾਲਾ, ਪਾਇਆ ਰਾਹ ਪੰਜਾਬ ਖੁਆਰੀਆਂ ਦੇ।
ਕਹਿ ਕੇ ਦਰਦ ਕਿਸਾਨ ਦਾ ਝੂਠ ਬੋਲੇ, ਨਾਟਕ ਬੰਦ ਨਾ ਕਰੇ ਮੱਕਾਰੀਆਂ ਦੇ।
ਪੈਰ ਉੱਖੜੇ ਮੁੜ ਜਮਾਉਣ ਖਾਤਿਰ, ਜਾਣੋ ਦਾਅ ਹੀ ਹਨ ਲਾਚਾਰੀਆਂ ਦੇ।
ਲੋਕੀ ਤਾਂਘ ਦੇ ਨਾਲ ਉਡੀਕ ਰਹੇ ਨੇ, ਕਦੋਂ ਢਹਿਣਗੇ ਮਹਿਲ ਹੰਕਾਰੀਆਂ ਦੇ।
ਕੌਮ 'ਵੇਚ ਕੇ' ਲਏ ਸਨਮਾਨ ਮੋੜੇ, ਦਾਗ ਧੋ ਨਹੀਂ ਹੋਣੇ ਗੱਦਾਰੀਆਂ ਦੇ!

# ਪੰਜਾਬੀਆਂ ਦਾ ਸਭਿਆਚਾਰ ਅਤੇ ਦਿੱਲੀ ਦਾ ਤਖਤ

***ਪੰਜਾਬ ਦੇ ਕਿਸਾਨ ਕਈ ਮਹੀਨਿਆਂ ਤੋਂ ਤਿੰਨ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਸਰਗਰਮੀ ਕਰ ਰਹੇ ਹਨ। ਇਹ ਸਰਗਰਮੀ ਹੁਣ ਮੁਲਕ ਪੱਧਰ 'ਤੇ ਆਪਣੀ ਹਾਜ਼ਰੀ ਲੁਆ ਰਹੀ ਹੈ। ਕਿਸਾਨਾਂ ਨੂੰ ਦਿੱਲੀ ਬੈਠਿਆਂ ਵੀ ਦੋ ਹਫਤੇ ਹੋ ਗਏ ਹਨ ਪਰ ਮੋਦੀ ਸਰਕਾਰ ਨੇ ਅਜੇ ਤਾਈਂ ਅੜੀ ਨਹੀਂ ਛੱਡੀ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋਫੈਸਰ ਰਾਜਿੰਦਰਪਾਲ ਸਿੰਘ ਬਰਾੜ ਨੇ ਇਸ ਸੰਘਰਸ਼ ਦਾ ਪ੍ਰਸੰਗ ਬੰਨ੍ਹ ਕੇ ਪੰਜਾਬੀਆਂ ਦੇ ਲੜਾਕੂ ਸੁਭਾਅ ਦੀ ਗੱਲ ਕੀਤੀ ਹੈ। -ਸੰਪਾਦਕ***

ਪੰਜਾਬ ਕਈ ਦਹਾਕਿਆਂ ਤੋਂ ਬਹੁਪੱਖੀ ਸੰਕਟਾਂ ਵਿਚੋਂ ਲੰਘ ਰਿਹਾ ਹੈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਇੱਕ ਵਾਰ ਔਖੇ-ਸੌਖੇ ਪੰਜਾਬੀ ਵੰਡ ਦੀ ਮਾਰ ਝੱਲ ਗਏ ਸਨ। ਭੁੱਖਮਰੀ ਦੇ ਸ਼ਿਕਾਰ ਦੇਸ਼ ਨੂੰ ਆਨਾਜ ਦੀ ਲੋੜ ਸੀ, ਪੰਜਾਬੀਆਂ ਦੀ ਮਿਹਨਤ ਅਤੇ ਨਵੀਆਂ ਤਕਨੀਕਾਂ ਨਾਲ ਹਰੇ ਇਨਕਲਾਬ ਦੀ ਲਹਿਰ ਆਈ ਜਿਸ ਦਾ ਕੁਝ ਫਾਇਦਾ ਪੰਜਾਬੀਆਂ ਨੂੰ ਵੀ ਮਿਲਿਆ ਸੀ। ਪੰਜਾਬੀ ਸੂਬਾ ਬਣਨ ਨਾਲ ਇੱਕ ਵਾਰ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੀ ਸਰਕਾਰੀ ਪੁੱਛ-ਗਿੱਛ ਵਧੀ ਅਤੇ ਪੰਜਾਬ ਵੱਧ ਆਮਦਨ ਵਾਲਾ ਮੋਹਰੀ ਸੂਬਾ ਬਣਿਆ ਪਰ ਬਾਅਦ ਵਿਚ ਹਰਾ ਇਨਕਲਾਬ ਪੀਲਾ ਪੈਣ ਲੱਗਿਆ। ਪਹਿਲਾਂ ਪੰਜਾਬ ਸੰਕਟ ਨੇ ਪੰਜਾਬ ਨੂੰ ਦੁੱਖਾਂ ਵਿਚ ਪਾਇਆ, ਉਪਰੋਂ ਸੰਸਾਰੀਕਰਨ ਅਧੀਨ ਨਿੱਜੀਕਰਨ ਅਤੇ ਵਪਾਰੀਕਰਨ ਦੀ ਲਹਿਰ ਨਾਲ ਪਿੰਡ ਕੇਂਦਰਤ

ਪ੍ਰੋ. ਰਾਜਿੰਦਰ ਪਾਲ ਸਿੰਘ ਬਰਾੜ
ਫੋਨ: +91-98150-50617

ਸਭਿਆਚਾਰ ਟੁੱਟਣ ਲੱਗਿਆ। ਪੰਜਾਬੀ ਰਵਾਇਤੀ ਪਿੰਡ ਆਧਾਰਿਤ ਖੇਤੀਬਾੜੀ ਵਾਲੀ ਜੀਵਨ ਜਾਚ ਛੱਡਣ ਲੱਗੇ। ਸ਼ਹਿਰਾਂ ਅਤੇ ਵਿਦੇਸ਼ਾਂ ਵੱਲ ਪਰਵਾਸ ਵਧਿਆ। ਸਿੱਖਿਆ ਦਾ ਪਸਾਰ ਹੋਇਆ ਪਰ ਸਨਅਤ ਅਤੇ ਸੇਵਾ ਸੈਕਟਰ ਦਾ ਵਿਸਤਾਰ ਨਾ ਹੋਇਆ। ਇਸ ਨਾਲ ਬੇਰੁਜ਼ਗਾਰੀ ਵਧ ਗਈ, ਖਪਤ ਸਭਿਆਚਾਰ ਫੈਲ ਗਿਆ, ਨਸ਼ਿਆਂ ਦੀ ਭਰਮਾਰ ਹੋ ਗਈ। ਕੇਂਦਰ ਸਰਕਾਰ ਦੇ ਨੋਟਬੰਦੀ ਅਤੇ ਜੀ.ਐਸ.ਟੀ. ਵਰਗੇ ਫੈਸਲਿਆਂ ਨੇ ਹਰ ਕਾਰੋਬਾਰ ਨੂੰ ਨੁਕਸਾਨ ਪਹੁੰਚਾਇਆ। ਪੰਜਾਬੀ ਅਜਿਹੇ ਝੰਬੇ ਕਿ ਇੱਕ ਵਾਰ ਤਾਂ ਲੱਗਣ ਲੱਗ ਪਿਆ ਕਿ ਪੰਜਾਬ ਦੀ ਰਵਾਇਤੀ ਗੁਣ ਹਿੰਮਤ, ਮਿਹਨਤ, ਆਪਣੇ ਹੀ ਨਹੀਂ, ਦੂਸਰਿਆਂ ਦੇ ਵੀ ਹੱਕਾਂ ਲਈ ਲੜਨ ਦਾ ਜਜ਼ਬਾ, ਜਬਰ ਨੂੰ ਸਬਰ ਨਾਲ ਸਹਿਣ ਦੀ ਸ਼ਕਤੀ, ਲੜਾਈ ਸਮੇਂ ਜਾਨ ਤਕ ਦੀ ਪ੍ਰਵਾਹ ਨਾ ਕਰਨਾ ਅਤੇ ਸਰਬੱਤ ਦਾ ਭਲਾ ਚਾਹੁਣ ਵਾਲੀਆਂ ਸਾਰੀਆਂ ਕਦਰਾਂ ਕੀਮਤਾਂ ਖਤਮ ਹੋ ਗਈਆਂ ਹਨ। ਕਰੋਨਾ ਕਾਲ ਦੌਰਾਨ ਤਿੰਨ ਖੇਤੀ ਬਿੱਲਾਂ ਨੇ ਪੰਜਾਬ ਨੂੰ ਜਗਾ ਦਿੱਤਾ ਅਤੇ ਉਹ ਲੰਮੇ ਸੰਘਰਸ਼ ਦੇ ਰਾਹ ਨਹੀਂ ਤੁਰਿਆ ਸਗੋਂ ਉਸ ਨੇ ਆਪਣੇ ਸਭਿਆਚਾਰਕ ਮੁੱਲਾਂ ਨੂੰ ਵੀ ਮੁੜ ਕਾਇਮ ਕਰ ਲਿਆ ਹੈ, ਪੰਜਾਬੀ ਆਪਣੇ ਹੱਕਾਂ ਲਈ ਲੰਮਾ ਆਪਾ ਵਾਰੂ ਸੰਘਰਸ਼ ਕਰ ਸਕਦੇ ਹਨ।

ਪੰਜਾਬ ਦੀ ਇਹ ਪਰੰਪਰਾ ਰਹੀ ਹੈ ਕਿ ਛੇਤੀ ਕੀਤੇ ਛੋਟੇ ਧੱਕੇ ਨੂੰ ਅਣਗੌਲਿਆਂ ਕਰ ਜਾਂਦੇ ਹਨ। ਇਸ ਸੁਭਾਅ ਦਾ ਮੂਲ ਖੇਤੀ ਆਧਾਰਿਤ ਜੀਵਨ ਜਾਚ ਵਿਚ ਪਿਆ ਹੈ। ਖੇਤੀ ਵਿਚ ਵਪਾਰ ਵਾਂਗ ਤੁਰੰਤ ਨਫਾ ਨੁਕਸਾਨ ਨਹੀਂ ਸੋਚਿਆ ਜਾਂਦਾ ਅਤੇ ਨਾ ਹੀ ਸੋਚਿਆ ਜਾ ਸਕਦਾ ਹੈ। ਇੱਥੇ ਬਹੁਤ ਲੰਮੇ ਸਮੇਂ ਦੀ ਉਦਯੋਗਕ ਵਿਉਂਤਬੰਦੀ ਵੀ ਨਹੀਂ ਚੱਲਦੀ ਕਿਉਂਕਿ ਬਹੁਤ ਕੁਝ ਕੁਦਰਤ ਤੇ ਨਿਰਭਰ ਹੁੰਦਾ ਹੈ। ਇੱਕ ਫਸਲ ਪੱਕਣ ਵਿਚ ਔਸਤਨ, ਘੱਟੋ-ਘੱਟ ਅੱਧਾ ਸਾਲ ਲੈ ਜਾਂਦੀ ਹੈ। ਇਸ ਲਈ ਸਬਰ, ਸੰਤੋਖ ਅਤੇ ਛੋਟੀ ਗੱਲ ਨੂੰ ਬਹੁਤਾ ਦਿਲ ਤੇ ਨਾ ਲਾਉਣਾ ਖੇਤੀ ਕਿੱਤਾ ਕਰਨ ਵਾਲਿਆਂ ਦੀ ਨਹੀਂ ਅੱਗੋਂ ਹੋਰ ਕਿੱਤੇ ਵਾਲਿਆਂ ਦੇ ਨਾਲੋ-ਨਾਲ ਸਾਰੇ ਭਾਈਚਾਰੇ ਦਾ ਹੀ ਸੁਭਾਅ ਬਣ ਗਿਆ ਹੈ ਪਰ ਅਜਿਹੇ ਸਭਿਆਚਾਰ ਨੂੰ ਜਦੋਂ ਯਕੀਨ ਹੋ ਜਾਵੇ ਕਿ ਸਾਡੀ ਹੋਂਦ ਖਤਰੇ ਵਿਚ ਹੈ ਤੇ ਸਾਡੇ ਜੀਵਨ ਦਾ ਆਧਾਰ ਜ਼ਮੀਨ ਖੁੱਸਣ ਲੱਗੀ ਹੈ ਤਾਂ ਇਹ ਪੈਰ ਗੱਡ ਕੇ ਲੜਦਾ ਹੈ ਅਤੇ ਉਸ ਨੇ ਇਹ ਪੈਰ ਗੱਡਵੀਂ ਲੜਾਈ ਸ਼ੁਰੂ ਕਰ ਦਿੱਤੀ ਹੈ।

ਪੰਜਾਬੀਆਂ ਦੇ ਅਵਚੇਤਨ ਵਿਚ ਦਿੱਲੀ ਧੱਕਾ ਕਰਨ ਵਾਲੇ ਹਾਕਮਾਂ ਦੇ ਚਿੰਨ੍ਹ ਵਜੋਂ ਖੁੱਭੀ ਹੋਈ ਹੈ। ਪੰਜਾਬ ਦਾ ਬਾਗੀ ਨਾਇਕ ਦੁੱਲਾ ਲਲਕਾਰਦਾ ਹੈ- ਮੈਂ ਢਾਹਾਂ ਦਿੱਲੀ ਦੇ ਕਿੰਗਰੇ। ਪਹਿਲੇ ਗੁਰੂ ਸਾਹਿਬ ਨੂੰ ਜੇਲ੍ਹ ਵਿਚ ਬੰਦ ਕਰਨ ਤੇ ਪੰਜਾਬ ਨੂੰ ਲਤਾੜਨ ਵਾਲਾ ਬਾਬਰ ਦਿੱਲੀ ਦੀ ਮੁਗਲ ਹਕੂਮਤ ਦਾ ਬਾਨੀ ਸੀ। ਪੰਜਵੇਂ ਪਾਤਿਸ਼ਾਹ ਨੂੰ ਸ਼ਹੀਦ ਕਰਨ ਦੇ ਹੁਕਮ ਦੇਣ ਵਾਲਾ ਜਹਾਂਗੀਰ ਦਿੱਲੀ ਦੇ ਤਖਤ ਤੇ ਕਾਬਜ਼ ਸੀ। ਛੇਵੇਂ ਪਾਤਸ਼ਾਹ ਨੂੰ ਕੈਦ ਵੀ ਦਿੱਲੀ ਦੇ ਕਾਬਜ਼ ਮੁਗਲਾਂ ਨੇ ਕੀਤਾ ਸੀ। ਨੌਵੇਂ ਪਾਤਸ਼ਾਹ ਦੀ ਸ਼ਹੀਦੀ ਵੀ ਦਿੱਲੀ ਵਿਚ ਹੋਈ ਸੀ। ਦਸਮੇਸ਼ ਪਿਤਾ ਦੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨਾ ਵਾਲਾ ਵੀ ਦਿੱਲੀ ਦਾ ਤਾਬੇਦਾਰ ਸੀ। ਬੰਦਾ ਬਹਾਦਰ ਦੇ ਸਾਥੀਆਂ ਨੂੰ ਦਿੱਲੀ ਵਿਚ ਸ਼ਹੀਦ ਕੀਤਾ ਸੀ। ਮਿਸਲਾਂ ਬਣੀਆਂ ਤਾਂ ਪਹਿਲੀ ਵਾਰ ਸਿੰਘਾਂ ਨੇ ਦਿੱਲੀ ਜਿੱਤੀ ਸੀ। ਪੰਜਾਬੀਆਂ ਨੂੰ ਲੱਗਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀ ਅੰਗਰੇਜ਼ਾਂ ਨਾਲ ਲੜਾਈ ਪੰਜਾਬ ਦੀ ਹਿੰਦ ਨਾਲ ਲੜਾਈ ਸੀ। ਅੰਗਰੇਜ਼ਾਂ ਦੀ ਗੁਲਾਮੀ ਸਮੇਂ ਭਗਤ ਸਿੰਘ ਨੂੰ ਅਸੈਂਬਲੀ ਵਿਚ ਬੋਲ਼ੇ ਕੰਨਾਂ ਤਕ ਸੁਣਾਉਣ ਲਈ ਦਿੱਲੀ ਬੰਬ ਸੁੱਟਣਾ ਪਿਆ ਸੀ। ਭਾਰਤ ਦੀ ਆਜ਼ਾਦੀ ਤੋਂ ਬਾਅਦ ਵੀ ਕਦੇ ਪੰਜਾਬੀ ਸੂਬਾ ਬਣਾਉਣ ਲਈ, ਕਦੇ ਐਮਰਜੈਂਸੀ ਦਾ ਵਿਰੋਧ ਕਰਨ ਲਈ, ਕਦੇ ਵੱਧ ਅਧਿਕਾਰਾਂ ਲਈ ਲਗਾਤਾਰ ਪੰਜਾਬ ਵੱਲੋਂ ਦਿੱਲੀ ਖਿਲਾਫ ਮੋਰਚੇ ਲੱਗਦੇ ਰਹੇ ਹਨ। ਇਸੇ ਵਿਚੋਂ ਪ੍ਰਕਾਸ਼ ਸਿੰਘ ਬਾਦਲ ਦਾ ਮਨਪਸੰਦ ਪੱਕਾ ਰਾਗ 'ਕੇਂਦਰ ਧੱਕਾ ਕਰਦਾ' ਨਿਕਲਿਆ ਸੀ; ਇਸੇ ਰਾਗ ਨੇ ਉਸ ਨੂੰ ਰਾਜ ਭਾਗ ਦਿਵਾਇਆ। ਜਦੋਂ ਰਾਗ ਛੱਡਿਆ, ਲੋਕਾਂ ਦੇ ਮਨੋਂ ਲਹਿ ਗਿਆ। ਹੁਣ ਮੁੜ ਉਸੇ ਰਾਗ ਦੀ ਤਲਾਸ਼ ਵਿਚ ਹੈ।

ਨਕਸਲਬਾੜੀ ਦੌਰ ਦਾ ਇਨਕਲਾਬੀ ਕਵੀ ਪਾਸ਼ ਆਖਦਾ ਹੈ: 'ਸ਼ਹਿਰਾਂ ਵਿਚ ਮੈਂ ਥਾਂ ਥਾਂ ਕੋਝ ਦੇਖਿਆ/ਪ੍ਰਕਾਸ਼ਨਾਂ ਵਿਚ, ਕੈਫਿਆਂ ਵਿਚ/ਦਫਤਰਾਂ ਤੇ ਥਾਣਿਆਂ ਵਿਚ/ਅਤੇ ਮੈਂ ਦੇਖਿਆ, ਇਹ ਕੋਝ ਦੀ ਨਦੀ/ਦਿੱਲੀ ਦੇ ਗੋਲ ਪਰਬਤ ਵਿਚੋਂ ਸਿੰਮਦੀ ਹੈ/ਅਤੇ ਉਸ ਗੋਲ ਪਰਬਤ ਵਿਚ ਸੁਰਾਖ ਕਰਨ ਲਈ/ਮੈਂ ਕੋਝ ਵਿਚ ਵੜਿਆ/ਕੋਝ ਸੰਗ ਲੜਿਆ/ਤੇ ਕਈ ਲਹੂ ਲੁਹਾਨ ਵਰ੍ਹਿਆਂ ਕੋਲੋਂ ਲੰਘਿਆ/ਤੇ ਹੁਣ ਮੈਂ ਚਿਹਰੇ ਉਤੇ ਯੁੱਧ ਦੇ ਨਿਸ਼ਾਨ ਲੈ ਕੇ/ਦੋ ਘੜੀ ਲਈ ਪਿੰਡ ਆਇਆ ਹਾਂ'। ਇਕ ਹੋਰ ਇਨਕਲਾਬੀ ਸ਼ਾਇਰ ਸੰਤ ਰਾਮ ਉਦਾਸੀ ਆਖਦਾ ਹੈ: 'ਦਿੱਲੀਏ ਦਿਆਲਾ ਦੇਖ ਦੇਗ ਵਿਚ ਉਬਲਦਾ, ਨੀ ਅਜੇ ਤੇਰਾ ਦਿਲ ਨਾ ਠਰੇ/ਪਿੰਡਾਂ ਵਿਚੋਂ ਤੁਰੇ ਹੋਏ ਪੁੱਤ ਨੀਂ ਬਹਾਦਰਾਂ ਦੇ, ਤੇਰੇ ਮਹਿਲੀਂ ਵੜੇ ਕਿ ਵੜੇ'। ਦਰਸ਼ਨ ਖਟਕੜ ਹੁਣ ਤਕ ਦਿੱਲੀ ਲਾਲ ਕਿਲ੍ਹੇ ਦੇ ਕਵੀ ਦਰਬਾਰ ਤੇ ਨਹੀਂ ਜਾਂਦਾ। ਸਭ ਤੋਂ ਨੇੜੇ ਦਾ ਦੁਖਾਂਤ ਹੈ ਕਿ ਦਿੱਲੀ ਦੀ ਕੇਂਦਰ ਸਰਕਾਰ ਨੇ ਹਰਿਮੰਦਰ ਸਾਹਿਬ ਤੇ ਹਮਲਾ ਕੀਤਾ ਤੇ ਬਾਅਦ ਵਿਚ ਹਮਲੇ ਲਈ ਜ਼ਿੰਮੇਵਾਰ ਸਮਝੀ ਗਈ ਇੰਦਰਾ ਗਾਂਧੀ ਦੇ ਕਤਲ ਬਾਅਦ ਦਿੱਲੀ ਕਤਲੇਆਮ ਹੋਇਆ।

ਸੋ, ਪੰਜਾਬੀਆਂ ਕੋਲ ਦਿੱਲੀ ਨਾਲ ਕੋਈ ਬਹੁਤਾ ਚੰਗਾ ਅਨੁਭਵ ਨਹੀਂ ਹੈ। ਗਿਆਨੀ ਜ਼ੈਲ ਸਿੰਘ ਦੇ ਰਾਸ਼ਟਰਪਤੀ ਬਣਨ ਨਾਲ ਕਈ ਪੰਜਾਬੀਆਂ ਨੂੰ ਦਿੱਲੀ ਆਪਣੀ ਲੱਗਣ ਲੱਗੀ ਸੀ ਤਾਂ ਦਿੱਲੀ ਕਤਲੇਆਮ ਨੇ ਸਭ ਕੁਝ ਖਤਮ ਕਰ ਦਿੱਤਾ। ਇੰਜ ਹੀ ਇੰਦਰ ਕੁਮਾਰ ਗੁਜਰਾਲ ਅਤੇ ਮਨਮੋਹਨ ਸਿੰਘ ਦੇ ਸਮੇਂ ਦਿੱਲੀ ਨਾਲ ਕੁਝ ਵਿਰੋਧ ਘਟਿਆ ਸੀ ਪਰ ਦਿੱਲੀ ਬੈਠੇ ਕੁਝ ਵਜ਼ੀਰਾਂ ਅਤੇ ਵੱਡੇ ਅਫਸਰਾਂ ਨੂੰ ਦਿੱਲੀ ਆਪਣੀ ਲੱਗਦੀ ਹੋ ਸਕਦੀ ਹੈ ਪਰ ਬਹੁਗਿਣਤੀ ਪੰਜਾਬੀਆਂ ਨੂੰ ਦਿੱਲੀ ਦਾ ਕਦੀ ਜ਼ਿਆਦਾ ਮੋਹ ਨਹੀਂ ਰਿਹਾ, ਭਾਵੇਂ ਦਿੱਲੀ ਵਿਚ ਪੰਜਾਬੀਆਂ ਦੀ ਕਾਫੀ ਵਸੋਂ ਹੈ। ਇਸ ਦੇ ਉਲਟ ਮੁਗਲ ਹਮਲਾਵਰ ਆਏ ਤਾਂ ਕਾਬਲ-ਕੰਧਾਰ (ਅਫਗਾਨਿਸਤਾਨ) ਵੱਲੋਂ ਸੀ ਪਰ ਪੰਜਾਬੀਆਂ ਨੂੰ ਪਾਕਿਸਤਾਨ ਤੋਂ ਕਦੇ ਡਰ ਨਹੀਂ ਲੱਗਿਆ ਸਗੋਂ ਨਨਕਾਣਾ ਸਾਹਿਬ, ਪੰਜਾ ਸਾਹਿਬ, ਕਰਤਾਰਪੁਰ, ਮੁਲਤਾਨ, ਕਸੂਰ ਨਾਲ ਤਾਂ ਸਾਡੇ ਗੁਰੂ ਪੀਰ ਜੁੜੇ ਹਨ ਸਗੋਂ ਲਾਹੌਰ ਨਾਲ ਰਾਜਭਾਗ ਵੀ ਜੁੜਿਆ ਹੋਇਆ ਹੈ। ਪਾਕਿਸਤਾਨ ਨਾਲ ਸਾਡੀਆਂ ਜੰਗਾਂ ਵੀ ਹੋਈਆਂ, ਭਾਰਤੀ ਪੰਜਾਬ ਦੇ ਪੰਜਾਬੀਆਂ ਨੇ ਹਿੱਕ ਡਾਹ ਕੇ ਲੜਾਈਆਂ ਲੜੀਆਂ ਪਰ ਇਹ ਸ਼ਰੀਕਾਂ ਵਾਲੀ ਲੜਾਈ ਹੈ। ਇੱਥੋਂ ਤਕ ਕਿ ਕਿਸਾਨ ਸੰਘਰਸ਼ ਦੌਰਾਨ ਵੀ ਇੱਕ ਪੰਜਾਬੀ ਜਵਾਨ ਸਰਹੱਦੀ ਗੋਲਾਬਾਰੀ ਵਿਚ ਜਵਾਨ ਸ਼ਹੀਦ ਹੋਇਆ ਜਿਸ ਦਾ ਬਾਪ ਕਿਸਾਨ ਮੋਰਚੇ ਵਿਚ ਗਿਆ ਹੋਇਆ ਸੀ।

ਦਿੱਲੀ ਪੰਜਾਬੀਆਂ ਲਈ ਜਾਬਰ, ਵਿਸ਼ਵਾਸਘਾਤੀ, ਚਲਾਕ ਵਜੋਂ ਚਿੰਨ੍ਹਤ ਹੈ। ਆਜ਼ਾਦੀ ਦਿਵਸ, ਗਣਤੰਤਰਤਾ ਦਿਵਸ ਦੀਆਂ ਪਰੇਡਾਂ 'ਚ ਹਿੱਸੇਦਾਰੀ, ਕਵੀ ਦਰਬਾਰ 'ਚ ਜਾਣਾ ਜਾਂ ਕੁਝ ਵਿਅਕਤੀਆਂ ਜਾਂ ਪਾਰਟੀ ਪੱਧਰ ਤੇ ਸਰਕਾਰੀ ਸੰਵਿਧਾਨਕ ਅਹੁਦੇਦਾਰੀਆਂ ਬਹੁਤੇ ਪੰਜਾਬੀਆਂ ਦੇ ਮਨਾਂ ਵਿਚ ਗੌਰਵ ਨਹੀਂ ਜਗਾਉਂਦੀਆਂ। ਇਸੇ ਸਿਆਸੀ ਅਚੇਤਨ ਕਾਰਨ ਹੀ ਪੰਜਾਬੀਆਂ ਨੇ ਅਮਰਿੰਦਰ ਸਿੰਘ ਨੂੰ ਪ੍ਰਵਾਨ ਕਰ ਲਿਆ ਕਿਉਂਕਿ ਉਸ ਨੇ ਪਹਿਲਾਂ ਬਲਿਊ ਸਟਾਰ ਸਮੇਂ ਅਸਤੀਫਾ ਦਿੱਤਾ, ਤੇ ਮਗਰੋਂ ਪਾਣੀਆਂ ਵਾਲੇ ਸਮਝੌਤੇ ਰੱਦ ਕੀਤੇ, ਹੁਣ ਖੇਤੀ ਕਾਨੂੰਨਾਂ ਖਿਲਾਫ ਖੜ੍ਹਾ ਹੈ। ਇਥੋਂ ਤਕ ਕਿ ਅੱਜ ਜਦੋਂ ਕਾਂਗਰਸ ਦਾ ਆਧਾਰ ਦੇਸ਼ ਵਿਚ ਘਟ ਰਿਹਾ ਹੈ ਤਾਂ ਪੰਜਾਬ ਵਿਚ ਪੈਰ ਜਮਾਈ ਬੈਠੀ ਹੈ। 'ਆਪ' ਦੀ ਦਿੱਲੀ ਸਰਕਾਰ ਅਤੇ ਕੇਂਦਰ ਸਰਕਾਰ ਨਾਲ ਕਦੇ ਵਿਰੋਧ ਅਤੇ ਕਿਤੇ ਭਿਆਲੀ ਨੇ ਪੰਜਾਬ ਵਿਚ ਪਾਰਟੀ ਲਈ ਸੰਕਟ ਖੜ੍ਹਾ ਕਰ ਦਿੱਤਾ। ਉਨ੍ਹਾਂ ਸਿਆਸੀ ਪ੍ਰਸੰਗਾਂ ਵਿਚ ਦਿੱਲੀ ਚਲੋ, ਦਿੱਲੀ ਘੇਰਨ, ਦਿੱਲੀ ਨੂੰ ਢਾਹਾਂਗੇ, ਦਿੱਲੀ ਜਿੱਤੋ, ਵਰਗੇ ਨਾਅਰੇ ਪੰਜਾਬੀਆਂ ਨੂੰ ਬੜਾ ਹੁਲਾਰਾ ਦਿੰਦੇ ਹਨ। ਅੱਜ ਵੀ 'ਪੇਚਾ ਪੈ ਗਿਆ ਸੈਂਟਰ ਨਾਲ', 'ਇਕੱਠ ਤੈਨੂੰ ਦਿੱਲੀਏ ਪ੍ਰੇਸ਼ਾਨ ਕਰੂਗਾ, ਫਸਲਾਂ ਦੇ ਫੈਸਲੇ ਕਿਸਾਨ ਕਰੂਗਾ', 'ਉਠੇ ਕਿਸਾਨ ਪੰਜਾਬ ਦੇ ਸਿਰ ਬੰਨ੍ਹ ਦਮਾਲੇ, ਦਿੱਲੀ ਵੱਲ ਨੂੰ ਪਾ ਲਏ ਸ਼ੇਰਾਂ ਨੇ ਚਾਲੇ' ਵਰਗੇ ਗੀਤ ਹੁਲਾਰਾ ਦਿੰਦੇ ਹਨ। ਪੰਜਾਬੀ ਜਦ ਦਿੱਲੀ ਨੂੰ ਤੁਰ ਪਏ ਸੀ ਤਾਂ ਉਸ ਨੂੰ ਰੋਕਣਾ ਸੰਭਵ ਨਹੀਂ ਸੀ, ਇਸ ਲਈ ਉਨ੍ਹਾਂ ਨੇ ਸਾਰੀਆਂ ਰੋਕਾਂ ਪਾਰ ਕਰ ਲਈਆਂ। ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ ਅਤੇ ਬਘੇਲ ਸਿੰਘ ਦੀ ਰੂਹ ਸਭ ਵਿਚ ਆ ਜਾਂਦੀ ਹੈ।

ਪੰਜਾਬੀਆਂ ਦੇ ਮਾਨਸਿਕ ਚੱਕਰ ਵਿਚ ਪਹਿਲਾਂ ਸਬਰ, ਸਿਦਕ, ਸ਼ਹੀਦੀ ਵਾਲੀ ਅਹਿੰਸਾ ਭਾਰੂ ਰਹਿੰਦੀ ਪਰ ਜੇ ਅਤਿ ਹੋ ਜਾਵੇ ਤਾਂ ਦਿੱਲੀ ਜਿੱਤਣ ਦੀਆਂ ਗੱਲਾਂ ਵੀ ਤੁਰਨ ਲੱਗਦੀਆਂ ਹਨ। ਸਾਰੇ ਸਿਆਣੇ ਬੰਦੇ ਹਿੰਸਾ ਦੀ ਨਿਖੇਧੀ ਕਰਦੇ ਹਨ ਪਰ ਇਤਿਹਾਸ ਦੀ ਆਪਣੀ ਤੋਰ ਹੁੰਦੀ ਹੈ ਅਤੇ ਇਸੇ ਗੱਲ ਤੋਂ ਡਰ ਲੱਗਦਾ ਹੈ। ਤ੍ਰਾਸਦੀ ਹੈ ਕਿ ਕੇਂਦਰ ਸਰਕਾਰ ਇਸ ਇਤਿਹਾਸਕ ਚੱਕਰ ਨੂੰ ਸਮਝਣ ਤੋਂ ਅਸਮਰੱਥ ਹੈ। ਇਤਿਹਾਸ ਦੇਖੋ, ਸ਼ਾਤੀ ਪੁੰਜ ਪੰਜਵੇਂ ਪਾਤਿਸ਼ਾਹ ਨੇ ਸ਼ਹੀਦੀ ਦਿੱਤੀ, ਛੇਵੇਂ ਪਾਤਿਸ਼ਾਹ ਨੇ ਮੀਰੀ ਤੇ ਪੀਰੀ ਦੀਆਂ ਤਲਵਾਰਾਂ ਪਹਿਨੀਆਂ, ਨੌਵੇਂ ਪਾਤਿਸ਼ਾਹ ਨੇ ਸ਼ਹੀਦੀ ਦਿੱਤੀ, ਦਸਵੇਂ ਪਾਤਿਸ਼ਾਹ ਨੇ ਸ਼ਸਤਰਧਾਰੀ ਖਾਲਸਾ ਸਾਜਿਆ, ਸ਼ਾਂਤਮਈ ਪਗੜੀ ਸੰਭਾਲ ਜੱਟਾ ਲਹਿਰ ਚੱਲੀ, ਅਕਾਲੀ ਲਹਿਰ ਚੱਲੀ, ਜਲ੍ਹਿਆਂਵਾਲੇ ਬਾਗ ਵਿਚ ਕੁਰਬਾਨੀਆਂ ਦਿੱਤੀਆਂ, ਫਿਰ ਉਸ ਦੇ ਪਿੱਛੇ ਹੀ ਗਦਰ ਲਹਿਰ, ਬੱਬਰ ਅਕਾਲੀ ਲਹਿਰ ਅਤੇ ਭਗਤ ਸਿੰਘ, ਕਰਤਾਰ ਸਿੰਘ, ਊਧਮ ਸਿੰਘ ਵਰਗੇ ਖੜ੍ਹੇ ਨਜ਼ਰ ਆਏ। ਸੰਸਾਰ ਜੰਗ ਤੋਂ ਬਾਅਦ ਜਮਹੂਰੀਅਤ ਇਨਕਲਾਬ ਦਾ ਸਿਧਾਂਤ ਖਰੁਸ਼ਚੋਵ ਨੇ ਘੜਿਆ, ਬੰਗਾਲ ਵਿਚ ਰਾਜ ਭਾਗ ਆ ਗਿਆ, ਮਰਜ਼ੀ ਨਹੀਂ ਚੱਲੀ ਤਾਂ ਨਕਸਲਬਾੜੀ ਗਰਜ ਉਠੀ। ਇਹ ਗੂੰਜ ਉਦੋਂ ਪੰਜਾਬ ਵੀ ਆਈ। ਇੰਜ ਹੀ ਧਰਮ ਯੁੱਧ ਮੋਰਚੇ ਦੇ ਪਿੱਛੇ ਹੀ ਖਾੜਕੂ ਲਹਿਰ। ਕੇਂਦਰ ਸਰਕਾਰ ਨੂੰ ਸਮਝ ਲੈਣਾ ਚਾਹੀਦਾ ਕਿ ਹਰ ਸ਼ਾਂਤਮਈ ਅੰਦੋਲਨ ਨੂੰ ਜੇ ਟਰਕਾਇਆ ਜਾਵੇ ਜਾਂ ਦਬਾਇਆ ਜਾਵੇ ਤਾਂ ਹਿੰਸਕ ਲਹਿਰਾਂ ਖੜ੍ਹੀਆਂ ਹੋ ਜਾਂਦੀਆਂ ਹਨ ਜੋ ਜਾਬਰ ਲਈ ਵਿਅਕਤੀਗਤ ਪੱਧਰ 'ਤੇ ਅਤੇ ਮਜ਼ਲੂਮਾਂ ਲਈ ਸਮੂਹਕ ਪੱਧਰ 'ਤੇ ਮਾਰੂ ਹੁੰਦੀਆਂ ਹਨ। ਸਰਕਾਰਾਂ ਨੂੰ ਫੌਜ, ਪੁਲਿਸ ਦੇ ਆਸਰੇ ਇਹ ਸਰਗਰਮੀਆਂ ਦਬਾਉਣੀਆਂ ਸੌਖੀਆਂ ਲੱਗਦੀਆਂ ਪਰ ਇਥੇ ਹੀ ਇਨਕਲਾਬ ਦੇ ਬੀਜ ਪਏ ਹੁੰਦੇ ਹਨ। ਇਸ ਲਈ ਕੇਂਦਰ ਸਰਕਾਰ ਨੂੰ ਕੰਧ ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਅਤੇ ਜਲਦੀ ਤੋਂ ਜਲਦੀ ਇਸ ਦਾ ਹੱਲ ਤਲਾਸ਼ਣਾ ਚਾਹੀਦਾ ਹੈ।

# ਸੰਘਰਸ਼ ਵਿਚ ਕਿਸਾਨ: ਹੁਣ ਖਾਲੀ ਹੱਥ ਵਾਪਸ ਨਹੀਂ ਮੁੜਨਾ!

***ਗੋਦੀ ਮੀਡੀਆ ਇਤਿਹਾਸਕ ਕਿਸਾਨ ਸੰਘਰਸ਼ ਪਿੱਛੇ ਖਾਲਿਸਤਾਨੀ ਅਤੇ ਸਿਆਸੀ ਹੱਥ ਹੋਣ ਦਾ ਢੰਡੋਰਾ ਪਿੱਟ ਕੇ ਇਸ ਨੂੰ ਬਦਨਾਮ ਕਰਨ ਦੀ ਘਿਨਾਉਣੀ ਚਾਲ ਚੱਲ ਰਿਹਾ ਹੈ। ਸੰਘਰਸ਼ ਦੀ ਅਸਲ ਤਸਵੀਰ ਪੇਸ਼ ਕਰਨ ਦਾ ਫਰਜ਼ ਜ਼ਮੀਨੀ ਹਕੀਕਤ ਨਾਲ ਜੁੜੇ ਸੱਚੇ ਪੱਤਰਕਾਰ ਨਿਭਾ ਰਹੇ ਹਨ। ਜਨਚੌਕ ਪੋਰਟਲ ਦੀ ਦਿੱਲੀ ਚੀਫ ਵੀਨਾ ਜੋ ਵਿਅੰਗਕਾਰ ਅਤੇ ਦਸਤਾਵੇਜ਼ੀ ਫਿਲਮਸਾਜ਼ ਵੀ ਹਨ, ਦੀ ਇਹ ਰਿਪੋਰਟ ਸਾਨੂੰ ਅਸਲੀਅਤ ਦੇ ਰੂ-ਬ-ਰੂ ਕਰਦੀ ਹੈ ਜਿਸ ਦਾ ਪੰਜਾਬੀ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ***

ਪਟਿਆਲਾ ਦੇ 70 ਸਾਲਾ ਕਿਸਾਨ ਹਰਦੀਪ ਸਿੰਘ ਨੂੰ ਦਿੱਲੀ ਦੀ ਦਿਲਦਾਰੀ ਨੇ ਮੋਹ ਲਿਆ ਹੈ। ਇਹ ਉਹ ਬਜ਼ੁਰਗ ਹਨ ਜਿਹਨਾਂ ਨੇ ਮੁਲਕ ਦੀ ਰਾਖੀ ਲਈ ਬਣਾਏ ਸਲਾਮਤੀ ਦਸਤਿਆਂ ਦੀਆਂ ਲਾਠੀਆਂ ਆਪਣੇ ਪਿੰਡਿਆਂ 'ਤੇ ਝੱਲੀਆਂ। ਇਹਨਾਂ ਦੀ ਤਸਵੀਰ ਸੀ ਜੋ ਮੋਦੀ ਸਰਕਾਰ ਦੀ ਬੇਰਹਿਮੀ ਦੀ ਗਵਾਹ ਬਣੀ ਅਤੇ ਭਾਜਪਾ ਦੇ 'ਝੂਠ ਫੈਲਾਓ ਸੈਲ' ਦੇ ਮੁਖੀ ਨੇ ਜਿਸ ਨੂੰ ਪ੍ਰਾਪੇਗੰਡਾ ਕਰਾਰ ਦਿੱਤਾ ਸੀ।

8 ਦਸੰਬਰ ਨੂੰ ਭਾਰਤ ਬੰਦ ਦਾ ਐਲਾਨ ਹੁੰਦੇ ਹੀ ਗੋਦੀ ਮੀਡੀਆ ਨੇ ਦਿੱਲੀ ਦੇ ਬਾਸ਼ਿੰਦਿਆਂ ਨੂੰ ਡਰਾਉਣਾ ਸ਼ੁਰੂ ਕਰ ਦਿੱਤਾ। ਬਲੈਕਮੇਲ ਕਰਨ ਦੇ ਜੁਰਮ 'ਚ ਜ਼ਮਾਨਤ 'ਤੇ ਛੁੱਟੇ ਗੁਲਾਮ ਪੱਤਰਕਾਰ ਖਬਰਾਂ ਵੀ ਬਲੈਕਮੇਲਿੰਗ ਦੇ ਅੰਦਾਜ਼ 'ਚ ਹੀ ਉਗਲਦੇ ਹਨ: "ਨੋਟ ਕਰ ਲਓ 8 ਦਸੰਬਰ ਨੂੰ ਕਿਸਾਨਾਂ ਨੇ ਭਾਰਤ ਬੰਦ ਦਾ ਐਲਾਨ ਕਰ ਦਿੱਤਾ ਹੈ; ਯਾਨੀ ਤੁਹਾਡਾ ਵੀਕਐਂਡ ਅਤੇ ਅਗਲਾ ਪੂਰਾ ਹਫਤਾ ਇਸ ਅੰਦੋਲਨ ਦੀ ਭੇਟ ਚੜ੍ਹ ਸਕਦਾ

**ਵੀਨਾ**
**ਅਨੁਵਾਦ: ਬੂਟਾ ਸਿੰਘ**

ਹੈ। ਚਾਹੇ ਤੁਸੀਂ ਦਿੱਲੀ ਵਿਚ ਰਹਿੰਦੇ ਹੋ ਜਾਂ ਭਾਰਤ ਦੇ ਕਿਸੇ ਹੋਰ ਸ਼ਹਿਰ-ਰਾਜ ਵਿਚ।"

ਸੁਧੀਰ ਚੌਧਰੀ ਐਂਡ ਪਾਰਟੀ ਅਨੁਸਾਰ ਕਿਸਾਨ ਦੋ ਤਰ੍ਹਾਂ ਦੇ ਹੁੰਦੇ ਹਨ: ਇਕ ਛੋਟੇ ਕਿਸਾਨ, ਜਿਹਨਾਂ ਨੂੰ ਇਹਨਾਂ ਦੀ ਜੀਭ ਤੋਂ ਅੰਨਦਾਤਾ ਕਹਾਉਣ ਦਾ ਸੁਭਾਗ ਹਾਸਲ ਹੈ; ਤੇ ਦੂਜੇ ਬੜੇ ਕਿਸਾਨ ਜੋ ਖੇਤੀ ਤੋਂ ਭਾਰੀ ਕਮਾਈ ਕਰਕੇ ਟੈਕਸ ਨਹੀਂ ਦਿੰਦੇ ਅਤੇ ਮੋਦੀ ਜੋ ਕਾਲਾ ਧਨ ਵਾਪਸ ਲਿਆਉਣਾ ਚਾਹੁੰਦੇ ਸਨ, ਉਸ ਤੋਂ ਵੀ ਜ਼ਿਆਦਾ ਕਾਲਾ ਧਨ ਇਹਨਾਂ ਨੇ ਮੁਲਕ ਦੇ ਅੰਦਰ ਇਕੱਠਾ ਕੀਤਾ ਹੋਇਆ ਹੈ। ਇਹਨਾਂ ਨੂੰ ਮੋਦੀ-ਅੰਬਾਨੀ-ਅਡਾਨੀ ਦੇ ਇਹ ਚੇਲੇ-ਚਾਟੜੇ ਪਾਣੀ ਪੀ ਪੀ ਕੋਸ ਰਹੇ ਹਨ। ਐਨੀ ਫਰਮਾਬਰਦਾਰੀ ਦੇਖ ਕੇ ਲੱਗਦਾ ਹੈ ਕਿ ਇਹਨਾਂ ਲਈ ਪਾਣੀ ਦਾ ਬਰੇਕ ਲੈਣਾ ਵੀ ਹਰਾਮ ਹੈ।

ਹੁਣ ਸਵਾਲ ਹੈ ਕਿ ਐਨੀ ਘਾਲਣਾ ਦਾ ਦਿੱਲੀ ਅਤੇ ਮੁਲਕ ਦਾ ਅਵਾਮ ਕੀ ਇਨਾਮ ਦੇ ਰਿਹਾ ਹੈ? ਚਿੱਟੀ ਦਾੜ੍ਹੀ ਵਾਲੇ, ਹੱਥ 'ਚ ਝਾੜੂ ਦਾ ਡੰਡਾ ਫੜੀ ਹਰਦੀਪ ਸਿੰਘ ਨੂੰ ਜਦ ਮੈਂ ਭਾਰਤ ਬੰਦ, ਬਾਰਡਰ ਬੰਦ ਨਾਲ ਦਿੱਲੀ ਨੂੰ ਪ੍ਰੇਸ਼ਾਨ ਕਰਨ ਦੇ ਮੋਦੀ ਮੀਡੀਆ ਇਲਜ਼ਾਮ ਬਾਰੇ ਪੁੱਛਿਆ ਤਾਂ ਜਵਾਬ ਮਿਲਿਆ ਕਿ ਜਨਤਾ ਜਨਾਰਧਨ ਮੋਦੀ ਮੀਡੀਆ ਦੇ ਮੂੰਹ ਉਪਰ ਕਰਾਰੀ ਚਪੇੜ ਜੜ ਰਹੀ ਹੈ। ਹਰਦੀਪ ਸਿੰਘ ਕਹਿੰਦੇ ਹਨ ਕਿ ਹਰਿਆਣੇ ਦੇ ਸਾਡੇ ਭੈਣ-ਭਰਾ ਜਿੰਨਾ ਸਾਥ ਦੇ ਰਹੇ ਹਨ, ਅਸੀਂ ਉਹਨਾਂ ਦਾ ਦੇਣ ਕਿਵੇਂ ਦੇਵਾਂਗੇ। ਹਰਿਆਣਾ ਪਹਿਲਾਂ ਛੋਟਾ ਭਾਈ ਸੀ, ਹੁਣ ਬੜਾ ਭਾਈ ਬਣ ਗਿਆ ਹੈ।

ਦਿੱਲੀ ਦੀ ਸੁਣੋ। ਹਰਦੀਪ ਜੀ ਦੀ ਟੋਲੀ ਖੀਰ ਬਣਾ ਕੇ ਲੋਕਾਂ ਨੂੰ ਪਰੋਸ ਰਹੀ ਹੈ। ਉਹ ਦੱਸਦੇ ਹਨ ਕਿ ਜਦ ਅਸੀਂ ਖੀਰ ਦਾ ਸਮਾਨ ਲੈਣ ਦਿੱਲੀ ਗਏ ਤਾਂ ਦੁਕਾਨਦਾਰ ਨੇ ਪੁੱਛਿਆ ਕਿ ਕਿੱਥੇ ਲੈ ਕੇ ਜਾਣਾ ਹੈ। ਸਿੰਘੂ ਬਾਰਡਰ ਸੁਣ ਕੇ ਉਸ ਨੇ ਟੈਂਪੂ ਵੀ ਪੱਲਿਓਂ ਕਰ ਕੇ ਭੇਜਿਆ ਅਤੇ 10 ਹਜ਼ਾਰ ਰੁਪਏ ਦੇ ਸਮਾਨ ਦਾ ਇਕ ਪੈਸਾ ਵੀ ਨਹੀਂ ਲਿਆ। ਅੱਗੋਂ ਲਈ ਵੀ ਸੇਵਾ ਦਾ ਮੌਕਾ ਦੇਣ ਲਈ ਆਪਣਾ ਕਾਰਡ ਦੇ ਕੇ ਕਿਹਾ ਕਿ ਬਸ ਫੋਨ ਕਰ ਦਿਓ, ਸਮਾਨ ਉਥੇ ਪਹੁੰਚ ਜਾਵੇਗਾ। ਹਰਦੀਪ ਕਹਿੰਦੇ ਹਨ, 'ਅਸੀਂ ਦਿੱਲੀ ਦੀ ਜਨਤਾ ਦਾ ਦੇਣ ਨਹੀਂ ਦੇ ਸਕਦੇ। ਮਦਦ ਕਰਦੇ ਹੋਏ ਕਹਿੰਦੇ ਹਨ, 'ਸਰਦਾਰ ਜੀ ਜਾਇਓ ਨਾ, ਜੇ ਅੱਜ ਗੇਮ ਹਿੱਲਗੀ ਨਾ, ਫੇਰ ਇਸ (ਮੋਦੀ) ਨੇ ਕੁਛ ਨਹੀਂ ਦੇਣਾ। ਅੱਜ ਤੁਹਾਨੂੰ ਵੇਚ ਰਿਹੈ, ਭਲਕ ਨੂੰ ਸਾਨੂੰ ਵੇਚੇਗਾ।' ਦਿੱਲੀ ਵਾਲੇ ਸਾਡੇ ਨਾਲ ਇਹ ਗੱਲਾਂ ਕਰਦੇ ਹਨ।

ਇਹ ਉਹੀ ਵਪਾਰੀ ਤਬਕਾ ਹੈ ਜੋ ਹਮੇਸ਼ਾ ਬੀ.ਜੇ.ਪੀ. ਦਾ ਰਿਹਾ ਹੈ। ਜੀ.ਐਸ.ਟੀ., ਨੋਟਬੰਦੀ ਨੇ ਇਹਨਾਂ ਦਾ ਲੱਕ ਵੀ ਤੋੜਿਆ ਹੋਇਐ। ਦਰਦ ਦਾ ਅਹਿਸਾਸ ਹੁਣ ਇਹਨਾਂ ਨੂੰ ਜ਼ਿੰਮੇਵਾਰ ਨਾਗਰਿਕ ਬਣਨ ਲਈ ਮਜਬੂਰ ਕਰ ਰਿਹਾ ਹੈ। ਅੰਬਾਨੀ-ਅਡਾਨੀ ਨੇ ਮੁਲਕ ਦੇ ਭਾਗ ਲਿਖਣ ਵਾਲੇ ਨੂੰ ਆਪਣੇ ਘਰ ਮੁਲਾਜ਼ਮ ਰੱਖ ਲਿਆ ਤਾਂ ਮੋਦੀ ਕੀ ਕਰੇ?

ਵੈਸੇ ਮਹਾਂ ਮੂਰਖ ਮੀਡੀਆ ਕੰਮ ਲੱਗਿਆ ਹੋਇਐ। ਸਰਕਾਰ ਨਾਲ ਤੀਸਰੇ ਗੇੜ ਦੀ ਮਹੱਤਵਪੂਰਨ ਮੀਟਿੰਗ ਦੇ ਨਤੀਜੇ ਤੋਂ ਪਹਿਲਾਂ ਹੀ ਕਿਸਾਨਾਂ ਨੇ 8 ਦਸੰਬਰ ਭਾਰਤ ਬੰਦ ਦਾ ਐਲਾਨ ਕਰ ਦਿੱਤਾ। ਖੈਰ, ਜਿਹਨਾਂ ਨੂੰ ਇਹ ਭੜਕਾਉਣਾ ਚਾਹ ਰਹੇ ਹਨ, ਉਹ ਅਜੇ ਭੜਕ ਨਹੀਂ ਰਹੇ ਅਤੇ ਤੀਜੀ ਮੀਟਿੰਗ ਵੀ ਪਹਿਲੀਆਂ ਵਾਂਗ ਸਿਫਰ ਰਹੀ। ਸੋ ਸ਼ਾਂਤਮਈ ਬੰਦ ਤੈਅ ਹੈ। ਆਖਿਰਕਾਰ ਇਹਨਾਂ ਸਿਲਸਿਲੇਵਾਰ ਬੇਸਿੱਟਾ ਮੀਟਿੰਗਾਂ ਦਾ ਮਕਸਦ ਕੀ ਹੈ? ਕੀ ਸਰਕਾਰ ਇਕ ਪਾਸੇ ਬੇਮਤਲਬ ਗੱਲਾਂ ਵਿਚ ਉਲਝਾ ਕੇ ਦੂਜੇ ਪਾਸੇ ਕੋਈ ਸਾਜ਼ਿਸ਼ ਰਚ ਰਹੀ ਹੈ। ਇਸ ਵਿਚ ਗੋਦੀ ਮੀਡੀਆ ਦੇ ਖਾਲਿਸਤਾਨੀ ਅਤੇ ਬਦੇਸ਼ੀ ਹੱਥ, ਪ੍ਰਧਾਨ ਮੰਤਰੀ ਦੀ ਜਾਨ ਨੂੰ ਖਤਰਾ ਆਦਿ ਹਾਲ-ਪਾਹਰਿਆ ਤੋਂ ਇਲਾਵਾ ਸਿੰਘੂ ਬਾਰਡਰ ਦੀ 10 ਦਿਨ ਦੀ ਅੰਦੋਲਨ ਬਸਤੀ ਵਿਚ ਚੱਲੀਆਂ ਜਾ ਰਹੀਆਂ ਘਿਨਾਉਣੀਆਂ ਚਾਲਾਂ ਵੀ ਚੱਲੀਆਂ ਜਾ ਰਹੀਆਂ ਹਨ।

ਅੰਦੋਲਨ ਬਸਤੀ ਦੇ ਬਾਸ਼ਿੰਦਿਆਂ ਅਨੁਸਾਰ ਕੁਛ ਲੜਕੀਆਂ ਨੂੰ ਰਾਤ ਨੂੰ ਜਾਣ-ਬੁੱਝ ਕੇ ਉਥੇ ਘੁਮਾਇਆ ਜਾ ਰਿਹਾ ਹੈ ਤਾਂ ਜੁ ਅੰਦੋਲਨ ਲਈ ਆਏ ਮਰਦਾਂ-ਨੌਜਵਾਨਾਂ ਉਪਰ ਇਲਜ਼ਾਮ ਲਗਾਏ ਜਾ ਸਕਣ। ਲੋਕਾਂ ਨੂੰ ਇੱਥੋਂ ਤੱਕ ਲੱਗ ਰਿਹਾ ਕਿ ਹੋ ਸਕਦਾ ਹੈ ਇਹ ਪੁਲਿਸ ਦੀਆਂ ਹੀ ਲੜਕੀਆਂ ਹੋਣ। ਇਹਨਾਂ ਦੇ ਨਾਲ ਆਦਮੀ ਵੀ ਹੁੰਦੇ ਹਨ। ਕਈਆਂ ਨੂੰ ਅਸੀਂ ਫੜਿਆ ਲੇਕਿਨ ਕੋਈ ਕਾਰਵਾਈ ਨਹੀਂ ਹੋਈ। ਅਸੀਂ ਚਾਹੁੰਦੇ ਹਾਂ, ਮੁਲਕ ਦੇ ਲੋਕਾਂ ਨੂੰ ਪਤਾ ਲੱਗੇ ਕਿ ਕੈਸੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ; ਲੇਕਿਨ ਅਸੀਂ ਇਸ ਅੰਦੋਲਨ ਦਾ ਹਸ਼ਰ ਹਰਿਆਣਾ ਦੇ ਜਾਟ ਅੰਦੋਲਨ ਵਰਗਾ ਨਹੀਂ ਹੋਣ ਦਿਆਂਗੇ। ਅਸੀਂ ਹਰ ਪੱਖੋਂ ਚੌਕਸ ਹਾਂ।



ਫਿਰ ਗੱਲਬਾਤ 9 ਦਸੰਬਰ 'ਤੇ ਪਾ ਦਿੱਤੀ ਗਈ। ਸਿੰਘੂ ਬਾਰਡਰ ਉਪਰ ਪੁਲਿਸ, ਸਲਾਮਤੀ ਦਸਤਿਆਂ ਦੀ ਵਧ ਰਹੀ ਨਫਰੀ ਦੇਖ ਕੇ ਲੱਗਦਾ ਹੈ ਕਿ ਇਹ ਪਹਿਲਾਂ ਹੀ ਤੈਅ ਸੀ। ਕੀ ਖਾਲਿਸਤਾਨੀਆਂ ਜਾਂ ਕਰੋਨਾ ਜਾਂ ਕਿਸੇ ਹੋਰ ਬਹਾਨੇ ਅੰਦੋਲਨ ਉਪਰ ਕਹਿਰ ਵਰਤਾਇਆ ਜਾਵੇਗਾ? ਜਿਸ ਤਰ੍ਹਾਂ ਸਰਦੀ ਵਿਚ ਗੱਲਬਾਤ ਦੇ ਨਾਮ 'ਤੇ ਫਾਲਤੂ ਦੀ ਬਕ-ਬਕ ਕਰ ਕੇ ਦਿਨ ਕਟੀ ਕੀਤੀ ਜਾ ਰਹੀ ਹੈ ਅਤੇ ਅੰਦੋਲਨ ਨੂੰ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ, ਉਸ ਤੋਂ ਸਰਕਾਰ ਦੇ ਇਰਾਦੇ ਨੇਕ ਨਹੀਂ ਲੱਗਦੇ।

ਹਰਦੀਪ ਸਿੰਘ ਕਹਿੰਦੇ ਹਨ, 'ਮੋਦੀ ਆਖਦੈ, ਮੈਂ ਜੋ ਕਹਿ ਦਿੰਦਾ ਹਾਂ, ਵਾਪਸ ਨਹੀਂ ਲੈਂਦਾ। ਜੋ ਕੰਮ ਹੋ ਗਿਆ, ਸੋ ਹੋ ਗਿਆ। ਜੇ ਉਹ ਕਾਨੂੰਨ ਵਾਪਸ ਨਹੀਂ ਲਵੇਗਾ ਤਾਂ ਅਸੀਂ ਇੱਥੇ ਹੀ ਖਤਮ ਹੋ ਜਾਵਾਂਗੇ, ਇੱਥੇ ਹੀ ਮਰਾਂਗੇ। ਘਰ ਨਹੀਂ ਜਾਵਾਂਗੇ। ਘਰ ਜਾ ਕੇ ਕਰਨਾ ਵੀ ਕੀ ਹੈ, ਜਦ ਘਰ ਰਹਿਣਾ ਹੀ ਨਹੀਂ। ਸਾਲ-ਛੇ ਮਹੀਨੇ ਬਾਅਦ ਸੜਕਾਂ ਉਪਰ ਆਉਣਾ ਹੀ ਹੈ ਤਾਂ ਅੱਜ ਹੀ ਆ ਜਾਈਏ।'

ਮੈਂ ਉਸ ਨੂੰ ਕਿਹਾ ਕਿ ਸਾਨੂੰ ਗੋਦੀ ਮੀਡੀਆ ਦੱਸਦਾ ਹੈ ਕਿ ਕਿ ਤੁਸੀਂ ਕਾਲਾ ਧਨ ਜੋੜਨ ਵਾਲੇ ਧਨੀ ਕਿਸਾਨ ਹੋ ਅਤੇ ਗ਼ਰੀਬਾਂ ਨੂੰ ਬਹਿਕਾ ਰਹੇ ਹੋ। ਉਹ ਮੈਨੂੰ ਸਵਾਲ ਕਰਦਾ ਹੈ, 'ਚੰਗਾ, ਇਹ ਦੱਸੋ, ਜੋ ਗਲ 'ਚ ਰੱਸਾ ਪਾਉਂਦਾ ਉਹ ਦੁਖੀ ਹੋ ਕੇ ਕਰਦਾ ਜਾਂ ਖ਼ੁਸ਼ੀ ਨਾਲ? ਕੋਈ ਮੰਤਰੀ ਮਰਿਆ ਹੁਣ ਤੱਕ ਫਾਹਾ ਲੈ ਕੇ? ਕੋਈ ਦਵਾਈ ਪੀ ਕੇ ਮਰਿਆ? ਜੇ ਤਕਲੀਫ ਹੈ ਤਾਂ ਕਿਸਾਨ ਮਰ ਰਿਹਾ। ਸਾਡਾ ਸੜਕਾਂ ਉਪਰ ਸੌਣ, ਝਾੜੂ ਲਗਾਉਣ ਨੂੰ ਜੀਅ ਕਰਦਾ?'

ਕੋਈ ਹੋਰ ਕਹਿੰਦਾ ਹੈ, 'ਇੱਥੇ ਰਾਤ ਨੂੰ ਆ ਕੇ ਦੇਖੋ। ਸਾਨੂੰ ਲਾਈਟ ਨਹੀਂ ਦੇ ਰਹੇ, ਪਾਣੀ ਨਹੀਂ ਦੇ ਰਹੇ। ਆਸ-ਪਾਸ ਦੇ ਲੋਕ ਮਦਦ ਕਰਦੇ ਹਨ। ਸਾਫ-ਸਫਾਈ ਅਸੀਂ ਆਪ ਕਰ ਰਹੇ ਹਾਂ। ਕੀ ਇਹ ਸਭ ਸਰਕਾਰ ਨੂੰ ਨਹੀਂ ਕਰਨਾ ਚਾਹੀਦੈ?' ਝਾੜੂ ਲਗਾਉਂਦੇ 70 ਸਾਲ ਦੇ ਬਜ਼ੁਰਗ ਦਾ ਚਿਹਰਾ ਮੁੜਕੋ-ਮੁੜਕੀ ਹੋਇਆ ਪਿਆ। ਉਹ ਕਹਿੰਦਾ ਹੈ, 'ਇਸ ਉਮਰ 'ਚ ਤਾਂ ਘਰ 'ਚ ਬੈਠ ਕੇ ਆਰਾਮ ਕਰਨਾ ਚਾਹੀਦਾ, ਅਸੀਂ ਸੜਕਾਂ ਉਪਰ ਸੌਂ ਰਹੇ ਹਾਂ। ਐਸੇ ਪ੍ਰਧਾਨ ਮੰਤਰੀ ਨੂੰ ਸ਼ਰਮ ਨਾਲ ਮਰ ਨਹੀਂ ਜਾਣਾ ਚਾਹੀਦਾ।'

ਮੈਂ ਕਿਹਾ ਕਰੋਨਾ ਦੇ ਬਹਾਨੇ ਤੁਹਾਨੂੰ ਉਠਾ ਦੇਣਗੇ। ਹਰਦੀਪ ਸਿੰਘ ਦਾ ਜਵਾਬ ਸੀ, 'ਸਾਨੂੰ ਕੋਰੋਨਾ ਚਿੰਬੜਦਾ ਹੀ ਨਹੀਂ। ਗ਼ਰੀਬ ਦਾ ਕਰੋਨਾ ਕੀ ਵਿਗਾੜ ਲਵੇਗਾ? ਮੱਖੀ ਸਦਾ ਮਿੱਠੇ ਉਪਰ ਬੈਠਦੀ ਹੈ। ਜੇ ਸਾਡੇ ਵਿਚ ਮਾੜਾ-ਮੋਟਾ ਮਿੱਠਾ ਹੋਊ, ਫਿਰ ਹੀ ਸਾਡੇ ਉਪਰ ਮੱਖੀ-ਮੱਛਰ ਬੈਠੂ। ਸਾਡਾ ਤਾਂ ਇਸ ਨੇ ਲਹੂ ਹੀ ਸੁਕਾ ਦਿੱਤਾ। ਸਾਲ 'ਚ ਛੇ ਹਜ਼ਾਰ ਦੇਣ ਦਾ ਵਾਅਦਾ ਕੀਤਾ ਸੀ, 12 ਮਹੀਨੇ 'ਚ ਕੀ ਦਿੱਤਾ। ਇਕ ਵਾਰ ਦੇ ਕੇ ਵੋਟਾਂ ਲੈ ਲਈਆਂ।'

ਮੈਂ ਜਲ-ਤੋਪ ਬੰਦ ਕਰਨ ਵਾਲੇ ਲੜਕੇ ਉਪਰ 307 ਦਾ ਕੇਸ ਪਾਉਣ ਦੀ ਗੱਲ ਕੀਤੀ ਤਾਂ ਇਕ ਕਿਸਾਨ ਨੇ ਕਿਹਾ, 'ਅੰਬਾਲਾ ਵਿਚ ਸਾਡੇ ਜਿਸ ਲੜਕੇ ਨੇ ਪਾਣੀ ਬੰਦ ਕੀਤਾ, ਉਸ ਉਪਰ ਕੇਸ ਪਾ ਦਿੱਤਾ ਅਤੇ ਸਾਡਾ 11 ਸਾਲ ਦਾ ਲੜਕਾ ਟਰਾਲੀ ਦੇ ਅੰਦਰ ਸੀ ਜਿਸ ਉਪਰ ਟੈਂਟ ਪਾੜ ਕੇ ਅੱਥਰੂ ਗੈਸ ਦਾ ਗੋਲਾ ਆ ਕੇ ਡਿਗਿਆ। ਮੁੰਡਾ ਬੇਸੁਰਤ ਹੋ ਗਿਆ। ਉਸ ਦੀ ਜ਼ਿੰਮੇਵਾਰੀ ਸਰਕਾਰ ਕਿਉਂ ਨਹੀਂ ਲੈਂਦੀ।'

ਮੈਂ ਪੁੱਛਿਆ, ਮੁਲਕ ਦੇ ਲੋਕਾਂ ਨੂੰ ਕੀ ਕਹਿਣਾ ਚਾਹੋਗੇ? ਇਕ ਕਿਸਾਨ ਹੱਥ ਜੋੜ ਕੇ ਕਹਿੰਦਾ ਹੈ, 'ਅਸੀਂ ਕਿਸਾਨਾਂ ਨੂੰ ਹੱਥ ਜੋੜ ਕੇ ਬੇਨਤੀ ਕਰਦੇ ਹਾਂ, ਕਿਸਾਨਾਂ ਦਾ ਸਾਥ ਦਿਓ। ਜੇ ਕਿਸਾਨ ਖਤਮ ਹੋ ਗਿਆ ਤਾਂ ਸਾਰਾ ਹਿੰਦੁਸਤਾਨ ਖਤਮ ਹੋ ਜਾਣਾ। ਅੱਜ ਬਿਹਾਰ ਦਾ ਵੀਹ ਕਿੱਲੇ ਦਾ ਮਾਲਕ ਪੰਜਾਬ ਦੇ ਦੋ ਕਿੱਲਿਆਂ ਵਾਲੇ ਦੇ ਆ ਕੇ ਦਿਹਾੜੀ ਕਰ ਰਿਹਾ। ਜੇ ਇਹ ਕਾਨੂੰਨ ਪਾਸ ਹੋ ਗਿਆ ਤਾਂ ਪੰਜਾਬ ਵਾਲਿਆਂ ਨੂੰ ਵੀ ਇਹੀ ਕਰਨਾ ਪੈਣਾ। ਜੇ ਇਹ ਕਾਨੂੰਨ ਐਨੇ ਹੀ ਚੰਗੇ ਹਨ ਤਾਂ ਵੀਹ ਕਿੱਲਿਆਂ ਵਾਲੇ ਨੂੰ ਬਿਹਾਰ 'ਚ ਅਮੀਰ ਬਣਾ ਲੈਂਦੇ ਫਿਰ ਪੰਜਾਬ-ਹਰਿਆਣਾ ਦੇ ਦੋ ਕਿੱਲੇ ਵਾਲੇ ਕੋਲ ਆਉਂਦੇ? ਬਿਹਾਰ ਵਾਲੇ ਤਾਂ ਪੰਜਾਬ ਆ ਜਾਂਦੇ ਹਨ ਅਸੀਂ ਕਿੱਥੇ ਜਾਵਾਂਗੇ? ਕੀ ਕਰੀਏ ਅਸੀਂ ਤਾਂ ਬਹੁਤ ਦੁਖੀ ਹਾਂ। ਅਸੀਂ ਆਰ-ਪਾਰ ਦੀ ਲੜਾਈ ਲੜਨ ਲਈ ਡਟੇ ਹੋਏ ਹਾਂ। ਕਾਨੂੰਨਾਂ ਦਾ ਟੈਂਟਾ ਮੁਕਾ ਕੇ ਹੀ ਘਰਾਂ ਨੂੰ ਮੁੜਾਂਗੇ।'

ਸਟੇਟ ਨੂੰ ਤਾਨਾਸ਼ਾਹੀ ਦੀ ਇਹ ਹਿੰਮਤ ਦੇਣ ਵਾਲੀ ਤਾਕਤ ਆਖਿਰ ਕੀ ਹੈ? ਆਰ-ਪਾਰ ਦੀ ਲੜਾਈ ਨੂੰ ਕੁਚਲਣ ਲਈ ਆਖਿਰ ਕਿਹਨਾਂ ਨੂੰ ਭੇਜਿਆ ਜਾਵੇਗਾ? ਪੁਲਿਸ-ਸਲਾਮਤੀ ਦਸਤਿਆਂ ਵਿਚ ਇਹਨਾਂ ਦੇ ਆਪਣੇ ਪੁੱਤਰ-ਭਰਾ, ਰਿਸ਼ਤੇਦਾਰ ਹੀ ਹਨ। ਫੌਜ ਵਿਚ ਲੜਨ ਵਾਲੇ ਅਤੇ ਪੁਲਿਸ ਦੇ ਡੰਡਾ ਚਲਾਉਣ ਵਾਲੇ ਵੀ ਤਾਂ ਇਹਨਾਂ ਵਿਚੋਂ ਹੀ ਆਉਂਦੇ ਹਨ। ਜੇ ਉਹਨਾਂ ਨੇ ਕਾਤਲ ਬਣਨ ਤੋਂ ਇਨਕਾਰ ਕਰ ਦਿੱਤਾ, ਫਿਰ?

ਅੰਬਾਨੀ-ਅਡਾਨੀ ਦੀਆਂ ਤਿਜੋਰੀਆਂ 'ਚ ਭਰਿਆ ਮੁਲਕ ਦਾ ਲੁੱਟਿਆ-ਨਚੋੜਿਆ ਧਨ ਤਾਂ ਬਸ ਮੋਦੀ ਅਤੇ ਉਸ ਦੇ ਪ੍ਰਚਾਰ-ਤੰਤਰ ਦੀ ਖੋਜ ਹੀ ਕਰ ਸਕਦਾ ਹੈ। ਇਹ ਧਰਤੀ ਦੇ ਜ਼ਿੰਦਾ, ਉਪਜਾਊ ਮਜ਼ਦੂਰ-ਕਿਸਾਨ ਭਾਈਚਾਰਿਆਂ ਨੂੰ ਹਰਾ ਨਹੀਂ ਸਕਦਾ। ਦੇਖ ਰਹੇ ਹੋ ਕਾਰਲ ਮਾਰਕਸ! ਅੰਬਾਨੀਆਂ-ਅਡਾਨੀਆਂ ਦੀ ਪੂੰਜੀ ਤੁਹਾਡੀ ਪੂੰਜੀ ਸਾਹਮਣੇ ਗੋਡੇ ਟੇਕ ਰਹੀ ਹੈ। ਕੀ ਇਹਨਾਂ ਮੂਰਖ ਧਨ-ਪਸ਼ੂਆਂ ਨੂੰ ਧਰਤੀ ਨੂੰ ਖਤਮ ਕਰਨ ਦੇ ਮਨਸੂਬਿਆਂ ਨੂੰ ਅੰਜਾਮ ਦੇਣ ਤੋਂ ਪਹਿਲਾਂ ਨੱਥ ਪਾਈ ਜਾ ਸਕੇਗੀ?

# ਕਿਸਾਨ ਘੋਲ ਅਤੇ ਜੈਮਲ ਪੱਡਾ ਦੇ ਗੀਤ

ਉਦੋਂ ਮੈਂ ਪੰਜਵੀਂ ਛੇਵੀਂ ਵਿਚ ਪੜ੍ਹਦਾ ਹੋਵਾਂਗਾ, ਮੈਨੂੰ ਚੰਗੀ ਤਰ੍ਹਾਂ ਚੇਤੇ ਹੈ, ਮੇਰੇ ਪਿੰਡ ਹਰ ਸਾਲ ਨਾਟਕ ਮੰਡਲੀਆਂ ਨਾਟਕ ਖੇਡਣ ਆਉਂਦੀਆਂ ਸਨ। ਕਦੇ ਗੁਰਸ਼ਰਨ ਭਾਅ ਜੀ ਦੀ ਟੀਮ, ਕਦੇ ਲੋਹੀਆਂ ਨਾਟਕ ਕਲਾ ਕੇਂਦਰ ਵਾਲੇ ਅਤੇ ਕਦੇ ਕੋਈ ਹੋਰ ਸਾਡੇ ਪਿੰਡ ਚੱਕਰ ਲਾ ਜਾਂਦੇ।

**ਇੰਦਰਜੀਤ ਸਿੰਘ ਪੱਡਾ**
**ਫੋਨ: +91-98159-67462**

ਮੇਰੇ ਪਿੰਡ ਵਾਲਿਆਂ ਨੂੰ ਨਾਟਕ ਦੇਖਣ ਦੀ ਚੇਟਕ ਸੀ, ਲਾਗਲੇ ਪਿੰਡਾਂ ਦੇ ਲੋਕ ਵੀ ਕਨਸੋਅ ਰੱਖਦੇ ਅਤੇ ਨਾਟਕ ਦੇਖਣ ਹੁੰਮ-ਹੁਮਾ ਕੇ ਪਹੁੰਚਦੇ।

ਇਕ ਵਾਰ ਪਿੰਡ ਦੇ ਉਤਰ ਵਾਲੇ ਪਾਸੇ ਢਾਬ ਦੇ ਕੰਢੇ ਖੁੱਲ੍ਹੀ ਹਵੇਲੀ ਵਿਚ ਨਾਟਕ ਖੇਡੇ ਗਏ। ਮੇਰੇ ਪਿੰਡ ਦਾ ਨੌਜਵਾਨ ਜੈਮਲ ਪੱਡਾ ਉਨ੍ਹੀਂ ਦਿਨੀਂ ਨਾਟਕਾਂ ਅਤੇ ਕਾਨਫਰੰਸਾਂ ਦਾ ਨਾਇਕ ਗਿਣਿਆ ਜਾਂਦਾ ਸੀ। ਜੈਮਲ ਜਦੋਂ ਕੰਨ ਉਤੇ ਹੱਥ ਰੱਖ ਕੇ ਲੰਮੀ ਹੇਕ ਵਿਚ ਆਪ ਮੰਚ ਤੇ ਗਾਉਂਦਾ ਤਾਂ ਸਰੋਤਿਆਂ ਦੇ ਰੌਂਗਟੇ ਖੜ੍ਹੇ ਹੋ ਜਾਂਦੇ ਸਨ। ਜੈਮਲ ਆਪਣੇ ਲਿਖੇ ਗਾਣੇ ਹੀ ਗਾਉਂਦਾ ਹੁੰਦਾ ਸੀ। ਕਦੇ ਕਦੇ ਤਾਂ ਇਵੇਂ ਲੱਗਦਾ ਜਿਵੇਂ ਰਾਤ ਦਾ ਹਨੇਰਾ ਅਤੇ ਚਮਕਦੇ ਤਾਰੇ ਵੀ ਉਸ ਦੇ ਗੀਤਾਂ ਦਾ ਹੁੰਗਾਰਾ ਭਰਦੇ ਹੋਣ!

ਜੈਮਲ ਪੱਡਾ ਆਪਣੀ ਪਾਰਟੀ ਦਾ ਮਹਿਬੂਬ ਆਗੂ, ਨਿਧੜਕ, ਦਲੇਰ, ਸਿਆਣਾ ਤੇ ਵਫਾਦਾਰ ਸਿਪਾਹੀ ਸੀ। ਲੋਕ ਬੜੇ ਚਾਅ ਨਾਲ ਉਸ ਦੇ ਨਾਮ ਤੋਂ ਪਹਿਲਾਂ 'ਕਾਮਰੇਡ' ਸ਼ਬਦ ਲਾਇਆ ਕਰਦੇ। ਇਕ ਵਾਰ ਮੈਨੂੰ ਪੰਜਾਬੀ ਦੇ ਨਾਮਵਰ ਸ਼ਾਇਰ ਹਰਭਜਨ ਸਿੰਘ ਹੁੰਦਲ ਨੇ ਦੱਸਿਆ ਕਿ ਮੇਰੇ ਪਿੰਡ ਨੇ ਸਾਬਤ-ਸਬੂਤਾ ਆਦਮੀ ਪੈਦਾ ਕੀਤਾ ਹੈ, ਤੇ ਜਦੋਂ ਉਹਨਾਂ ਦੇ ਬੁੱਲ੍ਹਾਂ ਉਪਰ ਜੈਮਲ ਪੱਡਾ ਦਾ ਨਾਮ ਆਇਆ, ਉਦੋਂ ਮੈਨੂੰ ਮੇਰੇ ਪਿੰਡ ਦੇ ਬਨੇਰੇ ਹੋਰ ਉਚੇ ਹੋ ਗਏ ਲੱਗੇ। ਉਸ ਤੋਂ ਬਾਅਦ ਜੈਮਲ ਰੂਪੋਸ਼ ਹੋ ਗਿਆ ਸੀ। ਕਈ ਦੇਰ ਪਿੰਡ ਨਾ ਆਇਆ।...

...ਤੇ ਅੱਜ ਖੁੱਲ੍ਹੀ ਹਵੇਲੀ ਫਿਰ ਦਰਸ਼ਕਾਂ ਨਾਲ ਭਰ ਗਈ ਸੀ। ਮੈਂ ਵੀ ਆਪਣੇ ਸਾਥੀਆਂ ਨਾਲ ਮੰਚ ਲਾਗੇ ਨਿੱਠ ਕੇ ਬਹਿ ਗਿਆ। ਨਾਟਕਾਂ ਦਾ ਸਿਲਸਿਲਾ ਚੱਲ ਪਿਆ; ਗੀਤਾਂ, ਗਜ਼ਲਾਂ ਅਤੇ ਧੂੰਆਂਧਾਰ ਤਕਰੀਰਾਂ। ਕਾਮਰੇਡ ਮਹਿੰਦਰ ਸਿੰਘ ਨੇ ਸਟੇਜ ਤੇ ਆਣ ਕੇ ਦੱਸਿਆ ਕੇ ਜੈਮਲ ਪੱਡਾ ਅੱਜ ਆਪਣੇ ਵਿਚਕਾਰ ਹਾਜ਼ਰ ਹੈ। ਲੋਕਾਂ ਨੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾਏ। ਜਿਵੇਂ ਉਨ੍ਹਾਂ ਨੂੰ ਕੋਈ ਗੁਆਚੀ ਕੀਮਤੀ ਸ਼ੈਅ ਲੱਭ ਗਈ ਹੋਵੇ। ਜੈਮਲ ਮੰਚ 'ਤੇ ਆਇਆ। ਲਿੱਸਾ ਜਿਹਾ ਮੂੰਹ, ਦਾੜ੍ਹੀ ਦੇ ਕੇਸ ਕੱਟੇ ਹੋਏ। ਏਦਾਂ ਲੱਗਦਾ ਸੀ, ਜਿਵੇਂ ਦੁੱਖਾਂ ਦਾ ਭੰਨਿਆ ਬਚਦਾ-ਬਚਾਉਂਦਾ ਪਿੰਡ ਦੇਖਣ ਆਇਆ ਹੋਵੇ। ਮੰਚ ਤੇ ਖੜ੍ਹਾ ਬੇਪਛਾਣ ਜਿਹਾ ਲੱਗੇ। ਪਿੰਡ ਪਿਆਰ ਨਾਲ ਨੱਕੋ-ਨੱਕ ਭਰਿਆ ਹੋਇਆ ਕਿਸੇ ਜੇਤੂ ਜਰਨੈਲ ਵਾਂਗ ਲੱਗਦਾ ਸੀ। ਉਸ ਨੇ ਸਟੇਜ ਤੋਂ ਇੰਜ ਭਾਸ਼ਣ ਦਿੱਤਾ, ਜਿਵੇਂ ਕੋਈ ਸਿਆਣੀ ਨਰਸ ਜ਼ਖਮਾਂ 'ਤੇ ਮਰਹਮ ਲਾ ਰਹੀ ਹੋਵੇ! ਲੋਕ ਬੜੇ ਗਹੁ ਨਾਲ ਉਸ ਨੂੰ ਸੁਣਦੇ ਰਹੇ।

ਮੈਂ ਉਦੋਂ ਨਿਆਣਾ ਸਾਂ ਤੇ ਮੈਨੂੰ ਉਦੋਂ ਨਾਟਕਾਂ ਦੀ ਕਹਾਣੀ ਅਤੇ ਭਾਸ਼ਣ ਸਮਝ ਨਹੀਂ ਸਨ ਆਉਂਦੇ, ਫਿਰ ਵੀ ਚੰਗੇ ਲਗਦੇ ਸਨ। ਜੈਮਲ ਦੇ ਗੀਤ ਲੋਕਾਂ ਦੇ ਦੁੱਖਾਂ ਦੀ ਬਾਤ ਪਾਉਂਦੇ। ਗਰੀਬੀ ਨਾਲ ਝੰਬੇ ਹੋਏ ਮੋਰਾਂ ਤੇ ਟਕੋਰ ਕਰਦੇ, ਜਾਂ ਹਨੇਰੇ ਵਿਚ ਘਿਰੇ ਲੋਕਾਂ ਲਈ ਚਾਨਣ ਦੀ ਲਿਸ਼ਕੋਰ ਬਣਦੇ। ਉਸ ਨੇ ਗੀਤ ਗਾਇਆ:

ਕਾਮਿਆ ਤੂੰ ਹੋ ਜਾ ਤਕੜਾ,
ਤੇਰਾ ਲੁੱਟ ਲਿਆ ਚਮਨ ਗਦਾਰਾਂ।
ਗਿੱਦੜਾਂ ਦੇ ਟੋਲੇ ਰਲ ਕੇ,
ਲੁੱਟੀ ਜਾਂਦੇ ਨੇ ਰੰਗੀਨ ਬਹਾਰਾਂ।
ਕਾਮਿਆ ਤੂੰ ਹੋ ਜਾ ਤਕੜਾ...

ਮੈਨੂੰ ਉਦੋਂ ਇਸ ਗੀਤ ਦੇ ਅਰਥ ਉਕਾ ਹੀ ਸਮਝ ਨਹੀਂ ਸਨ ਆਏ। ਮੇਰੇ ਭਾਣੇ ਗਿੱਦੜ ਜੰਗਲੀ ਜੀਵ ਹੀ ਸਨ ਤੇ ਜੰਗਲਾਂ ਵਿਚ ਹੀ ਰਹਿੰਦੇ ਸਨ। ਗਿੱਦੜ ਭਲਾ ਮਨੁੱਖ ਦੀਆਂ ਰੰਗੀਨ ਬਹਾਰਾਂ ਕਿਵੇਂ ਲੁੱਟ ਸਕਦੇ ਹਨ? ਇਹ ਮੇਰੀ ਸਮਝ ਤੋਂ ਪਰ੍ਹੇ ਦੀਆਂ ਗੱਲਾਂ ਸਨ। ਕਿਹੜੇ ਗਿੱਦੜ? ਕਿਹੜੇ ਗਦਾਰ? ਚਮਨ ਅਤੇ ਬਹਾਰਾਂ ਬਾਰੇ ਸਮਝ ਨਹੀਂ ਸੀ।

ਫਿਰ ਜਦੋਂ ਪੜ੍ਹ ਲਿਖ ਗਿਆ, ਟੀਵੀ ਤੇ ਆਉਂਦੀਆਂ ਖਬਰਾਂ ਬਦੋ-ਬਦੀ ਧਿਆਨ ਖਿੱਚ ਲੈਂਦੀਆਂ ਅਤੇ ਸੋਚਣ ਲਈ ਮਜਬੂਰ ਕਰਦੀਆਂ ਹਨ ਕਿ ਕਿਸਾਨਾਂ ਦੇ ਗਲ ਖ਼ੁਦਕੁਸ਼ੀ ਦੇ ਰੱਸੇ ਦੀ ਗੰਢ ਢਿੱਲੀ ਨਹੀਂ ਹੋ ਰਹੀ! ਪੈਲੀਆਂ ਦੇ ਸਿਆੜਾਂ ਵਿਚੋਂ ਫਸਲਾਂ ਦੀ ਥਾਂ ਨਿੱਤ ਨਵੇਂ ਫਿਕਰ ਉਗ ਰਹੇ ਹਨ। ਮਾਂ ਵਰਗੀ ਜ਼ਮੀਨ ਨੂੰ ਬਚਾਉਣ ਲਈ ਰੇਲਵੇ ਪਟੜੀਆਂ ਸਿਰਾਹਣਾ ਬਣ ਰਹੀਆਂ ਸਨ। ਥਾਂ-ਥਾਂ ਕੀਰਨੇ ਪਾਉਂਦੇ ਆਲੇ-ਭੋਲੇ ਅੰਨਦਾਤਾ ਦਾ ਸੰਘ ਬਹਿ ਗਿਆ ਹੈ ਪਰ ਹਾਕਮਾਂ ਦੇ ਕੰਨੀਂ ਜੂੰ ਤੱਕ ਨਹੀਂ ਸਰਕਦੀ। ਠੰਢੇ ਪਾਣੀ ਦੀਆਂ ਬੁਛਾੜਾਂ ਨਾਲ ਭਖਦੇ ਜਜ਼ਬਾਤ ਨੂੰ ਠੰਢਿਆਂ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਲਾਠੀਆਂ ਨਾਲ ਮੌਰ ਭੰਨੇ ਜਾ ਰਹੇ ਸਨ ਅਤੇ ਹੰਝੂ ਗੈਸ ਦੇ ਧੂੰਏਂ ਨਾਲ ਅੱਖਾਂ ਅੰਨ੍ਹੀਆਂ ਕੀਤੀਆਂ ਜਾ ਰਹੀਆਂ ਹਨ।

ਇਵੇਂ ਲੱਗਦਾ ਹੈ ਜਿਵੇਂ ਹਵਾਂਕਦੇ ਗਿੱਦੜ ਖੇਤਾਂ ਦੀ ਹਰਿਆਵਲ ਨੂੰ ਚਰ ਜਾਣ ਲਈ ਲਾਲਾਂ ਸੁੱਟ ਰਹੇ ਹੋਣ। ਕਿਸਾਨ ਸੜਕਾਂ ਤੇ ਇਵੇਂ ਹਾਲ ਪਾਹਰਿਆ ਕਰ ਰਿਹਾ ਹੈ, ਜਿਵੇਂ ਸੱਚਮੁੱਚ ਉਸ ਦਾ ਖੁਸ਼ੀਆਂ ਦਾ ਚਮਨ ਕਿਸੇ ਨੇ ਲੁੱਟ ਲਿਆ ਹੋਵੇ ਤੇ ਖੁਸ਼ਹਾਲੀ ਦੀਆਂ ਰੰਗੀਨ ਬਹਾਰਾਂ ਨੇ ਉਸ ਕੋਲੋਂ ਰੁੱਸੇ ਸਾਥੀ ਵਾਂਗ ਪਾਸਾ ਵੱਟ ਕੇ ਲੰਘ ਜਾਣਾ ਹੋਵੇ। ... ਗ਼ਦਾਰ, ਗਿੱਦੜ ਅਤੇ ਚਮਨ, ਹੁਣ ਮੇਰੀ ਸਮਝ ਵਿਚ ਆਏ ਹਨ। ਜੈਮਲ ਪੱਡਾ ਦੇ ਗੀਤਾਂ ਨੂੰ ਹੁਣ ਮੈਂ ਸਮਝ ਸਕਦਾ ਹਾਂ।

# ਜਾਗ ਪਿਆ ਪੰਜਾਬ



ਹਰਬੰਸ ਸਿੰਘ ਜੰਡਾਲੀ
ਫੋਨ: 416-804-1999

ਪੰਜਾਬੀਆਂ ਦਾ ਇਤਿਹਾਸ ਪੰਜਾਬ ਦੀ ਧਰਤੀ ਨੇ ਆਪਣੀ ਭੂਗੋਲ ਦੀ ਕਲਮ ਨਾਲ ਲਿਖਿਆ ਹੈ। ਕਾਬਲ ਵਾਂਗ ਪੰਜਾਬ ਦੇ ਜੰਮਿਆਂ ਨੂੰ ਵੀ ਨਿੱਤ ਨਵੀਆਂ ਮੁਹਿੰਮਾਂ ਖੜ੍ਹੀਆਂ ਰਹੀਆਂ ਹਨ। ਦੂਰ ਦੀ ਗੱਲ ਛੱਡੋ, ਜੇ ਪਿਛਲੇ ਤਿੰਨ ਕੁ ਦਹਾਕਿਆਂ 'ਤੇ ਹੀ ਨਜ਼ਰ ਮਾਰ ਲਈ ਜਾਵੇ ਤਾਂ ਸਾਰੀ ਤਸਵੀਰ ਸਾਫ ਨਿੱਖਰ ਕੇ ਸਾਹਮਣੇ ਆ ਜਾਂਦੀ ਹੈ। ਜਾਪਦਾ ਹੈ, ਜਿਵੇਂ ਪੰਜਾਬ ਦੀ ਧਰਤੀ ਸਰਾਪੀ ਗਈ ਹੋਵੇ। ਇਸ ਦੀ ਰੂਹ ਮਧੋਲੀ ਗਈ ਹੋਵੇ। ਤਾਂ ਹੀ ਤੇ ਸੁਰਜੀਤ ਪਾਤਰ ਕਹਿੰਦਾ ਹੈ, "ਲੱਗੀ ਨਜ਼ਰ ਪੰਜਾਬ ਨੂੰ, ਕੋਈ ਮਿਰਚਾਂ ਵਾਰੋ। ਵਾਰ ਕੇ ਮਿਰਚਾਂ ਕੌੜੀਆਂ ਫਿਰ ਅੱਗ ਵਿਚ ਸਾੜੋ।"

ਇਨ੍ਹਾਂ ਸਮਿਆਂ ਵਿਚ ਮੰਨਿਆ ਜਾ ਰਿਹਾ ਸੀ ਕਿ ਪੰਜਾਬ ਦੀ ਧਰਤੀ ਦੇ ਚੱਪੇ ਚੱਪੇ 'ਤੇ ਗੈਂਗਸਟਰਾਂ, ਬਦਮਾਸ਼ਾਂ ਦੇ ਨਾਲ ਨਾਲ ਨਸ਼ਿਆਂ ਦੀ ਕੰਡਿਆਈ ਉੱਗ ਪਈ ਹੈ, ਜਿਸ ਨਾਲ ਪੰਜਾਬੀਆਂ ਦਾ ਹਰ ਅੰਗ ਪੱਛਿਆ ਗਿਆ ਹੈ। ਪਿੰਡ ਪਿੰਡ ਅਤੇ ਸ਼ਹਿਰ ਸ਼ਹਿਰ ਹਰ ਮੰਗਣੇ, ਵਿਆਹ ਅਤੇ ਇਕੱਠ ਵਿਚ ਬਹੁ-ਪ੍ਰਕਾਰੀ ਹਥਿਆਰਾਂ ਦਾ ਸ਼ਕਤੀ ਪ੍ਰਗਟਾਵਾ ਕੀਤਾ ਜਾ ਰਿਹਾ ਹੈ। ਠੂਹ ਠਾਹ ਪਟਾਕਿਆਂ ਵਾਂਗ ਕੀਤੀ ਜਾ ਰਹੀ ਹੈ। ਅਨੇਕ ਬੇਕਸੂਰਿਆਂ ਦੀ ਜਾਨ ਲਈ ਜਾ ਰਹੀ ਹੈ।

ਅਮਨ ਚੈਨ ਬਣਾਈ ਰੱਖਣਾ ਹਰ ਹਾਕਮ ਦਾ ਪਹਿਲਾ ਫਰਜ਼ ਹੁੰਦਾ ਹੈ-ਭਾਵੇਂ ਹਾਕਮ ਹੋਵੇ ਕਿਸੇ ਸੂਬੇ ਦਾ ਤੇ ਭਾਵੇਂ ਹੋਵੇ ਕੇਂਦਰ ਦਾ। ਜਾਪਦਾ ਇਹੋ ਹੀ ਹੈ ਕਿ ਜਿਵੇਂ ਹਾਕਮ ਆਪਣੇ ਨਿੱਜੀ ਲਾਲਚਾਂ ਲਈ ਆਪ ਹੀ ਇਹ ਸਾਰੀ ਅਰਾਜਕਤਾ ਫੈਲਾ ਰਹੇ ਹੋਣ। ਛੋਟੇ-ਮੋਟੇ ਲਾਲਚਾਂ ਵਿਚੋਂ ਹੀ ਵਿਕਰਾਲ ਲਾਲਚ ਜਨਮ ਲੈਂਦੇ ਹਨ, ਜੋ ਅੱਗੇ ਇਨਕਲਾਬ ਲਈ ਸਥਿਤੀ ਉਸਾਰ ਦਿੰਦੇ ਹਨ।

ਆਨੇ-ਬਹਾਨੇ ਕਿਸਾਨਾਂ ਦੀਆਂ ਲਾਗਤ ਚੀਜ਼ਾਂ ਆਏ ਦਿਨ ਮਹਿੰਗੀਆਂ ਹੁੰਦੀਆਂ ਗਈਆਂ, ਫਸਲਾਂ ਦੇ ਮੁੱਲ ਖਰਚਿਆਂ ਦੇ ਹਾਣ ਦੇ ਨਾ ਰਹੇ। ਕੁਦਰਤ ਦੇ ਵਰਤਾਰਿਆਂ ਨੇ ਵੀ ਸਮੇਂ ਸਮੇਂ ਕਿਸਾਨਾਂ ਉੱਤੇ ਤਬਾਹਕੁਨ ਸੱਟਾਂ ਮਾਰੀਆਂ। ਸਿੱਟੇ ਵਜੋਂ ਕਿਸਾਨ ਹਰ ਰੋਜ਼ ਕਰਜਾਈ ਹੁੰਦਾ ਚਲਾ ਗਿਆ। ਗਰੀਬ ਕਿਸਾਨ ਅਤੇ ਮਜ਼ਦੂਰ ਵੱਲੋਂ ਹਰ ਆਏ ਦਿਨਾਂ ਕੀਤੀਆਂ ਖੁਦਕਸ਼ੀਆਂ ਦਾ ਗ੍ਰਾਫ ਉੱਪਰ ਨੂੰ ਜਾਣ ਲੱਗਾ। ਹਾਕਮਾਂ ਦਾ ਸਿਰੇ ਦਾ ਧੱਕਾ ਇਹ ਕਿ ਆਪਣੇ ਚਹੇਤੇ ਸਰਮਾਏਦਾਰਾਂ, ਕਾਰਖਾਨੇਦਾਰਾਂ, ਬੈਂਕਾਂ ਆਦਿ ਨੂੰ ਉਨ੍ਹਾਂ ਦੇ ਬਿਜਨਸ ਵਿਚ ਘਾਟੇ ਦਾ ਬਹਾਨਾ ਬਣਾ ਕੇ ਹਜਾਰਾਂ ਲੱਖਾਂ-ਕਰੋੜਾਂ ਦੀ ਮੁਫਤ ਮਾਲੀ ਮਦਦ ਕੀਤੀ ਜਾਂਦੀ ਹੈ, ਪਰ ਕਿਸਾਨਾਂ ਤੇ ਮਜਦੂਰਾਂ, ਜਿਨ੍ਹਾਂ 'ਚ ਕਰਜ਼ਿਆਂ ਕਾਰਨ ਆਤਮ ਹੱਤਿਆ ਦਾ ਰੁਝਾਨ ਵਧਿਆ ਹੈ, ਉਨ੍ਹਾਂ ਦੇ ਸਿਰਫ ਲਾਰਿਆਂ ਖਸਾਰਿਆਂ ਨਾਲ ਹੰਝੂ ਪੂੰਝੇ ਜਾ ਰਹੇ ਹਨ। ਹਾਕਮਾਂ ਦੇ ਅਨਗਿਣਤ ਚਹੇਤੇ ਹਜ਼ਾਰ-ਕਰੋੜਾਂ ਦੀਆਂ ਠੱਗੀਆਂ ਮਾਰ ਕੇ ਪਰਦੇਸੀ ਉਡਾਰੀਆਂ ਮਾਰ ਕੇ ਐਸ਼ ਪ੍ਰਸਤੀਆਂ ਕਰ ਰਹੇ ਹਨ।

ਪਹਿਲੋਂ ਕਿਸਾਨਾਂ ਨੂੰ ਯੂ. ਪੀ. ਅਤੇ ਗੁਜਰਾਤ ਆਦਿ ਵਿਚੋਂ ਸਰਕਾਰੀ ਜ਼ੋਰ ਨਾਲ ਉਨ੍ਹਾਂ ਵੱਲੋਂ ਖੂਨ ਪਸੀਨੇ ਦੀ ਕਮਾਈ ਨਾਲ ਬਣਾਈਆਂ ਜਮੀਨਾਂ ਤੋਂ ਬੇਦਖਲ ਕੀਤਾ ਗਿਆ। ਕਿਸਾਨਾਂ ਨੇ ਹਰ ਪਾਸੇ ਕਾਨੂੰਨੀ ਚਾਰਾਜੋਈ ਕੀਤੀ, ਪਰ ਕੋਈ ਸੁਣਵਾਈ ਨਹੀਂ ਹੋਈ। ਅੱਜ ਕੱਲ੍ਹ ਕਾਨੂੰਨ ਵੀ ਹਾਕਮ ਦੀ ਬਦਨੀਤੀ ਦਾ ਗੁਲਾਮ ਬਣ ਗਿਆ ਹੈ। ਗੁਜਰਾਤ ਵਿਚ ਪੰਜਾਬੀ ਕਿਸਾਨ ਆਪਣੇ ਹੱਕ ਸੱਚ ਲਈ ਯਤਨ ਕਰ ਰਹੇ ਸਨ, ਪਰ ਉਹ ਨਹੀਂ ਜਾਣਦੇ ਸਨ ਕਿ ਹਾਕਮ ਦੀ ਬਦਨੀਤੀ ਗੁਜਰਾਤ ਵਿਚ ਬੇਇਨਸਾਫੀ ਕਰਨ ਦੀ ਹੀ ਨਹੀਂ ਹੈ, ਸਗੋਂ ਉਹ ਤੇ ਪੰਜਾਬ ਦੀ ਧਰਤੀ ਨੂੰ ਵੀ ਲੋਕਾਂ ਤੋਂ ਖੋਹ ਕੇ ਵੱਡਿਆਂ ਘਰਾਣਿਆਂ ਨੂੰ ਦੇ ਕੇ ਉੱਥੋਂ ਦੇ ਕਿਸਾਨ, ਮਜਦੂਰ, ਅਤੇ ਉਸ ਨਾਲ ਸਬੰਧਤ ਕਿੱਤਿਆਂ ਦੇ ਕਾਰਿੰਦਿਆਂ ਨੂੰ ਵੀ ਬੇਰੁਜ਼ਗਾਰ ਅਤੇ ਭਿਖਾਰੀ ਬਣਾਉਣ ਦੀ ਧਾਰੀ ਬੈਠਾ ਹੈ।

ਜਦੋਂ ਸਾਰਾ ਜਹਾਨ ਕਰੋਨਾ ਬੀਮਾਰੀ ਨਾਲ ਦਿਨ ਰਾਤ ਜੂਝ ਰਿਹਾ ਸੀ ਅਤੇ ਧਰਤੀ ਦਾ ਪੱਤਾ ਪੱਤਾ ਇਸ ਰੋਗ ਤੋਂ ਤ੍ਰਾਹ ਤ੍ਰਾਹ ਕਰ ਰਿਹਾ ਸੀ, ਹਾਕਮ ਨੇ ਐਨ ਉਸ ਵੇਲੇ ਆਪਣੇ ਮਿਸ਼ਨ ਦੀ ਪੂਰਤੀ ਲਈ ਰਾਹ ਪੱਧਰਾ ਦੇਖਿਆ ਅਤੇ ਕਿਸਾਨ ਵਿਰੋਧੀ ਖੇਤੀ ਕਾਨੂੰਨ ਕਿਸਾਨਾਂ ਦੇ ਗਲ ਵਿਚ ਤੁੰਨ ਦਿੱਤੇ। ਮਰਦਾ ਕੀ ਨਾ ਕਰਦਾ!

ਬਾਬੇ ਨਾਨਕ ਦੀ ਬਾਣੀ ਨੇ ਹੱਕ ਸੱਚ ਦੀ ਲੜਾਈ ਲਈ ਬਾਬਰ ਬਾਣੀ ਯਾਦ ਕਰਵਾਈ। ਕਿਸਾਨਾਂ-ਮਜਦੂਰਾਂ ਨੇ ਥਾਂ ਥਾਂ ਉੱਤੇ ਧਰਨੇ ਦੇ ਕੇ ਹਾਕਮ ਦੇ ਕੰਨਾਂ ਤੀਕ ਅਵਾਜ ਪਹੁੰਚਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਕਿ ਇਹ ਕਾਲੇ ਕਾਨੂੰਨ ਉਨ੍ਹਾਂ ਦੀ ਮੌਤ ਦੇ ਵਾਰੰਟ ਹਨ। ਹਾਕਮ ਨੇ ਇਹੋ ਹੀ ਰਟ ਲਾਈ ਰੱਖੀ, "ਇਹ ਕਾਨੂੰਨ ਕਿਸਾਨਾਂ ਦੇ ਭਲੇ ਲਈ ਹਨ। ਇਨ੍ਹਾਂ ਨਾਲ ਉਨ੍ਹਾਂ ਦੀ ਆਮਦਨ ਦੁੱਗਣੀ ਹੋ ਜਾਇਗੀ। ਇਨ੍ਹਾਂ ਨਾਲ ਕਿਸਾਨਾਂ-ਮਜਦੂਰਾਂ ਦੀ ਆਰਥਕ ਉਡਾਣ ਧਰਤੀ ਤੋਂ ਆਸਮਾਨ ਤੀਕ ਹੋ ਜਾਇਗੀ। ਅਸੀਂ ਇਨ੍ਹਾਂ ਨੂੰ ਕਿਸੇ ਕੀਮਤ ਉੱਤੇ ਵੀ ਵਾਪਿਸ ਨਹੀਂ ਲਵਾਂਗੇ।"

ਜਾਪਦਾ ਇਹ ਹੈ ਕਿ ਹਾਕਮਾਂ ਦੀ ਰੂਹ ਵਿਚ ਹਿਟਲਰੀ ਸੋਚ ਨੇ ਘਰ ਕਰ ਲਿਆ ਹੈ। ਜੋ ਹੈ ਕਿ ਦਰਸਾਉ ਮਨ ਭਾਉਂਦੇ ਸਬਜ਼ ਬਾਗ ਤੇ ਕਰੋ ਆਪਣੀਆਂ ਮਨ ਮਾਨੀਆਂ, ਬਿਲਕੁਲ ਠੱਗਾਂ ਵਾਂਗ, ਜੋ ਸੋਨੇ ਦੇ ਗਹਿਣਿਆਂ ਨੂੰ ਦੁੱਗਣੇ ਤਿੱਗਣੇ ਕਰਨ ਦਾ ਯਕੀਨ ਦੁਆ ਕੇ ਸਾਰੇ ਗਹਿਣੇ ਲੈ ਕੇ ਹੀ ਫੁਰਰ ਹੋ ਜਾਂਦੇ ਹਨ।

ਇਹ ਸਦਾ ਹੀ ਦੁਖਾਂਤ ਰਿਹਾ ਹੈ ਕਿ ਸਮੇਂ ਦੀਆਂ ਸਰਕਾਰਾਂ ਤਾਕਤ ਦੇ ਨਸ਼ੇ ਵਿਚ ਚੂਰ ਹੋ ਲੋਕ ਪੱਖੀ ਨਾ ਰਹਿ ਕੇ ਸਵਾਰਥ ਪੱਖੀ ਜਾਂ ਧੜਾ ਪੱਖੀ ਹੋ ਜਾਂਦੀਆਂ ਹਨ। ਕੁਝ ਕੁ ਆਪਣੇ ਨੇੜੇ ਦੇ ਵਿਸ਼ੇਸ਼ ਲੋਕਾਂ ਨੂੰ ਅਥਾਹ ਲਾਭ ਅਤੇ ਸ਼ਕਤੀ ਦੇਣ ਲਈ ਆਮ ਲੋਕਾਂ ਉੱਤੇ ਅਕਹਿ ਕਹਿਰ ਢਾਹੁੰਦੀਆਂ ਹਨ। ਇਸੇ ਲਈ ਬਾਬਾ ਨਾਨਕ ਨੇ ਨਿਧੜਕ ਹੋ ਕੇ ਜਰਵਾਣਿਆਂ ਸਬੰਧੀ ਕਿਹਾ ਸੀ ਕਿ ਧਾੜਵੀ ਕਾਬਲ ਤੋਂ ਪਾਪ ਦੀ ਫੌਜ ਲੈ ਕੇ ਆ ਗਿਆ ਹੈ ਤੇ ਲੋਕਾਂ ਤੋਂ ਜੋਰ ਨਾਲ ਦਾਨ ਮੰਗ ਰਿਹਾ ਹੈ। ਬਾਬਾ ਜੀ ਨੇ ਰਾਜਿਆਂ ਦੀ ਸੀਂਹ ਅਤੇ ਮੁਕੱਦਮਾਂ ਦੀ ਮੁਰਦਾਰ ਖਾਣ ਵਾਲੇ ਕੁੱਤੇ ਨਾਲ ਤੁਲਨਾ ਕੀਤੀ।

ਦੋ ਮਹੀਨੇ ਤੀਕ ਪੰਜਾਬ ਦੇ ਕਿਸਾਨਾਂ, ਮਜਦੂਰਾਂ ਅਤੇ ਸਬੰਧਤ ਕਿੱਤਾਕਾਰਾਂ ਨੇ ਕੇਂਦਰੀ ਸਰਕਾਰ ਨੂੰ ਆਪਣੇ ਦੁੱਖ ਸੁਣਾਉਣ ਅਤੇ ਠੀਕ ਗੱਲ ਮੰਨਵਾਉਣ ਲਈ ਥਾਂ ਥਾਂ ਸ਼ਾਂਤਮਈ ਧਰਨੇ ਮਾਰੇ। ਕੇਂਦਰੀ ਸਰਕਾਰ ਨੇ ਸਗੋਂ ਉਨ੍ਹਾਂ ਧਰਨਿਆਂ ਦਾ ਹੀ ਬਹਾਨਾ ਬਣਾ ਕੇ ਪੰਜਾਬ ਦੀ ਆਰਥਕ ਘੇਰਾਬੰਦੀ ਕਰ ਦਿੱਤੀ। ਵਾਰ ਵਾਰ ਕਰੋਨਾ ਦੀ ਬਿਮਾਰੀ ਵਧਣ ਦਾ ਡਰਾਵਾ ਮਾਰਿਆ। ਪੰਜਾਬ ਅਤੇ ਹਿੰਦੋਸਤਾਨ ਭਰ ਦੇ ਕਿਸਾਨ ਆਗੂਆਂ ਨੂੰ ਗੱਲਬਾਤ ਦਾ ਲਾਰਾ ਲਾ ਕੇ ਦਿੱਲੀ ਬੁਲਾ ਬੇਇੱਜਤ ਕਰਕੇ ਭੇਜਿਆ। ਅੰਤ ਕਿਸਾਨ ਆਗੂਆਂ ਨੇ 26 ਨਵੰਬਰ ਨੂੰ ਦਿੱਲੀ ਚੱਲੋ ਦਾ ਨਿਰਣਾ ਲੈ ਲਿਆ।

ਕੇਂਦਰੀ ਸਰਕਾਰ ਨੇ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਲਈ ਆਪਣੇ ਵਜ਼ੀਰਾਂ ਜਨਸੰਘੀ ਮੈਂਬਰਾਂ ਅਤੇ ਮੀਡੀਆ ਰਾਹੀਂ ਆਪਣੀ ਸਾਰੀ ਸ਼ਕਤੀ ਝੋਕ ਦਿੱਤੀ। ਥਾਂ ਥਾਂ ਉੱਤੇ ਖੇਤੀ ਕਾਨੂੰਨਾਂ ਦੇ ਲਾਹੇਵੰਦ ਹੋਣ ਦੇ ਗੀਤ ਗਾਏ ਜਾਣ ਲੱਗੇ। ਚਾਰ ਚੁਫੇਰੇ ਸ਼ਕੁਨੀ ਚਾਲਾਂ ਦਾ ਜਾਲ ਵਿਛਾਇਆ ਗਿਆ। ਜਦੋਂ ਦਿੱਲੀ ਸਰਕਾਰ ਟੱਸ ਤੋਂ ਮੱਸ ਨਾ ਹੋਈ, ਪੰਜਾਬੀ ਕਿਸਾਨਾਂ ਨੇ ਹਾਰ ਕੇ ਦਿੱਲੀ ਚਲੋ ਦੇ ਕਮਰਕੱਸੇ ਕੱਸ ਲਏ।

ਕੁਰਬਾਨੀਆਂ ਦਾ ਇਤਿਹਾਸ ਅਤੇ ਸੰਘਰਸ਼ ਤਾਂ ਸਦੀਆਂ ਤੋਂ ਪੰਜਾਬੀਆਂ ਦੇ ਵਿਰਸੇ ਦੇ ਅੰਗ-ਅੰਗ ਸਮਾਇਆ ਹੋਇਆ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਗੁਰੂ ਹਰਗੋਬਿੰਦ ਜੀ ਦੀ ਹਕੂਮਤ ਨਾਲ ਸਿੱਧੀ ਟੱਕਰ ਵਜੋਂ ਆਹਮਣੇ ਸਾਹਮਣੇ ਦੀਆਂ ਮੁੱਠਭੇੜਾਂ, ਗੁਰੂ ਤੇਗ ਬਹਾਦਰ ਜੀ ਦੀ ਕਈ ਸਿੱਖਾਂ ਨਾਲ ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਹੀਦੀ, ਗੁਰੂ ਗੋਬਿੰਦ ਸਿੰਘ ਜੀ ਦੇ ਜ਼ਾਲਮਾਂ ਵਿਰੁੱਧ ਅਨੇਕ ਯੁੱਧ, ਬਾਬਾ ਬੰਦਾ ਸਿੰਘ ਬਹਾਦਰ ਦਾ ਹਕੂਮਤ ਵਿਰੁੱਧ ਮਚਾਇਆ ਤਹਿਲਕਾ ਅਤੇ ਸਿਖਰ ਦੀ ਕੁਰਬਾਨੀ ਆਦਿ। ਕਿਸਾਨੀ ਆਗੂਆਂ ਵੱਲੋਂ ਇਸ਼ਾਰਾ ਕਰਨ ਦੀ ਦੇਰ ਸੀ ਕਿ ਸਾਰੇ ਹੀ ਪੰਜਾਬ ਵਿਚ 'ਦਿੱਲੀ ਚਲੋ' ਦੀਆਂ ਤਿਆਰੀਆਂ ਹੋਣ ਲੱਗੀਆਂ। ਚਾਰ ਮਹੀਨੇ ਰੜੇ ਮੈਦਾਨ ਬਸੇਰਾ ਕਰਨ ਦੇ ਸਾਰੇ ਲੋੜੀਂਦੇ ਜੁਗਾੜ ਕਰ ਲਏ। ਮੁਬਾਇਲ ਨੈੱਟ ਵਰਕ ਰਾਹੀਂ ਆਪਸੀ ਤਾਲ-ਮੇਲ ਬਣਾ ਲਿਆ। ਮਿਥੇ ਦਿਨ ਤਰੀਕ ਉੱਤੇ ਕਿਸਾਨ ਤੇ ਮਜਦੂਰ ਵਹੀਰਾਂ ਘੱਤ ਕੇ ਦਿੱਲੀ ਨੂੰ ਚੱਲ ਪਏ।

ਸਿਆਣੇ ਤਾਂ ਇਹ ਵੀ ਕਹਿੰਦੇ ਹਨ ਕਿ ਮੰਜ਼ਿਲ 'ਤੇ ਪਹੁੰਚਣ ਲਈ ਲੱਤਾਂ ਦੀ ਨਹੀਂ, ਦ੍ਰਿੜ੍ਹ ਇਰਾਦਿਆਂ ਦੀ ਲੋੜ ਹੁੰਦੀ ਹੈ। ਆਕਾਸ਼ ਵਿਚ ਉਡਾਰੀ ਲਾਉਣ ਲਈ ਖੰਭਾਂ ਨਾਲੋਂ ਵੱਧ ਲੋੜ ਇੱਛਾ ਸ਼ਕਤੀ ਦੀ ਹੁੰਦੀ ਹੈ। ਕਾਫਲਿਆਂ ਦੇ ਰਾਹ ਰੋਕਣ ਲਈ ਭਾਜਪਾ ਦੀ ਹਰਿਆਣਾ ਸਰਕਾਰ ਨੇ ਸੜਕਾਂ ਉੱਤੇ ਅਨੇਕ ਔਕੜਾਂ ਖੜ੍ਹੀਆਂ ਕਰ ਦਿੱਤੀਆਂ। ਕਰੇਨਾਂ ਨਾਲ ਭਾਰੀ ਭਾਰੀ ਪੱਥਰ ਰੱਖ ਦਿੱਤੇ, ਮਿੱਟੀ ਦੇ ਪਹਾੜ ਉਸਾਰ ਦਿੱਤੇ, ਜਲ ਤੋਪਾਂ ਬੀੜ ਦਿੱਤੀਆਂ, ਅੱਥਰੂ ਗੈਸ ਦੇ ਗੋਲਿਆਂ ਦੀ ਚਾਂਦਮਾਰੀ ਕੀਤੀ ਗਈ। ਬੈਰੀਕੇਡ ਲਾ ਦਿੱਤੇ, ਖਾਈਆਂ ਪੱਟ ਦਿੱਤੀਆਂ। ਇਹ ਸਾਰੀਆਂ ਰੁਕਾਵਟਾਂ ਕਾਫਲਿਆਂ ਨੂੰ ਕੁੱਝ ਸਮੇਂ ਲਈ ਸਿਰਫ ਅਟਕਾ ਸਕੀਆਂ, ਪਰ ਪੱਕਾ ਨਹੀਂ ਰੋਕ ਸਕੀਆਂ। ਪੱਕੇ ਇਰਾਦਿਆਂ, ਜੋਸ਼ੀਲੇ ਦਿਮਾਗਾਂ ਨੇ ਸਭ ਅੜਚਨਾਂ ਮੱਖਣ ਵਿਚੋਂ ਵਾਲ ਵਾਂਗ ਕੱਢ ਮਾਰੀਆਂ ਤੇ ਮੰਜ਼ਿਲ ਉੱਤੇ ਜਾ ਕੇ ਹੀ ਦਮ ਲਿਆ।

ਅੱਜ ਹਿੰਦੋਸਤਾਨ ਭਰ ਦੇ ਕਿਸਾਨਾਂ ਨੇ ਦਿੱਲੀ ਨੂੰ ਚਾਰ ਚੁਫੇਰੇ ਤੋਂ ਨਾਗਵਲ ਮਾਰਿਆ ਹੋਇਆ ਹੈ, ਜਿਸ ਵਿਚ ਹਰ ਵਰਗ ਦੇ ਸਿਆਣੇ, ਨੌਜੁਆਨ, ਬੱਚੇ, ਬੁੱਢੇ, ਬੀਬੀਆਂ ਆਦਿ ਤਨੋਂ ਮਨੋਂ ਤੇ ਧਨੋਂ ਪੂਰੀ ਸੁਹਿਰਦਤਾ ਨਾਲ ਭਾਗ ਲੈ ਰਹੇ ਹਨ। ਅੱਜ ਤੀਕ ਇਹ ਅੰਦੋਲਨ ਯੋਗ ਆਗੂਆਂ ਦੀ ਅਗਵਾਈ ਵਿਚ ਪੂਰਨ ਸ਼ਾਂਤਮਈ ਅਤੇ ਜ਼ਾਬਤੇ ਵਿਚ ਰਹਿ ਕੇ ਅੱਗੇ ਵਧ ਰਿਹਾ ਹੈ। ਇਸ ਵਿਚ ਵੈਰ ਵਿਰੋਧ ਤੋਂ ਉੱਪਰ ਉੱਠ ਕੇ ਖਾਣ ਪੀਣ, ਰਹਿਣ ਸਹਿਣ ਵਿਚ ਭਾਈ ਘਨੱਈਏ ਦੇ ਰੂਹਾਨੀ ਵਰਤਾਰੇ ਦੀਆਂ ਮਿਸਾਲਾਂ ਉੱਭਰ ਕੇ ਸਾਹਮਣੇ ਆ ਰਹੀਆਂ ਹਨ। ਬਾਬੇ ਨਾਨਕ ਦੇ ਉਪਦੇਸ਼ ਅਨੁਸਾਰ ਸਾਂਝੀਵਾਲਤਾ ਦੀ ਪਾਲਣਾ ਕਰਦਿਆਂ ਬਿਨਾ ਭੇਦ ਭਾਵ ਦੇ ਅੰਦੋਲਕਾਰੀਆਂ ਵੱਲੋਂ ਵਿਰੋਧੀਆਂ ਨੂੰ ਲੰਗਰ ਛਕਾਇਆ ਜਾ ਰਿਹਾ ਹੈ। ਇਸੇ ਲਈ ਪੂਰੇ ਹਿੰਦੋਸਤਾਨ ਵਿਚੋਂ ਹੀ ਨਹੀਂ, ਸਗੋਂ ਸੰਸਾਰ ਭਰ 'ਚੋਂ ਸੱਚ ਹੱਕ ਦਾ ਸਾਥ ਦੇਣ ਵਾਲੀਆਂ ਜੱਥੇਬੰਦੀਆਂ, ਸਰਕਾਰਾਂ ਵੱਲੋਂ ਕਿਸਾਨਾਂ ਨਾਲ ਪੂਰੀ ਹਮਦਰਦੀ ਦਿਖਾਈ ਜਾ ਰਹੀ ਹੈ ਅਤੇ ਆਰਥਕ ਮਦਦ ਵੀ ਕੀਤੀ ਜਾ ਰਹੀ ਹੈ।

ਜਾਪਦਾ ਹੈ, ਇਤਿਹਾਸ ਨਵਾਂ ਮੋੜ ਕੱਟਣ ਲੱਗਾ ਹੈ। ਇਸ ਕਿਸਾਨ ਅੰਦੋਲਨ ਤੋਂ ਸੰਸਾਰ ਲਈ ਆਸ ਦੀ ਇੱਕ ਨਵੀਂ ਕਿਰਨ ਦਿਖਾਈ ਦਿੱਤੀ ਹੈ। ਇਸ ਘੋਲ ਦੇ ਬਹਾਦਰਾਂ ਦੀ ਹਿੰਮਤ, ਕੁਰਬਾਨੀ ਅਤੇ ਨੇਕ ਨੀਤੀ ਨੂੰ ਦੇਸ਼-ਵਿਦੇਸ਼ਾਂ ਤੋਂ ਸ਼ਲਾਘਾ ਭਰੇ ਸਲੂਟ ਕੀਤੇ ਜਾ ਰਹੇ ਹਨ।

ਸੱਚੀ ਗੱਲ ਤਾਂ ਇਹ ਹੈ ਕਿ ਕਿਰਤੀਆਂ ਕਿਸਾਨਾਂ ਦੀ ਟੱਕਰ ਬੜੇ ਹੀ ਸ਼ਾਤਰ ਹਾਕਮਾਂ ਨਾਲ ਹੋ ਗਈ ਹੈ। ਜਿੱਥੇ ਕਿਸਾਨ ਕਾਨੂੰਨ ਦੀ ਹੱਦ ਵਿਚ ਰਹਿ ਕੇ, ਆਪਣੇ ਸੰਵਿਧਾਨਕ ਹੱਕਾਂ ਦੀ ਪਾਲਣਾ ਕਰਦਿਆਂ ਆਪਣੇ ਦੁੱਖ ਦਰਦ ਹਾਕਮਾਂ ਅੱਗੇ ਪੇਸ਼ ਕਰਕੇ ਖੇਤੀ ਸਬੰਧੀ ਪਾਸ ਕੀਤੇ ਗਏ ਕਾਲੇ ਕਾਨੂੰਨ ਆਦਿ ਵਾਪਿਸ ਲੈਣ ਲਈ ਚਾਰਾ ਜੋਈ ਕਰ ਰਹੇ ਹਨ, ਉੱਥੇ ਹਾਕਮ ਅਨੇਕ ਕੋਝੀਆਂ ਚਾਲਾਂ ਚੱਲ ਕੇ ਕਿਸਾਨ ਅੰਦੋਲਨ ਨੂੰ ਨਿਸਫਲ ਕਰਨ ਉੱਤੇ ਤੁਲੇ ਹੋਏ ਹਨ। ਹਾਕਮ ਇਸ ਸ਼ਾਂਤਮਈ ਘੋਲ ਨੂੰ ਕਿਸੇ ਸਮੇਂ ਵੀ ਹਿੰਸਾਪੂਰਨ ਬਣਾ ਸਕਦੇ ਹਨ। ਦਿੱਲੀ (ਕੇਂਦਰ) ਦੇ ਹਾਕਮਾਂ ਦਾ ਨੇੜੇ ਦਾ ਇਤਿਹਾਸ ਇਸ ਦਾ ਸਾਖੀ ਹੈ। ਕਿਸਾਨਾਂ ਦੀ ਸ਼ਕਤੀ ਸ਼ਾਂਤਮਈ, ਸੂਝ ਸਿਆਣਪ ਨਾਲ ਇੱਕਮੁੱਠ ਹੋ ਕੇ ਕੀਤੇ ਸੰਘਰਸ਼ ਵਿਚ ਹੈ। ਅੱਜ ਦੋਹਾਂ ਤਾਕਤਾਂ ਵਿਚੋਂ ਇੱਕ ਦਾ ਖਾਤਮਾ ਤੈਅ ਜਾਪਦਾ ਹੈ।

ਦੇਖਣਾ ਹੈ ਕਿ ਸਮਾਂ ਕਿਸ ਪਾਸੇ ਕਰਵਟ ਬਦਲਦਾ ਹੈ। ਪੰਜਾਬ ਦੇ ਸਨਮਾਨ ਪ੍ਰਾਪਤ ਅਣਖੀਆਂ ਨੇ ਆਪਣੇ ਸਨਮਾਨ ਪੱਤਰ ਅਤੇ ਮੈਡਲ ਵਾਪਿਸ ਕਰ ਦਿੱਤੇ ਹਨ। ਸੰਸਾਰ ਭਰ ਦੀ ਇਨਸਾਨੀਅਤ ਦੀ ਹਮਦਰਦੀ ਧੱਕਾ ਸਹਾਰ ਰਹੇ ਕਿਸਾਨਾਂ, ਮਜ਼ਦੂਰਾਂ ਤੇ ਮੌਤ ਦੇ ਮੂੰਹ ਧੱਕੀ ਜਾਂਦੀ ਲੋਕਾਈ ਨਾਲ ਹੈ। ਆਮੀਨ!

# ਕਿਸਾਨਾਂ ਦੇ 'ਦਿੱਲੀ ਚੱਲੋ ਅੰਦੋਲਨ' ਦੇ ਰੌਚਕ ਤੇ ਉਸਾਰੂ ਪੱਖ

ਡਾ. ਸੁਖਦੇਵ ਸਿੰਘ ਝੰਡ
ਫੋਨ: 647-567-9128

ਪੰਜਾਬ ਅਤੇ ਹਰਿਆਣਾ ਵਿਚ ਕਾਫੀ ਸਮੇਂ ਤੋਂ ਚੱਲ ਰਿਹਾ ਕਿਸਾਨੀ-ਅੰਦੋਲਨ ਅੱਜ ਕੱਲ੍ਹ ਸਿਖਰ 'ਤੇ ਹੈ। ਪਿਛਲੇ ਦੋ ਮਹੀਨਿਆਂ ਤੋਂ ਵੱਧ ਸ਼ੁਰੂ ਹੋਇਆ ਇਹ ਅੰਦੋਲਨ ਕਿਸਾਨ ਆਗੂਆਂ ਵੱਲੋਂ ਦਿੱਲੀ ਵੱਲ ਕੂਚ ਕਰਨ ਨਾਲ ਹੁਣ ਫੈਸਲਾਕੁਨ ਦੌਰ ਵਿਚ ਦਾਖਲ ਹੋ ਗਿਆ ਹੈ। ਉਹ ਲੱਖਾਂ ਦੀ ਗਿਣਤੀ ਵਿਚ ਆਪਣੇ ਟਰੈਕਟਰਾਂ-ਟਰਾਲੀਆਂ ਨੂੰ ਚੱਲਦੇ-ਫਿਰਦੇ ਆਰਜ਼ੀ ਘਰਾਂ ਦੇ ਰੂਪ ਵਿਚ ਬਦਲ ਕੇ ਚਾਰ-ਚਾਰ, ਪੰਜ-ਪੰਜ ਮਹੀਨਿਆਂ ਦਾ ਰਾਸ਼ਨ-ਪਾਣੀ ਲੈ ਕੇ ਇਕ-ਦੋ ਦਿਨ ਪਹਿਲਾਂ ਹੀ ਦਿੱਲੀ ਵੱਲ ਨੂੰ ਚੱਲ ਪਏ, ਕਿਉਂਕਿ ਉਨ੍ਹਾਂ ਨੂੰ ਪਹਿਲਾਂ ਹੀ ਪਤਾ ਸੀ ਕਿ ਉਨ੍ਹਾਂ ਨੂੰ ਰਾਹ ਵਿਚ ਕਈ ਰੁਕਾਵਟਾਂ ਤੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਇਸ ਅੰਦੋਲਨ ਵਿਚ ਬਹੁਤ ਸਾਰੇ ਰੌਚਕ ਅਤੇ ਉਸਾਰੂ-ਪੱਖ ਵੇਖਣ ਵਿਚ ਆਏ ਹਨ, ਜਿਨ੍ਹਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਸਭ ਤੋਂ ਅਹਿਮ ਪਹਿਲੂ ਤਾਂ ਪੰਜਾਬ ਅਤੇ ਹਰਿਆਣੇ ਦੇ ਕਿਸਾਨਾਂ ਵਿਚ ਏਕਤਾ ਦੇ ਰੂਪ ਵਿਚ ਵੇਖਣ ਨੂੰ ਮਿਲਿਆ ਹੈ। ਪੰਜਾਬ ਦੇ ਕਿਸਾਨ ਜਦੋਂ ਹਰਿਆਣੇ ਦੀਆਂ ਹੱਦਾਂ 'ਤੇ ਵੱਖ-ਵੱਖ ਥਾਂਵਾਂ 'ਤੇ ਪਹੁੰਚੇ ਤਾਂ ਰਸਤਿਆਂ ਦੀਆਂ ਰੁਕਾਵਟਾਂ ਨੂੰ ਦੂਰ ਕਰਨ ਲਈ ਹਰਿਆਣੇ ਦੇ ਕਿਸਾਨਾਂ ਨੇ ਪੰਜਾਬੀ ਕਿਸਾਨਾਂ ਨਾਲ ਮਿਲ ਕੇ ਹੰਭਲਾ ਮਾਰਿਆ। ਹਰਿਆਣਾ 'ਚ ਹਰਿਆਣਾ ਵਾਸੀਆਂ ਨੇ ਥਾਂ ਥਾਂ ਲੰਗਰ ਲਾਏ ਅਤੇ ਪੰਜਾਬੀ ਕਿਸਾਨਾਂ ਨੂੰ ਲੰਗਰ ਤੇ ਫਲ ਛਕਾਇਆ।

ਇਸ ਅੰਦੋਲਨ ਦੀ ਵਿਲੱਖਣਤਾ ਹੈ ਕਿ ਇਸ ਵਿਚ ਪੰਜਾਬ ਅਤੇ ਹਰਿਆਣੇ ਦੇ ਕਿਸਾਨ "ਵੱਡੇ-ਭਰਾ" ਤੇ "ਛੋਟੇ ਭਰਾ" ਦੇ ਰੂਪ ਵਿਚ ਸਾਂਝੇ ਤੌਰ 'ਤੇ ਵਿਚਰ ਰਹੇ ਹਨ ਅਤੇ ਇਹ ਪਹਿਲੀ ਨਵੰਬਰ 1966 ਨੂੰ ਹਰਿਆਣਾ ਬਣਨ ਤੋਂ ਬਾਅਦ ਪਹਿਲੀ ਵਾਰ ਹੀ ਵੇਖਣ ਵਿਚ ਆਇਆ ਹੈ। ਇਸ ਤੋਂ ਪਹਿਲਾਂ ਤਾਂ ਦੋਹਾਂ ਸੂਬਿਆਂ ਦੀਆਂ ਸਰਕਾਰਾਂ ਨੇ ਉਨ੍ਹਾਂ ਨੂੰ 'ਸਤਲੁਜ-ਯਮਨਾ ਲਿੰਕ ਨਹਿਰ' ਅਤੇ ਪਾਣੀ ਦੀ ਵੰਡ ਸਮੇਤ ਹੋਰ ਮਸਲਿਆਂ ਵਿਚ ਹੀ ਉਲਝਾਈ ਰੱਖਿਆ ਹੈ। ਦਿੱਲੀ ਦੇ ਨੇੜਲੇ ਹਰਿਆਣੇ ਦੇ ਪਿੰਡਾਂ ਵਿਚੋਂ ਦੁੱਧ, ਲੱਸੀ ਅਤੇ ਲੰਗਰ ਤਿਆਰ ਹੋ ਕੇ ਦਿੱਲੀ ਅਤੇ ਹਰਿਆਣੇ ਦੇ ਸਿੰਘੂ, ਕੁੰਡਲੀ ਤੇ ਟਿਕਰੀ ਬਾਰਡਰਾਂ ਉੱਪਰ ਕਿਸਾਨਾਂ ਲਈ ਧੜਾ-ਧੜ ਆ ਰਹੇ ਹਨ। ਭਾਵੇਂ ਕਿਸਾਨਾਂ ਨੇ ਪਹਿਲਾਂ ਹੀ ਆਪਣੇ ਕੋਲ ਕਈ ਮਹੀਨਿਆਂ ਲਈ ਰੋਟੀ-ਪਾਣੀ ਦਾ ਪੂਰਾ 'ਜੁਗਾੜ' ਕੀਤਾ ਹੋਇਆ ਹੈ ਤੇ ਉਹ ਸਵੇਰ ਵੇਲੇ ਆਲੂ-ਗੋਭੀ ਵਾਲੇ ਪਰੌਂਠੇ ਖੁਦ ਬਣਾ ਕੇ ਛਕ ਰਹੇ ਹਨ ਅਤੇ ਕਈਆਂ ਨੇ ਰੋਟੀ ਤੇ ਦਾਲ-ਭਾਜੀ ਪਾਣੀ ਬਣਾਉਣ ਲਈ ਆਪਣੇ ਨਾਲ ਹਲਵਾਈ ਵੀ ਲਿਆਂਦੇ ਹਨ, ਪਰ ਫਿਰ ਵੀ ਹਰਿਆਣੇ ਅਤੇ ਦਿੱਲੀ-ਵਾਸੀਆਂ ਵੱਲੋਂ ਲਗਾਤਾਰ ਆ ਰਿਹਾ ਲੰਗਰ ਉਨ੍ਹਾਂ ਦੀ ਵੱਡੀ ਹੌਸਲਾ ਅਫਜ਼ਾਈ ਕਰ ਰਿਹਾ ਹੈ। ਦਿੱਲੀ ਦੇ ਮੁਸਲਿਮ ਭਾਈਚਾਰੇ ਵੱਲੋਂ ਵੀ ਲੰਗਰ ਤਿਆਰ ਕਰਕੇ ਲਿਆਂਦਾ ਜਾ ਰਿਹਾ ਹੈ। ਕੌਮਾਂਤਰੀ ਜਥੇਬੰਦੀ 'ਖਾਲਸ ਏਡ' ਅਤੇ ਹੋਰ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਵੀ ਲੰਗਰ ਲਾਏ ਹੋਏ ਹਨ। ਕਈ ਗੁਰਦੁਆਰਾ ਸਾਹਿਬਾਨ ਤੋਂ ਵੀ ਲੰਗਰ ਆ ਰਿਹਾ ਹੈ। 'ਯੂਨਾਈਟਿਡ ਸਿੱਖਸ' ਨਾਂ ਦੀ ਜਥੇਬੰਦੀ ਵੱਲੋਂ ਕਿਸਾਨਾਂ ਲਈ ਦਵਾਈਆਂ ਅਤੇ ਮਰ੍ਹਮ-ਪੱਟੀ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਐਮਰਜੈਂਸੀ ਹਾਲਤ ਨੂੰ ਸਾਂਭਣ ਲਈ ਇਕ ਐਂਬੂਲੈਂਸ ਦਾ ਵੀ ਪ੍ਰਬੰਧ ਕੀਤਾ ਹੋਇਆ ਹੈ।

ਇਸ ਦੇ ਨਾਲ ਹੀ ਸੜਕਾਂ ਦੇ ਦੋਹੀਂ ਪਾਸੀਂ ਘਰਾਂ ਦੇ ਹਰਿਆਣਾ-ਨਿਵਾਸੀਆਂ ਨੇ ਆਪਣੇ ਘਰਾਂ ਦੇ ਬੂਹੇ ਇਨ੍ਹਾਂ ਕਿਸਾਨ ਧਰਨਾਕਾਰੀਆਂ ਲਈ ਖੋਲ੍ਹ ਦਿੱਤੇ ਹਨ। ਉਹ ਸਵੇਰੇ ਇਸ਼ਨਾਨ-ਪਾਣੀ ਲਈ ਉੱਥੇ ਉਨ੍ਹਾਂ ਦੇ ਬਾਥ-ਰੂਮ ਵੀ ਵਰਤ ਰਹੇ ਹਨ ਅਤੇ ਉਨ੍ਹਾਂ ਦੇ ਘਰਾਂ ਵਿਚ ਸਵੇਰੇ ਬੜੀ ਸ਼ਰਧਾ ਤੇ ਪਿਆਰ ਨਾਲ ਉਨ੍ਹਾਂ ਵੱਲੋਂ ਬਣਾਇਆ ਗਿਆ ਚਾਹ-ਪਾਣੀ ਵੀ ਪੀਂਦੇ ਹਨ। ਕਈਆਂ ਨੇ ਤਾਂ ਆਪਣੇ ਘਰਾਂ ਦੇ ਸਾਹਮਣੇ ਵੀ ਚਾਹ-ਪਾਣੀ ਅਤੇ ਬਰੈੱਡ-ਪਕੌੜਿਆਂ, ਆਦਿ ਦੇ ਲੰਗਰ ਵੀ ਲਾਏ ਹੋਏ ਹਨ। ਕਈ ਹੋਟਲਾਂ ਦੇ ਮਾਲਕਾਂ ਨੇ ਇਸ ਕਿਸਾਨੀ ਧਰਨੇ ਵਿਚ ਸ਼ਾਮਲ ਔਰਤਾਂ ਦੇ ਰਾਤ ਰਹਿਣ ਲਈ ਆਪਣੇ ਹੋਟਲਾਂ ਦੇ ਕਮਰੇ ਫਰੀ ਖੋਲ੍ਹ ਦਿੱਤੇ ਹਨ। ਉਹ ਸਵੇਰੇ ਕਿਸਾਨ-ਧਰਨਿਆਂ ਵਿਚ ਸ਼ਾਮਲ ਹੁੰਦੀਆਂ ਹਨ ਅਤੇ ਰਾਤ ਨੂੰ ਇੱਥੇ ਆਰਾਮ ਕਰਦੀਆਂ ਹਨ। ਧਰਨੇ ਵਿਚ ਸ਼ਾਮਲ ਇਕ ਨੌਜੁਆਨ ਦੱਸ ਰਿਹਾ ਸੀ ਕਿ ਉਸ ਦੇ ਫੋਨ ਦਾ ਚਾਰਜਰ ਖਰਾਬ ਹੋ ਗਿਆ ਅਤੇ ਉਹ ਜਦੋਂ ਨਵਾਂ ਫੋਨ-ਚਾਰਜਰ ਲੈਣ ਲਈ ਇਕ ਦੁਕਾਨ 'ਤੇ ਗਿਆ ਤਾਂ ਦੁਕਾਨਦਾਰ ਨੇ ਉਸ ਨੂੰ ਫੋਨ-ਚਾਰਜਰ ਦਿੰਦਿਆਂ ਉਸ ਦੀ ਕੀਮਤ ਲੈਣ ਤੋਂ ਨਾਂਹ ਕਰ ਦਿੱਤੀ ਅਤੇ ਕਿਹਾ ਕਿ ਇਸ ਨੂੰ ਉਸ ਦੇ ਵੱਲੋਂ ਇਸ ਅੰਦੋਲਨ ਵਿਚ ਪਾਇਆ ਗਿਆ 'ਯੋਗਦਾਨ' ਹੀ ਸਮਝਿਆ ਜਾਵੇ।

ਪੰਜਾਬ ਅਤੇ ਹਰਿਆਣੇ ਦੇ ਕਿਸਾਨ ਤਾਂ ਇਸ ਅੰਦੋਲਨ ਵਿਚ ਇਕੱਠੇ ਹੋਏ ਹੀ ਹਨ ਅਤੇ ਉਨ੍ਹਾਂ ਦਾ ਸਾਥ ਦੇਣ ਲਈ ਉੱਤਰ ਪ੍ਰਦੇਸ਼, ਉੱਤਰਾ ਖੰਡ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਦੇ ਕਿਸਾਨ ਵੀ ਉਨ੍ਹਾਂ ਦੇ ਨਾਲ ਆ ਰਲੇ ਹਨ। ਇਹ ਵੱਖਰੀ ਗੱਲ ਹੈ ਕਿ ਉੱਤਰ ਪ੍ਰਦੇਸ਼ ਅਤੇ ਉੱਤਰਾ ਖੰਡ ਵੱਲੋਂ ਆਉਣ ਵਾਲੇ ਕਿਸਾਨਾਂ ਨੂੰ ਦਿੱਲੀ ਦੇ ਉੱਤਰ ਵਾਲੇ ਪਾਸੇ ਬਾਈਪਾਸ ਦੇ ਬਾਹਰਵਾਰ ਹੀ 'ਬੁਰਾੜੀ' ਦੇ ਖੁੱਲ੍ਹੇ ਮੈਦਾਨ, ਜਿਸ ਨੂੰ ਕਿਸਾਨਾਂ ਵੱਲੋਂ 'ਖੁੱਲ੍ਹੀ-ਜੇਲ੍ਹ' ਦਾ ਨਾਂ ਦਿੱਤਾ ਗਿਆ ਹੈ, ਵਿਚ ਜਬਰਦਸਤੀ ਡੱਕ ਦਿੱਤਾ ਗਿਆ ਹੈ ਅਤੇ ਉਨ੍ਹਾਂ ਨੂੰ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੂੰ ਮਿਲਣ ਨਹੀਂ ਦਿੱਤਾ ਜਾ ਰਿਹਾ।

ਕਿਸਾਨੀ ਅੰਦੋਲਨ ਦੀ ਤਾਜ਼ਾ ਸਥਿਤੀ ਇਹ ਹੈ ਕਿ ਇਸ ਅੰਦੋਲਨ ਵਿਚ "ਫੌਜਾਂ" ਦੋਵੇਂ ਪਾਸੇ ਪੂਰੀ ਤਰ੍ਹਾਂ ਡਟੀਆਂ ਹੋਈਆਂ ਹਨ, ਕਿਸਾਨੀ ਫੌਜਾਂ ਅਤੇ ਸਰਕਾਰੀ ਫੌਜਾਂ। ਕੇਂਦਰ ਸਰਕਾਰ ਨੇ ਕਿਸਾਨ ਆਗੂਆਂ ਨਾਲ 3 ਦਸੰਬਰ ਨੂੰ ਗੱਲਬਾਤ ਕਰਨ ਲਈ ਸੱਦਾ ਦਿੱਤਾ ਹੋਇਆ ਹੈ, ਪਰ ਇਸ ਦੇ ਨਾਲ ਇਹ ਸ਼ਰਤ ਵੀ ਲਾਈ ਹੈ ਕਿ ਉਹ ਨੈਸ਼ਨਲ ਹਾਈਵੇ ਤੋਂ ਆਪਣੇ ਧਰਨੇ ਹਟਾ ਲੈਣ ਅਤੇ ਬੁਰਾੜੀ ਦੇ ਖੁੱਲ੍ਹੇ ਮੈਦਾਨ ਵਿਚ ਚਲੇ ਜਾਣ, ਜਿੱਥੇ ਸਰਕਾਰ ਵੱਲੋਂ ਉਨ੍ਹਾਂ ਲਈ ਪੋਰਟੇਬਲ-ਵਾਸ਼ਰੂਮਾਂ ਅਤੇ ਇਸ਼ਨਾਨ, ਪਾਣੀ ਆਦਿ ਦਾ ਪ੍ਰਬੰਧ ਕੀਤਾ ਗਿਆ ਹੈ; ਪਰ ਕਿਸਾਨ ਆਗੂਆਂ ਵੱਲੋਂ ਇਹ ਸੱਦਾ ਇਹ ਕਹਿ ਕੇ ਠੁਕਰਾ ਦਿੱਤਾ ਗਿਆ ਹੈ ਕਿ ਉਹ ਕਿਸੇ ਵੀ ਤਰ੍ਹਾਂ ਦੀ ਸ਼ਰਤ ਨਾਲ ਇਸ ਗੱਲਬਾਤ ਵਿਚ

(ਬਾਕੀ ਅਗਲੇ ਸਫੇ 'ਤੇ)

# ਕਿਰਤ ਦੀ ਲੜਾਈ ਲਈ ਇਕੱਠੇ ਹੋਣਾ ਹੀ ਪਵੇਗਾ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦਾ ਆਮ ਆਦਮੀ ਇਸ ਵਕਤ ਆਪਣੀ ਹੋਂਦ ਅਤੇ ਭਵਿੱਖ ਦੀ ਲੜਾਈ ਲੜ ਰਿਹਾ ਹੈ। ਕਿਸਾਨ ਸੰਘਰਸ਼ ਉਸ ਵੱਡੀ ਲੜਾਈ ਦਾ ਇੱਕ ਅਹਿਮ ਪੜਾਅ ਹੈ, ਪਰ ਇੱਕੋ-ਇੱਕ ਨਹੀਂ। ਲੜਾਈ ਇਸ ਤੋਂ ਬਹੁਤ ਅਗਾਂਹ ਤੱਕ ਜਾਣ ਦਾ ਸੰਕੇਤ ਦਿੰਦੀ ਹੈ, ਪਰ ਭਾਰਤ ਦਾ ਆਮ ਆਦਮੀ ਜਿਸ ਤਰ੍ਹਾਂ ਲੜ ਰਿਹਾ ਹੈ, ਉਹ ਠੀਕ ਸੇਧ ਵਿਚ ਨਹੀਂ। ਭਾਰਤ ਦੀ ਵਾਗ ਸੰਭਾਲੀ ਬੈਠੀ ਸਭ ਤੋਂ ਵੱਡੀ ਪਾਰਟੀ ਭਾਜਪਾ ਦੇ ਬੁਲਾਰੇ ਤੇ ਉਨ੍ਹਾਂ ਵਾਲੀ ਪਟੜੀ ਚੜ੍ਹੇ ਹੋਏ ਲੋਕ ਜਦੋਂ ਆਪਣੇ ਚਹੇਤੇ ਨੇਤਾ ਦੀ ਕਿਸੇ ਇੱਛਾ ਦਾ ਕਿਸੇ ਵੀ ਕਿਸਮ ਦਾ ਵਿਰੋਧ ਹੁੰਦਾ ਵੇਖਦੇ ਹਨ ਤਾਂ ਉਹ ਹਰ ਥਾਂ ਜਥੇਬੰਦ ਫੌਜ ਵਾਂਗ ਚੜ੍ਹਾਈ ਕਰਨ ਨੂੰ ਤਿਆਰ ਰਹਿੰਦੇ ਹਨ। ਉਨ੍ਹਾਂ ਦਾ ਕਿਸੇ ਵੀ ਵਿਰੋਧੀ ਉਤੇ ਊਜ ਲਾਉਣ ਦਾ ਸਭ ਤੋਂ ਵੱਡਾ ਹਥਿਆਰ ਉਸ ਨੂੰ 'ਟੁਕੜੇ-ਟੁਕੜੇ' ਗੈਂਗ ਕਹਿਣਾ ਹੁੰਦਾ ਹੈ। ਫਿਲਮ ਸਟਾਰ ਕੰਗਨਾ ਰਣੌਤ ਇਸ ਮਾਮਲੇ ਵਿਚ ਸਭ ਤੋਂ ਤਾਜ਼ਾ ਮਿਸਾਲ ਬਣੀ ਹੈ। ਉਸ ਨੇ ਦਿੱਲੀ ਬਾਰਡਰ ਉਤੇ ਧਰਨੇ ਲਾਈ ਬੈਠੇ ਕਿਸਾਨਾਂ ਵਿਚ ਸ਼ਾਮਲ ਬੀਬੀ ਮਹਿੰਦਰ ਕੌਰ ਨੂੰ ਜਦੋਂ 'ਸੌ ਰੁਪਏ ਵਿਚ ਧਰਨਾ ਲਾਉਣ ਵਾਲੀ' ਕਿਹਾ ਤਾਂ ਕਈ ਲੋਕਾਂ ਨੇ ਉਸ ਦਾ ਵਿਰੋਧ ਕੀਤਾ। ਇਸ ਦੌਰਾਨ ਜਦੋਂ ਉਹ ਗਾਇਕ ਤੇ ਅਦਾਕਾਰ ਦਿਲਜੀਤ ਸਿੰਘ ਦੋਸਾਂਝ ਨਾਲ ਟਵਿਟ-ਜੰਗ ਲੜਦੀ ਪਈ ਸੀ ਤਾਂ ਉਸ ਨੇ ਵੀ 'ਟੁਕੜੇ-ਟੁਕੜੇ' ਗੈਂਗ ਦਾ ਮਿਹਣਾ ਮਾਰਿਆ ਹੈ। ਜਿਨ੍ਹਾਂ ਲੋਕਾਂ ਨੂੰ ਸਰਕਾਰ ਵਿਰੁੱਧ ਲੜਨ ਬਦਲੇ 'ਟੁਕੜੇ-ਟੁਕੜੇ' ਗੈਂਗ ਦਾ ਮਿਹਣਾ ਮਾਰ ਕੇ ਦੇਸ਼ ਦੇ ਟੁਕੜੇ ਕਰਨ ਵਾਲੇ ਕਿਹਾ ਜਾਂਦਾ ਹੈ, ਉਹ ਦੇਸ਼ ਦੇ ਟੁਕੜੇ ਕਰਨ ਵਾਲੇ ਨਹੀਂ, ਅਸਲ ਵਿਚ ਉਹ 'ਟੁਕੜਾ-ਟੁਕੜਾ ਲੜਾਈ ਲੜਨ ਵਾਲੇ' ਹਨ। ਕੋਈ ਜਣਾ ਭਾਰਤ ਦੇਸ਼ ਦੇ ਉੱਤਰ ਵਿਚ ਆਪਣੇ ਹੱਕਾਂ ਦੀ ਲੜਾਈ ਲੜਦਾ ਹੈ ਤਾਂ ਉਸ ਨੂੰ ਦੱਖਣ ਵਾਲਿਆਂ ਦੀ ਮਦਦ ਇਸ ਕਰ ਕੇ ਨਹੀਂ ਮਿਲਦੀ ਕਿ ਜਦੋਂ ਦੱਖਣ ਵਾਲਿਆਂ ਨੇ ਲੜਾਈ ਲੜੀ ਸੀ, ਉਦੋਂ ਉੱਤਰ ਵਾਲੇ ਚੁੱਪ ਰਹੇ ਸਨ ਤੇ ਜਦੋਂ ਪੂਰਬ ਵਾਲਿਆਂ ਨੇ ਲੜਾਈ ਲੜੀ, ਉਦੋਂ ਪੱਛਮ ਵਾਲੇ ਰਾਜਾਂ ਦੇ ਲੋਕਾਂ ਨੇ ਇਸ ਲੜਾਈ ਦਾ ਸਾਥ ਕੀ ਦੇਣਾ ਸੀ, ਇਸ ਦੇ ਹੱਕ ਵਿਚ ਕਦੀ ਹਾਅ ਦਾ ਨਾਅਰਾ ਤੱਕ ਵੀ ਮਾਰਨ ਦੀ ਲੋੜ ਨਹੀਂ ਸੀ ਸਮਝੀ। ਇਸ ਵਕਤ ਇਹੋ ਕੁਝ ਕਿਸਾਨਾਂ ਦੇ ਮੁੱਦੇ ਉਤੇ ਹੋ ਰਿਹਾ ਹੈ।

ਰਾਜ ਕਰਨ ਵਾਲੀ ਧਿਰ ਨੂੰ ਚੁਸਤ ਤਾਂ ਮੰਨਿਆ ਜਾਂਦਾ ਹੈ, ਪਰ ਇਹ ਹਕੀਕਤ ਬਹੁਤੇ ਲੋਕ ਨਹੀਂ ਜਾਣਦੇ ਹੋਣੇ ਕਿ ਇਸ ਦੇ ਪੈਂਤੜੇ ਅਤੇ ਇਸ ਦੇ ਬੁਲਾਰਿਆਂ ਦੀ ਸਿਖਲਾਈ ਕਿਸੇ ਏਕੀਕ੍ਰਿਤ ਕਮਾਂਡ ਹੇਠ ਹੁੰਦੀ ਹੈ। ਉਹ ਧਿਰ ਭਾਰਤ ਦੇ ਲੋਕਾਂ ਦੀ ਨਜ਼ਰ ਵਿਚ ਇੱਕ ਧਰਮ ਦਾ ਰਾਜ ਕਾਇਮ ਕਰਨ ਲਈ ਸਰਗਰਮ ਹੈ, ਪਰ ਅਸਲ ਵਿਚ ਇੱਕ ਧਰਮ ਨਾਲੋਂ ਵੀ ਅੱਗੇ ਉਹ ਉਸ



ਤਰ੍ਹਾਂ ਦਾ ਰਾਜ ਕਰਨ ਤੱਕ ਸੋਚ ਰੱਖਦੀ ਹੈ, ਜਿਸ ਨੂੰ ਚਲਾਉਣ ਵਾਸਤੇ ਮਨੂੰ ਨੇ ਵਰਣ-ਵਿਵਸਥਾ ਬਣਾਈ ਸੀ। ਬ੍ਰਹਮਾ ਦਾ ਪੁੱਤਰ ਮੰਨੇ ਜਾਣ ਵਾਲੇ ਮਨੂੰ ਸਵਅੰਭੁਵ ਨੇ ਜਿਹੜੀ ਸਿਮ੍ਰਿਤੀ ਸ਼ੁਰੂ ਕੀਤੀ ਸੀ, ਉਸ ਨੂੰ ਪੜ੍ਹੀਏ ਤਾਂ ਅਜੋਕੇ ਹਿੰਦੂਤਵ ਦੇ ਪ੍ਰਚਾਰਕਾਂ ਤੇ ਢੰਡੋਰਚੀਆਂ ਦੀ ਸਾਰੀ ਖੇਡ ਸਮਝ ਆ ਜਾਂਦੀ ਹੈ। ਸਾਡੇ ਕੁਝ ਲੋਕ ਏਦਾਂ ਦਾ ਮੁੱਦਾ ਚੁੱਕਦੇ ਹਨ ਕਿ ਪੰਜਾਬ ਨਾਲ ਹੋ ਰਹੇ ਧੱਕੇ ਦਾ ਕਾਰਨ ਇਹ ਹੈ ਕਿ ਇਥੇ ਸਿੱਖ ਵੱਸਦੇ ਹਨ ਅਤੇ ਸਿੱਖ ਇਸ ਸਰਕਾਰ ਨੂੰ ਸਬਕ ਸਿ ਖਾ ਦੇਣਗੇ। ਉਨ੍ਹਾਂ ਨੂੰ ਇਹ ਗੱਲ ਪਤਾ ਨਹੀਂ ਕਿ ਪਿਛਲੇ ਮਹੀਨੇ ਜਦੋਂ ਮੰਡੀਆਂ ਵਿਚ ਝੋਨਾ ਵਿਕ ਰਿਹਾ ਸੀ, ਉੱਤਰ ਪ੍ਰਦੇਸ਼ ਦੇ ਕਿਸਾਨਾਂ ਤੋਂ ਉਨ੍ਹਾਂ ਦਾ ਝੋਨਾ ਸਾਢੇ ਨੌਂ ਸੌ ਰੁਪਏ ਖਰੀਦਿਆ ਅਤੇ ਪੰਜਾਬ ਦੇ ਸ਼ੈਲਰਾਂ ਦੇ ਕੁਝ ਮਾਲਕਾਂ ਨੂੰ ਚੌਦਾਂ-ਪੰਦਰਾਂ ਸੌ ਰੁਪਏ ਵੇਚਿਆ ਜਾਂਦਾ ਸੀ। ਉਹ ਸ਼ੈਲਰ ਮਾਲਕ ਚੌਦਾਂ-ਪੰਦਰਾਂ ਸੌ ਰੁਪਏ ਦਾ ਖਰੀਦਿਆ ਝੋਨਾ ਅੱਗੇ ਮੰਡੀ ਵਿਚ ਕਿਸਾਨਾਂ ਦੇ ਜਾਅਲੀ ਨਾਂ ਲਿਖਾ ਕੇ ਘੱਟੋ-ਘੱਟ ਖਰੀਦ ਦੇ ਸਰਕਾਰੀ ਭਾਅ ਲਗਭਗ ਉਨੀ ਸੌ ਰੁਪਏ ਨੂੰ ਵੇਚ ਕੇ ਮੋਟਾ ਮਾਲ ਕਮਾ ਰਹੇ ਸਨ। ਇਸ ਵਿਚ ਕਿਹੜੇ ਠੱਗ ਨੇ ਕਿੰਨਾ ਮਾਲ ਕਮਾਇਆ, ਇਹ ਗੱਲ ਪਾਸੇ ਛੱਡ ਕੇ ਸੋਚਣ ਦੀ ਗੱਲ ਤਾਂ ਇਹ ਹੈ ਕਿ ਉੱਤਰ ਪ੍ਰਦੇਸ਼ ਵਿਚੋਂ ਜਿਨ੍ਹਾਂ ਕਿਸਾਨਾਂ ਤੋਂ ਅੱਧੇ ਮੁੱਲ ਉਤੇ ਝੋਨਾ ਖਰੀਦ ਕੇ ਉਨ੍ਹਾਂ ਨੂੰ ਲੁੱਟਿਆ ਗਿਆ, ਉਹ ਕਿਸਾਨ ਸਿੱਖ ਨਹੀਂ, ਬਹੁਤਾ ਕਰ ਕੇ ਹਿੰਦੂ ਹਨ ਤੇ ਉਥੇ ਹਿੰਦੂਤਵ ਦੇ ਨਾਂ ਉਤੇ ਰਾਜਨੀਤੀ ਦੀ ਝੰਡਾ ਬਰਦਾਰ ਭਾਰਤੀ ਜਨਤਾ ਪਾਰਟੀ ਵਾਲਿਆਂ ਦੇ ਇੱਕ ਹਿੰਦੂਤਵੀ ਸੰਤ ਦਾ ਰਾਜ ਹੈ। ਸਾਫ ਹੈ ਕਿ ਹਿੰਦੂਤਵ ਦੇ ਬਹਾਨੇ ਰਾਜ ਕਰਨ ਵਾਲਿਆਂ ਦੀ ਨੀਤੀ ਹਿੰਦੂ ਭਾਈਚਾਰੇ ਨੂੰ ਬਚਾਉਣ ਦੀ ਕੋਈ ਨਹੀਂ। ਉਸ ਰਾਜ ਦੀ ਹਿੰਦੂ ਬਹੁ-ਗਿਣਤੀ ਲਾਈਨਾਂ ਬੰਨ੍ਹ ਕੇ ਭਾਜਪਾ ਦੇ ਪਿੱਛੇ ਭੁਗਤੀ ਅਤੇ ਪਾਰਲੀਮੈਂਟ ਦੀਆਂ ਅੱਸੀਆਂ ਵਿਚੋਂ ਬਾਹਠ ਸੀਟਾਂ ਤੇ ਅਸੈਂਬਲੀ ਦੀਆਂ ਚਾਰ ਸੌ ਤਿੰਨ ਸੀਟਾਂ ਵਿਚੋਂ ਤਿੰਨ ਸੌ ਬਾਰਾਂ ਸੀਟਾਂ ਜਿੱਤਣ ਲਈ ਇਸ ਪਾਰਟੀ ਦੀ ਮਦਦ ਕੀਤੀ ਸੀ। ਇਸ ਨੇ ਉਨ੍ਹਾਂ ਚੀਕਾਂ ਮਾਰਦਿਆਂ ਦੀ ਮਦਦ ਨਹੀਂ ਕੀਤੀ।

ਦਿੱਲੀ ਵਾਲੇ ਬਾਰਡਰ ਉਤੇ ਜਿਹੜੇ ਕਿਸਾਨ ਇਸ ਵੇਲੇ ਲੜ ਰਹੇ ਹਨ, ਉਹ ਵੀ ਇਕੱਲੇ ਸਿੱਖ ਨਹੀਂ, ਹਰਿਆਣਾ ਤੇ ਰਾਜਸਥਾਨ ਜਾਂ ਉੱਤਰ ਪ੍ਰਦੇਸ਼ ਦੇ ਹਿੰਦੂ ਅਤੇ ਮੁਸਲਮਾਨ ਕਿਸਾਨ ਵੀ ਉਨ੍ਹਾਂ ਦੇ ਨਾਲ ਬੈਠੇ ਦਿਖਾਈ ਦਿੰਦੇ ਹਨ। ਜਿਹੜੇ ਗੁਜਰਾਤ ਨੂੰ ਸਾਰੇ ਦੇਸ਼ ਮੂਹਰੇ ਮਾਡਲ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ, ਉਥੋਂ ਦੇ ਕਿਸਾਨ ਵੀ ਦਿੱਲੀ ਵਾਲੇ ਧਰਨੇ ਵਿਚ ਆਏ ਹਨ ਤੇ ਦੱਸ ਰਹੇ ਹਨ ਕਿ ਉਥੇ ਵੀ ਇੱਕੋ ਅਡਾਨੀ ਘਰਾਣਾ ਬਾਕੀ ਸਭ ਨੂੰ ਚੱਬੀ ਜਾਂਦਾ ਹੈ, ਜਿਸ ਨੇ ਕਿਸਾਨਾਂ ਨੂੰ ਵੀ ਆਪਣੇ ਪੈਰਾਂ ਉਤੇ ਖੜ੍ਹੇ ਨਹੀਂ ਰਹਿਣ ਦਿੱਤਾ। ਸਾਨੂੰ ਉਹ ਦਿਨ ਯਾਦ ਹਨ, ਜਦੋਂ ਭਾਰਤ ਦੇ ਲੋਕਾਂ ਨੂੰ ਪੰਜ ਕੁ ਘਰਾਣਿਆਂ: ਟਾਟਾ, ਬਿਰਲਾ, ਡਾਲਮੀਆ, ਸਿੰਘਾਨੀਆ ਜਾਂ ਵਾਡੀਆ ਤੱਕ ਦਾ ਹੀ ਪਤਾ ਹੁੰਦਾ ਸੀ, ਫਿਰ ਸਮਾਂ ਬਦਲਿਆ ਤੇ ਇਨ੍ਹਾਂ ਪੰਜਾਂ ਘਰਾਣਿਆਂ ਨੂੰ ਪਿੱਛੇ ਛੱਡ ਕੇ ਇੰਦਰਾ ਗਾਂਧੀ ਦੀ ਸਰਪ੍ਰਸਤੀ ਸਦਕਾ ਧੀਰੂ ਭਾਈ ਅੰਬਾਨੀ ਵਾਲਾ ਰਿਲਾਇੰਸ ਘਰਾਣਾ ਤੇਜ਼ੀ ਨਾਲ ਉਭਰਿਆ ਤੇ ਸੰਸਾਰ ਦੇ ਸਿਖਰਲੇ ਦਸ ਘਰਾਣਿਆਂ ਵਿਚ ਆ ਗਿਆ ਸੀ। ਜਦੋਂ ਗੁਜਰਾਤ ਵਿਚ ਨਰਿੰਦਰ ਮੋਦੀ ਦਾ ਰਾਜ ਆਇਆ ਤਾਂ ਸਾਰੇ ਭਾਰਤ ਦੇ ਘਰਾਣੇ ਅਜੇ ਅਟਲ ਬਿਹਾਰੀ ਵਾਜਪਾਈ ਨੂੰ ਭਾਰਤ ਦੀ ਰਾਜਨੀਤੀ ਦਾ ਕੁਤਬ-ਮੀਨਾਰ ਸਮਝੀ ਬੈਠੇ ਸਨ ਤੇ ਉਹ ਸਮਝ ਨਹੀਂ ਸਨ ਸਕੇ, ਜਦੋਂ ਮੋਦੀ ਦੀ ਸੋਚ ਅਤੇ ਪਹੁੰਚ ਦਾ ਕੱਟੜ ਸਮਰਥਕ ਗੌਤਮ ਅਡਾਨੀ ਇੱਕਦਮ ਅੱਗੇ ਆਇਆ ਤੇ ਤੇਜ਼ੀ ਨਾਲ ਹੋਰ ਸਭਨਾਂ ਨੂੰ ਪਛਾੜਦਾ ਚਲਾ ਗਿਆ ਸੀ। ਉਦੋਂ ਉਹ ਮਸਾਂ ਪੰਜ ਹਜ਼ਾਰ ਕਰੋੜ ਰੁਪਏ ਮਾਲਕੀ ਵਾਲੇ ਘਰਾਣੇ ਦਾ ਮਾਲਕ ਸੀ, ਪਿਛਲੇ ਹਫਤੇ ਸੰਸਾਰ ਪੱਧਰ ਦੀਆਂ ਏਜੰਸੀਆਂ ਨੇ ਰਿਪੋਰਟ ਦਿੱਤੀ ਹੈ ਕਿ ਉਹ ਰਿਲਾਇੰਸ ਵਾਲੇ ਮੁਕੇਸ਼ ਅੰਬਾਨੀ ਨੂੰ ਪਛਾੜ ਕੇ ਭਾਰਤ ਦਾ ਨੰਬਰ ਇੱਕ ਅਮੀਰ ਬਣ ਗਿਆ ਹੈ। ਉਸ ਦੀ ਚੜ੍ਹਤ ਦਾ ਗੇਅਰ ਅਜੇ ਤੱਕ ਲੱਗਾ ਪਿਆ ਹੈ ਅਤੇ ਉਹ ਭਾਰਤ ਦੀਆਂ ਹੱਦਾਂ ਤੋਂ ਪਾਰ ਆਸਟਰੇਲੀਆ ਵਰਗੇ ਦੇਸ਼ਾਂ ਤੱਕ ਕਾਰੋਬਾਰ ਦੇ ਮਾਮਲੇ ਵਿਚ ਬੜੇ ਵੱਡੇ ਦਾਬੇ ਵਾਲਾ ਹੋ ਗਿਆ ਹੈ। ਉਸ ਦੇ ਦਬਦਬੇ ਦਾ ਕਾਰਨ ਉਸ ਦੇ ਪਿੱਛੇ ਭਾਰਤ ਸਰਕਾਰ ਦਾ ਖੜੋਤੇ ਦਿਖਾਈ ਦੇਣਾ ਅਤੇ ਸਰਕਾਰ ਦੀ ਕਮਾਨ ਇੱਕ ਧੜੱਲੇਦਾਰ ਬੰਦੇ ਦੇ ਹੱਥ ਹੋਣਾ ਸਮਝਿਆ ਜਾਂਦਾ ਹੈ।

ਅਸੀਂ ਇਹੋ ਜਿਹੇ ਕਈ ਲੋਕਾਂ ਨੂੰ ਜਾਣਦੇ ਹਾਂ, ਉਨ੍ਹਾਂ ਨਾਲ ਕਦੇ-ਕਦੇ ਗੱਲਬਾਤ ਵੀ ਹੁੰਦੀ ਹੈ, ਜਿਹੜੇ ਇਸ ਧਾਰਨਾ ਦਾ ਸ਼ਿਕਾਰ ਹਨ ਕਿ ਮੋਦੀ ਸਰਕਾਰ ਦਾ ਮਤਲਬ 'ਅੱਠ ਸੌ ਸਾਲ ਬਾਅਦ ਆਇਆ ਹਿੰਦੂ ਰਾਜ' ਹੈ, ਪਰ ਉਹ ਇਹ ਨਹੀਂ ਜਾਣਦੇ ਕਿ ਇਹ ਰਾਜ ਜਿਨ੍ਹਾਂ ਲੋਕਾਂ ਦਾ ਰਗੜਾ ਕੱਢ ਰਿਹਾ ਹੈ, ਉਨ੍ਹਾਂ ਵਿਚ ਵੀ ਬਹੁਤੇ ਹਿੰਦੂ ਹਨ। ਸਰਕਾਰੀ ਖੇਤਰ ਦੀਆਂ ਜੋ ਕੰਪਨੀਆਂ ਬੰਦ ਕੀਤੀਆਂ ਜਾਂ ਸਰਮਾਏਦਾਰ ਘਰਾਣਿਆਂ ਨੂੰ ਵੇਚ ਦਿੱਤੀਆਂ ਗਈਆਂ ਹਨ, ਭਾਰਤ ਅੰਦਰ ਬਹੁ-ਗਿਣਤੀ ਭਾਈਚਾਰਾ ਹਿੰਦੂ ਹੋਣ ਕਾਰਨ ਉਨ੍ਹਾਂ ਸਰਕਾਰੀ ਕੰਪਨੀਆਂ ਦੀ ਸੇਲ ਨਾਲ ਰਗੜੇ ਗਏ ਬਹੁਤ ਕਾਰਿੰਦੇ ਵੀ ਹਿੰਦੂ ਹੀ ਸਨ। ਉਨ੍ਹਾਂ ਹਿੰਦੂ ਮੁਲਾਜ਼ਮਾਂ ਵਿਚੋਂ ਵੀ ਬਹੁਤ ਸਾਰਿਆਂ ਨੇ ਪਿਛਲੀਆਂ ਦੋ ਪਾਰਲੀਮੈਂਟ ਚੋਣਾਂ ਦੌਰਾਨ 'ਹਰ-ਹਰ ਮੋਦੀ, ਘਰ-ਘਰ ਮੋਦੀ' ਵਾਲਾ ਜਾਪ ਜਪਿਆ ਹੋਵੇਗਾ ਅਤੇ ਅੱਜ ਅੱਖਾਂ ਵਿਚ ਘਸੁੰਨ ਦੇ ਕੇ ਰੋਂਦੇ ਦਿਖਾਈ ਦਿੰਦੇ ਹਨ। ਇਸ ਵੇਲੇ ਭਾਰਤ ਦੀ ਸਮੁੱਚੀ ਕਿਰਤੀ ਜਮਾਤ ਬਹੁਤ ਵੱਡੇ ਖਤਰੇ ਦੇ ਮੂੰਹ ਅੱਗੇ ਖੜੋਤੀ ਹੈ। ਜਦੋਂ ਵੀ ਉਸ ਦਾ ਕੋਈ ਸੰਘਰਸ਼ ਸ਼ੁਰੂ ਹੁੰਦਾ ਹੈ, ਉਸ ਦੀ ਭੰਡੀ ਕਰਨ ਲਈ 'ਟੁਕੜੇ-ਟੁਕੜੇ ਗੈਂਗ' ਦਾ ਧੂਤੂ ਵਜਾਇਆ ਜਾਂਦਾ ਅਤੇ ਮਿਹਣਾ ਮਾਰਿਆ ਜਾਂਦਾ ਹੈ, ਪਰ ਸੱਚਾਈ ਇਹ ਹੈ ਕਿ ਕਿਰਤੀ ਹੱਕਾਂ ਲਈ ਲੜ ਰਹੇ ਲੋਕ 'ਟੁਕੜੇ-ਟੁਕੜੇ ਗੈਂਗ' ਨਹੀਂ, ਸਗੋਂ 'ਟੁਕੜੇ-ਟੁਕੜੇ ਹੋਈ ਪਈ ਲੜਾਕੂ ਲਹਿਰ ਦੇ ਵੱਖ-ਵੱਖ ਵਗਦੇ ਵਹਿਣ ਹਨ। ਜਿੰਨਾ ਚਿਰ ਇਹ ਹੱਕਾਂ ਦੀ ਲੜਾਈ ਲੜਨ ਵਾਲੇ ਲੋਕ ਇਕੱਠੇ ਹੋ ਕੇ ਇੱਕ ਵਹਿਣ ਵਿਚ ਨਹੀਂ ਵਗਦੇ, ਇਹ ਲੜਾਈ ਜਿੱਤ ਸਕਣੀ ਔਖੀ ਹੈ, ਪਰ ਇਹ ਇਕੱਠੇ ਕਦੋਂ ਹੋਣਗੇ!

# ਕੌਮਾਂਤਰੀ ਮੀਡੀਆ ਤੇ ਵਿਦੇਸ਼ੀ ਆਗੂਆਂ ਦੀ ਨਜ਼ਰ 'ਚ ਕਿਸਾਨੀ ਸੰਘਰਸ਼

ਅੱਬਾਸ ਧਾਲੀਵਾਲ, ਮਲੇਰਕੋਟਲਾ
ਫੋਨ: 91-98552-59650

ਢਾਈ ਕੁ ਮਹੀਨੇ ਤੋਂ ਪੰਜਾਬ ਦੇ ਕਿਸਾਨ ਨਵੇਂ ਖੇਤੀ ਕਾਨੂੰਨ ਨੂੰ ਵਾਪਸ ਲੈਣ ਦੇ ਸੰਦਰਭ ਵਿਚ ਸੰਘਰਸ਼ ਕਰ ਰਹੇ ਸਨ। ਕੇਂਦਰ ਸਰਕਾਰ ਕੋਈ ਵਿਸ਼ੇਸ਼ ਧਿਆਨ ਦੇਣ ਦੀ ਥਾਂ ਹਾਲੇ ਵੀ ਆਪਣੇ ਕਾਨੂੰਨਾਂ ਨੂੰ ਸਹੀ ਠਹਿਰਾਉਣ 'ਤੇ ਹੀ ਅੜੀ ਹੋਈ ਹੈ। ਕਿਸਾਨ ਸੰਘਰਸ਼ ਨੂੰ ਦੇਸ਼ ਦੇ ਇਕ ਐਨ. ਡੀ. ਟੀ. ਵੀ. ਤੋਂ ਛੁੱਟ ਕਿਸੇ ਦੂਸਰੇ ਚੈਨਲ ਨੇ ਬਣਦੀ ਕਵਰੇਜ ਨਹੀਂ ਦਿੱਤੀ, ਸਗੋਂ ਸੰਘਰਸ਼ ਨੂੰ ਤਾਰਪੀਡੋ ਕਰਨ ਲਈ ਅਖੌਤੀ ਮੀਡੀਆ ਨੇ ਇਸ ਨੂੰ ਵੱਖ ਵੱਖ ਲਹਿਰਾਂ ਨਾਲ ਜੋੜ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ। ਸੰਘਰਸ਼ ਨੂੰ ਕੌਮੀ ਮੀਡੀਆ ਦੇ ਨਾਲ ਨਾਲ ਸਰਕਾਰ 'ਚ ਬੈਠੇ ਮੰਤਰੀਆਂ ਨੇ ਅੱਖੋਂ ਪਰੋਖੇ ਕਰਨ ਦੀ ਕੋਸ਼ਿਸ਼ ਕੀਤੀ।

ਕਿਹਾ ਇਹ ਵੀ ਜਾ ਰਿਹਾ ਹੈ ਕਿ ਇਹ ਸੰਘਰਸ਼ 32 ਸਾਲ ਪਹਿਲਾਂ ਵਿੱਢੇ ਮਹਿੰਦਰ ਟਕੈਤ ਵਾਲੇ ਇਤਿਹਾਸਕ ਸੰਘਰਸ਼ ਦੀਆਂ ਯਾਦਾਂ ਤਾਜ਼ਾ ਕਰਦਾ ਨਜ਼ਰ ਆਉਂਦਾ ਹੈ। ਇਹੋ ਵਜ੍ਹਾ ਹੈ ਕਿ ਉਕਤ ਸੰਘਰਸ਼ ਦੀ ਹਮਾਇਤ ਵਿਚ ਜਿੱਥੇ ਵਿਸ਼ਵ ਦੇ ਵੱਖ ਵੱਖ ਦੇਸ਼ਾਂ ਦੇ ਆਗੂ ਹਮਾਇਤ ਕਰਦੇ ਨਜ਼ਰ ਆ ਰਹੇ ਹਨ, ਉਥੇ ਹੀ ਕੌਮਾਂਤਰੀ ਮੀਡੀਆ 'ਚ ਵੀ ਇਸ ਸੰਘਰਸ਼ ਨੂੰ ਵਿਸ਼ੇਸ਼ ਕਵਰੇਜ ਮਿਲਦੀ ਨਜ਼ਰ ਆ ਰਹੀ ਹੈ। ਅਮਰੀਕਾ ਦੇ ਅਖਬਾਰ 'ਦਿ ਨਿਊ ਯਾਰਕ ਟਾਈਮਜ਼' ਅਤੇ ਲੰਡਨ ਦੇ 'ਦਿ ਗਾਰਡਿਅਨ' ਦੇ ਨਾਲ ਨਾਲ ਹੋਰ ਕੌਮਾਂਤਰੀ ਪ੍ਰੈਸ ਨੇ ਆਪਣੀ ਕਵਰੇਜ ਵਿਚ ਪ੍ਰਮੁੱਖਤਾ ਦਿੱਤੀ ਹੈ।

'ਦਿ ਨਿਊ ਯਾਰਕ ਟਾਈਮਜ਼' ਦੀ ਰਿਪੋਰਟ 'ਚ ਲਿਖਿਆ ਹੈ ਕਿ ਪਿਛਲੇ ਦਿਨੀਂ ਜਿਨ੍ਹਾਂ ਕਿਸਾਨਾਂ ਨਾਲ ਉਨ੍ਹਾਂ ਦੇ ਨੁਮਾਇੰਦਿਆਂ ਨੇ ਗੱਲਬਾਤ ਕੀਤੀ, ਉਨ੍ਹਾਂ ਕਿਸਾਨਾਂ ਨੂੰ ਇਹੋ ਡਰ ਸਤਾ ਰਿਹਾ ਹੈ ਕਿ ਕਿਤੇ ਉਨ੍ਹਾਂ ਦੀ ਕਮਾਂਡ ਪ੍ਰਧਾਨ ਮੰਤਰੀ ਮੋਦੀ ਦੇ ਖਾਸ ਮੁਕੇਸ਼ ਅੰਬਾਨੀ ਅਤੇ ਗੌਤਮ ਅਡਾਨੀ ਵਰਗੇ ਕਾਰਪੋਰੇਟਾਂ ਘਰਾਣਿਆਂ ਦੇ ਹੱਥ ਨਾ ਚਲੀ ਜਾਵੇ। ਰਿਪੋਰਟ 'ਚ ਇਹ ਵੀ ਖੁਲਾਸਾ ਕੀਤਾ ਗਿਆ ਹੈ, "ਮੋਦੀ ਦੀ ਪਾਰਟੀ ਅਤੇ ਸੱਜੇ ਪੱਖੀ ਨਿਊਜ਼ ਚੈਨਲ ਨੇ ਕਿਸਾਨਾਂ ਦੇ ਸੰਘਰਸ਼ ਨੂੰ 'ਦੇਸ਼ ਵਿਰੋਧੀ' ਆਖਿਆ ਹੈ।" ਨਾਲ ਹੀ ਇਹ ਵੀ ਲਿਖਿਆ ਗਿਆ ਹੈ ਕਿ ਅਜਿਹੇ ਹੀ ਦੋਸ਼ ਉਨ੍ਹਾਂ ਮੁਸਲਿਮ ਪ੍ਰਦਰਸ਼ਨਕਾਰੀਆਂ 'ਤੇ ਵੀ ਲੱਗੇ ਸਨ, ਜਦ ਉਹ ਨਾਗਰਿਕਤਾ ਕਾਨੂੰਨ ਦਾ ਵਿਰੋਧ ਕਰ ਰਹੇ ਸਨ।

'ਦਿ ਗਾਰਡਿਅਨ ਲੰਡਨ' ਦੀ ਰਿਪੋਰਟ ਮੁਤਾਬਕ ਜਦੋਂ ਕਿਸਾਨ ਦਿੱਲੀ ਵੱਲ ਕੂਚ ਕਰਨ ਲੱਗੇ, ਕੁਝ ਤਾਂ ਦਿੱਲੀ ਵੱਲ ਨੂੰ ਵੱਧ ਗਏ, ਪਰ ਵੱਡੀ ਗਿਣਤੀ 'ਚ ਕਿਸਾਨਾਂ ਨੂੰ ਮੁੱਖ ਬਾਰਡਰਾਂ 'ਤੇ ਬੈਰੀਕੇਡ ਲਾ ਕੇ ਜਾਂ ਕੰਡਿਆਲੀ ਤਾਰਾਂ ਲਾ ਕੇ ਰੋਕਣ ਦੀ ਕੋਸ਼ਿਸ਼ ਕੀਤੀ ਗਈ। ਕਿਸਾਨਾਂ ਨੇ ਦਿੱਲੀ ਨਾਲ ਲੱਗਦੇ ਮੁੱਖ ਮਾਰਗਾਂ 'ਤੇ ਹੀ ਡੇਰੇ ਲਾ ਲਏ, ਕਿਉਂਕਿ ਖੁਦ ਆਪ ਹੀ ਖਾਣ-ਪੀਣ ਨੂੰ ਲੈ ਕੇ ਮਹੀਨਿਆਂ ਦੀ ਤਿਆਰੀ ਕਰਕੇ ਆਏ ਹਨ।

ਉਧਰ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਰੱਖਿਆ ਮੰਤਰੀ ਸੱਜਣ ਸਿੰਘ, ਐਨ. ਡੀ. ਪੀ. ਦੇ ਕੌਮੀ ਪ੍ਰਧਾਨ ਜਗਮੀਤ ਸਿੰਘ ਅਤੇ ਕੈਨੇਡਾ ਤੇ ਬ੍ਰਿਟੇਨ ਦੇ ਕਈ ਸੰਸਦ ਮੈਂਬਰਾਂ ਨੇ ਵੀ ਕਿਸਾਨਾਂ ਦੇ ਸੰਘਰਸ਼ ਨਾਲ ਨਜਿੱਠਣ ਲਈ ਪੁਲਿਸ ਅਤੇ ਪ੍ਰਸ਼ਾਸਨ ਦੇ ਰਵੱਈਏ 'ਤੇ ਸਵਾਲ ਖੜ੍ਹੇ ਕੀਤੇ ਹਨ। ਜਸਟਿਨ ਟਰੂਡੋ ਦਾ ਆਖਣਾ ਹੈ, "ਭਾਰਤ ਤੋਂ ਕਿਸਾਨਾਂ ਦੇ ਅੰਦੋਲਨ ਦੀ ਖਬਰ ਮਿਲ ਰਹੀ ਹੈ। ਹਾਲਾਤ ਤਣਾਅਪੂਰਨ ਹਨ ਅਤੇ ਅਸੀਂ ਆਪਣੇ ਪਰਿਵਾਰਾਂ ਤੇ ਦੋਸਤਾਂ ਬਾਰੇ ਚਿੰਤਤ ਹਾਂ। ਮੈਂ ਤੁਹਾਨੂੰ ਦੱਸ ਦੇਵਾਂ ਕਿ ਕੈਨੇਡਾ ਸ਼ਾਂਤਮਈ ਵਿਰੋਧ ਦੇ ਅਧਿਕਾਰਾਂ ਦੀ ਰਾਖੀ ਲਈ ਹਮੇਸ਼ਾ ਖੜ੍ਹਾ ਹੈ।"

ਭਾਰਤ ਸਰਕਾਰ ਨੇ ਟਰੂਡੋ ਦੀਆਂ ਉਕਤ ਟਿੱਪਣੀਆਂ ਨੂੰ ਬੇਲੋੜਾ ਦਸਦਿਆਂ ਕਿਹਾ ਹੈ ਕਿ ਉਨ੍ਹਾਂ ਨੂੰ ਸਥਿਤੀ ਬਾਰੇ ਗਲਤ ਜਾਣਕਾਰੀ ਦਿੱਤੀ ਗਈ ਹੈ। ਇਸ ਸਬੰਧੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਅਨੁਰਾਗ ਸ੍ਰੀਵਾਸਤਵ ਨੇ ਟਰੂਡੋ ਦੇ ਉਕਤ ਬਿਆਨ ਨੂੰ ਜਮਹੂਰੀ ਦੇਸ਼ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਕਰਾਰ ਦਿੱਤਾ।

ਇਸ ਸੰਦਰਭ ਵਿਚ ਕੈਨੇਡਾ ਦੇ ਸੰਸਦ ਮੈਂਬਰ ਜਗਮੀਤ ਸਿੰਘ ਨੇ ਕਿਸਾਨਾਂ ਦੀ ਹਮਾਇਤ ਕੀਤੀ ਹੈ। ਆਪਣੇ ਇਕ ਟਵੀਟ 'ਚ ਉਨ੍ਹਾਂ ਕਿਹਾ, "ਸ਼ਾਂਤਮਈ ਢੰਗ ਨਾਲ ਵਿਰੋਧ ਕਰਨ ਵਾਲੇ ਕਿਸਾਨਾਂ ਖਿਲਾਫ ਸਰਕਾਰ ਵਲੋਂ ਕੀਤੀ ਜਾ ਰਹੀ ਹਿੰਸਾ ਹੈਰਾਨ ਕਰਨ ਵਾਲੀ ਹੈ। ਮੈਂ ਪੰਜਾਬ ਅਤੇ ਪੂਰੇ ਭਾਰਤ ਦੇ ਕਿਸਾਨਾਂ ਨਾਲ ਡਟ ਕੇ ਖੜ੍ਹਾ ਹਾਂ। ਮੈਂ ਭਾਰਤ ਸਰਕਾਰ ਨੂੰ ਹਿੰਸਾ ਦੀ ਥਾਂ ਸ਼ਾਂਤਮਈ ਤਰੀਕੇ ਨਾਲ ਗੱਲਬਾਤ ਦੀ ਅਪੀਲ ਕਰਦਾ ਹਾਂ।"

ਦਰਅਸਲ ਉਹ ਕੈਨੇਡਾ ਦੇ ਐਮ. ਪੀ. ਜੈਕ ਹੈਰਿਸ ਦੇ ਟਵੀਟ ਦਾ ਜਵਾਬ ਦੇ ਰਹੇ ਸਨ। ਜੈਕ ਹੈਰਿਸ ਨੇ ਟਵੀਟ ਕੀਤਾ ਸੀ, "ਰੋਜ਼ੀ-ਰੋਟੀ ਖਤਰੇ ਵਿਚ ਪਾਉਣ ਵਾਲੇ ਨਵੇਂ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ 'ਤੇ ਭਾਰਤ ਸਰਕਾਰ ਦੇ ਦਮਨ ਨੂੰ ਦੇਖ ਕੇ ਅਸੀਂ ਹੈਰਾਨ ਹਾਂ। ਤਕਰਾਰ ਦੀ ਥਾਂ ਭਾਰਤ ਸਰਕਾਰ ਨੂੰ ਕਿਸਾਨਾਂ ਨਾਲ ਖੁੱਲ੍ਹ ਕੇ ਗੱਲਬਾਤ ਕਰਨ ਦੀ ਲੋੜ ਹੈ।"

ਇਸ ਤੋਂ ਇਲਾਵਾ ਐਨ. ਡੀ. ਪੀ. ਦੀ ਲੀਡਰ ਰੇਚਲ ਨੋਟਲੀ ਨੇ ਆਖਿਆ ਹੈ ਕਿ ਅਸੀਂ ਕਿਸਾਨਾਂ ਦਾ ਸਮਰਥਨ ਕਰਦੇ ਹਾਂ ਤੇ ਸਰਕਾਰ ਨਾਲ ਕਿਸਾਨਾਂ ਦੀ ਉਚਿਤ ਗੱਲਬਾਤ ਜ਼ਰੂਰੀ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸ਼ਾਂਤਮਈ ਢੰਗ ਨਾਲ ਵਿਰੋਧ ਕਰਦੇ ਕਿਸਾਨਾਂ ਉਤੇ ਤਸ਼ੱਦਦ ਢਾਹੁਣਾ ਗਲਤ ਸੀ। ਇਸ ਦੇ ਇਲਾਵਾ ਐਨ. ਡੀ. ਪੀ. ਦੇ ਇੱਕ ਹੋਰ ਲੀਡਰ ਗੁਰਰਤਨ ਸਿੰਘ ਦੀ ਵੀ ਇੱਕ ਵੀਡੀਓ ਵਾਇਰਲ ਹੋ ਰਹੀ ਹੈ, ਜਿਸ ਵਿਚ ਉਹ ਕਿਸਾਨਾਂ ਨਾਲ ਹਰਿਆਣਾ 'ਚ ਹੋਈ ਕਾਰਵਾਈ ਦੀ ਗੱਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਾਰਿਆਂ ਦਾ ਢਿੱਡ ਭਰਨ ਵਾਲਿਆਂ ਨੂੰ ਇੱਜਤ ਮਿਲਣੀ ਚਾਹੀਦੀ ਹੈ, ਉਨ੍ਹਾਂ 'ਤੇ ਤਸ਼ੱਦਦ ਢਾਹਿਆ ਜਾਣਾ ਗਲਤ ਹੈ।

ਦੂਜੇ ਪਾਸੇ ਯੂ. ਕੇ. ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਨੇ ਆਪਣੇ ਟਵੀਟ 'ਚ ਕਿਹਾ ਹੈ, "ਕੁੱਟਮਾਰ ਕਰਨ ਅਤੇ ਦਬਾਉਣ ਵਾਲੇ ਲੋਕਾਂ ਨੂੰ ਖਾਣਾ ਖਵਾਉਣ ਲਈ ਖਾਸ ਤਰ੍ਹਾਂ ਦੇ ਲੋਕਾਂ ਦੀ ਲੋੜ ਹੁੰਦੀ ਹੈ।" ਉਨ੍ਹਾਂ ਅੱਗੇ ਕਿਹਾ, "ਮੈਂ ਪੰਜਾਬ ਤੇ ਭਾਰਤ ਦੇ ਹੋਰ ਹਿੱਸਿਆਂ ਦੇ ਕਿਸਾਨਾਂ ਦੇ ਨਾਲ ਖੜ੍ਹਾ ਹਾਂ, ਜਿਸ ਵਿਚ ਸਾਡੇ ਪਰਿਵਾਰ ਤੇ ਦੋਸਤ ਵੀ ਸ਼ਾਮਲ ਹਨ, ਜੋ ਨਿੱਜੀਕਰਨ ਵਾਲੇ ਖੇਤੀ ਕਾਨੂੰਨਾਂ ਦਾ ਸ਼ਾਂਤਮਈ ਵਿਰੋਧ ਕਰ ਰਹੇ ਹਨ।"

ਯੂ. ਕੇ. ਦੀ ਹੀ ਇੱਕ ਹੋਰ ਐਮ. ਪੀ. ਪ੍ਰੀਤ ਕੌਰ ਗਿੱਲ ਨੇ ਕਿਸਾਨਾਂ 'ਤੇ ਮਾਰੀਆਂ ਗਈਆਂ ਪਾਣੀ ਦੀਆਂ ਬੁਛਾੜਾਂ ਤੇ ਹੰਝੂ ਗੈਸ ਦੇ ਗੋਲਿਆਂ ਦੀ ਵਰਤੋਂ ਦੀ ਆਲੋਚਨਾ ਕੀਤੀ ਹੈ। ਆਪਣੇ ਟਵੀਟ 'ਚ ਉਨ੍ਹਾਂ ਕਿਹਾ, "ਦਿੱਲੀ ਤੋਂ ਹੈਰਾਨ ਕਰਨ ਵਾਲੀਆਂ ਤਸਵੀਰਾਂ ਸਾਹਮਣੇ ਆਈਆਂ ਹਨ। ਰੋਜ਼ੀ-ਰੋਟੀ 'ਤੇ ਅਸਰ ਪਾਉਣ ਵਾਲੇ ਵਿਵਾਦਤ ਕਾਨੂੰਨਾਂ ਖਿਲਾਫ ਕਿਸਾਨ ਸ਼ਾਂਤਮਈ ਢੰਗ ਨਾਲ ਵਿਰੋਧ ਕਰ ਰਹੇ ਹਨ। ਉਨ੍ਹਾਂ ਨੂੰ ਚੁੱਪ ਕਰਾਉਣ ਲਈ ਪਾਣੀ ਦੀਆਂ ਬੁਛਾੜਾਂ ਅਤੇ ਹੰਝੂ ਗੈਸ ਦੇ ਗੋਲਿਆਂ ਦੀ ਵਰਤੋਂ ਕੀਤੀ ਜਾ ਰਹੀ ਹੈ।"

ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੇ ਵੀ ਕਿਹਾ ਕਿ ਭਾਰਤ ਵਿਚ ਸ਼ਾਂਤਮਈ ਮੁਜਾਹਰਾ ਕਰਨ ਵਾਲੇ ਕਿਸਾਨਾਂ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਨੂੰ ਦੁੱਖ ਦੇਣ ਵਾਲੀ ਕਰਾਰ ਦਿੱਤਾ ਹੈ। ਉਨ੍ਹਾਂ ਆਪਣੇ ਟਵੀਟ 'ਚ ਕਿਹਾ, "ਭਾਰਤ ਵਿਚ ਸ਼ਾਂਤਮਈ ਪ੍ਰਦਰਸ਼ਨਕਾਰੀਆਂ ਨਾਲ ਬੇਰਹਿਮੀ ਕਰਨ ਦੀਆਂ ਖਬਰਾਂ ਬਹੁਤ ਪ੍ਰੇਸ਼ਾਨ ਕਰਨ ਵਾਲੀਆਂ ਹਨ। ਮੇਰੇ ਚੋਣ ਖੇਤਰ ਦੇ ਬਹੁਤ ਸਾਰੇ ਲੋਕਾਂ ਦੇ ਪਰਿਵਾਰ ਉੱਥੇ ਹਨ ਅਤੇ ਉਹ ਆਪਣੇ ਰਿਸ਼ਤੇਦਾਰਾਂ ਦੀ ਸੁਰੱਖਿਆ ਲਈ ਚਿੰਤਤ ਹਨ। ਸਿਹਤਮੰਦ ਲੋਕਤੰਤਰ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਦੀ ਇਜਾਜ਼ਤ ਦਿੰਦੇ ਹਨ। ਮੈਂ ਇਸ 'ਚ ਸ਼ਾਮਲ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਇਸ ਬੁਨਿਆਦੀ ਅਧਿਕਾਰ ਨੂੰ ਕਾਇਮ ਰੱਖਣ।"

ਪ੍ਰਸਿੱਧ ਕੈਨੇਡੀਅਨ ਕਾਮੇਡੀਅਨ ਲਿੱਲੀ ਸਿੰਘ ਨੇ ਕਿਸਾਨਾਂ 'ਤੇ ਪੁਲਿਸ ਦੀ ਕਾਰਵਾਈ 'ਤੇ ਇਤਰਾਜ਼ ਜਾਹਰ ਕਰਦਿਆਂ ਕਿਹਾ ਕਿ ਇਹ ਭਿਆਨਕ ਹੈ ਅਤੇ ਅਸੀਂ ਜ਼ਿਆਦਾਤਰ ਨਿਆਂ ਮਿਲਦਿਆਂ ਨਹੀਂ ਵੇਖਿਆ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਕਿਸਾਨਾਂ ਨੂੰ ਸ਼ਾਂਤ ਕਰਨ ਲਈ ਆਪਣੇ ਮਹੀਨੇਵਾਰ ਪ੍ਰੋਗਰਾਮ 'ਮਨ ਕੀ ਬਾਤ' 'ਚ ਇਹ ਕਿਹਾ ਸੀ ਕਿ ਇਹ ਖੇਤੀ ਕਾਨੂੰਨ ਕਿਸਾਨਾਂ ਲਈ ਨਵੇਂ ਵਿਕਲਪ ਲੈ ਕੇ ਆਉਣਗੇ, ਪਰ ਜਿੱਥੋਂ ਤਕ ਕਿਸਾਨਾਂ ਦਾ ਸੁਆਲ ਹੈ, ਉਹ ਸ਼ੁਰੂ ਤੋਂ ਹੀ ਇਨ੍ਹਾਂ ਖੇਤੀ ਕਾਨੂੰਨਾਂ ਦਾ ਵਿਰੋਧ ਕਰਦੇ ਆ ਰਹੇ ਹਨ। ਕਿਸਾਨਾਂ ਨੂੰ ਇਹ ਲੱਗਦਾ ਹੈ ਕਿ ਉਕਤ ਕਾਨੂੰਨ ਉਨ੍ਹਾਂ ਦੀ ਹੋਂਦ ਅਤੇ ਉਨ੍ਹਾਂ ਦੇ ਮੁੱਢਲੇ ਅਧਿਕਾਰਾਂ 'ਤੇ ਡਾਕੇ ਦੇ ਸਮਾਨ ਹਨ।

# ਕਿਸਾਨਾਂ ਦੇ 'ਦਿੱਲੀ ਚੱਲੋ ਅੰਦੋਲਨ' ਦੇ ਰੌਚਕ ਤੇ ਉਸਾਰੂ ਪੱਖ


(ਪਿਛਲੇ ਸਫੇ ਦੀ ਬਾਕੀ)

ਸਾਮਲ ਨਹੀਂ ਹੋਣਗੇ ਅਤੇ ਦਿੱਲੀ ਨੂੰ ਜਾਣ ਵਾਲੇ ਪੰਜੇ ਮੁੱਖ ਰਾਸਤਿਆਂ ਉੱਪਰ ਇੰਜ ਹੀ ਆਪਣੇ ਧਰਨੇ ਜਾਰੀ ਰੱਖਣਗੇ। ਉਨ੍ਹਾਂ ਅਨੁਸਾਰ ਇਨ੍ਹਾਂ ਥਾਂਵਾਂ 'ਤੇ ਧਰਨੇ ਜਾਰੀ ਰੱਖਣ ਨਾਲ ਦਿੱਲੀ ਨੂੰ ਜਾਣ ਵਾਲੇ ਜ਼ਰੂਰੀ ਸਮਾਨ ਦੀ ਆਵਾਜਾਈ ਵਿਚ ਭਾਰੀ ਰੁਕਾਵਟ ਖੜ੍ਹੀ ਹੋਵੇਗੀ ਅਤੇ ਫਿਰ ਕੇਂਦਰ ਸਰਕਾਰ ਨੂੰ ਮਜਬੂਰ ਹੋ ਕੇ ਉਨ੍ਹਾਂ ਦੀਆਂ ਮੰਗਾਂ ਬਾਰੇ ਉਨ੍ਹਾਂ ਨਾਲ ਜਲਦੀ ਗੱਲਬਾਤ ਕਰਨੀ ਪਵੇਗੀ।

ਇਥੇ ਇਹ ਜ਼ਿਕਰਯੋਗ ਹੈ ਕਿ ਕਿਸਾਨਾਂ ਦੀਆਂ ਮੰਗਾਂ ਵਿਚ ਕੇਂਦਰ ਸਰਕਾਰ ਵੱਲੋਂ ਬਣਾਏ ਗਏ ਤਿੰਨੇ ਖੇਤੀ ਕਾਨੂੰਨ ਵਾਪਸ ਲੈਣ ਅਤੇ ਇਸ ਦੇ ਨਾਲ ਹੀ ਪਰਾਲੀ ਸਾੜਨ ਦੇ ਵਿਰੁੱਧ ਅਤੇ ਬਿਜਲੀ ਮਹਿੰਗੀ ਕੀਤੇ ਜਾਣ ਸਬੰਧੀ ਜਾਰੀ ਕੀਤੇ ਨਵੇਂ ਬਿਜਲੀ ਆਰਡੀਨੈਂਸ 2020 ਨੂੰ ਕੈਂਸਲ ਕਰਨਾ ਸ਼ਾਮਲ ਹੈ। ਇਨ੍ਹਾਂ ਤੋਂ ਇਲਾਵਾ ਹਰਿਆਣੇ ਤੋਂ ਦਿੱਲੀ ਆਉਂਦਿਆਂ ਰਸਤਿਆਂ ਵਿਚਲੀਆਂ ਰੁਕਾਵਟਾਂ ਨੂੰ ਦੂਰ ਕਰਨ ਸਬੰਧੀ ਕਿਸਾਨਾਂ ਉੱਪਰ ਦਰਜ ਕੀਤੇ ਗਏ ਵੱਖ-ਵੱਖ ਕੇਸ ਵਾਪਸ ਲੈਣਾ ਵੀ ਇਨ੍ਹਾਂ ਮੰਗਾਂ ਵਿਚ ਸ਼ਾਮਲ ਹੈ। ਇਹ ਅੰਦੋਲਨ ਅੱਗੋਂ ਹੋਰ ਕਿੰਨੇ ਦਿਨ, ਹਫਤੇ ਜਾਂ ਮਹੀਨੇ ਚੱਲੇਗਾ, ਇਸ ਬਾਰੇ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ, ਕਿਉਂਕਿ ਕੇਂਦਰ ਸਰਕਾਰ ਦਾ ਰਵੱਈਆ ਵੀ ਅਜੇ ਕਾਫੀ ਹਠੀ ਵਿਖਾਈ ਦੇ ਰਿਹਾ ਹੈ। ਉਧਰ ਕਿਸਾਨ ਵੀ ਆਪਣੀ ਹੋਂਦ ਬਚਾਉਣ ਲਈ ਆਰ-ਪਾਰ ਦੀ ਲੜਾਈ ਲੜ ਰਹੇ ਹਨ। ਵੇਖੋ! ਆਉਣ ਵਾਲੇ ਦਿਨਾਂ ਵਿਚ 'ਊਠ' ਕਿਸ ਕਰਵਟ ਬੈਠਦਾ ਹੈ!

ਭਖਦੇ ਮਸਲੇ

# ਜਿਨੁ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ



ਡਾ. ਗੁਰਨਾਮ ਕੌਰ, ਕੈਨੇਡਾ

ਬਾਬਾ ਫਰੀਦ ਸਪੱਸ਼ਟ ਕਰਦੇ ਹਨ ਕਿ ਜਿਨ੍ਹਾਂ ਨੂੰ ਦਿਲ ਤੋਂ ਪਿਆਰ ਹੁੰਦਾ ਹੈ, ਦਿਲ ਵਿਚ ਮੁਹੱਬਤ ਹੁੰਦੀ ਹੈ, ਉਹ ਸੱਚੇ ਹੁੰਦੇ ਹਨ। ਇਸ ਦੇ ਉਲਟ ਜਿਨ੍ਹਾਂ ਦੇ ਮਨ ਵਿਚ ਕੁਝ ਹੋਰ ਹੁੰਦਾ ਹੈ ਅਤੇ ਮੂੰਹ ਤੋਂ ਬੋਲਦੇ ਕੁਝ ਹੋਰ ਹਨ, ਉਨ੍ਹਾਂ ਨੂੰ ਕੱਚੇ ਅਰਥਾਤ ਝੂਠੇ ਕਿਹਾ ਹੈ ਤੇ ਸਮਝਿਆ ਜਾਂਦਾ ਹੈ। ਕੇਂਦਰ ਦੀ ਭਾਜਪਾਈ ਸਰਕਾਰ ਦਾ ਵਰਤਾਰਾ ਕੁਝ ਇਸ ਤਰ੍ਹਾਂ ਦਾ ਹੀ ਹੈ, ਇਹ ਪਿਛਲੇ ਛੇ-ਸਾਢੇ ਛੇ ਸਾਲ ਦੇ ਕਾਰਨਾਮਿਆਂ ਅਤੇ ਨੀਤੀਆਂ ਤੋਂ ਪੂਰੀ ਤਰ੍ਹਾਂ ਸਪੱਸ਼ਟ ਹੋ ਗਿਆ ਹੈ। ਹੁਣ ਤਾਂ ਭਾਰਤ ਦੇ ਆਵਾਮ ਨੂੰ ਵੀ ਇਹ ਗੱਲ ਬਹੁਤ ਚੰਗੀ ਤਰ੍ਹਾਂ ਸਮਝ ਆ ਗਈ ਹੈ ਕਿ 'ਨੋਟ ਬੰਦੀ', ਜਿਸ ਨੇ ਆਮ ਜਨਤਾ ਦਾ ਭਲਾ ਕਰਨ ਦੀ ਥਾਂ ਉਸ ਦੇ ਦੁੱਖਾਂ ਵਿਚ ਇਜ਼ਾਫਾ ਕੀਤਾ, ਉਹ ਵਿਦੇਸ਼ਾਂ ਜਾਂ ਦੇਸ਼ ਵਿਚੋਂ ਕਾਲਾ ਧਨ ਵਾਪਸ ਲਿਆ ਕੇ ਲੋਕਾਂ ਦੇ ਖਾਤਿਆਂ ਵਿਚ ਪੰਦਰਾਂ-ਪੰਦਰਾਂ ਲੱਖ ਪਾਉਣ ਦਾ ਮਾਮਲਾ ਨਹੀਂ ਸੀ, ਸਗੋਂ ਪ੍ਰਧਾਨ ਮੰਤਰੀ ਦੇ ਨੇਤਲਿਆਂ ਨੂੰ ਆਪਣੇ ਕਾਲੇ ਧਨ ਨੂੰ ਚਿੱਟਾ ਕਰਨ ਲਈ ਮੌਕਾ ਦੇਣ ਦਾ ਬਹਾਨਾ ਸੀ।

ਇਸੇ ਤਰ੍ਹਾਂ ਜੀ. ਐਸ. ਟੀ. ਨਾਲ ਲੋਕਾਂ ਦਾ ਕੋਈ ਫਾਇਦਾ ਹੋਣ ਦੀ ਥਾਂ ਜਿੱਥੇ ਛੋਟੇ ਵਪਾਰੀਆਂ ਅਤੇ ਦੁਕਾਨਦਾਰਾਂ ਦਾ ਨੁਕਸਾਨ ਹੋਇਆ ਹੈ, ਉਥੇ ਹੀ ਸੂਬਾ ਸਰਕਾਰਾਂ ਨੂੰ ਮੰਗਤੇ ਬਣਾ ਦਿੱਤਾ ਹੈ ਅਤੇ ਉਨ੍ਹਾਂ ਨੂੰ ਸਾਧਨਾਂ ਤੋਂ ਬਿਲਕੁਲ ਖਾਲੀ ਹੱਥ ਕਰ ਦਿੱਤਾ ਹੈ। ਆਪਣਾ ਬਣਦਾ ਹਿੱਸਾ ਲੈਣ ਲਈ ਉਨ੍ਹਾਂ ਨੂੰ ਕੇਂਦਰ ਦੇ ਤਰਲੇ ਕੱਢਣੇ ਪੈਂਦੇ ਹਨ, ਫਿਰ ਵੀ ਹਿੱਸਾ ਨਹੀਂ ਮਿਲਦਾ। ਇਹੀ ਕੁਝ ਸਿਟੀਜ਼ਨਸ਼ਿਪ ਐਕਟ ਨਾਲ ਹੋਇਆ, ਜਿਸ ਦੇ ਹੱਕ ਵਿਚ ਕਈ ਦਲੀਲਾਂ ਦਿੱਤੀਆ ਗਈਆਂ ਜਿਵੇਂ ਅਫਗਾਨਿਸਤਾਨ, ਬੰਗਲਾ ਦੇਸ਼ ਆਦਿ ਗੁਆਂਢੀ ਮੁਲਕਾਂ ਵਿਚਲੇ ਹਿੰਦੂਆਂ-ਸਿੱਖਾਂ ਨੂੰ ਸਿਟੀਜ਼ਨਸ਼ਿਪ ਦੇਣ ਦੇ ਸੁਖਾਲੇ ਹੱਲ ਦੀ ਗੱਲ ਕੀਤੀ ਗਈ (ਜਦ ਕਿ ਸਿਟੀਜ਼ਨਸ਼ਿਪ ਦੇਣ ਦੀ ਪਰੋਵਿਜ਼ਨ ਤਾਂ ਪਹਿਲਾਂ ਹੀ ਸੰਵਿਧਾਨ ਵਿਚ ਕਾਇਮ ਸੀ), ਇਸ ਦਾ ਅਸਲੀ ਮਕਸਦ ਇੱਕ ਖਾਸ ਧਾਰਮਿਕ ਭਾਈਚਾਰੇ ਦੇ ਲੋਕਾਂ ਨੂੰ ਸ਼ਹਿਰੀਅਤ ਤੋਂ ਵਾਂਝੇ ਕਰਨਾ ਅਤੇ ਪ੍ਰੇਸ਼ਾਨ ਕਰਨਾ ਹੈ, ਜੋ ਹੁਣੇ ਹੁਣੇ ਗ੍ਰਹਿ ਮੰਤਰੀ ਦੇ ਪੱਛਮੀ ਬੰਗਾਲ ਵਿਚ ਦਿੱਤੇ ਬਿਆਨਾਂ ਤੋਂ ਸਪੱਸ਼ਟ ਹੁੰਦਾ ਹੈ।

ਕਸ਼ਮੀਰ ਦੀ ਧਾਰਾ ਤਿੰਨ ਸੌ ਸੱਤਰ ਤੋੜ ਕੇ ਵਿਸ਼ੇਸ਼ ਦਰਜਾ ਖਤਮ ਕਰਨ ਦਾ ਤਰਕ ਇਹ ਦਿੱਤਾ ਗਿਆ ਸੀ ਕਿ ਕਸ਼ਮੀਰ ਦਾ ਇਸ ਨਾਲ ਵਿਕਾਸ ਹੋਵੇਗਾ, ਕਸ਼ਮੀਰ ਵਿਚੋਂ ਅਤਿਵਾਦ ਖਤਮ ਹੋਵੇਗਾ, ਵਗੈਰਾ ਵਗੈਰਾ; ਪਰ ਨਤੀਜਾ ਸਭ ਦੇ ਸਾਹਮਣੇ ਹੈ। ਜਿਸ ਨੂੰ ਅਤਿਵਾਦ ਕਹਿੰਦੇ ਹਨ, ਉਸ ਵਿਚ ਕੋਈ ਕਮੀ ਨਹੀਂ ਹੋਈ, ਫੌਜੀ ਪਹਿਲਾਂ ਦੀ ਤਰ੍ਹਾਂ ਹੀ ਸਰਹੱਦ 'ਤੇ ਮਰ ਰਹੇ ਹਨ, ਸਗੋਂ ਜੰਮੂ-ਕਸ਼ਮੀਰ ਰਿਆਸਤ ਨੂੰ ਤੋੜ ਕੇ ਅਲੱਗ ਅਲੱਗ ਕੇਂਦਰ ਸ਼ਾਸਤ ਪ੍ਰਦੇਸ਼ ਬਣਾਉਣ ਨਾਲ ਚੀਨ ਨੂੰ ਪੂਰਬੀ ਲੱਦਾਖ 'ਤੇ ਆਪਣਾ ਕਬਜ਼ਾ ਕਰਨ, ਅੰਦਰ ਵੜਨ ਦਾ ਮੌਕਾ ਮਿਲ ਗਿਆ ਹੈ। ਗੈਰ-ਕਸ਼ਮੀਰੀਆਂ ਨੂੰ ਜ਼ਮੀਨ ਖਰੀਦਣ ਦੇ ਹੱਕ ਦਾ ਕਾਨੂੰਨ ਬਣਾਉਣ ਨਾਲ ਸਪੱਸ਼ਟ ਹੋ ਗਿਆ ਹੈ ਕਿ ਇਹ ਇੱਕ ਬਹਾਨਾ ਸੀ ਕਸ਼ਮੀਰ ਅੰਦਰ ਆਪਣੇ ਚਹੇਤੇ ਕਾਰਪੋਰੇਟਾਂ ਨੂੰ ਜ਼ਮੀਨਾਂ ਖਰੀਦ ਕੇ ਉਥੇ ਦੇ ਕੁਦਰਤੀ ਸੋਮਿਆਂ ਦਾ ਉਜਾੜਾ ਕਰਨ ਦਾ ਮੌਕਾ ਦੇਣ ਲਈ। ਇਸ ਦੀ ਤਾਜ਼ਾ ਮਿਸਾਲ ਉਥੋਂ ਦੇ ਕਬਾਇਲੀਆਂ ਨੂੰ ਉਜਾੜਨ ਲਈ ਜੰਗਲਾਂ ਵਿਚ ਬਣੇ ਉਨ੍ਹਾਂ ਦੇ ਘਰਾਂ ਨੂੰ ਢਾਹੁਣਾ ਸ਼ੁਰੂ ਕਰ ਦਿੱਤਾ ਗਿਆ ਹੈ।

ਇਸ ਲਈ ਇਹ ਭਾਵੇਂ ਨੋਟਬੰਦੀ ਸੀ, ਜੀ. ਐਸ. ਟੀ., ਸਿਟੀਜ਼ਨਸ਼ਿਪ ਕਾਨੂੰਨ ਜਾਂ ਫਿਰ ਖੇਤੀਬਾੜੀ ਨਾਲ ਸਬੰਧਤ ਕਾਲੇ ਤਿੰਨ ਕਾਨੂੰਨ, ਬਿਜਲੀ ਬਿਲ 2020 ਜਾਂ ਪਰਾਲੀ ਫੂਕਣ ਲਈ ਜੁਰਮਾਨਾ ਕਰਨ ਦਾ ਬਿਲ ਹੋਵੇ ਕੇਂਦਰ ਸਰਕਾਰ ਦਾ ਅੰਦਰਲਾ ਇਰਾਦਾ ਤੇ ਏਜੰਡਾ ਕੁਝ ਹੋਰ ਹੁੰਦਾ ਹੈ ਅਤੇ ਲੋਕਾਂ ਨੂੰ ਭਰਮਾਉਣ ਲਈ ਪ੍ਰਚਾਰ ਕੁਝ ਹੋਰ ਕੀਤਾ ਜਾਂਦਾ ਹੈ। ਇਸ ਦੀ ਸੱਜਰੀ ਮਿਸਾਲ ਦਿੱਲੀ ਦੀਆਂ ਹੱਦਾਂ 'ਤੇ ਭਾਰਤ ਦੇ ਵੱਖ ਵੱਖ ਸੂਬਿਆਂ ਤੋਂ ਆ ਕੇ ਪੰਜਾਬ ਅਤੇ ਹਰਿਆਣੇ ਦੇ ਕਿਸਾਨਾਂ ਨਾਲ ਮਿਲ ਕੇ ਅੰਦੋਲਨ ਕਰ ਰਹੇ ਕਿਸਾਨਾਂ ਦਾ ਹੈ। ਇੱਕ ਪਾਸੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਕੇਂਦਰੀ ਮੰਤਰੀਆਂ ਦੀਆਂ ਹੋ ਰਹੀਆਂ ਵੱਖ ਵੱਖ ਮੀਟਿੰਗਾਂ ਵਿਚ ਕਿਸਾਨਾਂ ਨੂੰ ਭਰੋਸਾ ਦੁਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਉਧਰ ਪ੍ਰਧਾਨ ਮੰਤਰੀ ਨੇ ਚੱਲ ਰਹੇ ਧਰਨਿਆਂ ਦੌਰਾਨ ਹੀ ਕਿਸਾਨਾਂ ਨਾਲ ਹਮਦਰਦੀ ਵਰਗੀ ਕੋਈ ਗੱਲ ਕਰਨ ਦੀ ਥਾਂ ਆਪਣੇ ਵਾਰਾਣਸੀ ਦੇ ਦੌਰੇ ਸਮੇਂ ਵਾਰ ਵਾਰ ਦੁਹਰਾਇਆ ਹੈ ਕਿ ਇਹ ਕਾਨੂੰਨ ਕਿਸਾਨਾਂ ਦੀ ਭਲਾਈ ਲਈ ਲਿਆਂਦੇ ਗਏ ਹਨ ਅਤੇ ਇਹ ਵਾਪਿਸ ਨਹੀਂ ਲਏ ਜਾਣਗੇ।

ਇਸ ਤਰ੍ਹਾਂ ਦੇ ਬਿਆਨਾਂ ਦੇ ਚੱਲਦਿਆਂ ਕਿਸਾਨ ਜਥੇਬੰਦੀਆਂ ਮੰਤਰੀਆਂ ਵੱਲੋਂ ਜ਼ੁਬਾਨੀ ਕਲਾਮੀ ਦਿੱਤੇ ਜਾਂਦੇ ਭਰੋਸਿਆਂ 'ਤੇ ਕਿਸ ਤਰ੍ਹਾਂ ਵਿਸ਼ਵਾਸ ਕਰ ਸਕਦੀਆਂ ਹਨ? ਸਰਕਾਰ ਦੇ ਦੂਹਰੇ ਮਾਪਦੰਡਾਂ ਦੀ ਇੱਕ ਹੋਰ ਮਿਸਾਲ ਇਹ ਹੈ ਕਿ ਸਰਕਾਰ ਵੱਲੋਂ ਵਾਰ ਵਾਰ ਇਹ ਬਿਆਨ ਦੁਹਰਾਇਆ ਜਾ ਰਿਹਾ ਹੈ ਕਿ ਇਹ ਕਾਨੂੰਨ 'ਵਿਚੋਲੀਏ' ਖਤਮ ਕਰਨ ਲਈ ਹੈ ਤਾਂ ਕਿ ਕਿਸਾਨ ਖੁੱਲ੍ਹੀ ਮੰਡੀ ਵਿਚ ਮੁਲਕ ਦੇ ਕਿਸੇ ਵੀ ਹਿੱਸੇ ਵਿਚ ਆਪਣੀ ਫਸਲ ਵੇਚ ਕੇ ਵੱਧ ਪੈਸਾ ਕਮਾ ਸਕੇ। ਕਿਸਾਨ ਆਗੂਆਂ ਨੇ ਸਪੱਸ਼ਟ ਕੀਤਾ ਹੈ ਕਿ ਪਹਿਲਾ ਹੀ ਜੋਨ-ਸਿਸਟਮ ਤੋੜ ਕੇ ਇਹ ਕਾਨੂੰਨ ਅਧਿਕਾਰ ਦਿੱਤਾ ਮਿਲਿਆ ਹੋਇਆ ਹੈ ਕਿ ਕਿਸਾਨ ਆਪਣੀ ਫਸਲ ਭਾਰਤ ਦੇ ਕਿਸੇ ਵੀ ਕੋਨੇ ਵਿਚ ਵੇਚ ਸਕਦਾ ਹੈ। ਇੱਥੇ ਵਿਚੋਲੀਏ ਤੋਂ ਸਰਕਾਰ ਦਾ ਮਤਲਬ ਆੜ੍ਹਤੀਏ ਤੋਂ ਹੈ, ਜਦੋਂ ਕਿ ਵਰਤਮਾਨ ਮੰਡੀ ਸਿਸਟਮ ਅਨੁਸਾਰ, ਜਿਵੇਂ ਕਿਸਾਨ ਆਗੂ ਸਪੱਸ਼ਟ ਵੀ ਕਰਦੇ ਹਨ ਕਿ ਆੜ੍ਹਤੀਆ ਕਿਸਾਨ ਨੂੰ ਸੇਵਾਵਾਂ ਦਿੰਦਾ ਹੈ, ਜਿਵੇਂ ਟਰਾਲੀ ਵਿਚੋਂ ਸਮਾਨ ਉਤਰਵਾਉਣਾ, ਟਰਾਲੀ ਸਾਫ ਕਰਾਉਣਾ, ਫਸਲ ਦੇ ਸਰਕਾਰੀ ਰੇਟ ਅਨੁਸਾਰ ਪੈਸੇ ਲੈ ਕੇ ਦੇਣਾ ਆਦਿ ਜਿਸ ਦੇ ਬਦਲੇ ਉਸ ਨੂੰ ਕਮਿਸ਼ਨ ਮਿਲਦਾ ਹੈ। ਆੜ੍ਹਤੀਆ ਵੇਲੇ-ਕੁਵੇਲੇ ਲੋੜ ਪੈਣ 'ਤੇ ਕਿਸਾਨ ਦੀ ਆਰਥਕ ਮਦਦ ਕਰਦਾ ਹੈ ਅਰਥਾਤ ਉਧਾਰ ਦਿੰਦਾ ਹੈ ਜੋ ਕਿ ਬੈਂਕ ਵਗੈਰਾ ਵਿਚੋਂ ਅਸਾਨੀ ਨਾਲ ਨਹੀਂ ਮਿਲ ਸਕਦਾ।

ਕੁਝ ਦਿਨ ਹੋਏ ਪਟਿਆਲੇ ਰਹਿੰਦੀ ਮੇਰੀ ਭਾਣਜੀ ਨੇ ਇੱਕ ਪੁਰਾਣੀ ਵੀਡੀਓ ਰਿਕਾਰਡਿੰਗ ਭੇਜੀ, ਜਿਸ ਵਿਚ ਸਵਰਗੀ ਸੁਸ਼ਮਾ ਸਵਰਾਜ ਨੂੰ ਪਾਰਲੀਮੈਂਟ ਵਿਚ ਆੜ੍ਹਤੀ ਸਿਸਟਮ ਦੀ ਲੋੜ ਦੇ ਹੱਕ ਵਿਚ ਉਚੀ ਉਚੀ ਬਹਿਸ ਕਰਦੇ ਦਿਖਾਇਆ ਗਿਆ ਹੈ। ਮੇਰਾ ਖਿਆਲ ਹੈ ਕਿ ਉਦੋਂ ਕੇਂਦਰ ਵਿਚ ਕਾਂਗਰਸ ਦੀ ਮਿਲੀਜੁਲੀ ਸਰਕਾਰ ਸੀ ਅਤੇ ਸੁਸ਼ਮਾ ਸਵਰਾਜ ਵਿਰੋਧੀ ਧਿਰ ਵੱਜੋਂ ਬਹਿਸ ਵਿਚ ਹਿੱਸਾ ਲੈ ਰਹੀ ਸੀ। ਉਹ ਕਹਿ ਰਹੀ ਸੀ ਕਿ "ਅਰੇ ਆੜ੍ਹਤੀਆ ਤੋ ਕਿਸਾਨ ਕਾ ਏ. ਟੀ. ਐਮ. ਹੈ। ਬੈਂਕੋਂ ਨੇ ਤੋ ਏ. ਟੀ. ਐਮ. ਅਬ ਚਾਲੂ ਕੀਏ ਹੈਂ, ਆੜ੍ਹਤੀਆ ਤੋ ਵਰਸ਼ੋਂ ਸੇ ਕਿਸਾਨੋਂ ਕੇ ਕਾਮ ਆ ਰਹਾ ਹੈ। ਕਿਸਾਨ ਕੀ ਬੇਟੀ ਕੀ ਸ਼ਾਦੀ ਹੋ, ਬੂੜਾ ਮਾਂ-ਬਾਪ ਬੀਮਾਰ ਪੜ ਜਾਏ, ਬੱਚੇ ਕੀ ਫੀਸ ਦੇਨੀ ਹੋ ਤੋ ਕਿਸਾਨ ਆੜ੍ਹਤੀਏ ਕੇ ਪਾਸ ਜਾਤਾ ਹੈ। ਬਾਲ ਮਾਰਟ ਕੇ ਪਾਸ ਕਿਆ ਕਿਸਾਨ ਆਧੀ ਰਾਤ ਕੋ ਜਾ ਸਕਤਾ ਹੈ? ਬਾਲ ਮਾਰਟ ਕੋ ਤੋ ਧੋਤੀ ਵਾਲੇ ਕਿਸਾਨ ਸੇ ਬਦਬੂ ਆਏਗੀ। ਆਪ ਆੜ੍ਹਤੀਏ ਕੋ ਵਿਚੋਲੀ ਕਹਿਤੇ ਹੋ?"

ਇਹ ਭਾਜਪਾਈ ਸਰਕਾਰ ਦਾ "ਜਿਨੁ ਮਨਿ ਹੋਰੁ ਮੁਖਿ ਹੋਰੁ" ਚਿਹਰਾ ਹੈ। ਇਹੀ ਨਹੀਂ, ਇੱਕ ਪਾਸੇ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਉਸ ਦੇ ਸਾਥੀਆਂ ਦਾ ਕਹਿਣਾ ਹੈ ਕਿ ਇਹ ਕਾਨੂੰਨ ਕਿਸਾਨਾਂ ਦੇ ਭਲੇ ਲਈ ਲਿਆਂਦੇ ਗਏ ਹਨ, ਪਰ ਦੂਜੇ ਪਾਸੇ ਖਬਰਾਂ ਇਹ ਵੀ ਨਸ਼ਰ ਹੋ ਰਹੀਆਂ ਹਨ ਕਿ ਕਿਸਾਨਾਂ ਨਾਲ ਤਿੰਨ ਦਸੰਬਰ ਅਤੇ ਪੰਜ ਦਸੰਬਰ ਨੂੰ ਹੋਈਆਂ ਦੋਹਾਂ ਮੀਟਿੰਗਾਂ ਵਿਚ ਇੱਕ ਕੇਂਦਰੀ ਮੰਤਰੀ ਦੇ ਮੂੰਹੋਂ ਅਚਾਨਕ ਨਿਕਲ ਗਿਆ ਕਿ ਜੇ ਤੁਹਾਡੀ ਗੱਲ ਮੰਨ ਲਈ ਜਾਂਦੀ ਹੈ (ਕਾਨੂੰਨ ਰੱਦ ਕਰਨ ਦੀ) ਤਾਂ ਕਾਰਪੋਰੇਟਸ ਨਾਰਾਜ਼ ਹੋ ਜਾਣਗੇ (ਇਥੋਂ ਇਹ ਸਪੱਸ਼ਟ ਹੈ ਕਿ ਦੋ ਹੀ ਕਾਰਪੋਰੇਟ ਘਰਾਣੇ ਹਨ, ਜਿਨ੍ਹਾਂ ਦੇ ਹਿਤ ਕੇਂਦਰ ਸਰਕਾਰ ਪਾਲ ਰਹੀ ਹੈ, ਜਿਨ੍ਹਾਂ ਦੇ ਪੰਜਾਬ ਵਿਚ ਮਾਲ, ਪੈਟਰੋਲ ਪੰਪ ਅਤੇ ਸੈਲੋ ਹਨ-ਅੰਬਾਨੀ ਤੇ ਅਡਾਨੀ)।

ਸਾਰਾ ਨੈਸ਼ਨਲ ਮੀਡੀਆ ਵੀ ਇਨ੍ਹਾਂ ਕਾਰਪੋਰੇਟ ਘਰਾਣਿਆਂ ਵੱਲੋਂ ਹੀ ਖਰੀਦਿਆ ਹੋਇਆ ਹੈ, ਜੋ ਆਪਣਾ ਹੱਕ ਮੰਗਣ ਵਾਲੇ ਲੋਕਾਂ ਦੇ ਖਿਲਾਫ ਭਾਜਪਾਈ ਸਰਕਾਰ ਨੂੰ ਸਹੀ ਸਾਬਤ ਕਰਨ ਲਈ ਅੰਦੋਲਨਕਾਰੀਆਂ ਨੂੰ ਤਰ੍ਹਾਂ ਤਰ੍ਹਾਂ ਦੇ ਨਾਮ ਦੇ ਕੇ ਪਰਿਭਾਸ਼ਤ ਕਰਦਾ ਹੈ। ਮਸਲਨ ਜਦੋਂ ਪ੍ਰਸ਼ਾਸਨ ਵੱਲੋਂ ਜੇ. ਐਨ. ਯੂ. ਦੇ ਵਿਦਿਆਰਥੀ ਘੋਲ ਨੂੰ ਦਬਾਉਣ ਲਈ ਹਰ ਹਰਬਾ ਵਰਤਿਆ ਜਾ ਰਿਹਾ ਸੀ ਤਾਂ ਗੋਦੀ ਮੀਡੀਆ ਉਨ੍ਹਾਂ ਵਿਦਿਆਰਥੀਆਂ ਨੂੰ 'ਟੁਕੜੇ ਟੁਕੜੇ ਗੈਂਗ' 'ਦੇਸ਼ ਧ੍ਰੋਹੀ' ਆਦਿ, ਜਾਮੀਆ ਮਿਲੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ, ਜਿਨ੍ਹਾਂ ਵਿਚ ਗੈਰ-ਮੁਸਲਿਮ ਵਿਦਿਆਰਥੀਆਂ ਦੀ ਗਿਣਤੀ 40% ਹੈ, ਸ਼ਾਹੀਨ ਬਾਗ ਦੀਆਂ ਬੀਬੀਆਂ ਅਤੇ ਹੋਰ ਥਾਂਵਾਂ 'ਤੇ ਨਾਗਰਿਕਤਾ ਸੋਧ ਬਿਲ ਦੀ ਮੁਖਾਲਫਤ ਕਰ ਰਹੇ ਲੋਕਾਂ ਨੂੰ 'ਪਾਕਿਸਤਾਨੀ ਗੈਂਗ' ਜਾਂ 'ਆਈ. ਐਸ. ਆਈ. ਐਸ. ਗੈਂਗ' ਕਹਿ ਰਿਹਾ ਸੀ ਅਤੇ ਨਾਲ ਹੀ ਉਨ੍ਹਾਂ ਨੂੰ ਪਾਕਿਸਤਾਨ ਜਾਣ ਦੀ ਸਲਾਹ ਦਿੱਤੀ ਜਾ ਰਹੀ ਸੀ।

ਕਸ਼ਮੀਰ ਦੇ ਰਾਜਨੀਤਕ ਲੀਡਰਾਂ ਨੇ ਹਾਊਸ ਅਰੈਸਟ ਤੋਂ ਮੁਕਤ ਹੋਣ ਉਪਰੰਤ ਜਨਾਬ ਸ਼ੇਖ ਅਬਦੁੱਲਾ ਦੇ ਸੱਦੇ 'ਤੇ ਇੱਕ ਮੀਟਿੰਗ ਕੀਤੀ ਅਤੇ ਕਸ਼ਮੀਰ ਦੇ ਹੱਕਾਂ ਲਈ ਅਵਾਜ਼ ਉਠਾਉਣ ਖਾਤਰ ਸਾਂਝਾ ਸੰਗਠਨ ਬਣਾਇਆ, ਜਿਸ ਨੂੰ ਉਨ੍ਹਾਂ ਨੇ 'ਗੁਪਕਾਰ' ਦਾ ਨਾਮ ਦਿੱਤਾ। 'ਗੁਪਕਾਰ' ਉਸ ਰਈਸੀ ਇਲਾਕੇ ਦਾ ਨਾਮ ਹੈ, ਜਿੱਥੇ ਸ਼ੇਖ ਅਬਦੁੱਲਾ ਅਤੇ ਕੁਝ ਹੋਰ ਅਸਰ-ਰਸੂਖ ਰੱਖਣ ਵਾਲੇ ਲੋਕਾਂ ਦੇ ਬੰਗਲੇ ਬਣੇ ਹੋਏ ਹਨ। ਇਸ ਸੰਗਠਨ ਨੂੰ 'ਗੁਪਕਾਰ ਗੈਂਗ' ਦਾ ਨਾਮ ਦਿੱਤਾ ਗਿਆ ਅਤੇ ਅਜਿਹੇ ਨਾਮ ਭਾਜਪਾ ਦੇ ਕੇਂਦਰੀ ਮੰਤਰੀਆਂ ਤੇ ਗੋਦੀ ਮੀਡੀਆ ਦੇ ਐਂਕਰਾਂ ਵੱਲੋਂ ਆਮ ਵਰਤੇ ਜਾਂਦੇ ਹਨ। ਆਦਿਵਾਸੀਆਂ ਦੇ ਹੱਕ ਵਿਚ ਨਿਤਰਨ ਵਾਲੇ ਬੁੱਧੀਜੀਵੀਆਂ ਨੂੰ 'ਅਰਬਨ ਨਕਸਲ' ਦਾ ਖਿਤਾਬ ਦਿੱਤਾ ਜਾਂਦਾ ਹੈ। ਪੰਜਾਬ ਦੇ ਕਿਸਾਨਾਂ ਦਾ ਅੰਦੋਲਨ ਪਹਿਲਾਂ ਪੰਜਾਬ ਤੱਕ ਮਹਿਦੂਦ ਸੀ, ਰੇਲਾਂ ਤੱਕ ਰੋਕੀਆਂ ਗਈਆਂ, ਪਰ ਕੇਂਦਰ ਨੇ ਇੱਕ ਵਾਰ ਵੀ ਉਨ੍ਹਾਂ ਨਾਲ ਗੱਲਬਾਤ ਕਰਨ ਦੀ ਇੱਛਾ ਜਾਹਰ ਨਹੀਂ ਕੀਤੀ ਤਾਂ ਕਿਸਾਨ ਜਥੇਬੰਦੀਆਂ ਵੱਲੋਂ ਇਸ ਅੰਦੋਲਨ ਨੂੰ ਦਿੱਲੀ ਤੱਕ ਲੈ ਜਾਣ ਦਾ ਫੈਸਲਾ ਕੀਤਾ ਗਿਆ ਤਾਂ ਜੋ ਕੇਂਦਰ ਕਿਸਾਨਾਂ ਦੀ ਗੱਲ ਸੁਣੇ। ਇਸ ਵਿਚ ਹਰਿਆਣੇ ਦੇ ਕਿਸਾਨਾਂ ਨੇ ਜੀਅ ਜਾਨ ਨਾਲ ਸਾਥ ਦਿੱਤਾ, ਕਿਉਂਕਿ ਭਾਵੇਂ ਜਰਾਇਤ ਰਾਜਾਂ ਦੇ ਖੇਤਰ ਵਿਚ ਹੈ, ਪਰ ਕੇਂਦਰ ਨੇ ਰਾਜਾਂ ਦੇ ਹੱਕ ਨੂੰ ਅੱਖੋਂ ਪਰੋਖੇ ਕਰਦਿਆਂ ਇਹ ਕਾਨੂੰਨ ਬਣਾਏ ਹਨ, ਜਿਨ੍ਹਾਂ ਦਾ ਅਸਰ ਸਾਰੇ ਦੇਸ਼ 'ਤੇ ਪੈਣਾ ਹੈ। ਇਸ ਲਈ ਹੁਣ ਵੱਖ ਵੱਖ ਸੂਬਿਆਂ ਦੇ ਕਿਸਾਨ ਦਿੱਲੀ ਦੁਆਲੇ ਇਕੱਠੇ ਹੋ ਰਹੇ ਹਨ। ਕਿਸਾਨ ਆਪਣੇ ਹੱਕਾਂ ਲਈ ਲੜ ਰਹੇ ਹਨ, ਕੋਈ ਰਾਜਨੀਤੀ ਨਹੀਂ ਕਰ ਰਹੇ। ਕੇਂਦਰ ਸਰਕਾਰ ਅਤੇ ਗੋਦੀ ਮੀਡੀਆ ਵੱਲੋਂ ਵੀ ਕਦੀ ਉਨ੍ਹਾਂ ਨੂੰ ਖਾਲਿਸਤਾਨੀ, ਕਦੀ ਵਿਚੋਲੀਏ ਅਤੇ ਕਦੀ ਬਾਹਰਲੀ ਸ਼ਹਿ ਤੋਂ ਪ੍ਰੇਰਿਤ ਅਤੇ ਮਦਦ ਪ੍ਰਾਪਤ ਕਰ ਰਹੇ ਐਲਾਨਿਆ ਜਾ ਰਿਹਾ ਹੈ।

ਇਸ ਸਭ ਕੁਝ ਦੇ ਬਾਵਜੂਦ ਕਿਸਾਨਾਂ ਨੇ ਆਪਣੇ ਸਬਰ, ਸੰਤੋਖ, ਸੰਜਮ ਅਤੇ ਅਨੁਸ਼ਾਸਨ ਨਾਲ ਸਾਬਤ ਕਰ ਦਿੱਤਾ ਹੈ ਕਿ ਇਹ ਨਿਰੋਲ ਉਨ੍ਹਾਂ ਦੇ ਹੱਕ ਅਤੇ ਸੱਚ ਦੀ ਲੜਾਈ ਹੈ; ਇਹ ਕੋਈ ਰਾਜਨੀਤਕ, ਧਰਮ, ਜਾਂ ਵਰਗ ਦੀ ਲੜਾਈ ਨਹੀਂ ਹੈ। ਉਹ ਦਿੱਲੀ ਦੇ ਘਿਰਾਉ ਦੀ ਵਜ੍ਹਾ ਕਰਕੇ ਦਿੱਲੀ ਦੀ ਜਨਤਾ ਨੂੰ ਆ ਰਹੀਆਂ ਮੁਸ਼ਕਿਲਾਂ ਲਈ ਵੀ, ਉਨ੍ਹਾਂ ਦੀ ਔਖ ਨੂੰ ਸਮਝਦਿਆਂ ਦਿੱਲੀ ਦੀ ਜਨਤਾ ਤੋਂ ਮੁਆਫੀ ਮੰਗ ਰਹੇ ਹਨ। ਇਹੀ ਵਜ੍ਹਾ ਹੈ ਕਿ ਦਿੱਲੀ ਅਤੇ ਹਰਿਆਣੇ ਦੇ ਲੋਕ ਵੱਖ ਵੱਖ ਤਰੀਕਿਆਂ ਨਾਲ ਉਨ੍ਹਾਂ ਦੀ ਸੇਵਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਦੇ ਨਹਾਉਣ-ਧੋਣ ਆਦਿ ਦੀਆਂ ਸਹੂਲਤਾਂ ਮੁਹੱਈਆ ਕਰਾ ਰਹੇ ਹਨ। ਪੰਜਾਬ ਦੇ ਪਿੰਡ ਪਿੰਡ ਤੋਂ ਲੋਕਾਂ ਦੇ ਧੀਆਂ-ਪੁੱਤ ਜਾਂ ਪਿੰਡ ਵਾਸੀ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ, ਨਿਊਜ਼ੀਲੈਂਡ ਜਾਂ ਹੋਰ ਬਾਹਰਲੇ ਮੁਲਕਾਂ ਵਿਚ ਬੈਠੇ ਹਨ, ਜੋ ਆਪਣੇ ਹਮਸਾਇਆਂ ਦੀ ਮਦਦ ਕਰ ਰਹੇ ਹਨ।

ਗੋਦੀ ਮੀਡੀਆ ਧਰਨਾਂ ਦੇ ਰਹੇ ਕਿਸਾਨਾਂ ਨੂੰ ਵੱਖ ਵੱਖ 'ਗੈਂਗ' ਨਾਮ ਹੀ ਨਹੀਂ ਦੇ ਰਿਹਾ, ਸਗੋਂ ਕਿਸਾਨ ਵਿਰੋਧੀ ਕਾਨੂੰਨਾਂ ਦੇ ਹੱਕ ਵਿਚ ਇਸ਼ਤਿਹਾਰਾਂ ਅਤੇ ਸੋਸ਼ਲ ਮੀਡੀਆ ਰਾਹੀਂ ਪੋਸਟਾਂ ਪਾ ਕੇ ਵੀ ਪ੍ਰਚਾਰ ਕਰ ਰਿਹਾ ਹੈ। ਭਾਜਪਾ ਦਾ ਪੂਰਾ ਨੈੱਟਵਰਕ ਹੈ, ਜੋ ਲੋਕਾਂ ਦਾ ਧਿਆਨ ਪਾਸੇ ਪਾਉਣ ਲਈ ਇਕ ਦਮ ਸਰਗਰਮ ਹੋ ਜਾਂਦਾ ਹੈ ਅਤੇ ਕੋਈ ਨਾ ਕੋਈ ਮਸਲਾ ਛੇੜ ਲੈਂਦਾ ਹੈ। ਇਸੇ ਤਰ੍ਹਾਂ ਕਿਸਾਨ ਮਸਲੇ ਦੇ ਖਿਲਾਫ ਵੀ ਕਈ ਕਿਸਮ ਦਾ ਕੂੜ ਪ੍ਰਚਾਰ ਸ਼ੁਰੂ ਕੀਤਾ ਹੋਇਆ ਹੈ, ਪਰ ਪੰਜਾਬੀ ਕਲਾਕਾਰ ਭਾਈਚਾਰਾ ਅਜਿਹੇ ਪ੍ਰਚਾਰ ਖਿਲਾਫ ਆਪਣੇ ਢੰਗ ਨਾਲ ਸਿੱਝ ਰਿਹਾ ਹੈ, ਜਿਸ ਦੀ ਮਿਸਾਲ ਫਿਲਮੀ ਅਦਾਕਾਰਾ ਕੰਗਨਾ ਰਣੌਤ ਦੀ ਤਾਜ਼ਾ ਪੋਸਟ ਹੈ। ਇਹ ਭਾਰਤੀ ਪੇਂਡੂ ਕਿਸਾਨੀ ਦਾ ਮੁੱਦਾ ਹੈ, ਜਿਸ ਨੂੰ ਖਾਲਿਸਤਾਨੀ ਰਾਜਸੀ ਮੁੱਦਾ ਬਣਾਉਣ ਦੀ ਗੋਦੀ ਮੀਡੀਆ ਵੱਲੋਂ ਕੋਸ਼ਿਸ਼ ਕੀਤੀ ਜਾ ਰਹੀ ਹੈ। ਦੂਜੇ ਪਾਸੇ ਆਪ ਭਾਜਪਾ ਨੇ ਬਹੁਧਰਮੀ ਅਤੇ ਬਹੁ-ਸਭਿਆਚਾਰਕ ਭਾਰਤ ਨੂੰ ਚੁੱਪ-ਚਾਪ ਹੀ ਹਿੰਦੂ ਰਾਸ਼ਟਰ ਬਣਾ ਧਰਿਆ।

ਜਦੋਂ ਕਿਸੇ ਮੁਲਕ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ ਤਾਂ ਉਸ ਨੂੰ ਕੌਮਾਂਤਰੀ ਪੱਧਰ 'ਤੇ ਸਾਰੇ ਮੁਲਕਾਂ ਵੱਲੋਂ ਦੇਖਿਆ ਜਾਂਦਾ ਹੈ। ਕੈਨੇਡਾ ਇੱਕ ਬਹੁ-ਸਭਿਆਚਾਰਕ ਵੱਖ ਵੱਖ ਭਾਈਚਾਰਿਆਂ ਦਾ ਮੁਲਕ ਹੈ, ਜਿੱਥੇ ਦੁਨੀਆਂ ਦੇ ਸੰਸਾਰ ਭਰ ਦੇ ਮੁਲਕਾਂ ਤੋਂ ਵੱਖ ਵੱਖ ਪਿਛੋਕੜ ਦੇ ਵੱਖ ਵੱਖ ਧਰਮਾਂ ਨੂੰ ਮੰਨਣ ਵਾਲੇ ਲੋਕ ਵਸਦੇ ਹਨ। ਇਹ ਅਜਿਹਾ ਮੁਲਕ ਹੈ, ਜਿੱਥੋਂ ਦੇ ਸਰਕਾਰੀ ਸਕੂਲਾਂ ਵਿਚ ਸਨਿਚਰਵਾਰ ਦੇ ਦਿਨ ਬੱਚਿਆਂ ਲਈ ਸੂਬਾ ਸਰਕਾਰਾਂ ਵੱਲੋਂ ਆਪਣੀਆਂ ਆਪਣੀਆਂ ਬੋਲੀਆਂ ਵਿਚ ਸਿੱਖਿਆ ਦੇਣ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਸ ਲਈ ਹਰ ਭਾਈਚਾਰੇ ਦੇ ਬੱਚੇ ਆਪਣੀ ਆਪਣੀ ਬੋਲੀ ਪੜ੍ਹਨੀ ਅਤੇ ਲਿਖਣੀ ਸਿੱਖ ਸਕਦੇ ਹਨ। ਭਾਰਤ ਵੀ ਬਹੁ ਸਭਿਆਚਾਰਕ ਅਤੇ ਬਹੁ-ਧਰਮੀ ਮੁਲਕ ਹੈ ਅਤੇ ਉਥੇ ਹਰ ਇੱਕ ਪ੍ਰਾਂਤ ਦੀ ਆਪਣੀ ਬੋਲੀ ਹੈ, ਪਰ ਮੌਜੂਦਾ ਕੇਂਦਰੀ ਸਰਕਾਰ ਦਾ ਪੂਰਾ ਜ਼ੋਰ ਲੱਗਿਆ ਹੋਇਆ ਹੈ ਕਿ ਸਾਰੇ ਮੁਲਕ ਦਾ ਵਿੱਦਿਅਕ ਢਾਂਚਾ ਅਤੇ ਸਿਲੇਬਸ ਕੇਂਦਰ ਅਨੁਸਾਰ ਹੋਵੇ ਅਤੇ ਪ੍ਰਾਂਤਕ ਬੋਲੀਆਂ ਉਤੇ ਹਿੰਦੀ ਥੋਪੀ ਜਾਵੇ।

ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ 'ਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਗੁਰਪੁਰਬ ਦੀ ਜਿੱਥੇ ਵਧਾਈ ਦਿੱਤੀ, ਉਥੇ ਹੀ ਭਾਰਤੀ ਸਰਕਾਰ ਨੂੰ ਅਪੀਲ ਵੀ ਕੀਤੀ ਕਿ ਸ਼ਾਂਤਮਈ ਰੋਸ ਦਿਖਾਵਾ ਕਰਨਾ ਕਿਸਾਨਾਂ ਦਾ ਜਮਹੂਰੀ ਅਧਿਕਾਰ ਹੈ, ਉਨ੍ਹਾਂ ਦੀ ਗੱਲ ਸੁਣੀ ਜਾਣੀ ਚਾਹੀਦੀ ਹੈ। ਅਸਲ ਵਿਚ ਇਹ ਇੰਟਰਨੈਟ ਦਾ ਯੁੱਗ ਹੈ ਅਤੇ ਜੋ ਤਸ਼ੱਦਦ ਹਰਿਆਣੇ ਦੀ ਖੱਟਰ ਸਰਕਾਰ ਵੱਲੋਂ ਕਿਸਾਨਾਂ 'ਤੇ ਢਾਹਿਆ ਗਿਆ, ਉਹ ਸਾਰੀ ਦੁਨੀਆਂ ਨੇ ਦੇਖਿਆ ਹੈ। ਇਸ 'ਤੇ ਭਾਰਤ ਸਰਕਾਰ ਨੇ ਜਿੱਥੇ ਇਸ ਨੂੰ ਅੰਦਰੂਨੀ ਮਾਮਲਿਆਂ ਵਿਚ ਦਖਲ ਸਮਝ ਕੇ ਰੋਸ ਜਾਹਰ ਕੀਤਾ, ਉਥੇ ਸ਼ੇਖਰ ਗੁਪਤਾ (ਸ਼ਾਇਦ ਪ੍ਰਿੰਟ ਮੀਡੀਆ ਦਾ ਜਰਨਲਿਸਟ) ਨੇ ਜਸਟਿਸ ਟਰੂਡੋ, ਕੇਂਦਰੀ ਮੰਤਰੀ ਹਰਜੀਤ ਸਿੰਘ ਸੱਜਣ ਅਤੇ ਐਨ. ਡੀ. ਪੀ. ਦੇ ਪਾਰਟੀ ਪ੍ਰਧਾਨ ਤੇ ਪਾਰਲੀਮੈਂਟ ਮੈਂਬਰ ਜਗਮੀਤ ਸਿੰਘ ਦੀ ਵੀ ਆਲੋਚਨਾ ਕੀਤੀ ਹੈ ਅਤੇ ਇਨ੍ਹਾਂ ਲੀਡਰਾਂ 'ਤੇ ਕਈ ਤਰ੍ਹਾਂ ਦੇ ਦੋਸ਼ ਲਾ ਦਿੱਤੇ ਹਨ ਕਿ ਇਹ ਸਭ ਕੁਝ ਸਿੱਖ ਵੋਟਰਾਂ ਨੂੰ ਖੁਸ਼ ਕਰਨ ਲਈ ਕੀਤਾ ਹੈ।

ਪਿਛੇ ਜਿਹੇ ਅਮਰੀਕਾਨ ਪੁਲਿਸ ਅਫਸਰ ਵੱਲੋਂ ਇੱਕ ਸਿਆਹਫਾਮ ਵਿਅਕਤੀ ਦੀ ਧੌਣ 'ਤੇ ਗੋਡਾ ਰੱਖ ਕੇ ਉਸ ਨੂੰ ਸਾਹ ਘੁੱਟ ਕੇ ਮਾਰ ਦਿੱਤਾ ਗਿਆ ਸੀ। ਵੱਖ ਵੱਖ ਭਾਈਚਾਰਿਆਂ ਨਾਲ ਸਬੰਧਤ ਅਮਰੀਕਨ ਸ਼ਹਿਰੀ 'ਬਲੈਕ ਲਾਈਵਜ਼ ਮੈਟਰ' ਲਹਿਰ ਦਾ ਆਗਾਜ਼ ਕਰਕੇ ਸੜਕਾਂ 'ਤੇ ਨਿਕਲ ਆਏ ਸਨ ਤਾਂ ਸਮੇਤ ਕੈਨੇਡਾ ਦੇ, ਦੁਨੀਆਂ ਦੇ ਬਹੁਤ ਸਾਰੇ ਮੁਲਕ ਉਸ ਲਹਿਰ ਦੇ ਹੱਕ ਵਿਚ ਬੋਲੇ ਸਨ। ਹੁਣ ਤਾਂ ਯੂ. ਐਨ. ਓ. ਵੱਲੋਂ ਵੀ ਕਿਸਾਨਾਂ 'ਤੇ ਢਾਹੇ ਗਏ ਤਸ਼ੱਦਦ ਪ੍ਰਤੀ ਭਾਰਤੀ ਸਰਕਾਰ ਨੂੰ ਕਿਹਾ ਗਿਆ ਹੈ। ਸ਼ੇਖਰ ਗੁਪਤਾ ਨੂੰ ਸ਼ਾਇਦ ਪਤਾ ਨਹੀਂ ਹੈ ਕਿ ਕੈਨੇਡਾ ਵਿਚ ਭਾਰਤ ਦੀ ਤਰ੍ਹਾਂ ਲੋਕਾਂ ਤੋਂ ਧਰਮ ਜਾਂ ਭਾਈਚਾਰੇ ਦੇ ਨਾਮ 'ਤੇ ਵੋਟਾਂ ਨਹੀਂ ਮੰਗੀਆਂ ਜਾਂਦੀਆਂ। ਇੱਥੇ ਕਿਸੇ ਵੀ ਪਾਰਟੀ ਵੱਲੋਂ ਖੜ੍ਹੇ ਹੋਣ ਵਾਲੇ ਉਮੀਦਵਾਰ ਨੂੰ ਪਾਰਟੀ ਪੱਧਰ 'ਤੇ ਪਹਿਲਾਂ ਆਪਣੇ ਇਲਾਕੇ ਤੋਂ ਵੋਟਾਂ ਰਾਹੀਂ ਨੌਮੀਨੇਸ਼ਨ ਜਿੱਤਣੀ ਪੈਂਦੀ ਹੈ ਅਤੇ ਫਿਰ ਉਸ ਨੂੰ ਪਾਰਟੀ ਦੀ ਟਿਕਟ ਮਿਲਦੀ ਹੈ। ਇਸ ਲਈ ਇਹ ਆਮ ਜਿਹੀ ਗੱਲ ਹੈ ਕਿ ਕਿਸੇ ਵੀ ਏਰੀਏ ਵਿਚ ਜਿਸ ਭਾਈਚਾਰੇ ਦੀ ਬਹੁਗਿਣਤੀ ਹੋਵੇਗੀ, ਆਮ ਤੌਰ 'ਤੇ ਉਸੇ ਭਾਈਚਾਰੇ ਦਾ ਉਮੀਦਵਾਰ ਖੜ੍ਹਾ ਹੋਵੇਗਾ ਭਾਵੇਂ ਪਾਰਟੀ ਕੋਈ ਵੀ ਹੋਵੇ। ਮਸਲਨ ਬਰੈਂਪਟਨ ਦੀ ਬਹੁਤੀ ਵੱਸੋਂ ਪੰਜਾਬੀਆਂ ਦੀ ਹੈ, ਇਸ ਲਈ ਬਰੈਂਪਟਨ ਦੀਆਂ ਬਹੁਤੀਆਂ ਸੀਟਾਂ 'ਤੇ ਪੰਜਾਬੀ ਉਮੀਦਵਾਰ ਹੀ ਨੌਮੀਨੇਸ਼ਨ ਜਿੱਤ ਕੇ ਚੋਣਾਂ ਵਿਚ ਖੜ੍ਹਦੇ ਹਨ। ਇਸ ਤਰ੍ਹਾਂ ਫਰਜ਼ ਕਰੋ ਲਿਬਰਲ ਪਾਰਟੀ (ਜਸਟਿਨ ਟਰੂਡੋ ਦੀ ਪਾਰਟੀ) ਵੱਲੋਂ ਜਿੱਤਣ ਵਾਲਾ ਜੇ ਪੰਜਾਬੀ ਹੈ ਤਾਂ ਕੰਜ਼ਰਵੇਟਿਵ ਜਾਂ ਐਨ. ਡੀ. ਪੀ. ਪਾਰਟੀ ਦਾ ਹਾਰਨ ਵਾਲਾ ਉਮੀਦਵਾਰ ਵੀ ਪੰਜਾਬੀ ਹੀ ਹੋਵੇਗਾ।

ਸ. ਹਰਜੀਤ ਸਿੰਘ ਸੱਜਣ ਬਾਰੇ ਮੈਂ ਜ਼ਿਆਦਾ ਨਹੀਂ ਜਾਣਦੀ, ਪਰ ਸ. ਜਗਮੀਤ ਸਿੰਘ, ਜਿਨ੍ਹਾ ਕੁ ਮੈਂ ਸੁਣਿਆ ਹੈ, ਸ. ਸੇਵਾ ਸਿੰਘ ਠੀਕਰੀ ਵਾਲਾ ਦੇ ਪਰਿਵਾਰ ਵਿਚੋਂ ਹੈ। ਸ. ਸੇਵਾ ਸਿੰਘ ਠੀਕਰੀਵਾਲਾ ਦਾ ਬੁੱਤ ਪਟਿਆਲਾ ਦੇ ਫੁਹਾਰਾ ਚੌਕ ਵਿਚ ਲੱਗਾ ਹੋਇਆ ਹੈ। ਸ਼ੇਖਰ ਗੁਪਤਾ ਨੂੰ ਪਤਾ ਕਰ ਲੈਣਾ ਚਾਹੀਦਾ ਹੈ ਕਿ ਸ. ਸੇਵਾ ਸਿੰਘ ਠੀਕਰੀਵਾਲਾ ਕੌਣ ਸੀ! ਪੰਜਾਬ ਵਿਚ ਅੰਦੋਲਨ ਕਰ ਰਹੇ ਕਿਸਾਨਾਂ ਦੇ ਬਾਹਰਲੇ ਮੁਲਕਾਂ ਵਿਚ ਵਸੇ ਧੀਆਂ-ਪੁੱਤਾਂ, ਭੈਣ-ਭਾਈਆਂ ਜਾਂ ਗਰਾਈਆਂ ਵੱਲੋਂ ਕੀਤੀ ਜਾ ਰਹੀ ਸੇਵਾ ਨੂੰ ਹੀ ਗੋਦੀ ਮੀਡੀਆ 'ਬਾਹਰੋਂ ਆ ਰਹੀ ਮਦਦ' ਕਹਿ ਕੇ ਪ੍ਰਚਾਰ ਰਿਹਾ ਹੈ।

ਦਿੱਲੀ ਅਤੇ ਹਰਿਆਣੇ ਦੀ ਆਮ ਲੋਕਾਈ ਵੱਲੋਂ ਕੀਤੀ ਜਾ ਰਹੀ ਸੇਵਾ ਅਤੇ ਹਮਦਰਦੀ, ਹਰਿਆਣਾ ਸਮੇਤ ਰਾਜਸਥਾਨ, ਉਤਰ ਪ੍ਰਦੇਸ਼, ਉਤਰਾਖੰਡ, ਮੱਧ ਪ੍ਰਦੇਸ਼ ਤੇ ਵੱਖ ਵੱਖ ਸੂਬਿਆਂ ਦੇ ਕਿਸਾਨਾਂ ਦੀ ਸ਼ਮੂਲੀਅਤ, ਵਿਦਿਆਰਥੀਆਂ, ਵਕੀਲਾਂ, ਅਧਿਆਪਕਾਂ, ਡਾਕਟਰਾਂ, ਬੁੱਧੀਜੀਵੀਆਂ ਅਤੇ ਹੋਰ ਵਰਗਾਂ ਵੱਲੋਂ ਮਿਲ ਰਹੇ ਨਿੱਘੇ ਹੁੰਗਾਰੇ ਨੇ ਦੱਸ ਦਿੱਤਾ ਹੈ ਕਿ ਅੰਦੋਲਨ ਕਿਉਂ ਅਤੇ ਕਿਸ ਵੱਲੋਂ ਕੀਤਾ ਜਾ ਰਿਹਾ ਹੈ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਇਹ ਭਾਈਚਾਰਕ ਸਾਂਝ ਇਸੇ ਤਰ੍ਹਾਂ ਬਣੀ ਰਹੇ।

## ਜਾਗ ਉੱਠਿਆ ਕਿਰਸਾਨ

ਅੱਜ ਜਾਗ ਉੱਠਿਆ ਏ ਕਿਰਸਾਨ ਵੇ ਲੋਕਾ
ਜਾਗ ਉੱਠਿਆ ਕਿਰਸਾਨ।
ਅੱਜ ਜਾਗੇ ਕਿਰਤੀ, ਮਿਹਨਤਕਸ਼, ਕਾਮੇ
ਜਾਗੇ ਧਰਤੀ, ਅਸਮਾਨ।
ਅੱਜ ਜਾਗ ਉੱਠਿਆ ਏ ਕਿਰਸਾਨ ਵੇ ਲੋਕਾ
ਜਾਗ ਉੱਠਿਆ ਕਿਰਸਾਨ।

ਰੋਹ ਮਨਾਂ ਵਿਚ ਜਾਗਿਆ ਏ ਕਿਹੜੀ ਰੁੱਤੇ
ਹੋਏ ਨੇ ਲੋਕੀਂ ਸਾਵਧਾਨ ਸਭ ਨੀਂਦ ਵਿਗੁੱਤੇ
ਛੰਨਾਂ, ਢਾਰੇ, ਝੁੱਗੀਆਂ ਨੇ ਲਈ ਅੰਗੜਾਈ
ਜਾ ਮਿਲੇ ਸੰਗ ਭਰਾਵਾਂ, ਨਹੀਂ ਰੋਕਿਆ ਰੁਕੇ
ਮਾਰੋ ਮਾਰ ਕਰਦਾ ਵਧ ਰਿਹਾ ਏ ਤੂਫਾਨ...।
ਜਾਗ ਉੱਠਿਆ ਕਿਰਸਾਨ।

ਨਿਕਲ ਪਏ ਮਰਜੀਵੜੇ ਸਿਰ 'ਤੇ ਕਫਨ ਬੰਨ੍ਹ
ਟੁਰ ਪਏ ਨੇ ਵਾਹੋ ਦਾਹੀ ਹੌਸਲੇ ਉਨ੍ਹਾਂ ਦੇ ਧੰਨ
ਚੜ੍ਹੇ ਕਟਕ ਤਾਈਂ ਰੋਕਣਾ, ਔਖੇ ਮਾਰਨੇ ਬੰਨ
ਮਾਂਵਾਂ ਵੀ ਬੱਚੇ ਗੋਦ ਲੈ ਲਏ ਸੋਹਲ ਫੁੱਲਾਂ ਵੰਨ
ਜ਼ਬਰ ਤੇ ਸਬਰ ਦਾ ਹੋਣਾ ਏ ਇਮਤਿਹਾਨ।
ਅੱਜ ਜਾਗ ਉੱਠਿਆ ਏ ਕਿਰਸਾਨ ਵੇ ਲੋਕਾ
ਜਾਗ ਉੱਠਿਆ ਕਿਰਸਾਨ।

ਅੰਨਦਾਤੇ ਦਾ ਕਾਫਲਾ ਟੁਰਿਆ ਮੰਜ਼ਿਲ ਵੱਲ
ਸਮੁੰਦਰੀ ਤੁਫਾਨ ਨੂੰ ਕਿਸੇ ਨਹੀਂ ਸੱਕਣਾ ਠੱਲ੍ਹ
ਅਣਖ ਪੁਗਾਉਣੀ ਜਾਣਦੇ ਮੂੰਹੋਂ ਨਿਕਲੀ ਗੱਲ
ਟਿਕੀ ਨਹੀਂ ਕਦੇ ਅੱਗੇ ਜ਼ਬਰ ਜ਼ੁਲਮ ਦੀ ਛੱਲ
ਖਲੋ ਜਾਂਦੇ ਨੇ ਔਕੜਾਂ ਅੱਗੇ ਸੀਨਾ ਤਾਣ...।
ਜਾਗ ਉੱਠਿਆ ਕਿਰਸਾਨ।

ਸਰਮਾਏਦਾਰੀ ਕਾਮੇ ਨੂੰ ਸਦਾ ਲੁੱਟਦੀ ਆਈ
ਜ਼ਮੀਨ ਖੋਹ ਕਿਸਾਨ ਦੀ ਲੱਗੀ ਕਰਨ ਤਬਾਹੀ
ਧਰਤੀ ਮਾਂ ਕਿਰਸਾਨ ਦੀ ਸ਼ੱਕ ਨਹੀਂ ਹੈ ਰਾਈ
ਖੁੱਸ ਗਈ ਇਕ ਵਾਰ ਜੇ ਹੋਣੀ ਨਾ ਭਰਪਾਈ
ਸਦਾ ਨੀਤ ਦਿੱਲੀ ਦੀ ਰਹੀ ਏ ਬੇਈਮਾਨ।
ਅੱਜ ਜਾਗ ਉੱਠਿਆ ਏ ਕਿਰਸਾਨ ਵੇ ਲੋਕਾ
ਜਾਗ ਉੱਠਿਆ ਕਿਰਸਾਨ।

ਮੰਗਿਆਂ ਕੋਈ ਨਾ ਦੇਂਵਦਾ ਹੱਕ ਜਾਂਦੇ ਨੇ ਖੋਹੇ
ਜਿਨ੍ਹਾਂ ਕੱਢੀਆਂ ਲੇਲੜੀਆਂ ਸਦਾ ਬਹਿ ਕੇ ਰੋਏ
ਮੌਕਾ ਏ ਢਾਲ ਕੇ ਕਰ ਲਉ ਪੱਧਰ ਟਿੱਬੇ ਟੋਏ
ਰਾਜਨੀਤੀ ਵਿਚ ਪੈਰ ਪਾਏ ਬਾਝ ਗਤ ਨਾ ਹੋਏ
ਹਿੰਮਤ ਕਰਕੇ ਵੱਖਰੀ ਬਣਾ ਲਵੋ ਪਛਾਣ...।
ਜਾਗ ਉੱਠਿਆ ਕਿਰਸਾਨ।
ਅੱਜ ਜਾਗੇ ਕਿਰਤੀ, ਮਿਹਨਤਕਸ਼, ਕਾਮੇ
ਜਾਗੇ ਧਰਤੀ, ਆਸਮਾਨ।
ਅੱਜ ਜਾਗ ਉੱਠਿਆ ਏ ਕਿਰਸਾਨ ਵੇ ਲੋਕਾ
ਜਾਗ ਉੱਠਿਆ ਕਿਰਸਾਨ।

*-ਚੰਨ, ਫੋਨ: 908-788-8427*

# ਮਨੁੱਖੀ ਹੱਕਾਂ ਦੀ ਉਲੰਘਣਾ ਖਿਲਾਫ ਯੂ. ਐਨ. ਓ. ਵਿਚ ਪਟੀਸ਼ਨ ਪਾਈ

ਇਸ ਦੇਸ਼ ਵਿਆਪੀ ਕਿਸਾਨ ਅੰਦੋਲਨ ਨੇ ਜਿਸ ਤਰ੍ਹਾਂ ਦੇ ਨਵੇਂ ਨਵੇਂ ਕੀਰਤੀਮਾਨ ਸਥਾਪਤ ਕੀਤੇ ਹਨ, ਇਸ ਦੀ ਮਿਸਾਲ ਸ਼ਾਇਦ ਕਿਸੇ ਵੀ ਸੰਘਰਸ਼ ਵਿਚ ਨਾ ਮਿਲਦੀ ਹੋਵੇ। ਪੰਜ ਦਸੰਬਰ ਦੀ ਸਰਕਾਰ ਨਾਲ ਮੀਟਿੰਗ ਵਿਚ ਮੰਤਰੀਆਂ ਤੇ ਉਨ੍ਹਾਂ ਦੇ ਅਮਲੇ ਫੈਲੇ ਨੂੰ 'ਮੌਨ ਰਾਜਨੀਤੀ ਦੇ ਪੈਂਤੜੇ ਨਾਲ' ਜਿਸ ਤਰ੍ਹਾਂ ਲਾਜਵਾਬ ਕੀਤਾ ਹੈ, ਉਸ ਨਾਲ ਸੰਘਰਸ਼ ਲੜ ਰਹੇ ਆਗੂਆਂ ਦੀ ਦੂਰ ਅੰਦੇਸ਼ੀ, ਡੂੰਘੀ ਸੂਝ ਤੇ ਜ਼ਿੰਮੇਵਾਰੀ ਨੇ ਕਿਸਾਨ ਵਰਗ ਦਾ ਭਰੋਸਾ ਪੱਕਾ ਕੀਤਾ ਹੈ ਕਿ ਉਨ੍ਹਾਂ ਦੇ ਹੱਕ ਇਸ ਟੀਮ ਦੀ ਸਰਪ੍ਰਸਤੀ ਹੇਠ ਪੂਰੀ ਤਰ੍ਹਾਂ ਸੁਰੱਖਿਅਤ ਹਨ। ਪਿਛਲੀ ਮੀਟਿੰਗ ਵਿਚ ਉਨ੍ਹਾਂ ਕੇਂਦਰ ਦੇ ਖਾਣੇ ਦਾ ਬਾਈਕਾਟ ਕੀਤਾ। 40 ਤੋਂ ਉਪਰ ਕਿਸਾਨ ਜਥੇਬੰਦੀਆਂ ਦੇ ਆਗੂ ਜਿਸ ਤਰ੍ਹਾਂ ਇਨ੍ਹਾਂ ਤਿੰਨ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਦੇ ਮਸਲੇ ਉਤੇ ਮੀਟਿੰਗਾਂ ਵਿਚ ਹਰ ਕਾਨੂੰਨ ਦੀਆਂ ਸਾਰੀਆਂ ਮਦਾਂ ਉਤੇ ਬਹਿਸ ਕਰ ਰਹੇ ਹਨ,



**ਸੁਕੰਨਿਆਂ ਭਾਰਦਵਾਜ ਨਾਭਾ**
**ਫੋਨ: 815-307-3112**

ਉਸ ਤੋਂ ਕੇਂਦਰ ਨੂੰ ਇੱਕ ਵਾਰੀ ਇਹ ਤਾਂ ਅਹਿਸਾਸ ਹੋ ਗਿਆ ਹੈ ਕਿ ਨਾ ਤਾਂ ਇਹ ਕਿਸੇ ਦੇ ਵਰਗਲਾਏ ਹੋਏ ਨੇ ਤੇ ਨਾ ਹੀ ਇਨ੍ਹਾਂ ਕਾਨੂੰਨਾਂ ਤੋਂ ਅਣਜਾਣ ਹਨ। ਕੇਂਦਰੀ ਖੇਤੀਬਾੜੀ ਮੰਤਰੀ ਨੂੰ ਇਹ ਮੰਨਣਾ ਪੈ ਗਿਆ ਕਿ ਕਿਸਾਨ ਅੰਦੋਲਨ ਜ਼ਾਬਤਾਬੱਧ, ਸ਼ਾਂਤੀ ਪੂਰਬਕ ਤੇ ਅਰਾਜਨੀਤਕ ਹੈ।

ਕਿਸਾਨ ਅੰਦੋਲਨ, ਜੋ ਆਵਾਮ ਅੰਦੋਲਨ ਵਿਚ ਤਬਦੀਲ ਹੋ ਗਿਆ ਹੈ, ਨੂੰ ਆਪ ਮੁਹਾਰਾ ਸਮਰਥਨ ਜਾਰੀ ਹੈ। ਕੋਈ ਵੀ ਧਰਮ ਵਰਗ ਅਛੂਤਾ ਨਹੀਂ, ਜਿਸ ਨੇ ਆਪਣੀ ਸਮਰੱਥਾ ਮੁਤਾਬਕ ਇਸ ਅੰਦੋਲਨ ਨੂੰ ਆਪਣੀ ਹਮਾਇਤ ਨਾ ਦਿੱਤੀ ਹੋਵੇ। ਕੇਂਦਰ ਸਰਕਾਰ ਨਾਲ ਪੰਜਵੇਂ ਰਾਊਂਡ ਦੀ ਮੀਟਿੰਗ ਦਾ ਕੋਈ ਫਲਦਾਇਕ ਨਤੀਜਾ ਨਾ ਨਿਕਲਣ 'ਤੇ ਅਗਲੀ ਮੀਟਿੰਗ 9 ਦਸੰਬਰ ਨੂੰ 11 ਵਜੇ ਰੱਖੀ ਗਈ ਹੈ, ਪਰ ਸਾਰੇ ਦੇਸ਼ ਦੇ ਕਿਸਾਨਾਂ ਵਲੋਂ ਦਿੱਲੀ ਦਾ ਘਿਰਾਓ ਜਾਰੀ ਹੈ। ਚਾਰ ਸੌ ਦੇ ਕਰੀਬ ਕਿਸਾਨ ਜਥੇਬੰਦੀਆਂ ਨੇ 8 ਦਸੰਬਰ ਨੂੰ ਭਾਰਤ ਬੰਦ ਦਾ ਸੱਦਾ ਦਿੱਤਾ ਹੈ। ਬੰਦ ਦੇ ਨਾਲ ਨਾਲ ਸਾਰੇ ਦੇਸ਼ ਦੇ ਟੋਲ ਪਲਾਜ਼ਿਆਂ ਨੂੰ ਵੀ ਫਰੀ ਕਰਨ ਦਾ ਐਲਾਨ ਕੀਤਾ ਹੈ।

ਆਲ ਇੰਡੀਆ ਮੋਟਰ ਟਰਾਂਸਪੋਰਟ ਕਾਂਗਰਸ ਦੇ ਪ੍ਰਧਾਨ ਗੁਰਤਰਨ ਸਿੰਘ ਅਟਵਾਲ ਨੇ ਕੈਨੇਡਾ ਤੋਂ ਲਾਈਵ ਹੁੰਦਿਆਂ ਐਲਾਨ ਕੀਤਾ ਹੈ ਕਿ ਜੇ ਕੇਂਦਰ ਨੇ ਕਿਸਾਨਾਂ ਦੀਆਂ ਵਾਜਬ ਮੰਗਾਂ ਨਾ ਮੰਨੀਆਂ ਤਾਂ ਉਹ 8 ਦਸੰਬਰ ਤੋਂ ਅਣਮਿੱਥੇ ਸਮੇਂ ਲਈ ਸਾਰੇ ਦੇਸ਼ ਵਿਚ ਚੱਕਾ ਜਾਮ ਕਰ ਦੇਣਗੇ, ਜਿਸ ਵਿਚ ਪਚਾਨਵੇਂ ਲੱਖ ਟਰੱਕਾਂ ਤੇ ਪੈਂਤੀ ਲੱਖ ਬੱਸਾਂ ਨੂੰ ਬਰੇਕਾਂ ਲੱਗਣਗੀਆਂ। ਉਨ੍ਹਾਂ ਦਾ ਕਹਿਣਾ ਸੀ ਕਿ ਜੇ ਇਹ ਕਾਲੇ ਕਾਨੂੰਨ ਲਾਗੂ ਹੋ ਜਾਂਦੇ ਹਨ ਤਾਂ ਕਿਸਾਨਾਂ ਦੇ ਨਾਲ ਉਨ੍ਹਾਂ ਦਾ ਧੰਦਾ ਵੀ ਚੌਪਟ ਹੋ ਜਾਵੇਗਾ। ਇਹ ਹਰ ਵਰਗ ਲਈ ਮਾਰੂ ਹਨ, ਪਰ ਲੜਾਈ ਕਿਸਾਨ ਲੜ ਰਿਹਾ ਹੈ, ਇਸ ਲਈ ਸਾਨੂੰ ਸਾਰਿਆਂ ਨੂੰ ਉਨ੍ਹਾਂ ਦਾ ਸਾਥ ਦੇਣਾ ਚਾਹੀਦਾ ਹੈ।

ਐਡੀਟਰਜ਼ ਗਿਲਡ ਆਫ ਇੰਡੀਆ ਨੇ ਵੀ ਮੀਡੀਆ ਨੂੰ ਸੰਦੇਸ਼ ਦਿੱਤਾ ਹੈ ਕਿ ਉਹ ਕਿਸਾਨ ਅੰਦੋਲਨ ਨੂੰ ਖਾਲਿਸਤਾਨੀ ਜਾਂ ਕੌਮ ਵਿਰੋਧੀ ਕਹਿ ਕੇ ਬਦਨਾਮ ਨਾ ਕਰੇ। ਉਨ੍ਹਾਂ ਦਾ ਕੰਮ ਸਾਫ ਸੁਥਰੀ ਪੱਤਰਕਾਰੀ ਕਰਨਾ ਹੈ। ਪੰਜਾਬ ਦੀਆਂ ਸਮੂਹ ਪੱਤਰਕਾਰ ਯੂਨੀਅਨਾਂ ਨੇ 8 ਦਸੰਬਰ ਦੇ ਭਾਰਤ ਬੰਦ ਦੇ ਹੱਕ ਵਿਚ ਚੰਡੀਗੜ੍ਹ ਵਿਖੇ ਰੈਲੀ ਕਰਨ ਦਾ ਐਲਾਨ ਕੀਤਾ ਹੈ। ਅਮਰੀਕਾ ਦੇ ਪ੍ਰਮੁਖ ਮੀਡੀਆ 'ਨਿਊ ਯਾਰਕ ਟਾਇਮਜ਼' ਤੇ 'ਵਾਸ਼ਿੰਗਟਨ ਪੋਸਟ' ਨੇ ਵੀ ਭਾਰਤ ਵਿਚ ਹੋ ਰਹੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਨੋਟਿਸ ਲੈਂਦਿਆਂ ਭਾਰਤ ਸਰਕਾਰ ਦੀ ਨਿੰਦਾ ਕੀਤੀ ਹੈ। ਬੀ.ਬੀ.ਸੀ. ਅਲਜਜ਼ੀਰਾ ਵਰਗੇ ਕੌਮਾਂਤਰੀ ਮੀਡੀਆ ਨਿਰਪੱਖਤਾ ਨਾਲ ਭਾਰਤ ਸਰਕਾਰ ਦੀ ਆਲੋਚਨਾ ਕਰ ਰਹੇ ਹਨ। ਵਿਸ਼ਵ ਪੰਜਾਬੀ ਮੀਡੀਆ ਤਾਂ ਪਹਿਲਾਂ ਤੋਂ ਹੀ ਖੁਲ੍ਹ ਕੇ ਕਿਸਾਨ ਸੰਘਰਸ਼ ਦੀ ਪਿੱਠ 'ਤੇ ਖੜ੍ਹਾ ਹੈ।

ਉਧਰ ਕੌਮਾਂਤਰੀ ਪੰਜਾਬੀ ਭਾਈਚਾਰਾ ਵੀ ਕਿਸਾਨਾਂ ਦੇ ਇਸ ਸੰਘਰਸ਼ ਨੂੰ ਬਹੁਤ ਨੇੜਿਓਂ ਮਹਿਸੂਸ ਕਰ ਰਿਹਾ ਹੈ। ਜਿਥੇ ਉਹ ਸੰਘਰਸ਼ੀ ਕਿਸਾਨਾਂ ਦੀ ਮਾਇਕ ਮਦਦ ਕਰਦੇ ਹਨ, ਉਥੇ ਆਪੋ ਆਪਣੇ ਦੇਸ਼ ਵਿਚਲੇ ਭਾਰਤੀ ਸਫੀਰਾਂ ਨੂੰ ਭਾਰਤ ਸਰਕਾਰ ਵਲੋਂ ਕਿਸਾਨਾਂ ਨਾਲ ਕੀਤੇ ਜਾ ਰਹੇ ਧੱਕੇ ਖਿਲਾਫ ਰੋਸ/ਮੰਗ ਪੱਤਰ ਜਮਾਂ ਕਰਵਾ ਰਹੇ ਹਨ। ਕਿਸਾਨਾਂ ਦੇ ਹੱਕ ਤੇ ਕੇਂਦਰ ਸਰਕਾਰ ਦੇ ਵਿਰੋਧ ਵਾਲੀਆਂ ਤਖ਼ਤੀਆਂ ਹੱਥਾਂ ਵਿਚ ਫੜ ਕੇ ਛੋਟੇ-ਛੋਟੇ ਬੱਚੇ, ਬੀਬੀਆਂ ਵੀ ਮੁਜਾਹਰਿਆਂ ਵਿਚ ਸ਼ਾਮਲ ਹੋ ਰਹੇ ਹਨ।

ਸਿਆਟਲ ਤੋਂ ਅਮਰੀਕਨ ਪੰਜਾਬੀ ਹਰਜੀਪਾਲ ਸਿੰਘ, ਜੋ ਯੂ. ਐਸ. ਟਰਾਂਸਪੋਰਟ ਕੰਪਨੀ ਵਿਚ ਬਤੌਰ ਸੇਫਟੀ ਕੰਨਸਲਟੈਂਟ ਕੰਮ ਕਰ ਰਿਹਾ ਹੈ, ਨੇ ਸੰਸਾਰ ਮਨੁੱਖੀ ਅਧਿਕਾਰ ਸੰਸਥਾ ਸਯੁੰਕਤ ਰਾਸ਼ਟਰ (ਯੂ. ਐਨ. ਓ.) ਵਿਚ ਪਟੀਸ਼ਨ ਪਾ ਕੇ ਭਾਰਤ ਵਿਚ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ ਨੂੰ ਰੋਕਣ ਦੀ ਮੰਗ ਕੀਤੀ ਹੈ, ਜਿਸ 'ਤੇ ਯੂ. ਐਨ. ਨੇ ਡਬਲਿਊ. ਐਚ. ਓ. ਨੂੰ ਇਸ ਦੀ ਜਾਂਚ ਕਰਨ ਲਈ ਕਿਹਾ ਹੈ। ਯੂ. ਐਨ. ਓ. ਵਿਚ ਪਟੀਸ਼ਨ ਕਿਵੇਂ ਪਾਈ ਜਾਵੇ? ਬਾਰੇ ਦਸਦਿਆਂ ਉਨ੍ਹਾਂ ਕਿਹਾ ਕਿ ਇਸ ਲਈ ਇੱਕ ਚੁਰੰਜਾ ਪੇਜਾਂ ਦਾ ਡਾਕੂਮੈਂਟ ਹੈ, ਜਿਸ ਤੋਂ ਤੁਹਾਨੂੰ ਤੁਹਾਡੇ ਕੌਮਾਂਤਰੀ ਅਧਿਕਾਰਾਂ ਦਾ ਪਤਾ ਲਗਦਾ ਹੈ। ਭਰਨੇ ਦੋ ਪੇਜ ਹੀ ਹਨ, ਜਿਸ ਵਿਚ ਤੁਹਾਡੀ ਸਾਰੀ ਜਾਣਕਾਰੀ ਭਰੀ ਜਾਵੇਗੀ। ਫਿਰ ਪਟੀਸ਼ਨ ਨੂੰ ਫਾਇਲ ਕਰਨਾ ਹੈ। ਇਨ੍ਹਾਂ ਪਟੀਸ਼ਨਾਂ ਨੂੰ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ ਵਿਚ ਪਾਉਣ ਲਈ ਸਾਰੇ ਦੇਸ਼ਾਂ ਦੀ ਇੱਕ ਸਾਂਝੀ ਕਾਨੂੰਨੀ ਸੰਸਥਾ ਬਣਾਈ ਜਾ ਰਹੀ ਹੈ, ਜਿਸ ਵਿਚ ਸਾਰੇ ਦੇਸ਼ਾਂ ਤੋਂ ਘੱਟੋ ਘੱਟ ਇੱਕ ਮੈਂਬਰ ਲਿਆ ਜਾਵੇਗਾ। ਫਿਰ ਸਾਂਝੇ ਪਲੇਟਫਾਰਮ ਤੋਂ ਹੀ ਸਾਰੀਆਂ ਪਟੀਸ਼ਨਾਂ ਭੇਜ ਸਕਾਂਗੇ। ਇਸ ਤਰ੍ਹਾਂ ਅਮਰੀਕਾ ਵਿਚੋਂ ਦਿੱਲੀ ਨੂੰ ਹਲੂਣਾ ਦਿੱਤਾ ਜਾ ਸਕਦਾ ਹੈ।



ਮਨੁੱਖੀ ਅਧਿਕਾਰਾਂ ਦੀ ਇਹ ਵਿਸ਼ਵ ਪੱਧਰੀ ਸੰਸਥਾ ਨੂੰ ਹਰਜੀਪਾਲ ਨੇ ਤਫਸੀਲ ਨਾਲ ਲਿਖਦਿਆਂ ਦੱਸਿਆ ਕਿ ਮਾਰਚ 2020 ਵਿਚ ਕਰੋਨਾ ਫੈਲਦਾ ਹੈ। ਭਾਰਤ ਸਰਕਾਰ 5 ਜੂਨ 2020 ਵਿਚ ਇਹ ਕਾਲੇ ਖੇਤੀ ਆਰਡੀਨੈਂਸ ਲਿਆਂਦੇ ਜਾਂਦੇ ਹਨ। 'ਬਪਦਾ ਕੋ ਆਪਨੇ ਫਾਇਦੇ ਮੇਂ ਕੈਸੇ ਵਰਤਨਾ ਹੈ' ਇਹ ਮੋਦੀ ਸਰਕਾਰ ਦਾ ਫੰਡਾ ਹੈ। ਇਨ੍ਹਾਂ ਕਾਲੇ ਖੇਤੀ ਕਾਨੂੰਨਾਂ ਖਿਲਾਫ ਪੰਜਾਬ ਵਿਚ ਦੋ ਮਹੀਨੇ ਤੋਂ ਕਿਸਾਨ ਪ੍ਰਦਰਸ਼ਨ ਕਰ ਰਹੇ ਸਨ, ਪਰ ਕੇਂਦਰ ਨੇ ਗੌਲਿਆ ਨਹੀਂ। 26 ਨਵੰਬਰ ਤਕ ਉਸ ਨੂੰ ਲਗਦਾ ਸੀ ਕਿ ਇਹ ਕੁਝ ਨਹੀਂ ਕਰ ਸਕਣਗੇ। ਕਰੋਨਾ ਵਾਇਰਸ ਨੂੰ ਢਾਲ ਬਣਾ ਕੇ ਕਿਸਾਨਾਂ ਨੂੰ ਪ੍ਰੋਟੈਸਟ ਕਰਨ ਤੋਂ ਰੋਕਿਆ ਗਿਆ, ਪਰ ਇਹ ਪਲੈਨ 'ਏ' ਫੇਲ੍ਹ ਸਾਬਤ ਹੋਇਆ। ਪਲੈਨ 'ਬੀ' ਸੀ ਕਿ ਨਿਰੰਕਾਰੀ ਮੈਦਾਨ ਵਿਚ ਇਕੱਠਾ ਕਰਕੇ 6 ਫੁੱਟ ਦੀ ਦੂਰੀ ਦਾ ਚੱਕਰ ਚਲਾ ਕੇ ਕਰੋਨਾ ਕਰੋਨਾ ਦੀ ਗੇਮ ਵਿਚ ਪਾ ਦਿਆਂਗੇ। ਪਹਿਲਾਂ ਕਰੋਨਾ ਦੀ ਆੜ ਵਿਚ ਲੋਕਤੰਤਰੀ ਪਰੰਪਰਾਵਾਂ ਨੂੰ ਛਿੱਕੇ ਟੰਗ ਕੇ ਇਹ ਕਾਲੇ ਖੇਤੀ ਕਾਨੂੰਨ ਧੱਕੇ ਨਾਲ ਪਾਸ ਕੀਤੇ ਗਏ, ਫਿਰ ਉਨ੍ਹਾਂ ਦਾ ਰੋਸ ਪ੍ਰਦਰਸ਼ਨ ਦਾ ਹੱਕ ਮਾਰਨ ਲਈ ਰੋਕਾਂ ਖੜ੍ਹੀਆਂ ਕਰਕੇ ਕਿਸਾਨਾਂ ਦੇ ਕਾਫਲਿਆਂ ਤੇ ਅੱਥਰੂ ਗੈਸ ਦੇ ਗੋਲੇ ਤੇ ਪਾਣੀ ਦੀਆਂ ਬੁਛਾੜਾਂ ਵਰ੍ਹਾਈਆਂ ਗਈਆਂ। ਡਬਲਿਊ. ਐਚ. ਓ. ਅਤੇ ਯੂ. ਐਨ. ਓ. ਦੀਆਂ ਗਾਇਡਲਾਇਨਜ਼ ਦੇ ਖਿਲਾਫ ਜਾ ਕੇ ਇਹ ਸਾਰਾ ਕੁਝ ਕੀਤਾ ਗਿਆ। ਇਹ ਮਨੁੱਖੀ ਅਧਿਕਾਰਾਂ ਦਾ ਕੇਸ ਬਣਦਾ ਹੈ ਕਿ ਸਾਨੂੰ ਕਰੋਨਾ ਦੀ ਆੜ ਵਿਚ ਸਾਡੇ ਮੁਢਲੇ ਅਧਿਕਾਰ ਤੋਂ ਵਾਂਝਿਆਂ ਕੀਤਾ ਗਿਆ ਹੈ।

ਹਰਜੀਪਾਲ ਅਨੁਸਾਰ ਭਾਰਤ ਸਰਕਾਰ ਨੂੰ ਲਗਦਾ ਸੀ ਕਿ ਆਮ ਹਾਲਤਾਂ ਵਿਚ ਇਹ ਬਿੱਲ ਲੋਕਾਂ ਨੇ ਪਾਸ ਨਹੀਂ ਹੋਣ ਦੇਣਾ। ਇਸ ਲਈ ਇਨ੍ਹਾਂ ਨੂੰ ਕਰੋਨਾ-ਕਾਲ ਵੱਧ ਹਿਤੈਸ਼ੀ ਲੱਗਿਆ ਕਿ ਨਾਲੇ ਤਾਂ ਬਿਲ ਬਿਨਾ ਕਿਸੇ ਵੱਡੇ ਵਿਰੋਧ ਤੋਂ ਪਾਸ ਹੋ ਜਾਣਗੇ, ਨਾਲੇ ਕਰੋਨਾ ਦੇ ਨਾ 'ਤੇ ਪੈਸਾ ਇਕੱਠਾ ਹੋ ਜਾਵੇਗਾ। ਗੱਲ ਹੁਣ ਡਬਲਿਊ. ਐਚ. ਓ., ਯੂ. ਐਨ. ਜਾਂ ਵਾਇਟ ਹਾਊਸ ਤਕ ਨਹੀਂ। 14 ਮਈ 2020 ਵਿਚ ਵਰਲਡ ਬੈਂਕ ਵਲੋਂ ਪ੍ਰੈਸ ਰਿਲੀਜ਼ ਦਿੱਤੀ ਗਈ, ਜਿਸ ਵਿਚ ਕਰੋਨਾ ਦਾ ਟਾਕਰਾ ਕਰਨ ਲਈ 1 ਬਿਲੀਅਨ ਡਾਲਰ (ਸਾਢੇ ਸੱਤ ਸੌ ਕਰੋੜ ਰੁਪਿਆ) ਭਾਰਤ ਸਰਕਾਰ ਨੂੰ ਅਤੇ 40 ਬਿਲੀਅਨ ਡਾਲਰ ਪੂਰੇ ਸੰਸਾਰ ਨੂੰ ਦਿੱਤਾ ਗਿਆ ਦਰਜ ਹੈ।

ਮੁੜ ਫਿਰ ਭਾਰਤ ਸਰਕਾਰ ਨੇ ਕਿਰਤੀਆਂ/ਮਜ਼ਦੂਰਾਂ ਦੇ ਨਾਂ 'ਤੇ ਵਰਲਡ ਬੈਂਕ ਕੋਲ ਅਰਜ਼ੀਆਂ ਲਾਈਆਂ ਕਿ ਪਹਿਲੀ ਖੇਪ ਨਾਲ ਇਸ ਗਰੀਬ ਤਬਕੇ ਦੇ ਹਿੱਸੇ ਤਿੰਨ ਡਾਲਰ ਪ੍ਰਤੀ ਮਹੀਨਾ ਪ੍ਰਤੀ ਵਿਅਕਤੀ ਆਉਂਦੇ ਹਨ, ਜਿਸ ਨਾਲ ਗੁਜਾਰਾ ਹੋਣਾ ਔਖਾ ਹੈ। ਇਸ 'ਤੇ ਸੰਸਾਰ ਬੈਂਕ ਨੇ ਜਲਦੀ ਹੀ ਇੱਕ ਬਿਲੀਅਨ ਡਾਲਰ ਹੋਰ ਦੇਣ ਦਾ ਵਾਅਦਾ ਕੀਤਾ। ਬੈਂਕ ਵਲੋਂ ਪਹਿਲਾਂ ਦਿੱਤਾ ਪੈਸਾ ਗਰੀਬ ਲੋਕਾਂ 'ਤੇ ਤਾਂ ਲੱਗਿਆ ਨਹੀਂ। ਲੌਕ ਡਾਊਨ ਵਿਚ ਗਰੀਬ ਮਜਦੂਰ ਤਬਕੇ ਨਾਲ ਸਰਕਾਰ ਦਾ ਜੋ ਵਤੀਰਾ ਸੀ, ਉਹ ਕਿਸੇ ਤੋਂ ਲੁਕਿਆ ਛੁਪਿਆ ਨਹੀਂ। ਉਹ ਵੀ ਲੱਖਾਂ ਸਬੂਤ ਦੇ ਸਕਦੇ ਹਨ ਯੂ. ਐਨ. ਓ. ਨੂੰ ਕਿ ਕਿਸ ਤਰ੍ਹਾਂ ਭਾਰਤ ਸਰਕਾਰ ਇਹ ਪੈਸਾ ਘੱਟ ਗਿਣਤੀਆਂ ਨੂੰ ਦਬਾਉਣ ਖਾਤਰ ਵਰਤਦੀ ਹੈ। ਕਰੋਨਾ ਦੀ ਆੜ ਵਿਚ ਭਾਰਤ ਸਰਕਾਰ ਜੋ ਕਰ ਰਹੀ ਹੈ, ਉਸ ਦੀ ਇਨਕੁਆਰੀ ਕੀਤੀ ਜਾਵੇ। ਇੰਟਰਨੈਸ਼ਨਲ ਪੰਜਾਬੀ ਭਾਈਚਾਰਾ ਇਕੱਠਾ ਹੋ ਕੇ ਇਸ ਧੱਕੇਸ਼ਾਹੀ ਖਿਲਾਫ ਅਵਾਜ਼ ਬੁਲੰਦ ਕਰੇ। ਲੋਕਾਂ ਨੂੰ ਜਾਗਰੂਕ ਕਰਨ ਲਈ ਸੋਸ਼ਲ ਮੀਡੀਆ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਵੇ।

ਦੂਜਾ ਵਿਅਕਤੀਗਤ ਤੌਰ 'ਤੇ ਵਾਈਟ ਹਾਊਸ ਵਿਚ ਸ਼ਿਕਾਇਤ ਵੀ ਪਾਈ ਜਾ ਸਕਦੀ ਹੈ। ਜਿਸ ਤਰਾਂ ਭਾਰਤ ਵਿਚ ਘੱਟ ਗਿਣਤੀਆਂ ਦੇ ਖਿਲਾਫ ਸਰਕਾਰ ਵਲੋਂ ਮਾਹੌਲ ਬਣਾਇਆ ਜਾ ਰਿਹਾ ਹੈ, ਹਿੰਦੂਤਵ ਦੇ ਨਾਂ 'ਤੇ ਦੂਜੇ ਧਰਮਾਂ ਨੂੰ ਭੜਕਾਇਆ ਜਾ ਰਿਹਾ ਹੈ, ਲਿੰਤ ਮੌਬ ਲਿਚਿੰਗ ਵਰਗੇ ਕੇਸਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ, ਲੋਕ ਹੱਕਾਂ ਦੀ ਅਵਾਜ਼ ਨੂੰ ਹਰ ਹੀਲਾ ਵਸੀਲਾ ਬਣਾ ਕੇ ਦਬਾਇਆ ਜਾ ਰਿਹਾ ਹੈ, ਉਸ ਤੋਂ ਇਕ ਹੋਰ ਵੱਡਾ ਜੈਨੋਸਾਇਡ ਹੋਣ ਦਾ ਖਦਸ਼ਾ ਹੈ। 1984 ਦਾ ਘੱਲੂਘਾਰਾ ਰੋਕਿਆ ਨਹੀਂ ਜਾ ਸਕਿਆ, ਕਿਉਂਕਿ ਅਸੀਂ ਜਾਗਰੂਕ ਨਹੀਂ ਸਾਂ, ਪਰ ਇਹ ਅੱਜ ਰੋਕਿਆ ਜਾ ਸਕਦਾ ਹੈ, ਜੇ ਅਸੀਂ ਵਾਈਟ ਹਾਊਸ ਵਿਚ ਪਟੀਸ਼ਨ ਪਾਈਏ।

ਇਹ ਪਟੀਸਨ ਪਾਉਣੀ ਕਿਵੇਂ ਹੈ? ਬਾਰੇ ਹਰਜੀਪਾਲ ਨੇ ਦੱਸਿਆ ਕਿ ਯੂ. ਐਸ. ਗੌਰਮਿੰਟ ਦੀ ਵੈਬਸਾਈਟ 'ਤੇ 13 ਸਾਲ ਤੋਂ ਉਪਰ ਮੁੱਦੇ ਨਾਲ ਸਹਿਮਤ ਹਰ ਵਿਅਕਤੀ ਸਾਇਨ ਕਰ ਸਕਦਾ ਹੈ, ਭਾਵੇਂ ਉਹ ਕਿਸੇ ਵੀ ਦੇਸ਼ ਵਿਚ ਬੈਠਾ ਹੋਵੇ। ਮੁਫਤ ਦਸਤਖਤ ਕਰਨੇ ਹਨ। ਸਹੀ ਨਾਂ ਐਡਰੈਸ ਦੇ ਕੇ ਪਟੀਸ਼ਨ ਦਾਖਲ ਕਰ ਦੇਣੀ ਹੈ। ਉਸ ਤੋਂ ਬਾਅਦ ਵਾਈਟ ਹਾਊਸ ਤੋਂ ਈ-ਮੇਲ ਰਾਹੀਂ ਪੁੱਛਿਆ ਜਾਵੇਗਾ ਕਿ ਇਹ ਵੋਟ ਤੁਸੀਂ ਪਾਈ ਹੈ। ਤੁਹਾਡੇ ਹਾਂ ਕਹਿਣ ਉਤੇ ਪਟੀਸ਼ਨ ਮਨਜੂਰ ਹੋ ਜਾਵੇਗੀ। ਇਹ 30 ਦਿਨਾਂ ਦੇ ਅੰਦਰ ਅੰਦਰ 1 ਲੱਖ ਦਸਤਖਤ ਚਾਹੀਦੇ ਹਨ। ਇਸ ਤਰ੍ਹਾਂ ਇਹ ਕੌਮਾਂਤਰੀ ਬਿਲ ਦਾ ਖਰੜਾ ਤਿਆਰ ਹੋ ਜਾਵੇਗਾ। ਫਿਰ ਵਾਈਟ ਹਾਊਸ 60 ਦਿਨਾਂ ਦੇ ਅੰਦਰ ਆਪਣਾ ਜੁਆਬ ਦੇਣ ਦਾ ਪਾਬੰਦ ਹੋਵੇਗਾ।

ਸੋ, ਵਿਦੇਸ਼ੀ ਧਰਤੀ ਉਤੇ ਕਾਨੂੰਨ ਦੇ ਦਾਇਰੇ ਵਿਚ ਰਹਿੰਦਿਆਂ ਜੋ ਕੌਮਾਂਤਰੀ ਸੰਸਥਾਵਾਂ ਸਾਡੀ ਅਵਾਜ਼ ਚੁੱਕ ਸਕਦੀਆਂ ਹਨ, ਉਨ੍ਹਾਂ ਦੀ ਸਾਨੂੰ ਵੱਧ ਤੋਂ ਵੱਧ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਵਲੋਂ ਬਣਾਈ ਜਾ ਰਹੀ ਪੰਜਾਬੀ ਭਾਈਚਾਰੇ ਦੀ ਕੌਮਾਂਤਰੀ ਲੀਗਲ ਸੰਸਥਾ ਵਿਚ ਸ਼ਾਮਲ ਹੋ ਕੇ ਭਾਈਚਾਰੇ ਨੂੰ ਦਰਪੇਸ਼ ਕਾਨੂੰਨੀ ਅੜਚਨਾਂ ਨੂੰ ਵੀ ਸੁਲਝਾ ਸਕਾਂਗੇ। ਇੰਡੀਆ ਗੌਰਮਿੰਟ ਸਾਡੇ ਨਾਂ 'ਤੇ ਜਿਹੜਾ ਕਰੋੜਾਂ ਰੁਪਿਆ ਇਕੱਠਾ ਕਰ ਰਹੀ ਹੈ, ਉਹਦੇ 'ਤੇ ਰੋਕ ਲਾ ਸਕਾਂਗੇ। ਅੰਨਦਾਤੇ ਦਾ ਕਰਜ਼ ਉਤਾਰਨ ਵਾਸਤੇ ਸਾਰੇ ਦੇਸ਼ਾਂ ਦੇ ਪੰਜਾਬੀ ਇੱਕ ਪਲੇਟਫਾਰਮ 'ਤੇ ਇੱਕਠੇ ਹੋਣ। ਤਾਂ ਕਿ ਅੱਗੋਂ ਲਈ ਇਹੋ ਜਿਹੇ ਤੁਗਲਕੀ ਫੁਰਮਾਨਾਂ ਨੂੰ ਠੱਲ੍ਹ ਪਾਈ ਜਾ ਸਕੇ।

# ਕਾਵਿ-ਜਗਤ

## ਲੋਕਾਂ ਦਾ ਹੜ੍ਹ

ਲੋਕਾਂ ਦੇ ਇਸ ਹੜ੍ਹ ਅੱਗੇ,
ਤੈਥੋਂ ਨਹੀਂ ਹੋਣਾ ਖੜ੍ਹ।
ਆਪਣਾ ਆਪ ਸੰਭਾਲ ਅਜੇ ਵੀ,
ਕੰਧ 'ਤੇ ਲਿਖਿਆ ਪੜ੍ਹ।
ਅੰਨਦਾਤਾ ਵੀ ਕਹਿਣਾ ਏਂ ਤੇ
ਭੋਂ ਵੀ ਲੱਗਾਂ ਖੋਹਣ,
ਏਸੇ ਕਾਰਨ, ਬਈ ਸਾਡਾ ਤਾਂ
ਪਾਟ ਗਿਆ ਏ ਕੜ।
ਇਹ ਸੋਹਣੀ ਪੰਜਾਬ ਦੀ ਮਿੱਟੀ
ਬਾਹਲੀ ਏ ਜਰਖੇਜ਼,
ਤਾਂਹੀਉਂ ਤਾਂ ਬਗਾਵਤ ਦੀ ਇਹ
ਸਦਾ ਰਹੀ ਏ ਗੜ੍ਹ।
ਪਹਿਲਾ ਕਦਮ ਪੰਜਾਬ ਦੇ ਲੋਕਾਂ
ਲਿਆ ਹੈ ਜੇ ਕਰ ਪੁੱਟ,
ਭਾਰਤ ਦੇ ਹਰ ਕੋਨੇ ਤੋਂ ਦਲ
ਹੋਰ ਆ ਗਏ ਚੜ੍ਹ।
ਜੀਵਨ ਅਤੇ ਜ਼ਮੀਨ ਦੀ ਹੁਣ ਤਾਂ
ਇਹ ਹੈ ਸਾਂਝੀ ਜੰਗ,
ਮਿਥ ਕੇ ਹੋਰ ਤਹੁਮਤਾਂ ਨਵੀਆਂ
ਸਿਰ ਸਾਡੇ ਨਾ ਮੜ੍ਹ।
ਜਿਹੜਾ, ਜੋ ਵੀ, ਸਾਂਭਣ ਦੇ ਲਈ
ਜਿੰਨਾ ਹੈ ਸਮਰੱਥ,
'ਬੀਸਲਿਆ' ਹਰ ਮੋਰਚੇ ਉੱਤੇ
ਆਪਾ ਜਾਈਏ ਖੜ੍ਹ।

*-ਹਰਿੰਦਰ ਸਿੰਘ ਬੀਸਲਾ*
**ਫੋਨ:-562-726-7674**

----

## ਕਿਉਂਕਿ ਮੈਂ ਕਿਸਾਨ ਹਾਂ

ਪਹਿਲਾਂ ਉਨ੍ਹਾਂ ਲਾਏ ਜੈ ਕਿਸਾਨ ਦੇ ਨਾਅਰੇ
ਮੈਂ ਜੈਕਾਰੇ ਲਾਏ, ਹਲ ਜੋੜਿਆ ਤੜਕੇ
ਕਿਉਂਕਿ ਮੈਂ ਕਿਸਾਨ ਹਾਂ।

ਫਿਰ ਉਨ੍ਹਾਂ ਲਾਏ 'ਜੈ ਜਵਾਨ' ਦੇ ਨਾਅਰੇ
ਮੈਂ ਹਲ ਛੱਡਿਆ, ਮੋਢੇ ਬੰਦੂਕ ਫੜਕੇ
ਕਿਉਂਕਿ ਮੈਂ ਜਵਾਨ ਹਾਂ।

ਫਿਰ ਉਹ ਆਏ ਮੈਨੂੰ ਵੇਚਣ ਮਸ਼ੀਨਾਂ
ਮੈਂ ਅੰਗੂਠੇ ਲਾਏ, ਧੱਕੇ ਚੜ੍ਹ ਕੇ
ਕਿਉਂਕਿ ਮੈਂ ਨਾਦਾਨ ਹਾਂ।

ਫਿਰ ਉਹ ਆਏ ਬਣ ਫਸਲਾਂ ਦੇ ਲੁਟੇਰੇ
ਮੈਂ ਲੁਟਾਂਦਾ ਰਿਹਾ, ਬੋਲੀ ਚੜ੍ਹ ਕੇ
ਕਿਉਂਕਿ ਮੈਂ ਨਾਦਾਨ ਹਾਂ।

ਫਿਰ ਉਹ ਆਏ ਮੇਰਾ ਕਸਣ ਤੰਦੂਆ
ਮੈਂ ਸਹਿੰਦਾ ਗਿਆ, ਜਬਾਨ ਨੂੰ ਫੜਕੇ
ਕਿਉਂਕਿ ਮੈਂ ਬੇ-ਜੁਬਾਨ ਹਾਂ।

ਹੁਣ ਉਹ ਆਏ ਮੇਰੇ ਖੋਹਣ ਖਲਵਾੜੇ
ਮੇਰਾ ਤੰਦੂਆ ਟੁੱਟਿਆ, ਜੈਕਾਰਾ ਖੜਕੇ
ਕਿਉਂਕਿ ਮੈਂ ਜਵਾਨ ਹਾਂ।

ਹੁਣ ਮੈਂ ਆਇਆ ਦਿੱਲੀ ਹਿਸਾਬ ਨਜਿੱਠਣ
ਸੁੱਤਾ ਸ਼ੇਰ ਜਗਾ ਲਿਆ, ਕੀ ਲੈਣਾ ਲੜਕੇ
ਕਿਉਂਕਿ ਮੈਂ ਅਭੇਦਾਨ ਹਾਂ!

ਅਭੇਦਾਨ ਮੈਨੂੰ ਮਿਲਿਆ ਬਖਸ਼ਿਸ਼ ਗੁਰੂਆਂ
ਕਿਰਸਾਨੀ ਕਰਮ ਧਰਮ, ਸੱਚ ਨਾ ਥਿੜਕੇ
ਮੈਂ ਅਭੇਦਾਨ ਕਿਸਾਨ ਹਾਂ!

*-ਕਰਮ ਲੁਧਿਆਣਵੀ*
*ਹਿਊਸਟਨ, ਟੈਕਸਸ।*
**ਫੋਨ: 832-766-8742**

----

## ਕਿਸਾਨ ਵੀਰਿਓ

ਮਿਲਕੇ ਰਹਿਓ ਕਿਸਾਨ ਵੀਰਿਓ
ਦੁਸ਼ਮਣ ਹੈ ਸ਼ੈਤਾਨ ਵੀਰਿਓ
ਜੋਸ਼ 'ਚ ਆ ਕੇ ਕੰਮ ਵਿਗਾੜਦੇ
ਰੱਖਿਓ ਪੂਰਾ ਧਿਆਨ ਵੀਰਿਓ

ਜੋ ਗੱਲ ਕਰਨੀ ਮਿਲ ਕੇ ਕਰਿਓ
ਬਣ ਕੇ ਸੁਘੜ ਸੁਜਾਨ ਵੀਰਿਓ
ਦੇਖ ਰਿਹਾ ਅੱਜ ਵੱਲ ਤੁਹਾਡੇ
ਸਾਰਾ ਜਗਤ ਜਹਾਨ ਵੀਰਿਓ

ਮੋਦੀ, ਸ਼ਾਹ ਤੇ ਖੱਟਰ ਵਰਗੇ
ਬੰਦੇ ਸਭ ਬੇ-ਈਮਾਨ ਵੀਰਿਓ
ਅੰਬਾਨੀ ਜਿਹੇ ਜਾਲਮ ਦੀ ਹੁਣ
ਹੋਣੀ ਬੰਦ ਦੁਕਾਨ ਵੀਰਿਓ

ਮੁਲਕ ਅਸਾਡਾ ਧਰਤ ਅਸਾਡੀ
ਸਾਡਾ ਹੈ ਅਸਮਾਨ ਵੀਰਿਓ
ਮੋਦੀ ਦੀ ਜਾਗੀਰ ਨਹੀਂ ਇਹ
ਸਾਡਾ ਏ ਹਿੰਦੁਸਤਾਨ ਵੀਰਿਓ

ਹੱਕ ਆਪਣਾ ਨਹੀਂ ਲੁੱਟਣ ਦੇਣਾ
ਅਣਖੀ ਤੇ ਬਲਵਾਨ ਵੀਰਿਓ
ਜੈ ਜਵਾਨ ਤੇ ਜੈ ਕਿਸਾਨ ਦੇ
ਝੁਲਦੇ ਰਹਿਣ ਨਿਸ਼ਾਨ ਵੀਰਿਓ

ਆਪਣਾ ਸਿਦਕ ਕਦੀ ਨਾ ਛੱਡਿਓ
ਯੋਧੇ ਤੁਸੀਂ ਮਹਾਨ ਵੀਰਿਓ
ਮੈਂ 'ਸੁਰਜੀਤ' ਕਰਾਂ ਅਰਦਾਸਾਂ
ਹੋਣ ਪੂਰੇ ਅਰਮਾਨ ਵੀਰਿਓ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

----

## ਕਿਰਤ ਦੀ ਅੱਗ

ਠੰਡ ਰੱਖ ਸੱਜਣਾ।
ਠੰਡ ਰੱਖ,
ਆਪਣੀ ਛਾਤੀ ਦੇ ਖੱਬੇ ਪਾਸੜ।
ਅਜੇ ਤਾਂ ਮੈਂ ਲਾਟ ਬਣ ਕੇ ਭਾਂਬੜ ਉਠਾਉਣੇ
ਨਹੀਂ ਤੇਰੇ ਚੇਤਿਆਂ ਵਿਚ,
ਜੋ ਤੇਰੀ ਖੋਖਲੀ ਰੂਹ ਨੂੰ ਸਾੜ ਸਕਦਾ ਹੈ।
ਤੇਰੇ ਵਿਕੇ ਹੋਏ ਜ਼ਮੀਰ ਨੂੰ
ਹਲੂਣ ਕੇ ਰੱਖ ਸਕਦਾ ਹੈ।

## ਗਿਆਨ ਯੁੱਧ

ਸਭ ਤੋਂ ਭਿਆਨਕ ਜੰਗ ਹੁੰਦੀ ਹੈ,
ਆਪਣੇ-ਆਪ ਨਾਲ।
ਜਿਸ ਦਿਨ ਇਹ ਛਿੜ ਗਈ
ਬਾਰਡਰਾਂ ਦਾ ਲੋਹਾ ਕਬਾੜ ਦੀਆਂ
ਦੁਕਾਨਾਂ 'ਤੇ ਚਿੱਥ ਪਿਆ ਮਿਲੇਗਾ।
ਕੰਡੇਦਾਰ ਤਾਰਾਂ,
ਮਾਂਵਾਂ-ਭੈਣਾਂ ਪੁੱਟ ਲੈ ਜਾਣਗੀਆਂ
ਆਪਣੇ ਘਰੇ,
ਗਿੱਲੇ ਕੱਪੜੇ ਸੁਕਾਉਣ ਲਈ।

## ਖੇਤਾਂ ਦੀ ਲਿਪੀ

ਕੁੱਪਾਂ ਦੇ ਜੂੜੇ। ਗੰਨਿਆਂ ਦੇ ਬੋਦੇ।
ਪਹੀਆਂ ਦੇ ਪਰਾਂਦੇ। ਛਾਂਵਾਂ ਦੇ ਕੇਸ।
ਸੁੱਗੀ ਫੁੱਲ ਵਾਲੀਆਂ ਟਾਹਲੀਆਂ।
ਸੰਦਲੀ ਹਵਾਵਾਂ।
ਮਹਿਕਾਂ ਦਾ ਕਚੀਰਾ।
ਇੰਝਣ-ਮੋਟਰਾਂ ਦੀ ਛਣਕਾਰ।
ਖਾਲਾਂ 'ਚ ਵਗਦੇ ਪਾਣੀਆਂ ਦੇ ਗੀਤ
ਸੋਨੇ ਦੇ ਕਰਚੇ। ਭਰੂਪਣ ਰੁੱਤਾਂ।
ਅੱਲ੍ਹੜ ਜਿਹੀਆਂ ਅੰਬੀਆਂ।
ਬਾਬਿਆਂ ਦੀਆਂ ਮਟੀਆਂ।
ਧੁੱਪਾਂ ਦਾ ਜੋਬਨ। ਚੌਂਦਾ ਦੁਪਹਿਰਾ।
ਗੰਢੇ ਛਿੱਤਰ। ਬੋਲਦੇ ਡਰਨੇ।
ਸ਼ੌਕੀ ਕਾਮੇ।
ਬੜਾ ਸੋਹਣੈ
ਮੇਰੇ ਬਾਪੂ ਦਾ ਇਹ ਕਿਸਾਨਕੋਸ਼।

*-ਰਸ਼ਪਿੰਦਰ ਸਰੋਏ, ਬਰੇਟਾ*
**ਫੋਨ: 91-98154-28027**

# ਪੰਜਾਬੀ ਕੌਮੀਅਤ ਦੀ ਉਸਾਰੀ

## ਸਾਂਝੀਵਾਲਤਾ ਦੀ ਕੜੀ ਕਿਵੇਂ ਜੁੜੇ...

*ਵੀਹਵੀਂ ਸਦੀ ਦਾ ਦੂਜਾ ਦਹਾਕਾ ਮੁੱਕਣ ਤਕ ਇਕ ਵਾਰ ਫਿਰ ਪੰਜਾਬੀ ਕੌਮੀਅਤ ਦੀ ਗੱਲ ਧੜੱਲੇ ਨਾਲ ਅਰੰਭ ਹੋਈ ਹੈ। ਹੁਣ ਤਕ ਪੰਜਾਬ ਅਤੇ ਸੰਸਾਰ ਦੇ ਵੱਖ-ਵੱਖ ਮੁਲਕਾਂ ਵਿਚ ਵੱਸਦੇ ਪੰਜਾਬ ਬਹੁਤ ਸਾਰੇ ਉਤਰਾਵਾਂ-ਚੜ੍ਹਾਵਾਂ ਵਿਚੋਂ ਲੰਘੇ ਹਨ। ਹੁਣ ਜਦੋਂ ਸਮੁੱਚਾ ਸੰਸਾਰ ਇਕ ਪਿੰਡ ਦੀ ਸ਼ਕਲ ਅਖਤਿਆਰ ਕਰ ਰਿਹਾ ਹੈ ਤਾਂ ਪੰਜਾਬੀ ਲੋਕ ਆਪਣੇ ਹੀ ਢੰਗ ਨਾਲ ਸੰਸਾਰ ਵਿਚ ਆਪਣੀ ਹਾਜ਼ਰੀ ਲੁਆ ਰਹੇ ਹਨ। ਇਸ ਕਵਾਇਦ ਵਿਚੋਂ ਆਉਣ ਵਾਲੇ ਸਮੇਂ ਦੌਰਾਨ ਕੀ ਕੁਝ ਨਿਕਲਦਾ ਹੈ, ਉਸ ਬਾਰੇ ਚਰਚਾ ਉਘੇ ਸ਼ਾਇਰ ਹਰਵਿੰਦਰ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ*

15 ਅਗਸਤ ਪੰਜਾਬ ਲਈ ਆਜ਼ਾਦੀ ਦੇ ਨਾਲ-ਨਾਲ ਇਸ ਦੀ ਬਰਬਾਦੀ ਨਾਲ ਵੀ ਜੁੜਿਆ ਹੋਇਆ ਦਿਹਾੜਾ ਹੈ। ਇਸ ਸਮੇਂ ਲੱਖਾਂ ਲੋਕ ਮਾਰੇ ਗਏ, ਕਰੋੜਾਂ ਘਰੋਂ-ਬੇਘਰ ਹੋ ਕੇ ਰਫਿਊਜੀ ਬਣੇ, ਬਜ਼ੁਰਗ ਬੇਵੱਸ ਅਤੇ ਧੀਆਂ ਭੈਣਾਂ ਬੇਪੱਤ ਹੋਈਆਂ; ਪੰਜਾਬੀ ਬੋਲੀ, ਸਭਿਆਚਾਰ ਅਤੇ ਕੌਮੀਅਤ ਅੱਡੋ-ਪਾਟੀ ਹੋਈ। ਅਰਬਾਂ ਖਰਬਾਂ ਦਾ ਆਰਥਿਕ ਨੁਕਸਾਨ ਹੋਇਆ ਪਰ ਇਸ ਦੇ ਬਾਵਜੂਦ ਦੋਵਾਂ ਦੇਸ਼ਾਂ ਦੇ ਪੰਜਾਬੀਆਂ ਵਿਚ ਅਜੇ ਵੀ ਇਕ-ਦੂਜੇ ਲਈ ਪਿਆਰ, ਸਾਂਝ ਅਤੇ ਖਿੱਚ ਹੈ ਜੋ ਦੋਵਾਂ ਪੰਜਾਬਾਂ ਅਤੇ ਇਨ੍ਹਾਂ ਤੋਂ ਵਿਦੇਸ਼ਾਂ ਵਿਚ ਜਾ ਕੇ ਵਸੇ ਪੰਜਾਬੀਆਂ ਨੂੰ ਹੁਣ ਵੀ ਕੌਮੀਅਤ ਵਜੋਂ ਜੋੜਨ ਦੀ ਸੰਭਾਵਨਾ ਰੱਖਦੀ ਹੈ। ਸੂਚਨਾ ਤਕਨੀਕ, ਖਾਸ ਕਰ ਕੇ ਸੋਸ਼ਲ ਮੀਡੀਆ ਨੇ ਇਸ ਸੰਭਾਵਨਾ ਨੂੰ ਹੋਰ ਵੀ ਵਧਾਇਆ ਹੈ ਅਤੇ ਭੂਗੋਲਿਕ ਦੂਰੀਆਂ ਨੂੰ ਕਾਫੀ ਹੱਦ ਤੱਕ ਖਤਮ ਕਰ ਦਿੱਤਾ ਹੈ। ਇਸ ਪ੍ਰਸੰਗ ਵਿਚ ਸੰਸਾਰ ਭਰ ਦੇ ਪੰਜਾਬੀਆਂ ਨੂੰ ਆਪਣੀ ਸਾਂਝੀ ਜ਼ਬਾਨ, ਸਭਿਆਚਾਰ ਦੇ ਆਧਾਰ 'ਤੇ ਪੰਜਾਬੀ ਕੌਮੀਅਤ ਦੀ ਪੁਨਰ ਉਸਾਰੀ ਅਤੇ ਤਰੱਕੀ ਬਾਰੇ ਸੰਜੀਦਗੀ




**ਹਰਵਿੰਦਰ ਸਿੰਘ**
ਫੋਨ: +91-97790-89450

ਨਾਲ ਵਿਚਾਰ ਕਰਨ ਦੀ ਲੋੜ ਹੈ।

ਸਾਰੇ ਸੰਸਾਰ ਦੇ ਵੱਖ-ਵੱਖ ਅਕੀਦਿਆਂ, ਮਜ਼ੂਬਾਂ, ਜਾਤਾਂ ਅਤੇ ਖਿੱਤਿਆਂ ਦੇ ਕਰੀਬ 14 ਕਰੋੜ ਤੋਂ ਵੱਧ ਪੰਜਾਬੀਆਂ ਨੂੰ ਜੋੜਨ ਵਾਲਾ ਸਭ ਤੋਂ ਅਹਿਮ ਅਤੇ ਸਾਂਝਾ ਸੂਤਰ ਪੰਜਾਬੀ ਜ਼ਬਾਨ ਹੈ। ਮੁਸਲਿਮ, ਹਿੰਦੂ ਤੇ ਸਿੱਖ ਪੰਜਾਬੀਆਂ ਦੇ ਵੱਡੇ ਮਜ਼ੂਬੀ ਫਿਰਕੇ ਹਨ ਅਤੇ ਕਈ ਜਾਤਾਂ, ਜਮਾਤਾਂ ਵੀ ਹਨ, ਜਿਨ੍ਹਾਂ ਨੂੰ ਜੋੜਨ ਵਾਲੀ ਇਕੋ-ਇਕ ਸਾਂਝੀ ਕੜੀ ਪੰਜਾਬੀ ਬੋਲੀ ਹੈ। ਪੰਜਾਬ ਵਿਚ ਰਾਜਨੀਤੀ, ਮਜ਼ੂਬ, ਜਾਤ ਅਤੇ ਖਿੱਤੇ ਦੇ ਨਾਂ 'ਤੇ ਤਾਂ ਸਮੇਂ-ਸਮੇਂ 'ਤੇ ਝਗੜੇ ਹੁੰਦੇ ਰਹੇ ਹਨ ਪਰ ਪੰਜਾਬੀ ਜ਼ਬਾਨ ਨੇ ਹਮੇਸ਼ਾ ਪੰਜਾਬੀਆਂ ਨੂੰ ਜੋੜਨ ਦਾ ਕਾਰਜ ਹੀ ਕੀਤਾ ਹੈ। ਜਦੋਂ ਕਦੇ ਵੀ ਇਨ੍ਹਾਂ ਵਿਚ ਮਜ਼ੂਬ, ਖਿੱਤੇ ਜਾਂ ਕਿਸੇ ਹੋਰ ਕਾਰਨ ਕੋਈ ਫਰਕ ਪਿਆ ਹੈ ਤਾਂ ਪੰਜਾਬੀ ਮਾਂ ਬੋਲੀ ਦਾ ਜੁੱਸਾ ਵੱਢਿਆ ਤੇ ਵਲੂੰਧਰਿਆ ਗਿਆ ਹੈ। ਇਸ ਪੱਖੋਂ ਪੰਜਾਬੀ ਜ਼ਬਾਨ ਦਾ ਤਸੱਵਰ ਐਸੀ ਮਾਂ ਨਾਲ ਕੀਤਾ ਜਾ ਸਕਦਾ ਹੈ ਜੋ ਵੱਖ-ਵੱਖ ਪਿੰਡਾਂ ਥਾਵਾਂ 'ਤੇ ਵਸਦੇ ਆਪਣੇ ਧੀਆਂ ਪੁੱਤਰਾਂ ਦੀ ਹਮੇਸ਼ਾ ਖੈਰ ਸੁੱਖ ਮੰਗਦੀ ਹੈ ਤੇ ਕਦੇ ਵੀ ਉਨ੍ਹਾਂ ਵਿਚ ਕੋਈ ਫਰਕ ਨਹੀਂ ਚਾਹੁੰਦੀ।

ਆਲਮੀ ਪੱਧਰ 'ਤੇ ਪੰਜਾਬੀ ਜ਼ਬਾਨ ਬੋਲਣ ਵਾਲੇ ਲੋਕਾਂ ਦਾ ਵਸੇਬਾ ਤਕਰੀਬਨ 150 ਮੁਲਕਾਂ ਵਿਚ ਹੈ ਅਤੇ ਪੰਜਾਬੀ ਜ਼ਬਾਨ ਅੱਜ ਸੰਸਾਰ ਦੀ 11ਵੀਂ ਸਭ ਤੋਂ ਵੱਧ ਬੋਲੀ ਜਾਣ ਵਾਲੀ ਜ਼ਬਾਨ ਹੈ। ਪੰਜਾਬੀ ਜ਼ਬਾਨ ਵਿਚ ਕਲਾਸਕੀ ਰੁਤਬੇ ਵਾਲਾ ਮਿਆਰੀ ਸਾਹਿਤ ਰਚਿਆ ਹੋਇਆ ਹੈ ਪਰ ਏਨੀ ਅਮੀਰੀ ਦੀ ਮਲਿਕਾ ਹੋਣ ਦੇ ਬਾਵਜੂਦ ਤਵਾਰੀਖ ਵਿਚ ਪੰਜਾਬੀ ਨੂੰ ਬੜੇ ਫੱਟ ਮਿਲੇ ਹਨ। ਸਭ ਤੋਂ ਦੁਖਦਾਈ ਗੱਲ ਇਹ ਹੈ ਕਿ ਇਹ ਫੱਟ ਇਸ ਨੂੰ ਕਿਸੇ ਬੇਗਾਨੇ ਨੇ ਨਹੀਂ ਬਲਕਿ ਇਸ ਦੇ ਆਪਣੇ ਹੀ ਪੁੱਤਰਾਂ ਨੇ ਦਿੱਤੇ ਹਨ। ਸਭ ਤੋਂ ਵੱਡਾ ਫੱਟ ਇਸ ਨੂੰ 1947 ਦੀ ਵੰਡ ਵੇਲੇ ਲੱਗਿਆ ਜਦੋਂ ਪੰਜਾਬ ਦੀ ਵੰਡ ਨੇ ਸਿਰਫ ਪੰਜਾਬ ਦੇ ਖਿੱਤੇ ਦੀ ਹੀਂ ਨਹੀਂ ਬਲਕਿ ਪੰਜਾਬ ਦੀ ਜ਼ਬਾਨ ਅਤੇ ਇਸ ਨੂੰ ਬੋਲਣ ਵਾਲਿਆਂ ਦੀ ਵੀ ਵੰਡ ਕਰ ਦਿੱਤੀ। ਜੇ ਕਿਸੇ ਮਾਂ ਦੇ ਪੁੱਤਰਾਂ ਦੇ ਘਰ ਦੀ ਵੰਡ ਰਜ਼ਾਮੰਦੀ ਨਾਲ ਹੋਵੇ ਤਾਂ ਭਰਾਵਾਂ ਵਿਚ ਇਤਫਾਕ ਬਣਿਆ ਰਹਿੰਦਾ ਹੈ ਅਤੇ ਮਾਂ ਨੂੰ ਵੀ ਸਾਂਝ ਦਾ ਸੁਖਾਵਾਂ ਅਹਿਸਾਸ ਰਹਿੰਦਾ ਹੈ। ਮਸਲਨ ਵਿਦੇਸ਼ਾਂ ਵਿਚ ਵਸਦੇ ਪੰਜਾਬੀ ਆਪਣੀ ਖੁਸ਼ਹਾਲੀ ਲਈ ਪੰਜਾਬ ਤੋਂ ਬਾਹਰ ਗਏ ਅਤੇ ਉਨ੍ਹਾਂ ਦੇ ਪੰਜਾਬ, ਪੰਜਾਬੀ ਭਾਸ਼ਾ ਅਤੇ ਕੌਮੀਅਤ ਨਾਲ ਸਬੰਧ ਸੁਖਾਵੇਂ ਹਨ ਪਰ ਦੋਵੇਂ ਪੰਜਾਬਾਂ ਦੇ ਪੰਜਾਬੀ ਜ਼ਬਾਨ ਦੇ ਪੁੱਤਰਾਂ ਦੀ ਵੰਡ ਏਨੀ ਵੱਡੀ ਪੱਧਰ ਦੀ ਕਤਲੋਗਾਰਤ ਰਾਹੀਂ ਹੋਈ ਕਿ ਮਾਂ ਦੀਆਂ ਅੱਖਾਂ ਦੇ ਅੱਥਰੂ ਵੀ ਮੁੱਕ-ਸੁੱਕ ਗਏ। ਇਸ ਦਰਦਨਾਕ ਵੰਡ ਦੇ ਪੰਜਾਬੀ ਜ਼ਬਾਨ, ਸਭਿਆਚਾਰ ਅਤੇ ਵਿਰਾਸਤ ਅਤੇ ਇਥੋਂ ਤੱਕ ਕਿ ਆਰਥਿਕਤਾ 'ਤੇ ਬੜੇ ਮਾੜੇ ਪ੍ਰਭਾਵ ਪਾਏ ਜਿਸ ਦੇ ਦੂਰਗਾਮੀ ਮਾੜੇ ਸਿੱਟੇ ਨਿਕਲੇ। ਜਿਵੇਂ ਮਾਂ ਬਿਨਾਂ ਬੱਚੇ ਯਤੀਮ ਹੋ ਜਾਂਦੇ ਹਨ, ਉਵੇਂ ਬੱਚਿਆਂ ਬਿਨਾਂ ਮਾਂ ਵੀ ਯਤੀਮ ਹੋ ਜਾਂਦੀ ਹੈ। ਪੰਜਾਬ ਦੀ ਮਜ਼ੂਬ ਦੇ ਆਧਾਰ 'ਤੇ ਹੋਈ ਵੰਡ ਕਾਰਨ ਪੰਜਾਬੀਆਂ ਨੇ ਆਪਣੀ ਹੀ ਸਾਂਝੀ ਮਾਂ (ਬੋਲੀ) ਪੰਜਾਬੀ ਨੂੰ ਬੇਘਰ ਅਤੇ ਯਤੀਮ ਕਰ ਦਿੱਤਾ।




ਪੁਰਾਣੇ ਪੰਜਾਬ ਦਾ ਨਕਸ਼ਾ।

*ਪੰਜਾਬੀ ਨੂੰ ਲੋਕ ਭਾਸ਼ਾ ਹੋਣ ਦਾ ਮਾਣ ਹਾਸਲ ਹੈ ਜਦ ਕਿ ਉਰਦੂ ਫਾਰਸੀ ਰਾਜਿਆਂ ਤੇ ਰਜਵਾੜਿਆਂ ਅਤੇ ਸੰਸਕ੍ਰਿਤ ਨੂੰ ਦੇਵ ਭਾਸ਼ਾ ਮੰਨਿਆ ਜਾਂਦਾ ਹੈ। ਪੰਜਾਬੀ ਨੂੰ ਆਪਣੇ ਰੂਹਾਨੀ ਵਿਚਾਰਾਂ ਦੇ ਪ੍ਰਗਟਾਅ ਲਈ ਸਭ ਤੋਂ ਪਹਿਲਾਂ ਬਾਬਾ ਫਰੀਦ ਵਰਤਦੇ ਹਨ ਅਤੇ ਫਿਰ ਗੁਰੂ ਨਾਨਕ ਦੇਵ ਜੀ ਇਸ ਨੂੰ ਹੋਰ ਵੀ ਉਚਤਮ ਮਿਆਰਾਂ ਤੇ ਲੈ ਜਾਂਦੇ ਹਨ। ਮੁਗ਼ਲ ਕਾਲ ਦੌਰਾਨ ਪੰਜਾਬੀ ਨੇ ਲੋਕ ਭਾਸ਼ਾ ਵਜੋਂ ਕਾਫੀ ਤਰੱਕੀ ਕੀਤੀ ਬੇਸ਼ੱਕ ਇਸ ਨੂੰ ਕੋਈ ਸਰਕਾਰੀ ਰਹਿਨੁਮਾਈ ਨਹੀਂ ਸੀ।*

ਖਿੱਤੇ ਦੇ ਆਧਾਰ 'ਤੇ ਸੰਸਾਰ ਦੇ ਪੰਜਾਬੀਆਂ ਨੂੰ ਤਿੰਨ ਮੁੱਖ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ ਪਾਕਿਸਤਾਨ, ਭਾਰਤ ਅਤੇ ਵਿਦੇਸ਼ਾਂ ਵਿਚ ਰਹਿਣ ਵਾਲੇ ਪੰਜਾਬੀ। ਆਲਮੀ ਪੱਧਰ 'ਤੇ ਪੰਜਾਬੀ ਦੀ ਤਰੱਕੀ ਦੀ ਯੋਜਨਾ ਇਨ੍ਹਾਂ ਤਿੰਨਾਂ ਖਿੱਤਿਆਂ ਨੂੰ ਧਿਆਨ ਵਿਚ ਰੱਖ ਕੇ ਬਣਾਉਣ ਦੀ ਲੋੜ ਹੈ। ਪਾਕਿਸਤਾਨ ਵਿਚ ਸੰਸਾਰ ਦੇ ਪੰਜਾਬੀਆਂ ਦੀ ਗਿਣਤੀ ਸਭ ਤੋਂ ਵੱਧ, ਕਰੀਬ 10 ਕਰੋੜ ਹੈ ਅਤੇ ਇਹ ਕੁੱਲ ਪਾਕਿਸਤਾਨ ਦੀ ਵਸੋਂ ਦਾ ਅੱਧ ਤੋਂ ਵੱਧ ਹਿੱਸਾ ਬਣਦੀ ਹੈ ਪਰ ਕਈ ਕਾਰਨਾਂ ਕਰ ਕੇ ਪੰਜਾਬੀ ਦੀ ਹਾਲਤ ਖਸਤਾ ਹੈ। ਇਥੇ ਪੰਜਾਬੀ ਨੂੰ ਨਾ ਤਾਂ ਕੋਈ ਸਰਕਾਰੀ ਮਾਨਤਾ ਦਿੱਤੀ ਹੋਈ ਹੈ ਅਤੇ ਨਾ ਹੀ ਇਹ ਤਾਲੀਮ ਅਤੇ ਸਰਕਾਰੀ ਕੰਮਕਾਜ ਦੀ ਭਾਸ਼ਾ ਹੈ। ਇਥੇ ਉਰਦੂ ਨੂੰ ਰਾਸ਼ਟਰੀ ਭਾਸ਼ਾ ਦਾ ਦਰਜਾ ਦਿੱਤਾ ਹੋਇਆ ਹੈ ਅਤੇ ਸਰਕਾਰੀ ਅਤੇ ਪ੍ਰਾਈਵੇਟ ਵਿੱਦਿਅਕ ਸੰਸਥਾਵਾਂ ਵਿਚ ਤਾਲੀਮ ਅਤੇ ਸਰਕਾਰੀ ਕੰਮਕਾਜ ਦੀ ਭਾਸ਼ਾ ਉਰਦੂ ਜਾਂ ਅੰਗਰੇਜ਼ੀ ਹੈ। ਪਾਕਿਸਤਾਨੀ ਪੰਜਾਬ ਵਿਚ 70 ਫੀਸਦੀ ਲੋਕਾਂ ਦੀ ਮਾਂ ਬੋਲੀ ਪੰਜਾਬੀ ਹੈ ਪਰ ਇੱਥੇ ਇਕ ਵੀ ਸਰਕਾਰੀ ਪੰਜਾਬੀ ਮੀਡੀਅਮ ਸਕੂਲ ਨਹੀਂ ਹੈ ਜਦੋਂ ਕਿ ਹੋਰਨਾਂ ਭਾਸ਼ਾਵਾਂ ਜਿਵੇਂ ਸਿੰਧੀ ਅਤੇ ਪਸ਼ਤੋ ਜਿਨ੍ਹਾਂ ਦੇ ਬੋਲਣ ਵਾਲਿਆਂ ਦੀ ਪਾਕਿਸਤਾਨ ਵਿਚ ਗਿਣਤੀ ਤਰਤੀਬਵਾਰ ਮਹਿਜ਼ 18.24 ਫੀਸਦੀ ਅਤੇ ਪਸ਼ਤੋ 14.57 ਫੀਸਦੀ ਹੈ, ਦੇ ਹਜ਼ਾਰਾਂ ਦੀ ਗਿਣਤੀ ਵਿਚ ਸਕੂਲ ਹਨ। 2001 ਵਿਚ ਸਿੰਧੀ ਦੇ 36750 ਅਤੇ ਪਸ਼ਤੋ ਮਾਧਿਅਮ ਦੇ 10731 ਸਕੂਲ ਸਨ ਜਿਨ੍ਹਾਂ ਦੀ ਗਿਣਤੀ ਹੁਣ ਹੋਰ ਵੀ ਕਿਤੇ ਵੱਧ ਹੋਵੇਗੀ। ਮਤਲਬ ਇਹ ਕਿ ਇਥੇ ਸਿਰਫ ਪੰਜਾਬੀ ਹੀ ਅਜਿਹਾ ਤਬਕਾ ਹੈ ਜਿਸ ਨੂੰ ਆਪਣੀ ਹੀ ਮਾਂ ਬੋਲੀ ਪੰਜਾਬੀ ਨਾ ਲਿਖਣੀ ਆਉਂਦੀ ਹੈ ਨਾ ਪੜ੍ਹਨੀ। ਵੰਡ ਤੋਂ ਪਹਿਲਾਂ ਪੰਜਾਬ ਵਿਚ ਪੰਜਾਬੀ ਪੜ੍ਹਨ ਅਤੇ ਲਿਖਣ ਲਈ ਗੁਰਮੁਖੀ ਅਤੇ ਸ਼ਾਹਮੁਖੀ ਲਿਪੀਆਂ ਪ੍ਰਚਲਿਤ ਸਨ ਪਰ ਵੰਡ ਤੋਂ ਬਾਅਦ ਭਾਰਤੀ ਪੰਜਾਬ ਵਿਚੋਂ ਸ਼ਾਹਮੁਖੀ (ਉਰਦੂ) ਅਤੇ ਪਾਕਿਸਤਾਨੀ ਪੰਜਾਬ ਵਿਚ ਗੁਰਮੁਖੀ ਦੀ ਤਾਲੀਮ ਬੰਦ ਹੋ ਗਈ। ਇਸ ਨਾਲ ਪੰਜਾਬੀ ਦੇ ਲਿਖੇ, ਪੜ੍ਹੇ ਜਾਣ ਅਤੇ ਪ੍ਰਕਾਸ਼ਿਤ ਹੋਣ ਵਾਲੇ ਸਾਹਿਤ ਦਾ ਘੇਰਾ ਸੌੜਾ ਹੋ ਗਿਆ। ਇਸ ਪ੍ਰਸੰਗ ਵਿਚ ਪਾਕਿਸਤਾਨ ਜੋ ਸਭ ਤੋਂ ਵੱਡਾ ਪੰਜਾਬੀਆਂ ਦਾ ਗੜ੍ਹ ਹੈ, ਵਿਚ ਪੰਜਾਬੀ ਦੇ ਵਿਕਾਸ ਲਈ ਠੋਸ ਉਪਰਾਲੇ ਕਰਨ ਦੀ ਲੋੜ ਹੈ ਅਤੇ ਇਸ ਵਿਚ ਆਲਮੀ ਪੱਧਰ ਦੇ ਪੰਜਾਬੀ ਭਾਈਚਾਰੇ ਨੂੰ ਪੂਰਾ ਸਹਿਯੋਗ ਦੇਣ, ਪੰਜਾਬੀ ਲੋਕਾਂ ਨੂੰ ਜਾਗ੍ਰਿਤ ਕਰਨ ਅਤੇ ਪੰਜਾਬੀ ਨੂੰ ਪੂਰਬੀ ਪੰਜਾਬ ਵਾਂਗ ਸਰਕਾਰੀ ਕੰਮਕਾਜ ਅਤੇ ਤਾਲੀਮ ਦੀ ਭਾਸ਼ਾ ਬਣਾਉਣ ਲਈ ਉਥੋਂ ਦੀਆਂ ਸਰਕਾਰਾਂ 'ਤੇ ਦਬਾਅ ਪਾਉਣ ਦੀ ਲੋੜ ਹੈ। ਪਾਕਿਸਤਾਨੀ ਪੰਜਾਬ ਤੋਂ ਬਿਨਾਂ ਇਥੋਂ ਦੇ ਬਾਕੀ ਖਿੱਤਿਆਂ ਜਿਵੇਂ ਸਿੰਧ, ਇਸਲਾਮਾਬਾਦ, ਖੈਬਰ, ਬਲੋਚਿਸਤਾਨ ਜਿਥੇ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਚੋਖੀ ਹੈ, ਵਿਚ ਵੀ ਪੰਜਾਬੀ ਭਾਸ਼ਾ ਦੀ ਤਰੱਕੀ ਲਈ ਤਰਤੀਬਬੱਧ ਤਰੀਕੇ ਨਾਲ ਉਪਰਾਲੇ ਕਰਨ ਦੀ ਲੋੜ ਹੈ। ਪਾਕਿਸਤਾਨ ਵਿਚ ਪੰਜਾਬੀਆਂ ਦੀ ਏਨੀ ਵੱਡੀ ਗਿਣਤੀ ਆਲਮੀ ਪੱਧਰ 'ਤੇ ਪੰਜਾਬੀ ਭਾਸ਼ਾ ਅਤੇ ਕੌਮੀਅਤ ਦਾ ਭਵਿੱਖ ਤੈਅ ਕਰਨ ਵਿਚ ਨਿਰਣਾਇਕ ਰੋਲ ਅਦਾ ਕਰ ਸਕਦੀ ਹੈ। ਇਥੋਂ ਦੇ ਪੰਜਾਬ ਵਿਚ ਇਕ ਅਹਿਮ ਹਾਂ-ਪੱਖੀ ਪਹਿਲੂ ਇਹ ਹੈ ਕਿ ਇਥੋਂ ਦੀ ਪੰਜਾਬੀ ਦੀ ਲੋਕ ਗਾਇਕੀ ਕਾਫੀ ਹਰਮਨ ਪਿਆਰੀ ਹੈ ਅਤੇ ਸਾਰੇ ਸੰਸਾਰ ਦੇ ਪੰਜਾਬੀਆਂ ਦੀ ਵਸੋਂ ਜਿੱਥੇ ਕਿਤੇ ਵੀ ਵਸਦੀ ਹੈ, ਉਹ ਇਸ ਨੂੰ ਸੁਣਦੀ ਮਾਣਦੀ ਹੈ। ਪੂਰਬੀ ਪੰਜਾਬ ਦੀ ਗਾਇਕੀ ਅਤੇ ਫਿਲਮਾਂ ਵੀ ਪਾਕਿਸਤਾਨ ਪੰਜਾਬ ਵਿਚ ਕਾਫੀ ਮਕਬੂਲ ਹੁੰਦੀਆਂ ਹਨ ਅਤੇ ਇਹ ਵੀ ਸੰਸਾਰ ਦੇ ਪੰਜਾਬੀਆਂ ਨੂੰ ਜੋੜਨ ਵਾਲੀ ਅਤੇ ਸੰਭਾਵਨਾਵਾਂ ਭਰਪੂਰ ਅਹਿਮ ਕੜੀ ਹੈ।

ਜੇ ਕਿਸੇ ਕੌਮ ਨੂੰ ਬਿਨਾਂ ਜ਼ਾਹਰਾ ਹਮਲਾ ਕੀਤੇ ਖਤਮ ਕਰਨਾ ਹੋਵੇ, ਉਸ ਨੂੰ ਉਸ ਦੀ ਭਾਸ਼ਾ, ਰਹਿਤਲ ਅਤੇ ਵਿਰਾਸਤ ਨਾਲੋਂ ਤੋੜ ਦੇਵੋ ਤਾਂ ਆਉਣ ਵਾਲੀਆਂ ਨਸਲਾਂ ਹੀਣ ਭਾਵਨਾ ਦਾ ਸ਼ਿਕਾਰ ਹੋ ਕੇ ਖੁਦ ਇਸ ਤੋਂ ਦੂਰ ਹੁੰਦੀਆਂ ਜਾਣਗੀਆਂ। ਪੰਜਾਬੀਆਂ ਨਾਲ ਇਹੀ ਹੋਇਆ ਹੈ। ਉਨ੍ਹਾਂ ਨੂੰ ਆਪਣੀ ਹੀ ਬੋਲੀ ਤੋਂ ਤੋੜ ਦਿੱਤਾ ਗਿਆ ਅਤੇ ਆਪਣੀਆਂ ਹੀ ਸਾਂਝੀਆਂ ਵਿਰਾਸਤੀ ਤੇ ਮੁਕੱਦਸ ਥਾਵਾਂ ਤੋਂ ਵਿਛੋੜ ਦਿੱਤਾ ਗਿਆ ਅਤੇ ਇਨ੍ਹਾਂ ਦੇ ਦਰਸ਼ਨ ਕਰਨ ਦਾ ਸਬਬ ਹਕੂਮਤਾਂ ਦੇ ਰਹਿਮੋ-ਕਰਮ 'ਤੇ ਨਿਰਭਰ ਹੋ ਗਿਆ। 70 ਵਰ੍ਹਿਆਂ ਦੇ ਲੰਮੇ ਅਰਸੇ ਤੋਂ ਬਾਅਦ ਖੁੱਲ੍ਹਿਆ ਕਰਤਾਰਪੁਰ ਦਾ ਲਾਂਘਾ ਇਸ ਦਾ ਸਬੂਤ ਹੈ। ਸਾਂਝੇ ਪੰਜਾਬ ਦੀਆਂ ਹੋਰ ਬਹੁਤ ਸਾਰੀਆਂ ਸਾਂਝੀਆਂ ਵਿਰਾਸਤੀ ਥਾਵਾਂ ਹਨ ਜਿਨ੍ਹਾਂ ਨੂੰ ਦੇਖਣ ਨੂੰ ਦੋਵਾਂ ਪੰਜਾਬਾਂ ਦੇ ਲੋਕ ਅਜੇ ਵੀ ਤਰਸਦੇ ਰਹਿੰਦੇ ਹਨ। ਜੇ ਕੋਈ ਠੋਸ ਉਪਰਾਲੇ ਨਾ ਕੀਤੇ ਗਏ ਤਾਂ ਇਹ ਸਭ ਕੁਝ ਹੌਲੀ-ਹੌਲੀ ਨਵੀਂ ਨਸਲ ਦੇ ਚੇਤੇ ਵਿਚੋਂ ਹੀ ਵਿਸਰ ਜਾਣ ਦੀ ਸੰਭਾਵਨਾ ਹੈ। ਪਾਕਿਸਤਾਨ ਪੰਜਾਬ ਦੇ ਮੁਸਲਿਮ ਭਾਈਚਾਰੇ ਦੇ ਲੋਕ ਪੰਜਾਬ/ਭਾਰਤ ਵਿਚ ਸਥਿਤ ਆਪਣੀਆਂ ਵਿਰਾਸਤੀ ਅਤੇ ਮੁਕੱਦਸ ਥਾਵਾਂ ਜਿਵੇਂ ਰੋਜ਼ਾ ਸ਼ਰੀਫ ਸਰਹਿੰਦ, ਹੈਦਰ ਸ਼ੇਖ ਅਸਥਾਨ ਮਲੇਰਕੋਟਲਾ, ਦਰਗਾਹ ਬੂ ਅਲੀ ਕਲੰਦਰ ਪਾਣੀਪਤ, ਦਰਗਾਹ ਨਿਜ਼ਾਮੂਦੀਨ ਔਲੀਆ, ਦਿੱਲੀ ਅਤੇ ਰਾਜਸਥਾਨ ਸਥਿਤ ਦਰਗਾਹ ਅਜਮੇਰ ਸ਼ਰੀਫ ਆਦਿ ਦੇਖਣ ਨੂੰ ਤਰਸਦੇ ਹਨ ਅਤੇ ਇਨ੍ਹਾਂ ਨੂੰ ਦੇਖਣ ਦੀ ਤਾਂਘ ਆਪਣੇ ਦਿਲ ਵਿਚ ਹੀ ਲੈ ਕੇ ਇਸ ਜਹਾਨ ਤੋਂ ਚਲੇ ਜਾਂਦੇ ਹਨ। ਵੰਡ ਦੌਰਾਨ ਜੋ ਲੋਕ ਭਾਰਤੀ ਪੰਜਾਬ ਵਿਚੋਂ ਉਜੜ ਕੇ ਪਾਕਿਸਤਾਨੀ ਪੰਜਾਬ ਅਤੇ ਉਧਰੋਂ ਭਾਰਤੀ ਪੰਜਾਬ ਵਿਚ ਵੱਸੇ ਸਨ, ਉਹ ਮੁੜ ਆਪਣੀ ਜੰਮਣ ਭੋਇੰ ਅਤੇ ਬਚਪਨ ਦੇ ਸੰਗੀ ਸਾਥੀਆਂ ਨੂੰ ਮੁੜ ਮਿਲਣ ਦੀ ਤਾਂਘ ਦਿਲ ਵਿਚ ਲੈ ਕੇ ਹੀ ਇਸ ਜਹਾਨ ਤੋਂ ਤੁਰ ਗਏ ਜਾਂ ਤੁਰਦੇ ਜਾ ਰਹੇ ਹਨ। ਇਸ ਦੇ ਨਾਲ-ਨਾਲ ਪੰਜਾਬ ਦੀ ਆਰਥਿਕਤਾ ਅਤੇ ਮੰਡੀ ਦੇ ਵੰਡੇ ਜਾਣ ਕਾਰਨ ਦੋਵੇਂ ਪੰਜਾਬਾਂ ਦਾ ਵੱਡਾ ਮਾਲੀ ਨੁਕਸਾਨ ਹੋਇਆ।



ਲਹਿੰਦੇ ਪੰਜਾਬ ਵਿਚ ਸਾਂਝਾਂ ਦੀਆਂ ਬਾਤਾਂ ਅਤੇ (ਸੱਜੇ) ਸੰਤਾਲੀ ਵੇਲੇ ਵੰਡ ਦੀ ਇਕ ਤਸਵੀਰ।

ਪੰਜਾਬੀ ਨੂੰ ਲੋਕ ਭਾਸ਼ਾ ਹੋਣ ਦਾ ਮਾਣ ਹਾਸਲ ਹੈ ਜਦ ਕਿ ਉਰਦੂ ਫਾਰਸੀ ਰਾਜਿਆਂ ਤੇ ਰਜਵਾੜਿਆਂ ਅਤੇ ਸੰਸਕ੍ਰਿਤ ਨੂੰ ਦੇਵ ਭਾਸ਼ਾ ਮੰਨਿਆ ਜਾਂਦਾ ਹੈ। ਪੰਜਾਬੀ ਨੂੰ ਆਪਣੇ ਰੂਹਾਨੀ ਵਿਚਾਰਾਂ ਦੇ ਪ੍ਰਗਟਾਅ ਲਈ ਸਭ ਤੋਂ ਪਹਿਲਾਂ ਬਾਬਾ ਫਰੀਦ ਵਰਤਦੇ ਹਨ ਅਤੇ ਫਿਰ ਗੁਰੂ ਨਾਨਕ ਦੇਵ ਜੀ ਇਸ ਨੂੰ ਹੋਰ ਵੀ ਉਚਤਮ ਮਿਆਰਾਂ ਤੇ ਲੈ ਜਾਂਦੇ ਹਨ। ਮੁਗ਼ਲ ਕਾਲ ਦੌਰਾਨ ਪੰਜਾਬੀ ਨੇ ਲੋਕ ਭਾਸ਼ਾ ਵਜੋਂ ਕਾਫੀ ਤਰੱਕੀ ਕੀਤੀ ਬੇਸ਼ੱਕ ਇਸ ਨੂੰ ਕੋਈ ਸਰਕਾਰੀ ਰਹਿਨੁਮਾਈ ਨਹੀਂ ਸੀ।

ਇਸ ਸਮੇਂ ਦੌਰਾਨ ਸੂਫੀ ਸ਼ਾਇਰਾਂ ਜਿਵੇਂ ਸ਼ਾਹ ਹੁਸੈਨ, ਸੁਲਤਾਨ ਬਾਹੂ, ਬੁੱਲ੍ਹੇਸ਼ਾਹ ਆਦਿ ਨੇ ਆਪਣੇ ਉਚ ਪਾਏ ਦੇ ਕਲਾਮ ਰਾਹੀਂ ਇਸ ਦੇ ਰੁਤਬੇ ਵਿਚ ਵੱਡਾ ਵਾਧਾ ਕੀਤਾ। ਇਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਕਾਲ ਦੌਰਾਨ ਵੀ ਪੰਜਾਬੀ ਦੀ ਹਾਲਤ ਵਿਚ ਕਾਫੀ ਸੁਧਾਰ ਹੋਇਆ ਬੇਸ਼ੱਕ ਇਸ ਕਾਲ ਦੌਰਾਨ ਵੀ ਇਸ ਨੂੰ ਸਰਕਾਰੀ ਭਾਸ਼ਾ ਦਾ ਰੁਤਬਾ ਹਾਸਲ ਨਹੀਂ ਹੋ ਸਕਿਆ ਅਤੇ ਸਰਕਾਰੀ ਕੰਮਕਾਜ ਦੀ ਭਾਸ਼ਾ ਮੁਗਲ ਕਾਲ ਤੋਂ ਚਲੀ ਆ ਰਹੀ ਫਾਰਸੀ ਭਾਸ਼ਾ ਹੀ ਰਹੀ ਪਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਆਮ ਲੋਕਾਂ ਨੂੰ ਪੰਜਾਬੀ ਸਿਖਾਉਣ ਅਤੇ ਪੜ੍ਹਾਉਣ ਲਈ ਕਈ ਉਪਰਾਲੇ ਕੀਤੇ ਗਏ ਦੱਸੇ ਜਾਂਦੇ ਹਨ। ਪੰਜਾਬ ਯੂਨੀਵਰਸਿਟੀ, ਲਾਹੌਰ ਦੇ ਸਹਾਇਕ ਪ੍ਰੋ. ਕਲਿਆਣ ਸਿੰਘ ਕਲਿਆਣ ਆਪਣੇ ਖੋਜ ਪੱਤਰ ਵਿਚ ਲਿਖਦੇ ਹਨ ਕਿ ਬੇਸ਼ੱਕ ਮਹਾਰਾਜਾ ਰਣਜੀਤ ਸਿੰਘ ਜੀ ਦੇ ਕਾਲ ਵਿਚ ਪੰਜਾਬੀ ਨੂੰ ਸਰਕਾਰੀ ਰੁਤਬਾ ਹਾਸਲ ਨਹੀਂ ਸੀ ਹੋਇਆ ਪਰ ਬਹੁਤ ਸਾਰੇ ਕੰਮ ਪੰਜਾਬੀ ਦੇ ਹੱਕ ਵਿਚ ਹੋਏ ਸਨ ਜਿਸ ਨਾਲ ਪੰਜਾਬੀ ਭਾਸ਼ਾ ਦਾ ਵਿਕਾਸ ਹੋਇਆ। ਇਸ ਕਾਲ ਦੌਰਾਨ ਪੰਜਾਬੀ ਦੇ ਕਾਇਦੇ ਘਰ-ਘਰ ਵੰਡੇ ਜਾਂਦੇ ਰਹੇ ਸਨ ਜਿਸ ਨਾਲ ਪੰਜਾਬੀ ਦਾ ਪਸਾਰ ਤਕਰੀਬਨ ਹਰ ਪਿੰਡ ਪਰਿਵਾਰ ਤੱਕ ਸੰਭਵ ਹੋ ਗਿਆ ਸੀ ਪਰ ਅੰਗਰੇਜ਼ਾਂ ਨੇ ਆ ਕੇ ਸਭ ਤੋਂ ਪਹਿਲਾਂ ਇਹ ਕਾਇਦੇ ਪੜਵਾਏ, ਕਿਉਂਕਿ ਅੰਗਰੇਜ਼ ਪੰਜਾਬੀਆਂ ਨੂੰ ਆਪਣਾ ਰਾਜਨੀਤਕ ਸ਼ਰੀਕ ਮੰਨਦੇ ਸਨ ਅਤੇ ਇਨ੍ਹਾਂ ਤੋਂ ਉਨ੍ਹਾਂ ਨੂੰ ਮੁੜ ਰਾਜ ਖੋਹੇ ਜਾਣ ਦਾ ਡਰ ਸੀ। ਅੰਗਰੇਜ਼ੀ ਸ਼ਾਸਨ ਕਾਲ ਦੌਰਾਨ ਪੰਜਾਬੀ ਨੂੰ ਤਰਤੀਬਬੱਧ ਤਰੀਕੇ ਨਾਲ ਨਿਰਉਤਸ਼ਾਹਿਤ ਕੀਤਾ ਗਿਆ। ਉਨ੍ਹਾਂ ਵਲੋਂ ਪੰਜਾਬੀਆਂ 'ਤੇ ਉਰਦੂ ਵੀ ਇਨ੍ਹਾਂ ਦੀ ਮਾਤ ਭਾਸ਼ਾ ਪੰਜਾਬੀ ਨੂੰ ਕਮਜ਼ੋਰ ਕਰਨ ਦੇ ਨਜ਼ਰੀਏ ਨਾਲ ਠੋਸੀ ਗਈ ਸੀ ਜੋ ਪਾਕਿਸਤਾਨੀ ਪੰਜਾਬ ਵਿਚ ਅਜੇ ਵੀ ਜਾਰੀ ਹੈ; ਭਾਵ ਪੰਜਾਬੀਆਂ ਦੀ ਅੰਗਰੇਜ਼ਾਂ ਨਾਲ ਹੋਈ ਜੰਗ ਵਿਚ ਹਾਰ ਜਿਸ ਨੂੰ ਸ਼ਾਹ ਮੁਹੰਮਦ 'ਜੰਗ ਹਿੰਦ ਪੰਜਾਬ ਦਾ' ਕਹਿੰਦਾ ਹੈ, ਦੀ ਕੀਮਤ ਪੰਜਾਬੀ ਜ਼ਬਾਨ ਅਤੇ ਕੌਮੀਅਤ ਨੂੰ ਵੀ ਭਾਰੀ ਕੀਮਤ ਦੇ ਕੇ ਤਾਰਨੀ ਪਈ।

ਪੰਜਾਬੀ ਬਾਰੇ ਅੰਗਰੇਜ਼ਾਂ ਨੇ ਦੋਗਲੀ ਨੀਤੀ ਅਪਣਾਈ। ਉਨ੍ਹਾਂ ਨੇ ਪੰਜਾਬੀ ਬੋਲੀ ਨੂੰ ਸਰਕਾਰੀ ਤੌਰ 'ਤੇ ਨਿਰਉਤਸ਼ਾਹਿਤ ਕੀਤਾ ਪਰ ਦੂਜੇ ਪਾਸੇ ਇਸ ਨੂੰ ਆਪਣੇ ਇਸਾਈ ਧਰਮ ਪ੍ਰਚਾਰ ਦੇ ਲਈ ਮਾਧਿਅਮ ਬਣਾਉਣ ਲਈ ਵਰਤਣ ਦੀ ਕੋਸ਼ਿਸ਼ ਕੀਤੀ ਅਤੇ ਇਸ ਮੰਤਵ ਲਈ ਉਨ੍ਹਾਂ ਪੰਜਾਬ ਵਿਚ ਪੰਜਾਬੀ ਪ੍ਰੈੱਸ ਦੀ ਸਥਾਪਨਾ ਵੀ ਕੀਤੀ ਪਰ ਇਸਾਈ ਮਤ ਦੇ ਪ੍ਰਚਾਰ ਦਾ ਪੰਜਾਬੀਆਂ ਦੇ ਤਿੰਨ ਅਹਿਮ ਧਰਮਾਂ ਹਿੰਦੂ , ਸਿੱਖ ਅਤੇ ਮੁਸਲਿਮ ਨੇ ਵਿਰੋਧ ਕੀਤਾ। ਉਂਜ, ਉਹ ਇਸ ਦਾ ਵਿਰੋਧ ਕਰਨ ਲਈ ਇਕਮੁੱਠ ਹੋਣ ਦੀ ਬਜਾਏ ਅੰਤ ਵਿਚ ਅੰਗਰੇਜ਼ਾਂ ਦੀ ਚਾਲ ਵਿਚ ਆਪੋ ਵਿਚ ਹੀ ਧਰਮ ਦੇ ਆਧਾਰ 'ਤੇ ਵੰਡੇ ਗਏ ਜਿਸ ਨਾਲ ਮਹਾਰਾਜਾ ਰਣਜੀਤ ਸਿੰਘ ਕਾਲ ਤੋਂ ਸਾਰੇ ਪੰਜਾਬੀਆਂ ਦੀ ਉਸਰ ਰਹੀ 'ਪੰਜਾਬੀ ਕੌਮੀਅਤ' ਦੀਆਂ ਸੰਭਾਵਨਾਵਾਂ ਮੱਧਮ ਪੈ ਗਈਆਂ । ਪੰਜਾਬੀਆਂ ਦੇ ਸਾਂਝੀ ਕੌਮੀਅਤ ਵਜੋਂ ਇਕੱਠੇ ਹੋਣ ਦੀ ਬਜਾਏ ਧਾਰਮਿਕ ਫਿਰਕਿਆਂ ਵਿਚ ਵੰਡੇ ਜਾਣ ਦੀ ਕੀਮਤ ਪੰਜਾਬੀ ਕੌਮੀਅਤ ਅਤੇ ਭਾਸ਼ਾ ਨੂੰ ਚੁਕਾਉਣੀ ਪਈ। ਫਿਰਕਿਆਂ ਦੀ ਇਹ ਵੰਡ ਪੰਜਾਬ ਦੀ 1947 ਵਿਚ ਵੰਡ ਕਰਾਉਣ ਦਾ ਵੀ ਕਾਰਨ ਬਣੀ। ਇਸ ਧਾਰਮਿਕ ਧਰੁਵੀਕਰਨ ਕਾਰਨ ਪੰਜਾਬੀ ਮਾਂ ਬੋਲੀ ਅਤੇ ਕੌਮੀਅਤ ਦੋਫਾੜ ਹੋ ਗਈ।

ਲਹਿੰਦੇ ਪੰਜਾਬ ਤੋਂ ਬਾਅਦ ਚੜ੍ਹਦੇ ਪੰਜਾਬ ਵਿਚ ਪੰਜਾਬੀਆਂ ਦੀ ਗਿਣਤੀ ਸਭ ਤੋਂ ਵੱਧ ਹੈ।

(ਬਾਕੀ ਅਗਲੇ ਸਫੇ 'ਤੇ)

ਆਜ਼ਾਦੀ ਤੋਂ ਬਾਅਦ ਬੇਸ਼ੱਕ ਚੜ੍ਹਦੇ ਪੰਜਾਬ ਦੇ ਪੁਨਰਗਠਨ ਸਮੇਂ 1966 ਵਿਚ ਪੰਜਾਬੀ ਬੋਲਦੇ ਕਈ ਇਲਾਕਿਆਂ, ਜੋ ਹਰਿਆਣਾ ਅਤੇ ਹਿਮਾਚਲ ਵਿਚ ਪੈਂਦੇ ਸਨ, ਨੂੰ ਪੰਜਾਬ ਤੋਂ ਅੱਡ ਕਰ ਦਿੱਤਾ ਗਿਆ ਜਿਸ ਨਾਲ ਪੰਜਾਬੀ ਭਾਸ਼ਾ ਦੀ ਸਥਿਤੀ 1947 ਦੀ ਵੰਡ ਵਾਂਗ ਹੀ ਹੋਰ ਕਮਜ਼ੋਰ ਹੋਈ ਪਰ ਇਸ ਦੇ ਬਾਵਜੂਦ ਪੰਜਾਬੀ ਮਾਂ ਬੋਲੀ ਦਾ ਪਰਚਮ ਮੁੱਖ ਰੂਪ ਵਿਚ ਭਾਰਤੀ ਪੰਜਾਬੀਆਂ ਦੇ ਹੱਥ ਵਿਚ ਹੀ ਰਿਹਾ ਹਾਲਾਂਕਿ ਇਥੇ ਪੰਜਾਬੀਆਂ ਦੀ 2011 ਦੀ ਜਨਗਣਨਾ ਅਨੁਸਾਰ ਗਿਣਤੀ ਪਾਕਿਸਤਾਨ ਦੀ ਕਰੀਬ 10 ਕਰੋੜ ਦੇ ਮੁਕਾਬਲੇ ਸਿਰਫ 3.3 ਕਰੋੜ ਸੀ ਜੋ ਲਹਿੰਦੇ ਪੰਜਾਬ ਨਾਲੋਂ ਤਕਰੀਬਨ ਤਿੰਨ ਗੁਣਾ ਘੱਟ ਬਣਦੀ ਹੈ। ਪੰਜਾਬੀ ਸੂਬਾ ਬਣਨ ਨਾਲ ਮਹਾਰਾਜਾ ਰਣਜੀਤ ਸਿੰਘ ਕਾਲ ਵਰਗੇ ਪੰਜਾਬੀਅਤ ਪੱਖੀ ਹਾਲਾਤ ਮੁੜ ਬਣਨ ਦੀਆਂ ਸੰਭਾਵਨਾਵਾਂ ਪੈਦਾ ਹੋਈਆਂ। ਭਾਰਤੀ ਪੰਜਾਬ ਦੀ 91.69 ਫੀਸਦੀ ਵਸੋਂ ਪੰਜਾਬੀ ਭਾਸ਼ੀ ਹੈ।

ਇਥੇ ਪੰਜਾਬੀ ਭਾਸ਼ਾ ਨੂੰ ਭਾਰਤੀ ਸੰਵਿਧਾਨ ਵਿਚ ਬਾਕਾਇਦਾ ਰੁਤਬਾ ਹਾਸਲ ਹੈ ਅਤੇ ਇਹ ਭਾਰਤ ਦੀਆਂ 22 ਪ੍ਰਵਾਨਿਤ ਭਾਸ਼ਾਵਾਂ ਵਿਚੋਂ ਇਕ ਹੈ। ਇਹ ਪੰਜਾਬ ਦੀ ਸਰਕਾਰੀ ਕੰਮਕਾਜ ਦੀ ਭਾਸ਼ਾ ਵੀ ਹੈ। ਸਰਕਾਰੀ ਸਿੱਖਿਆ ਵੀ ਪੰਜਾਬੀ ਭਾਸ਼ਾ ਵਿਚ ਦਿੱਤੇ ਜਾਣ ਦਾ ਪ੍ਰਬੰਧ ਹੈ। ਇਨ੍ਹਾਂ ਹਾਂ-ਪੱਖੀ ਕਾਰਨਾਂ ਕਰ ਕੇ ਚੜ੍ਹਦੇ ਪੰਜਾਬ ਵਿਚ ਪੰਜਾਬੀ ਸਾਹਿਤ, ਸਭਿਆਚਾਰ, ਲੋਕ ਗਾਇਕੀ, ਰੰਗਮੰਚ, ਪੱਤਰਕਾਰੀ ਅਤੇ ਸਿਨੇਮਾ ਵਿਚ ਕਾਫੀ ਤਰੱਕੀ ਹੋਈ। ਹਾਲਾਂਕਿ ਇਸ ਲਈ ਪੰਜਾਬੀਆਂ ਨੂੰ ਸਮੇਂ-ਸਮੇਂ 'ਤੇ ਸੰਘਰਸ਼ ਵੀ ਕਰਨਾ ਪਿਆ। ਚੜ੍ਹਦੇ ਪੰਜਾਬ ਵਿਚ ਸਭ ਤੋਂ ਅਹਿਮ ਹਾਂ-ਪੱਖੀ ਨੋਟ ਕਰਨ ਵਾਲਾ ਤੱਥ ਇਹ ਹੈ ਕਿ ਇਥੇ ਪੰਜਾਬੀਆਂ ਦੇ ਵੱਡੇ ਤਬਕੇ ਨੇ ਪੰਜਾਬੀ ਨੂੰ ਪੂਰੀ ਸਿੱਦਤ ਅਤੇ ਫਖਰ ਨਾਲ ਆਪਣੀ ਸਾਂਝੀ ਮਾਂ ਬੋਲੀ ਵਜੋਂ ਅਪਣਾਇਆ। ਇਹ ਗੱਲ ਆਜ਼ਾਦੀ ਤੋਂ ਪਹਿਲਾਂ ਸਾਂਝੇ ਪੰਜਾਬ 'ਤੇ ਵੀ ਲਾਗੂ ਹੁੰਦੀ ਸੀ ਜਦੋਂ ਮੁਸਲਿਮ ਪਿਛੋਕੜ ਵਾਲੇ ਸੂਫੀਆਂ, ਕਿੱਸਾਕਾਰਾਂ ਅਤੇ ਅਦੀਬਾਂ ਨੇ ਪੰਜਾਬੀ ਅਦਬ ਨੂੰ ਮਾਲਾਮਾਲ ਕੀਤਾ ਪਰ ਆਜ਼ਾਦੀ ਦੇ ਦੌਰ ਤੋਂ ਬਾਅਦ ਇਹ ਯੋਗਦਾਨ ਘਟਦਾ ਗਿਆ। ਜ਼ਿਆਦਾਤਰ ਪੰਜਾਬੀ ਅਦੀਬਾਂ ਅਤੇ ਆਮ ਲੋਕਾਂ ਦੇ ਪ੍ਰਸੰਗ ਵਿਚ ਇਕ ਹੋਰ ਜੋ ਅਹਿਮ ਨੋਟ ਕਰਨ ਵਾਲੀ ਹਾਂ-ਪੱਖੀ ਪ੍ਰਵਿਰਤੀ ਹੈ, ਉਹ ਇਹ ਹੈ ਕਿ ਇਨ੍ਹਾਂ ਨੇ ਕਦੇ ਵੀ ਵੰਡੇ ਹੋਏ ਪੰਜਾਬ ਨੂੰ ਤਸਲੀਮ ਨਹੀਂ ਕੀਤਾ ਅਤੇ ਹਮੇਸ਼ਾ ਸਾਂਝੇ ਪੰਜਾਬ ਵਾਲੇ ਪੰਜਾਬ ਨੂੰ ਹੀ ਆਪਣੀ ਮਾਤ ਭੂਮੀ ਮੰਨਿਆ ਹੈ। ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਆਮ ਲੋਕ ਵੀ ਆਪਣੇ ਦਿਲ ਵਿਚ ਇਕ ਦੂਜੇ ਲਈ ਬੇਹੱਦ ਪਿਆਰ ਅਤੇ ਸਤਿਕਾਰ ਦੀ ਭਾਵਨਾ ਰੱਖਦੇ ਹਨ। ਬਾਹਰਲੇ ਮੁਲਕਾਂ ਵਿਚ ਦੋਵੇਂ ਪੰਜਾਬਾਂ ਦੇ ਲੋਕ ਹਮਸਾਇਆਂ ਅਤੇ ਮਾਂ ਜਾਇਆਂ ਵਾਂਗ ਹੀ ਮਿਲਦੇ ਵਿਚਰਦੇ ਅਤੇ ਵਸਦੇ ਹਨ। ਇਹ ਸਾਰੇ ਤੱਥ ਸਾਂਝੀ ਪੰਜਾਬੀ ਕੌਮੀਅਤ ਦੀਆਂ ਸੰਭਾਵਨਾਵਾਂ ਦੇ ਬੀਜ ਆਪਣੇ ਵਿਚ ਸਮੋਈ ਬੈਠੇ ਹਨ।

ਪਾਕਿਸਤਾਨ ਅਤੇ ਭਾਰਤ ਤੋਂ ਬਾਅਦ ਵਿਦੇਸ਼ਾਂ ਵਿਚ ਵਸੇ ਪੰਜਾਬੀਆਂ, ਜਿਨ੍ਹਾਂ ਨੂੰ ਪੰਜਾਬੀ 'ਡਾਇਸਪੋਰਾ' ਕਿਹਾ ਜਾਂਦਾ ਹੈ, ਦੀ ਵੀ ਚੋਖੀ ਗਿਣਤੀ ਅਤੇ ਅਸਰ ਰਸੂਖ ਹੈ। ਇਨ੍ਹਾਂ ਦੀ ਜ਼ਿਆਦਾ ਗਿਣਤੀ ਕੈਨੇਡਾ, ਇੰਗਲੈਂਡ, ਅਮਰੀਕਾ, ਆਸਟ੍ਰੇਲੀਆ ਵਿਚ ਹੈ। ਇਥੋਂ ਦੇ ਪੰਜਾਬੀਆਂ ਦੀਆਂ ਨਵੀਆਂ ਪੀੜ੍ਹੀਆਂ ਨੂੰ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨਾਲ ਜੋੜੀ ਰੱਖਣਾ ਇਕ ਅਹਿਮ ਮਸਲਾ ਹੈ। ਪੰਜਾਬੀਆਂ ਦਾ ਇਹ ਤਬਕਾ ਸੰਸਾਰ ਸਭਿਆਚਾਰਾਂ ਨਾਲ ਆਦਾਨ ਪ੍ਰਦਾਨ ਰਾਹੀਂ ਪੰਜਾਬੀਅਤ ਨੂੰ ਵਿਲੱਖਣ ਅਮੀਰੀ ਬਖਸ਼ਣ ਦੇ ਸਮਰੱਥ ਹੈ। ਕਈ ਕਾਰਨਾਂ ਕਰਕੇ ਇਸ ਤਬਕੇ ਦੀ ਨੁਮਾਇੰਦਗੀ ਭਾਰਤ ਅਤੇ ਪਾਕਿਸਤਾਨ ਦੇ ਪੰਜਾਬੀ ਭਾਸ਼ਾ ਨੂੰ ਮਜ਼ਬੂਤ ਕਰਨ ਦੇ ਉਪਰਾਲਿਆਂ ਲਈ ਕਾਫੀ ਸਹਾਈ ਹੋ ਸਕਦੀ ਹੈ।

ਰਵਾਇਤੀ ਪਰਿਭਾਸ਼ਾ ਅਨੁਸਾਰ ਕਿਸੇ ਕੌਮੀਅਤ ਦੀਆਂ ਤਿੰਨ ਮੁੱਖ ਸ਼ਰਤਾਂ ਹੁੰਦੀਆਂ ਸਨ: ਕਿਸੇ ਕੌਮ ਦੀ ਲੰਮੇ ਅਰਸੇ ਦੌਰਾਨ ਖਿੱਤੇ, ਸਭਿਆਚਾਰ ਅਤੇ ਭਾਸ਼ਾ ਦੀ ਇਤਿਹਾਸਕ ਸਾਂਝ ਪਰ ਹੁਣ ਜਦੋਂ ਸਾਰਾ ਸੰਸਾਰ ਸੂਚਨਾ ਤਕਨੀਕ ਨਾਲ ਜੁੜ ਚੁੱਕਾ ਹੈ, ਕੌਮੀਅਤ ਦੀ ਇਹ ਪਰਿਭਾਸ਼ਾ ਵੀ ਬਦਲ ਜਾਂਦੀ ਹੈ ਜਿਸ ਵਿਚੋਂ ਖਿੱਤਾ ਦੀ ਸ਼ਰਤ ਮਨਫੀ ਮੰਨੀ ਜਾ ਸਕਦੀ ਹੈ। ਹੁਣ ਕਿਸੇ ਕੌਮ ਦੇ ਇਤਿਹਾਸ ਵਿਚ ਲੰਮੇ ਸਮੇਂ ਤੱਕ ਰਹੀ ਖਿੱਤੇ, ਭਾਸ਼ਾ ਅਤੇ ਸਭਿਆਚਾਰ ਦੀ ਸਾਂਝ ਕੌਮੀਅਤ ਦਾ ਆਧਾਰ ਮੰਨੀ ਜਾਣੀ ਚਾਹੀਦੀ ਹੈ। ਖਿੱਤੇ ਵਾਲੀ ਸ਼ਰਤ ਇਤਿਹਾਸ ਦੇ ਆਧਾਰ 'ਤੇ ਲਾਗੂ ਹੋਣੀ ਮੰਨੀ ਜਾ ਸਕਦੀ ਹੈ, ਭਾਵ ਉਹ ਕੌਮ ਜੋ ਕਿਸੇ ਖਿੱਤੇ ਵਿਚ ਇਤਿਹਾਸ ਵਿਚ ਇਕ ਲੰਮੇ ਅਰਸੇ ਤੱਕ ਇਕੱਠੀ ਰਹੀ ਹੋਵੇ ਅਤੇ ਹੁਣ ਉਹ ਸੰਚਾਰ ਮਾਧਿਅਮਾਂ ਰਾਹੀਂ ਵੀ ਜੁੜ ਸਕਦੀ ਹੋਵੇ, ਜਿਵੇਂ ਸੰਸਾਰ ਭਰ ਦੇ ਪੰਜਾਬੀਆਂ ਦੇ ਜੁੜਨ ਦੀਆਂ ਸੰਭਾਵਨਾਵਾਂ ਹਨ। ਇਸ ਪਿਛੋਕੜ ਵਿਚ ਪੰਜਾਬੀ ਕੌਮ ਜਿਸ ਦੀ ਸੋਝੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਨਿਖਰ ਕੇ ਸਾਹਮਣੇ ਆਈ, ਉਹ ਕੌਮ ਦੀ ਪ੍ਰਵਾਨਿਤ ਪਰਿਭਾਸ਼ਾ ਉਤੇ ਪੂਰੀ ਉਤਰਦੀ ਸੀ।

ਹੁਣ ਵੀ ਸਾਂਝੇ ਖਿੱਤੇ ਵਾਲੀ ਸ਼ਰਤ ਤੋਂ ਬਿਨਾਂ ਕੌਮ ਬਣਨ ਦੀਆਂ ਬਾਕੀ ਸ਼ਰਤਾਂ ਅੱਜ ਵੀ ਸੰਸਾਰ ਪੰਜਾਬੀ ਕੌਮੀਅਤ ਪੂਰੀਆਂ ਕਰਦੀ ਹੈ ਅਤੇ ਜਿਵੇਂ ਪਹਿਲਾਂ ਕਿਹਾ ਗਿਆ ਹੈ ਕਿ ਖਿੱਤੇ ਵਰਗੇ ਭੂਗੋਲਿਕ ਸੰਕਲਪ ਅੱਜ ਕੰਪਿਊਟਰ ਅਤੇ ਸੂਚਨਾ ਤਕਨੀਕ ਦੇ ਦੌਰ ਵਿਚ ਵੈਸੇ ਵੀ ਪੂਰੀ ਤਰ੍ਹਾਂ ਬਦਲ ਚੁੱਕੇ ਹਨ। ਅੱਜ ਦੇ ਜ਼ਮਾਨੇ ਵਿਚ ਕਿਸੇ ਵੀ ਕੌਮ ਵਿਚ ਜ਼ਬਾਨ ਅਤੇ ਸਭਿਆਚਾਰ ਦੀ ਸਾਂਝ ਜ਼ਿਆਦਾ ਅਹਿਮ ਹੈ ਅਤੇ ਜੇਕਰ ਉਸ ਵਿਚ ਇਹ ਸਾਂਝ ਦੀ ਸ਼ਿੱਦਤ ਅਤੇ ਸੋਝੀ ਪ੍ਰਬਲ ਹੈ ਤਾਂ ਇਹ ਸੰਸਾਰ ਦੇ ਕਿਸੇ ਵੀ ਖਿੱਤੇ ਵਿਚ ਰਹਿੰਦੀ ਹੋਈ ਵੀ ਇਕ ਇਕਾਈ ਵਜੋਂ ਜੁੜ ਸਕਦੀ ਹੈ। ਇਸ ਪੱਖੋਂ ਪੰਜਾਬੀਆਂ ਦੇ ਸੰਸਾਰ ਪੱਧਰ 'ਤੇ ਜੁੜ ਕੇ ਸਾਂਝੀ ਕੌਮੀਅਤ ਬਣਨ ਦੀਆਂ ਪੂਰੀਆਂ ਸੰਭਾਵਨਾਵਾਂ ਹਨ। ਅਜੋਕੇ ਸੰਸਾਰੀਕਰਨ ਅਤੇ ਸੂਚਨਾ ਤਕਨੀਕ ਨਾਲ ਸਰਹੱਦਾਂ ਅਤੇ ਵੰਡਾਂ ਕਿਸੇ ਹੱਦ ਤੱਕ ਬੇਮਾਅਨਾ ਹੋ ਰਹੀਆਂ ਹਨ ਅਤੇ ਸਾਰੇ ਸੰਸਾਰ ਦੇ ਪੰਜਾਬੀਆਂ ਦੇ ਜੁੜਨ ਦੇ ਮੌਕੇ ਹੋਰ ਮੋਕਲੇ ਹੋਣ ਨਾਲ ਇਕ 'ਗਲੋਬਲ ਪੰਜਾਬੀ ਕੌਮੀਅਤ' ਬਣਨ ਦੀਆਂ ਸੰਭਾਵਨਾਵਾਂ ਪੈਦਾ ਹੋਈਆਂ ਹਨ। ਇਸ ਸਬੰਧ ਵਿਚ ਜੇ ਪੰਜਾਬੀ ਇਕ ਸਾਂਝੀ ਆਲਮੀ ਯੋਜਨਾ ਉਲੀਕ ਕੇ ਕਾਰਜ ਕਰਨ ਤਾਂ ਕਾਫੀ ਸਾਰਥਕ ਸਿੱਟੇ ਨਿਕਲ ਸਕਦੇ ਹਨ। ਪੰਜਾਬੀ ਕੌਮੀਅਤ ਨੂੰ ਆਲਮੀ ਪੱਧਰ 'ਤੇ ਜੋੜਨ ਅਤੇ ਕਾਰਜ ਯੋਜਨਾ ਉਲੀਕ ਕੇ ਲਾਗੂ ਕਰਨ ਲਈ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਪ੍ਰਤੀ ਪ੍ਰਤੀਬੱਧ ਅਤੇ ਦੂਰਅੰਦੇਸ਼ ਪੰਜਾਬੀਆਂ ਦੀ ਇਕ ਸੰਸਾਰ ਵਿਆਪੀ ਸੰਸਥਾ ਬਣਾਉਣ ਦੀ ਲੋੜ ਹੈ, ਜਿਸ ਦਾ ਉਦੇਸ਼ ਵੱਖ-ਵੱਖ ਦੇਸ਼ਾਂ ਦੇ ਪੰਜਾਬੀਆਂ, ਉਥੋਂ ਦੀਆਂ ਸਰਕਾਰਾਂ



ਚੜ੍ਹਦੇ ਪੰਜਾਬ ਦੀ ਇਕ ਝਲਕ।

ਨਾਲ ਰਾਬਤਾ ਕਰ ਕੇ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦਾ ਵਿਕਾਸ ਕਰਨਾ ਹੈ, ਚਾਹੀਦਾ ਹੈ। ਲੋੜ ਪੈਣ 'ਤੇ ਇਹ ਆਪਣੇ ਆਲਮੀ ਰੁਤਬੇ ਅਤੇ ਅਸਰ ਰਸੂਖ ਰਾਹੀਂ ਯੂ.ਐਨ.ਓ. ਅਤੇ ਹੋਰ ਸੰਸਾਰ ਸੰਸਥਾਵਾਂ ਅਤੇ ਰਾਸ਼ਟਰੀ ਸਰਕਾਰਾਂ ਦੀ ਦਖਲਅੰਦਾਜ਼ੀ ਰਾਹੀਂ ਵੀ ਦਬਾਅ ਬਣਾ ਕੇ ਭਾਸ਼ਾ (ਜੋ ਕਿਸੇ ਵੀ ਕੌਮ ਦਾ ਬੁਨਿਆਦੀ ਮਨੁੱਖੀ ਹੱਕ ਹੈ) ਅਤੇ ਸਭਿਆਚਾਰ ਦੀ ਤਰੱਕੀ ਲਈ ਉਪਰਾਲੇ ਕਰ ਸਕਦੀ ਹੈ। ਯੂਨੈਸਕੋ ਵਲੋਂ ਆਪਣੀ ਰਿਪੋਰਟ ਵਿਚ ਪੰਜਾਬੀ ਭਾਸ਼ਾ ਦੇ ਖਾਤਮੇ ਪ੍ਰਤੀ ਦਿੱਤੀ ਚਿਤਾਵਨੀ ਦੇ ਸਨਮੁੱਖ ਇਹ ਕਰਨਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ। ਇਸ ਸੰਸਥਾ ਦੇ ਪੰਜਾਬੀ ਭਾਸ਼ਾ ਅਤੇ ਸਭਿਆਚਰਕ ਸਹਿਯੋਗ ਵਧਾਉਣ ਲਈ ਕੀਤੇ ਜਾਣ ਵਾਲੇ ਉਪਰਾਲੇ ਅੰਤਿਮ ਰੂਪ ਵਿਚ ਮਨੁੱਖੀ ਵਿਕਾਸ, ਭਾਈਚਾਰਕ ਸਾਂਝ ਅਤੇ ਅਮਨ ਵਧਾਉਣ ਵਿਚ ਸਹਾਈ ਹੋਣੇ ਚਾਹੀਦੇ ਹਨ। ਖਿੱਤਾਵਾਰ ਤਰਜੀਹਾਂ ਵਿਚ ਪਾਕਿਸਤਾਨੀ ਪੰਜਾਬ ਵਿਚ ਪੰਜਾਬੀ ਨੂੰ ਉਰਦੂ ਦੇ ਗਲਬੇ ਵਿਚੋਂ ਕੱਢਣਾ, ਇਸ ਨੂੰ ਤਾਲੀਮ ਅਤੇ ਸਰਕਾਰੀ ਕੰਮਕਾਜ ਦੀ ਭਾਸ਼ਾ ਬਣਾਉਣ ਲਈ ਉਪਰਾਲੇ ਕਰਨੇ ਅਤੇ ਪਾਕਿਸਤਾਨੀ ਪੰਜਾਬ ਤੋਂ ਬਿਨਾਂ ਉਥੋਂ ਦੇ ਭਰਵੀਂ ਪੰਜਾਬੀ ਵਸੋਂ ਵਾਲੇ ਬਾਕੀ ਸੂਬਿਆਂ/ਖੇਤਰਾਂ (ਜਿਵੇਂ ਸਿੰਧ, ਇਸਲਾਮਾਬਾਦ, ਖੈਬਰ, ਬਲੋਚਿਸਤਾਨ ਆਦਿ) ਵਿਚ ਪੰਜਾਬੀ ਦੀ ਤਰੱਕੀ ਲਈ ਉਪਰਾਲੇ ਕਰਨਾ ਇਸ ਦੇ ਅਹਿਮ ਕਾਰਜ ਹੋਣੇ ਚਾਹੀਦੇ ਹਨ। ਭਾਰਤ ਵਿਚ ਪੰਜਾਬ ਅਤੇ ਪੰਜਾਬ ਤੋਂ ਬਾਹਰਲੇ ਪੰਜਾਬੀ ਵਸੋਂ ਵਾਲੇ ਸੂਬਿਆਂ (ਹਰਿਆਣਾ, ਦਿੱਲੀ, ਜੰਮੂ, ਰਾਜਸਥਾਨ, ਉਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਮਹਾਰਾਸ਼ਟਰ, ਉਤਰਾਖੰਡ, ਝਾਰਖੰਡ ਆਦਿ) ਵਿਚ ਪੰਜਾਬੀ ਦੀ ਮੌਜੂਦਾ ਹਾਲਤ ਦਾ ਨਿਰੀਖਣ ਕਰ ਕੇ ਇਸ ਦੀ ਮਜ਼ਬੂਤੀਕਰਨ ਲਈ ਉਪਰਾਲੇ ਕਰਨੇ ਇਸ ਦੀ ਅਮਲੀ ਕਾਰਜ ਯੋਜਨਾ ਦੇ ਅਹਿਮ ਪਹਿਲੂ ਹੋਣੇ ਚਾਹੀਦੇ ਹਨ। ਭਾਰਤ ਅਤੇ ਪਾਕਿਸਤਾਨ ਵਿਚ ਪੰਜਾਬੀ ਤੋਂ ਦੂਰ ਹੁੰਦੇ ਜਾਂ ਰਹੇ ਕੁਲੀਨ ਅਤੇ ਧਾਰਮਿਕ ਵਰਗਾਂ ਅਤੇ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ, ਖਾਸ ਕਰ ਕੇ ਨਵੀਂ ਨਸਲ ਨੂੰ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨਾਲ ਜੋੜਨਾ ਇਸ ਕਾਰਜ ਯੋਜਨਾ ਦੇ ਵਿਸ਼ੇਸ਼ ਤਵੱਜੋ ਵਾਲੇ ਨੁਕਤੇ ਹੋਣੇ ਚਾਹੀਦੇ ਹਨ। ਇਸ ਦੇ ਨਾਲ-ਨਾਲ ਸੂਚਨਾ ਤਕਨੀਕ ਰਾਹੀਂ ਪੰਜਾਬੀ ਭਾਸ਼ਾ, ਸਭਿਆਚਾਰ ਨੂੰ ਪ੍ਰਫੁਲਿਤ ਕਰਨ ਵੱਲ ਵੀ ਅਹਿਮ ਧਿਆਨ ਦੇਣ ਦੀ ਲੋੜ ਹੈ, ਜਿਸ ਲਈ ਇਸ ਵਿਸ਼ੇ ਦੇ ਮਾਹਿਰਾਂ ਦੀਆਂ ਸੇਵਾਵਾਂ ਲੈਣ ਦੀ ਲੋੜ ਹੈ। ਸ਼ਾਹਮੁਖੀ ਗੁਰਮੁਖੀ ਦਾ ਪਾੜਾ ਖਤਮ ਕਰਨ ਲਈ ਵੀ ਉਪਰਾਲੇ ਕਰਨ ਦੀ ਲੋੜ ਹੈ ਅਤੇ ਇਸ ਲਈ ਭਾਰਤ ਅਤੇ ਪਾਕਿਸਤਾਨ ਦੇ ਪੰਜਾਬੀਆਂ ਨੂੰ ਗੁਰਮੁਖੀ ਤੇ ਸ਼ਾਹਮੁਖੀ ਦੀ ਤਾਲੀਮ ਲਈ ਪ੍ਰਬੰਧ ਕਰਨ ਦੇ ਨਾਲ-ਨਾਲ ਲਿਪੀਅੰਤਰ ਸਾਫਟਵੇਅਰਾਂ ਦਾ ਗਿਆਨ ਦੇਣ ਦੀ ਲੋੜ ਹੈ। ਮੌਜੂਦਾ ਲਿਪੀਅੰਤਰ ਸਾਫਟਵੇਅਰਸ 95 ਫੀਸਦੀ ਤੱਕ ਸਹੀ ਤਰਜ਼ਮਾ ਕਰਦੇ ਹਨ, ਇਨ੍ਹਾਂ ਵਿਚ ਹੋਰ ਸੁਧਾਰ ਕਰਨ ਲਈ ਉਪਰਾਲੇ ਕਰਨ ਦੀ ਵੀ ਲੋੜ ਹੈ। ਪੰਜਾਬੀ ਭਾਸ਼ਾ ਦੀ ਤਰੱਕੀ ਨੂੰ ਸਾਹਿਤ-ਸਭਿਆਚਾਰ ਤੱਕ ਹੀ ਸੀਮਤ ਨਾ ਰੱਖ ਕੇ ਇਸ ਨੂੰ ਇਸ ਤੋਂ ਅੱਗੇ ਤੋਰ ਕੇ ਗਿਆਨ-ਵਿਗਿਆਨ, ਕਾਰੋਬਾਰ ਅਤੇ ਉਚੇਰੀ ਸਿੱਖਿਆ ਦੀ ਭਾਸ਼ਾ ਬਣਾਉਣ ਦੇ ਉਪਰਾਲੇ ਕਰਨੇ ਅਤੇ ਇਸ ਨੂੰ ਅਮਲੀ ਰੂਪ ਦੇਣ ਲਈ ਲੋੜੀਂਦੀ ਸਮੱਗਰੀ ਉਪਲਬਧ ਕਰਵਾਉਣ ਲਈ ਵੀ ਕਾਰਜ ਯੋਜਨਾ ਬਣਾਉਣ ਦੀ ਲੋੜ ਹੈ। 21ਵੀਂ ਸਦੀ ਗਿਆਨ ਵਿਗਿਆਨ ਅਤੇ ਸੂਚਨਾ ਤਕਨਾਲੋਜੀ ਦੀ ਸਦੀ ਹੈ, ਜਿਸ ਵਿਚ ਦੇਸ਼, ਧਰਮ, ਜਾਤ ਅਤੇ ਕੌਮ ਦੀ ਜਕੜ ਜਾਂ ਤਾਂ ਢਿੱਲੀ ਪੈ ਰਹੀ ਹੈ ਜਾਂ ਨਵੇਂ ਅਰਥ ਅਤੇ ਸਰੂਪ ਗ੍ਰਹਿਣ ਕਰ ਰਹੀ ਹੈ। ਨਵੀਂ ਨਸਲ ਮਜ਼ਬੀ ਕੱਟੜਤਾ, ਜਾਤ-ਪਾਤ ਅਤੇ ਖਿੱਤਾਵਾਦੀ ਸੋਚ ਦੀ ਬਜਾਏ ਧਾਰਮਿਕ ਸਹਿਣਸ਼ੀਲਤਾ, ਸਹਿਹੋਂਦ ਅਤੇ ਆਲਮੀ ਸੰਸਾਰ ਦ੍ਰਿਸ਼ਟੀ ਵਾਲੀ ਜੀਵਨ ਜਾਚ ਵੱਲ ਪ੍ਰੇਰਿਤ ਹੋ ਰਹੀ ਹੈ। ਇਸ ਜ਼ਮਾਨੇ ਵਿਚ ਵੱਖ-ਵੱਖ ਪਛਾਣਾਂ ਵਿਚ ਫਰਕ ਪਾਉਣ ਅਤੇ ਨਫਰਤ ਫੈਲਾਉਣ ਵਾਲੀ ਨਸਲੀ, ਫਿਰਕੂ ਅਤੇ ਪਿਛਾਂਹਖਿੱਚੂ ਸੋਚ ਦੀ ਬਜਾਏ ਇਕ ਦੂਜੇ ਨੂੰ ਪ੍ਰਵਾਨ ਕਰਨ ਅਤੇ ਜੋੜਨ ਅਤੇ ਸਹਿਹੋਂਦ ਵਾਲੀ ਧਰਮ-ਨਿਰਪੱਖ ਸੋਚ ਹੀ ਪ੍ਰਵਾਨ ਹੋ ਸਕਦੀ ਹੈ। ਇਸ ਪ੍ਰਸੰਗ ਵਿਚ ਪੰਜਾਬੀਆਂ ਦੀ ਧਾਰਮਿਕ ਕੁੜੱਤਣ ਦੇ ਆਧਾਰ 'ਤੇ ਵੰਡੀ ਹੋਈ ਪੰਜਾਬੀ ਕੌਮ ਦੇ ਜੁੜਨ ਦੀਆਂ ਸੰਭਾਵਨਾਵਾਂ ਪੁਨਰ ਸੁਰਜੀਤ ਹੋ ਸਕਦੀਆਂ ਹਨ। ਕੌਮੀਅਤ ਇਕ ਧਰਮ-ਨਿਰਪੱਖ ਸਹਿਹੋਂਦ ਆਧਾਰਿਤ ਸੰਕਲਪ ਹੈ ਅਤੇ ਇਸ ਪ੍ਰਸੰਗ ਵਿਚ ਪੰਜਾਬੀ ਕੌਮੀਅਤ ਦੇ ਆਲਮੀ ਪੱਧਰ 'ਤੇ ਜੁੜਨ ਦੇ ਹਾਲਾਤ ਕਾਫੀ ਸਾਜ਼ਗਾਰ ਹਨ। ਸੂਚਨਾ ਤਕਨੀਕ/ਸੋਸ਼ਲ ਮੀਡੀਆ ਰਾਹੀਂ ਸੰਸਾਰ ਭਰ ਦੇ ਪੰਜਾਬੀ ਵੱਡੀ ਗਿਣਤੀ ਵਿਚ ਜੁੜ ਵੀ ਰਹੇ ਹਨ ਪਰ ਇਨ੍ਹਾਂ ਨੂੰ ਸੰਗਠਿਤ ਕਰ ਕੇ ਇਕ ਆਲਮੀ ਕਾਰਗਰ ਕਾਰਜ ਯੋਜਨਾ ਉਲੀਕਣ ਅਤੇ ਲਾਗੂ ਕਰਨ ਦੀ ਲੋੜ ਹੈ ਤਾਂ ਜੋ ਸੰਸਾਰ ਭਰ ਦੇ ਪੰਜਾਬੀਆਂ, ਖਾਸ ਕਰ ਕੇ ਨਵੀਂ ਨਸਲ ਨੂੰ, ਆਪਣੀ ਸਾਂਝੀ ਮਾਂ ਬੋਲੀ, ਸਭਿਆਚਾਰ, ਵਿਰਾਸਤ ਨਾਲ ਜੋੜਿਆ ਜਾ ਸਕੇ ਅਤੇ ਇਨ੍ਹਾਂ ਵਿਚਲੇ ਤੱਤਾਂ ਦੇ ਆਧਾਰ 'ਤੇ ਮਨੁੱਖੀ ਵਿਕਾਸ, ਸਰਬੱਤ ਲੋਕਾਈ ਦੀ ਭਲਾਈ, ਸਾਂਝੀਵਾਲਤਾ, ਸ਼ਾਂਤੀ ਤੇ ਭਾਈਚਾਰੇ ਨੂੰ ਮਜ਼ਬੂਤ ਕੀਤਾ ਜਾ ਸਕੇ। ਅਜੋਕੀ ਪੰਜਾਬੀ ਸੰਸਾਰ ਕੌਮੀਅਤ 21ਵੀਂ ਸਦੀ ਦੀ ਹਾਣੀ ਹੋਣੀ ਚਾਹੀਦੀ ਹੈ ਜਿਸ ਵਿਚ ਔਰਤਾਂ ਨੂੰ ਭਾਈਵਾਲ ਬਣਾਉਣ ਲਈ ਵਿਸ਼ੇਸ਼ ਤਵੱਜੋ ਦੇਣੀ ਚਾਹੀਦੀ ਹੈ ਅਤੇ ਦਸਤਕਾਰਾਂ, ਕਾਮਿਆਂ, ਦਲਿਤਾਂ ਤੇ ਦਮਿਤਾਂ ਦੇ ਮੌਜੂਦਾ ਅਤੇ ਅਣਗੌਲੇ ਇਤਿਹਾਸਕ ਯੋਗਦਾਨ ਨੂੰ ਬਣਦਾ ਮਾਣ-ਸਤਿਕਾਰ ਦੇ ਕੇ ਸਰਬ-ਸਾਂਝੀਵਾਲਤਾ ਦਾ ਮਾਡਲ ਪੇਸ਼ ਕਰਨਾ ਚਾਹੀਦਾ ਹੈ। ਇਹ ਪੰਜਾਬੀ ਕੌਮੀਅਤ ਸਾਰੇ ਸੰਸਾਰ ਦੇ ਸਾਰੇ ਪੰਜਾਬੀ ਤਬਕਿਆਂ ਦੀ ਸਾਂਝੀਵਾਲਤਾ 'ਤੇ ਆਧਾਰਿਤ ਹੋਣੀ ਚਾਹੀਦੀ ਹੈ ਜਿਸ ਨੂੰ ਸ਼ਾਹ ਮੁਹੰਮਦ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਪੰਜਾਬੀਆਂ ਦੀ ਏਕਤਾ ਨੂੰ ਆਪਣੇ ਜੰਗਨਾਮੇ ਵਿਚ ਬਿਆਨ ਕਰਦਾ ਹੈ, 'ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ (ਸਮੇਤ ਸਿੱਖ) ਸਿਰ ਦੋਵਾਂ ਦੇ ਵੱਡੀ ਅਫਾਤ ਆਈ, ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ ਕਦੇ ਨਹੀਂ ਸੀ ਤੀਸਰੀ ਜਾਤ ਆਈ।' ਇਸੇ ਸਾਂਝੀਵਾਲਤਾ ਵਾਲੀ ਧਰਮ-ਨਿਰਪੱਖ ਭਾਵਨਾ ਨੂੰ ਆਜ਼ਾਦੀ ਦਾ ਪਰਵਾਨਾ ਸ਼ਹੀਦ ਊਧਮ ਸਿੰਘ ਆਪਣੇ ਨਾਂਅ 'ਮੁਹੰਮਦ, ਸਿੰਘ ਆਜ਼ਾਦ' ਰਾਹੀਂ ਪ੍ਰਗਟ ਕਰਦਾ ਹੈ।

# ਆਦਿ ਬੀੜ ਦੀ ਲਿਖਾਈ ਤੋਂ ਪਹਿਲਾਂ ਪ੍ਰਚੱਲਤ ਨਿੱਤਨੇਮ ਦੀ ਰੂਪ ਰੇਖਾ

ਪ੍ਰੋ. ਕਸ਼ਮੀਰਾ ਸਿੰਘ

ਆਦਿ ਬੀੜ (ਪੋਥੀ ਸਾਹਿਬ) ਦੀ ਲਿਖਾਈ ਸੰਨ 1607 ਈਸਵੀ ਵਿਚ ਸੰਪੂਰਨ ਹੋਈ ਸੀ। ਇਸ ਵਿਚ ਪੰਜਵੇਂ ਗੁਰੂ ਜੀ ਵਲੋਂ ਨਿੱਤਨੇਮ ਦਰਜ ਕਰਵਾਇਆ ਗਿਆ ਸੀ, ਜੋ ਹੁਣ ਛਾਪੇ ਦੀ ਬੀੜ ਦੇ ਪਹਿਲੇ 13 ਪੰਨਿਆਂ ਉਤੇ ਦਰਜ ਹੈ।

ਆਦਿ ਬੀੜ ਦੀ ਲਿਖਾਈ ਤੋਂ ਪਹਿਲਾਂ ਸਿੱਖਾਂ ਵਿਚ ਕਿਹੜਾ ਨਿੱਤਨੇਮ ਪ੍ਰਚੱਲਤ ਸੀ, ਇਸ ਦਾ ਪਤਾ ਲਾਉਣਾ ਹੀ ਇਸ ਲੇਖ ਦਾ ਮੰਤਵ ਹੈ। ਧੰਨ ਗੁਰੂ ਨਾਨਕ ਸਾਹਿਬ ਦੇ ਸਮੇਂ ਪ੍ਰਚੱਲਤ ਨਿੱਤਨੇਮ ਦੀ ਰੂਪ ਰੇਖਾ ਦੀ ਭਾਲ ਕਰਨੀ ਪਵੇਗੀ। ਭਾਈ ਗੁਰਦਾਸ ਦੀਆਂ ਵਾਰਾਂ ਦਾ ਅਧਿਐਨ ਕਰਨ ਨਾਲ ਧੰਨ ਗੁਰੂ ਨਾਨਕ ਸਾਹਿਬ ਦੇ ਸਮੇਂ ਪ੍ਰਚੱਲਤ ਨਿੱਤਨੇਮ ਬਾਰੇ ਬਹੁਤ ਵਧੀਆ ਜਾਣਕਾਰੀ ਮਿਲਦੀ ਹੈ। ਭਾਈ ਗੁਰਦਾਸ ਜੀ ਨੂੰ ਤੀਜੇ ਗੁਰੂ ਜੀ ਤੋਂ ਛੇਵੇਂ ਗੁਰੂ ਜੀ ਤਕ 4 ਗੁਰੂ ਪਾਤਿਸ਼ਾਹਾਂ ਦੀ ਸੇਵਾ ਅਤੇ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ।

ਕਰਤਾਰਪੁਰ (ਹੁਣ ਪਾਕਿਸਤਾਨ ਵਿਚ) ਧੰਨ ਗੁਰੂ ਨਾਨਕ ਸਾਹਿਬ ਦੇ ਸਮੇਂ ਉਨ੍ਹਾਂ ਵਲੋਂ ਬਖਸ਼ਿਆ ਨਿੱਤਨੇਮ ਪ੍ਰਚੱਲਤ ਸੀ, ਜਿਸ ਦੀ ਰੂਪ ਰੇਖਾ ਭਾਈ ਗੁਰਦਾਸ ਵਲੋਂ ਦਿੱਤੇ ਹੇਠ ਲਿਖੇ ਪ੍ਰਮਾਣਾਂ ਤੋਂ ਪ੍ਰਗਟ ਹੁੰਦੀ ਹੈ,

1. ਪੰਜਵੇਂ ਗੁਰੂ ਜੀ ਤੋਂ ਪਹਿਲਾਂ ਸਵੇਰ ਅਤੇ ਸ਼ਾਮ ਦਾ ਨਿੱਤਨੇਮ ਕੀ ਸੀ?

ਭਾਈ ਗੁਰਦਾਸ ਵਲੋਂ ਲਿਖੀ ਪਹਿਲੀ ਵਾਰ ਦੀ ਅਠੱਤੀਵੀਂ ਪਉੜੀ ਸਵੇਰ ਅਤੇ ਸ਼ਾਮ ਦੇ ਨਿੱਤਨੇਮ ਦਾ ਖੁਲਾਸਾ ਕਰਦੀ ਹੈ। ਇਹ ਪਉੜੀ ਹੈ,

ਫਿਰਿ ਬਾਬਾ ਆਇਆ ਕਰਤਾਰ ਪੁਰਿ
ਭੇਖ ਉਦਾਸੀ ਸਗਲ ਉਤਾਰਾ॥
ਪਹਿਰਿ ਸੰਸਾਰੀ ਕਪੜੇ
ਮੰਜੀ ਬੈਠਿ ਕੀਆ ਅਵਤਾਰਾ॥
ਉਲਟੀ ਗੰਗ ਵਹਾਈਓਨਿ
ਗੁਰ ਅੰਗਦੁ ਸਿਰਿ ਉਪਰਿ ਧਾਰਾ॥
ਪੁਤਰੀ ਕਉਲੁ ਨ ਪਾਲਿਆ
ਮਨਿ ਖੋਟੇ ਆਕੀ ਨਸਿਆਰਾ॥
ਬਾਣੀ ਮੁਖਹੁ ਉਚਾਰੀਐ
ਹੁਇ ਰੁਸਨਾਈ ਮਿਟੈ ਅੰਧਿਆਰਾ॥
ਗਿਆਨ ਗੋਸਟਿ ਚਰਚਾ ਸਦਾ
ਅਨਹਦ ਸਬਦਿ ਉਠੇ ਧੁਨਕਾਰਾ॥
ਸੋ ਦਰੁ ਆਰਤੀ ਗਾਵੀਐ
ਅੰਮ੍ਰਿਤ ਵੇਲੇ ਜਾਪੁ ਉਚਾਰਾ॥
ਗੁਰਮੁਖਿ ਭਾਰ ਅਥਰਬਣਿ ਤਾਰਾ॥੩੮॥

ਵਿਚਾਰ: ਅੰਮ੍ਰਿਤ ਵੇਲੇ ਪੜ੍ਹੀ ਜਾਣ ਵਾਲੀ ਬਾਣੀ 'ਜਪੁ' ਅਤੇ 'ਸੋ ਦਰੁ' ਸਿਰਲੇਖ ਵਾਲੀ ਰਚਨਾ ਦੋਵੇਂ ਹੀ ਗੁਰੂ ਨਾਨਕ ਪਾਤਿਸ਼ਾਹ ਦੀਆਂ ਰਚਿਤ ਬਾਣੀਆਂ ਹਨ, ਜੋ ਪੰਜਵੇਂ ਗੁਰੂ ਜੀ ਵਲੋਂ ਬਣਾਏ ਗਏ ਨਿੱਤਨੇਮ ਵਿਚ ਵੀ ਉਸੇ ਤਰ੍ਹਾਂ ਸ਼ਾਮਲ ਹਨ। 'ਸੋ ਦਰੁ' ਸੰਗ੍ਰਹਿ ਵਿਚ ਤਿੰਨ ਸ਼ਬਦ ਹਨ-ਰਾਗੁ ਆਸਾ ਮਹਲਾ ੧ ਦਾ 'ਸੋ ਦਰੁ ਤੇਰਾ ਕੇਹਾ' ਵਾਲਾ ਸ਼ਬਦ, ਆਸਾ ਮਹਲਾ ੧ ਦਾ 'ਸੁਣਿ ਵਡਾ ਆਖੈ ਸਭੁ ਕੋਇ' ਵਾਲਾ ਸ਼ਬਦ ਅਤੇ ਆਸਾ ਮਹਲਾ ੧ ਦਾ 'ਆਖਾ ਜੀਵਾ ਵਿਸਰੈ ਮਰਿ ਜਾਉ' ਵਾਲਾ ਸ਼ਬਦ। ਤਿੰਨੇ ਹੀ ਗੁਰੂ ਨਾਨਕ ਸਾਹਿਬ ਦੇ ਹਨ। ਇਸ ਤੋਂ ਇਹ ਗੱਲ ਸਮਝ ਵਿਚ ਆਉਂਦੀ ਹੈ ਕਿ ਗੁਰੂ ਨਾਨਕ ਸਾਹਿਬ ਨੇ ਹੀ ਨਿੱਤਨੇਮ ਦੀ ਰੂਪ ਰੇਖਾ ਦਾ ਮੁੱਢ ਬੰਨ੍ਹਿਆ ਸੀ, ਜਿਸ ਦੀ ਉਗਾਹੀ ਭਾਈ ਗੁਰਦਾਸ ਨੇ ਭਰੀ ਹੈ।

2. ਪੰਜਵੇਂ ਗੁਰੂ ਜੀ ਤੋਂ ਪਹਿਲਾਂ ਰਾਤ ਸਮੇਂ ਦਾ ਨਿੱਤਨੇਮ ਕਿਹੜਾ ਸੀ?

ਭਾਈ ਗੁਰਦਾਸ ਵਲੋਂ ਲਿਖੀ ਛੇਵੀਂ ਵਾਰ ਦੀ ਤੀਜੀ ਪਉੜੀ ਵਿਚ ਰਾਤ ਸਮੇਂ ਦੇ ਨਿੱਤਨੇਮ ਦਾ ਜ਼ਿਕਰ ਕਰਨ ਦੇ ਨਾਲ ਸੰਝ ਸਮੇਂ ਦੇ ਨਿੱਤਨੇਮ ਦਾ ਵੀ ਜ਼ਿਕਰ ਕੀਤਾ ਗਿਆ ਹੈ। ਦੇਖੋ ਇਹ ਪਉੜੀ,

ਅੰਮ੍ਰਿਤ ਵੇਲੇ ਉਠਿ ਕੈ
ਜਾਇ ਅੰਦਰਿ ਦਰੀਆਇ ਨ੍ਹਵੰਦੇ॥
ਸਹਜਿ ਸਮਾਧਿ ਅਗਾਧਿ ਵਿਚਿ
ਇਕ ਮਨਿ ਹੋਇ ਗੁਰ ਜਾਪੁ ਜਪੰਦੇ॥
ਮਥੈ ਟਿਕੇ ਲਾਲ ਲਾਇ
ਸਾਧ ਸੰਗਤਿ ਚਲਿ ਜਾਇ ਬਹੰਦੇ॥
ਸ਼ਬਦੁ ਸੁਰਤਿ ਲਿਵਲੀਣੁ ਹੋਇ
ਸਤਿਗੁਰ ਬਾਣੀ ਗਾਇ ਸੁਣੰਦੇ॥
ਭਾਇ ਭਗਤਿ ਭੈ ਵਰਤਮਾਨ
ਗੁਰ ਸੇਵਾ ਗੁਰ ਪੁਰਬ ਕਰੰਦੇ॥
ਸੰਝੈ ਸੋ ਦਰੁ ਗਾਵਣਾ
ਮਨ ਮੇਲੀ ਕਰਿ ਮੇਲਿ ਮਿਲੰਦੇ॥
ਰਾਤੀ ਕੀਰਤਿ ਸੋਹਿਲਾ
ਕਰਿ ਆਰਤੀ ਪਰਸਾਦੁ ਵੰਡੰਦੇ॥
ਗੁਰਮੁਖਿ ਸੁਖ ਫਲੁ ਪਿਰਮ ਚਖੰਦੇ॥੩॥

ਵਿਚਾਰ: ਇਸ ਪਉੜੀ ਵਿਚ ਸਪੱਸ਼ਟ ਤੌਰ 'ਤੇ ਜ਼ਿਕਰ ਹੈ ਕਿ ਸ਼ਾਮ ਵੇਲੇ ਕਰਤਾਰਪੁਰ ਧਰਮਸ਼ਾਲਾ ਵਿਚ 'ਸੋ ਦਰੁ' ਬਾਣੀ ਸੰਗ੍ਰਹਿ ਦੇ ਤਿੰਨ ਸ਼ਬਦ ਗਾਏ ਜਾਂਦੇ ਸਨ ਅਤੇ ਰਾਤ ਸਮੇਂ ਸਿੱਖ ਸੇਵਕ ਸੋਹਿਲੇ ਦੀ ਬਾਣੀ ਦਾ ਪਾਠ ਕਰਦੇ ਪ੍ਰਭੂ ਦੀ ਕੀਰਤੀ ਕਰਦੇ ਸਨ। ਪੰਜਵੇਂ ਗੁਰੂ ਜੀ ਤੋਂ ਪਹਿਲਾਂ ਸੋਹਿਲੇ ਦੀ ਬਾਣੀ ਵਿਚ ਗੁਰੂ ਨਾਨਕ ਸਾਹਿਬ ਦੀ ਰਚੀ ਬਾਣੀ ਦੇ ਤਿੰਨ ਸ਼ਬਦ ਸਨ-ਰਾਗੁ ਗਉੜੀ ਦੀਪਕੀ ਮਹਲਾ ੧ ਵਾਲਾ 'ਜੈ ਘਰਿ ਕੀਰਤਿ ਆਖੀਐ' ਵਾਲਾ ਸ਼ਬਦ, ਆਸਾ ਮਹਲਾ ੧ ਦਾ 'ਛਿਅ ਘਰ ਛਿਅ ਗੁਰ ਛਿਅ ਉਪਦੇਸ' ਵਾਲਾ ਸ਼ਬਦ ਅਤੇ ਧਨਾਸਰੀ ਮਹਲਾ ੧ ਦਾ 'ਗਗਨਮੈ ਥਾਲੁ ਰਵਿ ਚੰਦੁ ਦੀਪਕ ਬਨੇ' ਵਾਲਾ ਸ਼ਬਦ।

ਪੰਜਵੇਂ ਗੁਰੂ ਜੀ ਵਲੋਂ ਬਣਾਇਆ ਗਿਆ ਮੌਜੂਦਾ ਨਿੱਤਨੇਮ:

ਪੰਜਵੇਂ ਗੁਰੂ ਜੀ ਨੇ ਬਾਬੇ ਨਾਨਕ ਵਾਲੇ ਨਿੱਤਨੇਮ ਨੂੰ ਹੀ ਆਧਾਰ ਬਣਾ ਕੇ ਉਸ ਵਿਚ ਹੋਰ ਸ਼ਬਦ ਜੋੜ ਕੇ ਬਣਾਇਆ ਨਿੱਤਨੇਮ ਆਦਿ ਬੀੜ ਵਿਚ ਪੱਕੇ ਤੌਰ 'ਤੇ ਦਰਜ ਕਰ ਦਿੱਤਾ। ਸਵੇਰ ਵਾਲਾ ਚੱਲਿਆ ਆ ਰਿਹਾ ਨਿੱਤਨੇਮ 'ਜਪੁ' ਜੀ ਹੀ ਰੱਖਿਆ ਗਿਆ। ਸ਼ਾਮ ਵਾਲੇ ਚੱਲੇ ਆ ਰਹੇ ਨਿੱਤਨੇਮ ਵਿਚ 'ਸੋ ਪੁਰਖੁ' ਦਾ ਚਾਰ ਸ਼ਬਦਾਂ ਦਾ ਸੰਗ੍ਰਹਿ ਹੋਰ ਜੋੜ ਦਿੱਤਾ, ਜਿਸ ਨਾ ਇਹ 9 ਸ਼ਬਦਾਂ ਵਾਲਾ ਨਿੱਤਨੇਮ ਬਣ ਗਿਆ। ਰਾਤ ਵੇਲੇ ਦੇ ਚੱਲਦੇ ਆ ਰਹੇ ਨਿੱਤਨੇਮ ਵਿਚ ਦੋ ਸ਼ਬਦ ਹੋਰ ਜੋੜ ਕੇ ਪੰਜ ਸ਼ਬਦਾਂ ਦਾ ਸੰਗ੍ਰਹਿ ਬਣਾ ਦਿੱਤਾ ਗਿਆ। ਪੰਜਵੇਂ ਗੁਰੂ ਜੀ ਦੇ ਬਣਾਏ ਇਸ ਨਿੱਤਨੇਮ ਨੂੰ ਦਸਵੇਂ ਪਾਤਿਸ਼ਾਹ ਨੇ ਵੀ ਦਮਦਮੀ ਬੀੜ ਦੀ ਰਚਨਾ ਰਾਹੀਂ ਪ੍ਰਵਾਨਗੀ ਬਖਸ਼ ਦਿੱਤੀ, ਜਿਸ ਤੋਂ ਸਪੱਸ਼ਟ ਹੈ ਕਿ ਦਸਵੇਂ ਪਾਤਿਸ਼ਾਹ ਤਕ ਪੰਜਵੇਂ ਗੁਰੂ ਜੀ ਦਾ ਬਣਾਇਆ ਨਿੱਤਨੇਮ ਹੀ ਪ੍ਰਚੱਲਤ ਸੀ। ਇਸ ਪ੍ਰਵਾਨੇ ਹੋਏ ਨਿੱਤਨੇਮ ਨੂੰ ਤੋੜਨ ਦੀ ਅਵੱਗਿਆ ਕਰਨ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਹੈ ਅਤੇ ਇਸ ਦਾ ਤੋੜਿਆ ਹੋਇਆ ਨਿੱਤਨੇਮ ਸਿੱਖ ਰਹਿਤ ਮਰਯਾਦਾ ਵਿਚ ਦਰਜ ਹੈ, ਜੋ ਅੱਜ ਸਿੱਖ ਕੌਮ ਵਿਚ ਆਪਸੀ ਫੁੱਟ ਦਾ ਕਾਰਨ ਬਣ ਚੁਕਾ ਹੈ। ਆਪਣੇ ਖਸਮ ਨੂੰ ਛੱਡ ਕੇ ਕਿਸੇ ਪਰਾਏ ਨਾਲ ਯਾਰੀ ਪਾਉਣ ਦੇ ਕਦੇ ਵੀ ਚੰਗੇ ਸਿੱਟੇ ਨਹੀਂ ਨਿਕਲ ਸਕਦੇ, ਪਰ ਸ਼੍ਰੋਮਣੀ ਕਮੇਟੀ ਨੇ ਆਪਣਾ ਖਸਮ ਛੱਡ ਕੇ ਪਰਾਏ ਵੱਲ ਝਾਕਣ ਲੱਗਿਆਂ ਖਸਮ ਗੁਰੂ ਦਾ ਕੋਈ ਭੈ ਨਹੀਂ ਰੱਖਿਆ, ਜਿਸ ਦਾ ਖਮਿਆਜ਼ਾ ਸਾਰੀ ਸਿੱਖ ਕੌਮ ਨੂੰ ਭੁਗਤਣਾ ਪੈ ਰਿਹਾ ਹੈ।

# ਆਲਮ ਲੁਹਾਰ ਦਾ ਆਲਮ

ਕਲਾ ਪਰਿਕਰਮਾ



ਅੰਗਰੇਜ਼ ਸਿੰਘ
ਫੋਨ: +91-94646-28857

ਆਲਮ ਲੁਹਾਰ ਲਹਿੰਦੇ ਪੰਜਾਬ ਦਾ ਮਸ਼ਹੂਰ ਲੋਕ ਗਾਇਕ ਸੀ ਜਿਨ੍ਹਾਂ ਨੂੰ ਉਨ੍ਹਾਂ ਦੇ ਗਾਏ ਬੇਸ਼ੁਮਾਰ ਲੋਕ ਗੀਤਾਂ ਕਰ ਕੇ ਪੂਰੀ ਦੁਨੀਆ ਵਿਚ ਬੇਹੱਦ ਸ਼ੋਹਰਤ ਹਾਸਲ ਹੋਈ। ਲਹਿੰਦੇ ਪੰਜਾਬ ਦੇ ਛੋਟੇ ਜਿਹੇ ਪਿੰਡ ਵਿਚ ਪੈਦਾ ਹੋਏ ਮੁਹੰਮਦ ਆਲਮ ਲੁਹਾਰ ਨੂੰ ਆਪਣੇ ਫਨ-ਏ-ਮੌਸੀਕੀ ਜ਼ਰੀਏ ਦੋਵਾਂ ਪੰਜਾਬਾਂ ਦੇ ਨਾਲ-ਨਾਲ ਪੂਰੀ ਦੁਨੀਆ ਵਿਚ ਜਿੱਥੇ ਵੀ ਪੰਜਾਬੀ ਵੱਸਦੇ ਹਨ, ਵਿਚ ਪੂਰੀ ਰੀਝ ਨਾਲ ਸੁਣਿਆ ਗਿਆ। ਉਨ੍ਹਾਂ ਨੂੰ ਅੱਜ ਸਾਡੇ ਕੋਲੋਂ ਵਿਛੜਿਆਂ 40 ਸਾਲਾਂ ਤੋਂ ਵੀ ਵੱਧ ਸਮਾਂ ਬੀਤ ਚੁੱਕਾ ਹੈ ਪਰ ਅੱਜ ਵੀ ਉਨ੍ਹਾਂ ਦੇ ਗਾਏ ਗੀਤ ਪੰਜਾਬੀਆਂ ਦੇ ਦਿਲਾਂ ਦੀ ਧੜਕਨ ਬਣੇ ਹੋਏ ਹਨ। ਪੰਜਾਬ ਦੇ ਲੋਕ ਗੀਤਾਂ ਦੀ ਬਾਤ ਪਾਉਣ ਵਾਲਾ ਪੰਜਾਬੀਅਤ ਵਿਚ ਰੰਗਿਆ ਆਲਮ ਲੁਹਾਰ ਵਿਲੱਖਣ ਸ਼ਖ਼ਸੀਅਤ ਦਾ ਮਾਲਕ ਸੀ। ਉਹ ਸਾਂਝੇ ਪੰਜਾਬ ਦਾ ਕੋਹਿਨੂਰ ਹੀਰਾ ਸੀ।

ਆਲਮ ਲੁਹਾਰ ਦਾ ਜਨਮ ਪਹਿਲੀ ਮਾਰਚ 1928 ਨੂੰ ਲਹਿੰਦੇ ਪੰਜਾਬ ਦੇ ਪਿੰਡ ਓਚ ਕੋਚ ਨਜ਼ਦੀਕ ਲਾਲਾ ਮੂਸਾ ਤਹਿਸੀਲ ਖਰੀਆਂ, ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਵਿਚ ਹੋਇਆ। ਲੁਹਾਰ ਪਰਿਵਾਰ ਵਿਚ ਪੈਦਾ ਹੋਏ ਆਲਮ ਨੂੰ ਬਚਪਨ ਤੋਂ ਹੀ ਸੂਫੀਆਨਾ ਕਲਾਮ, ਪੰਜਾਬੀ ਲੋਕ ਦਾਸਤਾਨਾਂ ਅਤੇ ਪੰਜਾਬੀ ਕਿੱਸਿਆਂ ਨੂੰ ਪੜ੍ਹਨ ਤੇ ਸੁਣਨ ਦਾ ਸ਼ੌਕ ਸੀ। ਆਪਣੇ ਬਚਪਨ ਦੇ ਦਿਨਾਂ ਵਿਚ ਹੀ ਉਹ ਇਨ੍ਹਾਂ ਨੂੰ ਗੁਨਗੁਣਾਉਣ ਵੀ ਲੱਗਾ। ਉਨ੍ਹਾਂ ਤਕਰੀਬਨ 8-9 ਸਾਲ ਦੀ ਉਮਰ ਵਿਚ ਹੀ ਗਾਉਣਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਨੇ ਗਾਉਣ ਦੀ ਮੁੱਢਲੀ ਸਿੱਖਿਆ ਆਪਣੇ ਨਾਨਕੇ ਪਿੰਡ ਮਾਮੇ ਮੁਹੰਮਦ ਦੀਨ ਕੋਲੋਂ ਹਾਸਲ ਕੀਤੀ। ਪਿਤਾ ਪੁਰਖੀ ਜੱਦੀ ਕੰਮ ਲੋਹੇ ਦੇ ਖੇਤੀ ਸੰਦ ਬਣਾਉਣ ਨਾਲ ਜੁੜੇ ਹੋਣ ਕਾਰਨ ਆਲਮ ਦੇ ਪਿਤਾ ਜੀ ਚਾਹੁੰਦੇ ਸਨ ਕਿ ਉਨ੍ਹਾਂ ਦਾ ਪੁੱਤਰ ਵੀ ਆਪਣਾ ਜੱਦੀ ਪੁਸ਼ਤੀ ਲੁਹਾਰਾ ਕੰਮ ਹੀ ਸਿੱਖੇ ਪਰ ਆਲਮ ਦਾ ਗਾਉਣ ਦਾ ਸ਼ੌਕ ਜਨੂਨ ਦੀ ਹੱਦ ਪਾਰ ਕਰ ਚੁੱਕਾ ਸੀ ਤੇ ਉਸ ਨੂੰ ਗਾਉਣ ਤੋਂ ਸਿਵਾ ਹੋਰ ਕੁਝ ਵੀ ਨਹੀਂ ਕਰਨਾ ਸੀ। ਸੱਤ ਭੈਣਾਂ ਦਾ ਇਕਲੌਤਾ ਵੀਰ ਆਲਮ ਲੁਹਾਰ ਸਕੂਲ ਵਿਚ ਪਹਿਲੀ ਜਮਾਤ ਵਿਚ ਪੜ੍ਹਦਾ ਹੀ ਘਰ ਵਿਚ ਪਈ ਸੈਫ ਉਲ-ਮਲੂਕ ਦੇ ਕਲਾਮ ਦੀ ਕਿਤਾਬ ਨੂੰ ਬੜੇ ਸ਼ੌਕ ਨਾਲ ਪੜ੍ਹਨ ਲੱਗਾ ਸੀ।

ਸੁਰੀਲੀ ਆਵਾਜ਼ ਅਤੇ ਤੀਖਣ ਬੁੱਧੀ ਦਾ ਮਾਲਕ ਆਲਮ ਲੁਹਾਰ ਨਿੱਕੀ ਉਮਰੇ ਹੀ ਆਪਣੀ ਗਾਇਕੀ ਨੂੰ ਸਿਖਰਾਂ ਵੱਲ ਲੈ ਤੁਰਿਆ। ਉਨ੍ਹਾਂ ਨੇ ਬਚਪਨ ਵਿਚ ਹੀ ਬਹੁਤ ਸਾਰੇ ਸੂਫੀਆਨਾ ਕਲਾਮ ਜਿਨ੍ਹਾਂ ਵਿਚ ਬੁੱਲੇ ਸ਼ਾਹ ਦੇ ਕਲਾਮ, ਸੁਲਤਾਨ ਬਾਹੂ ਦੇ ਕਲਾਮ, ਬਾਬਾ ਫਰੀਦ ਜੀ ਦੀ ਬਾਣੀ, ਸੈਫ ਉਲ-ਮਲੂਕ ਅਤੇ ਪੰਜਾਬ ਦੀਆਂ ਲੋਕ ਦਾਸਤਾਨਾਂ ਜਿਨ੍ਹਾਂ ਵਿਚ ਹੀਰ ਰਾਂਝਾ, ਸੋਹਣੀ ਮਹੀਂਵਾਲ, ਸੱਸੀ ਪੁੰਨੂ, ਮਿਰਜ਼ਾ ਸਾਹਿਬਾਂ, ਯੂਸਫ ਜ਼ੁਲੈਖਾ ਅਤੇ ਦੁੱਲਾ ਭੱਟੀ ਨੂੰ ਮੂੰਹ ਜ਼ੁਬਾਨੀ ਯਾਦ ਕਰ ਲਿਆ ਸੀ ਤੇ ਇਨ੍ਹਾਂ ਨੂੰ ਉਹ ਪਿੰਡਾਂ ਦੀਆਂ ਮਹਿਫਲਾਂ, ਦਰਗਾਹਾਂ 'ਤੇ ਲੱਗਦੇ ਮੇਲਿਆਂ ਵਿਚ ਸਾਰੀ ਸਾਰੀ ਰਾਤ ਗਾਉਂਦਾ ਰਹਿੰਦਾ ਸੀ। ਉਸ ਦੀ ਗਾਇਕੀ ਵਿਚ ਇੰਨਾ ਠਹਿਰਾਅ ਤੇ ਰਸ ਹੁੰਦਾ ਸੀ ਕਿ ਲੋਕ ਸਾਰੀ ਸਾਰੀ ਰਾਤ ਉਸ ਦੇ ਗਾਉਣ ਨੂੰ ਬੜੀ ਸ਼ਿੱਦਤ ਨਾਲ ਸੁਣਦੇ ਸਨ।

ਪਿੰਡਾਂ ਵਿਚ ਲੱਗਦੇ ਮੇਲਿਆਂ, ਇਕੱਠਾਂ 'ਤੇ ਜਾ ਕੇ ਗਾਉਣ ਨਾਲ ਦਿਨਾਂ ਵਿਚ ਹੀ ਆਲਮ ਦੀ ਮਸ਼ਹੂਰੀ ਸਾਰੇ ਪੰਜਾਬ ਵਿਚ ਚਾਰੇ ਪਾਸੇ ਫੈਲ ਗਈ।

ਆਲਮ ਲੁਹਾਰ ਦੇ ਪਿੰਡ ਓਚ ਕੋਚ ਦੇ ਬਹੁਤ ਸਾਰੇ ਬੰਦੇ ਮਿਹਨਤ ਮਜ਼ਦੂਰੀ ਕਰਨ ਲਈ ਲਾਹੌਰ ਰਹਿੰਦੇ ਸਨ, ਆਲਮ ਦੀ ਵਧਦੀ ਪ੍ਰਸਿੱਧੀ ਨੂੰ ਦੇਖ ਕੇ ਉਨ੍ਹਾਂ ਨੇ 13 ਸਾਲ ਦੀ ਛੋਟੀ ਉਮਰ ਦੇ ਆਲਮ ਲੁਹਾਰ ਨੂੰ ਲਾਹੌਰ ਵਿਖੇ ਅਖਾੜਾ ਲਾਉਣ ਲਈ ਸੱਦਿਆ। ਆਲਮ ਨੇ ਲਾਹੌਰ ਆ ਕੇ ਆਪਣੀ ਗਾਇਕੀ ਦੇ ਚੰਗੇ ਰੰਗ ਬੰਨ੍ਹੇ। ਉਥੇ ਆਲਮ ਨੇ ਆਪਣੇ ਖਾਸ ਅੰਦਾਜ਼ ਵਿਚ ਜਦੋਂ ਘੜੇ ਨਾਲ ਹੀਰ ਗਾਉਣੀ ਤਾਂ ਸੁਣਨ ਵਾਲੇ ਅਸ਼-ਅਸ਼ ਕਰ ਉਠਦੇ। ਇਸ ਤਰ੍ਹਾਂ ਹੀ ਜਦੋਂ ਇਕ ਦਿਨ ਇਕ ਰਿਕਾਰਡਿੰਗ ਕੰਪਨੀ ਦੇ ਮਾਲਕ ਜਾਨਕੀ ਦਾਸ ਨੇ ਮੇਵਾ ਮੰਡੀ ਲਾਹੌਰ ਵਿਚ ਆਲਮ ਲੁਹਾਰ ਨੂੰ ਗਾਉਂਦੇ ਸੁਣਿਆ ਤਾਂ ਉਸ ਨੂੰ ਆਪਣੇ ਰਿਕਾਰਡਿੰਗ ਸਟੂਡੀਓ ਤਵੇ ਭਰਵਾਉਣ ਲਈ ਆਉਣ ਦਾ ਸੱਦਾ ਦਿੱਤਾ। ਸਿੱਧੇ ਸਾਧੇ ਪਿੰਡ ਦੇ ਰਹਿਣ ਵਾਲੇ ਆਲਮ ਨੂੰ ਇਹ ਸੁਣ ਕੇ ਹੈਰਾਨੀ ਹੋਈ ਕਿ ਤਵੇ ਕੀ ਹੁੰਦੇ ਨੇ। ਜਦੋਂ ਉਹ ਜਾਨਕੀ ਦਾਸ ਦੇ ਸਟੂਡੀਓ ਪੁੱਜਾ ਤਾਂ ਆਲਮ ਨੇ ਆਪਣੀ ਬਣਾਈ ਹੋਈ ਧੁੰਨ 'ਤੇ ਤਸਵੀਰ-ਏ-ਯੂਸਫ ਪੜ੍ਹੀ ਜੋ ਜਾਨਕੀ ਦਾਸ ਨੂੰ ਪਸੰਦ ਨਾ ਆਈ ਪਰ ਕਹਿੰਦੇ ਹਨ ਹੀਰੇ ਦੀ ਪਰਖ ਜੌਹਰੀ ਨੂੰ ਹੀ ਹੁੰਦੀ ਹੈ ਸੋ ਇਸੇ ਹੀ ਧੁਨ 'ਤੇ ਤਸਵੀਰ-ਏ-ਯੂਸਫ ਦਾ ਪਹਿਲਾ ਤਵਾ 13 ਸਾਲ ਦੀ ਉਮਰ ਵਿਚ ਮੌਲਵੀ ਨੂਰ ਮੁਹੰਮਦ ਦੀ ਰਹਿਨੁਮਾਈ ਹੇਠ 'ਜੈਨਬ ਦੀ ਫਰਿਆਦ' ਟਾਈਟਲ ਹੇਠ ਰਿਕਾਰਡ ਕੀਤਾ ਗਿਆ।

ਆਲਮ ਲੁਹਾਰ ਨੇ ਗਾਉਣ ਦਾ ਆਪਣਾ ਵੱਖਰਾ ਅੰਦਾਜ਼ ਪੈਦਾ ਕੀਤਾ। ਪਿੰਡਾਂ, ਕਸਬਿਆਂ ਅਤੇ ਦਰਗਾਹਾਂ 'ਤੇ ਲੱਗਣ ਵਾਲੇ ਮੇਲਿਆਂ ਵਿਚ ਉਹ ਆਪਣਾ ਥੀਏਟਰ ਲਾਉਂਦਾ ਹੁੰਦਾ ਸੀ, ਜਿੱਥੇ ਉਹ ਸਾਰੀ ਸਾਰੀ ਰਾਤ ਆਪਣੀ ਲੋਕ ਗਾਇਕੀ ਦੇ ਹੁਨਰ ਨੂੰ ਲੋਕਾਂ ਸਾਹਮਣੇ ਪੇਸ਼ ਕਰਦਾ ਤੇ ਸੂਫੀਆਨਾ ਕਲਾਮ, ਕਿੱਸਾ ਯੂਸਫ ਜ਼ੁਲੈਖਾ, ਹੀਰ ਦਾ ਕਿੱਸਾ, ਸੋਹਣੀ ਮਹੀਂਵਾਲ ਦਾ ਕਿੱਸਾ, ਮਿਰਜ਼ਾ ਅਤੇ ਆਪਣੇ ਖਾਸ ਅੰਦਾਜ਼ ਵਿਚ ਜਦੋਂ ਜੁਗਨੀ ਗਾਉਂਦਾ ਤਾਂ ਸੁਣਨ ਵਾਲੇ ਸਰੋਤੇ ਖੁਸ਼ ਵੀ ਬਹੁਤ ਹੁੰਦੇ ਤੇ ਬਿਰਹਾ ਵਿਚ ਉਦਾਸ ਵੀ ਹੋ ਜਾਂਦੇ। ਉਸ ਦੀ ਖਾਸ ਪਛਾਣ ਹੱਥ ਵਿਚ ਫੜਿਆ ਚਿਮਟਾ ਹੁੰਦਾ ਸੀ। ਇਸ ਦੇ ਨਾਲ ਹੀ ਸੁਲਤਾਨ ਬਾਹੂ, ਹਾਸ਼ਮ ਸ਼ਾਹ, ਮੁਹੰਮਦ ਬਖ਼ਸ਼ ਦੇ ਦੋਹੜੇ ਅਤੇ ਦੁੱਲੇ ਭੱਟੀ ਦੀ ਵਾਰ ਨੂੰ ਆਪਣੇ ਖਾਸ ਅੰਦਾਜ਼ ਵਿਚ ਗਾਉਣ ਦੀ ਕਲਾ ਆਲਮ ਲੁਹਾਰ ਨੂੰ ਪੰਜਾਬੀ ਲੋਕ ਗਾਇਕੀ ਦੀ ਸਭ ਤੋਂ ਉਚਾ, ਵਿਲੱਖਣ ਅਤੇ ਮਹਾਨ ਗਾਇਕ ਬਣਾਉਂਦੀ ਸੀ।

ਲੋਕਾਂ ਵਿਚ ਆਲਮ ਲੁਹਾਰ ਦੀ ਮਕਬੂਲੀਅਤ ਨੂੰ ਵੇਖ ਕੇ ਬਹੁਤ ਸਾਰੇ ਫਿਲਮਸਾਜ਼ਾਂ ਨੇ ਇਨ੍ਹਾਂ ਤੋਂ ਆਪਣੀਆ ਫਿਲਮਾਂ ਲਈ ਕਈ ਹਿੱਟ ਗੀਤ ਗਵਾਏ ਜਿਨ੍ਹਾਂ ਵਿਚ ਸਭ ਤੋਂ ਪਹਿਲਾ ਗੀਤ 1964 ਵਿਚ ਬਣੀ ਪੰਜਾਬੀ ਫਿਲਮ 'ਲਾਈਲੱਗ' ਲਈ 'ਐ ਧਰਤੀ ਪੰਜ ਦਰਿਆਵਾਂ ਦੀ' ਗਾਇਆ। ਇਹ ਗੀਤ ਉਸ ਜ਼ਮਾਨੇ ਵਿਚ ਬੇਹੱਦ ਮਕਬੂਲ ਹੋਇਆ ਸੀ।

ਆਲਮ ਲੁਹਾਰ ਮਕਬੂਲੀਅਤ ਜਿਸ ਲੋਕ ਗੀਤ ਨੂੰ ਗਾਉਣ ਨਾਲ ਹਾਸਲ ਹੋਈ, ਉਹ ਸੀ ਜੁਗਨੀ ਜੋ ਜਗਤ ਪ੍ਰਸਿੱਧ ਹੈ। ਉਨ੍ਹਾਂ ਨੇ ਉਸ ਜ਼ਮਾਨੇ ਵਿਚ ਜੁਗਨੀ ਨੂੰ ਨਵੀਂ ਪਛਾਣ ਦਿੱਤੀ ਤੇ ਜੁਗਨੀ ਨੂੰ ਆਪਣੇ ਖਾਸ ਅੰਦਾਜ਼ ਵਿਚ ਗਾ ਕੇ ਅਮਰ ਕਰ ਦਿੱਤਾ। ਫਕੀਰੀ ਰੰਗ ਵਿਚ ਰੰਗਿਆ ਆਲਮ ਲੁਹਾਰ ਆਪਣੇ ਫਨ ਨਾਲ ਇਸ਼ਕ ਕਰਦਾ ਸੀ, ਗਾਇਕੀ ਉਸ ਲਈ ਇਬਾਦਤ ਸੀ। ਇਕ ਵਾਰ ਜਦੋਂ ਸੜਕ ਹਾਦਸੇ ਵਿਚ ਉਸ ਦੀ ਲੱਤ ਦੀ ਹੱਡੀ ਟੁੱਟ ਗਈ ਤਾਂ ਹਸਪਤਾਲ ਦੇ ਸਟਾਫ ਅਤੇ ਆਪਣੇ ਚਾਹੁਣ ਵਾਲਿਆਂ ਦੀ ਬੇਰੁਖੀ ਨੇ ਆਲਮ ਦੇ ਕੋਮਲ ਦਿਲ 'ਤੇ ਡੂੰਘੀ ਸੱਟ ਮਾਰੀ ਤੇ ਉਸ ਦੇ ਅੰਦਰੋਂ ਇਸ ਬੇਰੁਖੀ ਖਿਲਾਫ ਰੋਸਾ ਜ਼ਾਹਰ ਕਰਦਾ ਗੀਤ ਫੁੱਟਿਆ ਜੋ ਉਨ੍ਹਾਂ ਨੇ ਬਾਅਦ ਵਿਚ ਰਿਕਾਰਡ ਵੀ ਕਰਵਾਇਆ। ਇਹ ਗੀਤ ਮਗਰੋਂ ਬੇਹੱਦ ਮਕਬੂਲ ਹੋਇਆ ਸੀ। ਗੀਤ ਦੇ ਬੋਲ ਸਨ 'ਵਾਜਾਂ ਮਾਰੀਆਂ ਬੁਲਾਇਆ ਕਈ ਵਾਰ ਮੈਂ, ਕਿਸੇ ਨੇ ਮੇਰੀ ਗੱਲ ਨਾ ਸੁਣੀ।' ਪਹਿਲੇ ਐਕਸੀਡੈਂਟ ਵਿਚ ਤਾਂ ਆਲਮ ਲੁਹਾਰ ਨੂੰ ਸੱਟਾਂ ਹੀ ਲੱਗੀਆਂ ਸਨ ਜੋ ਸਮਾਂ ਪਾ ਕੇ ਠੀਕ ਵੀ ਹੋ ਗਈਆਂ ਪਰ ਕਿਸੇ ਨੇ ਇਹ ਸੋਚਿਆ ਵੀ ਨਹੀਂ ਸੀ ਕਿ ਆਲਮ ਲੁਹਾਰ ਇਕ ਵਾਰ ਫਿਰ ਐਕਸੀਡੈਂਟ ਦਾ ਸ਼ਿਕਾਰ ਹੋ ਜਾਣਗੇ। 3 ਜੁਲਾਈ 1979 ਨੂੰ ਇਕ ਪ੍ਰੋਗਰਾਮ ਕਰ ਕੇ ਘਰ ਵਾਪਸੀ ਦੌਰਾਨ ਪਿੰਡ ਸ਼ਾਮ ਕੀ ਭੱਟੀਆਂ ਦੇ ਨਜ਼ਦੀਕ ਆਲਮ ਦੀ ਕਾਰ ਦਾ ਐਕਸੀਡੈਂਟ ਹੋਇਆ ਜੋ ਉਨ੍ਹਾਂ ਲਈ ਜਾਨਲੇਵਾ ਸਾਬਤ ਹੋਇਆ। ਉਨ੍ਹਾਂ ਨੂੰ ਲਾਲਾ ਮੂਸਾ ਜ਼ਿਲ੍ਹਾ ਗੁਜਰਾਤ ਲਹਿੰਦਾ ਪੰਜਾਬ ਵਿਖੇ ਸਪੁਰਦ-ਏ-ਖਾਕ ਕੀਤਾ ਗਿਆ। ਆਲਮ ਦੇ ਜਾਣ ਤੋਂ ਬਾਅਦ ਇਨ੍ਹਾਂ ਦੀ ਗਾਇਕੀ ਦੀ ਵਿਰਾਸਤ ਨੂੰ ਇਨ੍ਹਾਂ ਦੇ 8 ਪੁੱਤਰਾਂ ਵਿਚੋਂ ਸਭ ਤੋਂ ਛੋਟਾ ਪੁੱਤਰ ਆਰਿਫ ਲੁਹਾਰ ਅੱਗੇ ਵਧਾ ਰਿਹਾ ਹੈ ਜੋ ਬਿਲਕੁਲ ਆਪਣੇ ਬਾਪ ਦੇ ਅੰਦਾਜ਼ ਵਿਚ ਹੀ ਗਾਉਂਦਾ ਹੈ। ਹੁਣ ਅੱਗੋਂ ਆਲਮ ਲੁਹਾਰ ਦੇ ਪੋਤਰੇ, ਆਰਿਫ ਲੁਹਾਰ ਦੇ ਤਿੰਨੇ ਪੁੱਤਰ ਵੀ ਲੋਕ ਗਾਇਕੀ ਦੀ ਇਸ ਵਿਰਾਸਤ ਨੂੰ ਅੱਗੇ ਲੈ ਜਾਣ ਲਈ ਤਿਆਰ ਹੋ ਰਹੇ ਹਨ। ਲੋਕ ਇਨ੍ਹਾਂ ਦੀ ਅਗਲੀ ਪੀੜ੍ਹੀ ਨੂੰ ਵੀ ਅੰਤਾਂ ਦਾ ਮੋਹ ਕਰਦੇ ਹਨ।

## ਬੇਸ਼ੁਮਾਰ ਗੀਤ

ਆਲਮ ਲੁਹਾਰ ਨੇ ਬੇਸ਼ੁਮਾਰ ਗੀਤ ਗਾਏ ਅਤੇ 15 ਗੋਲਡ ਐਲ.ਪੀ. ਡਿਸਕ ਆਪਣੇ ਨਾਮ ਕੀਤੇ। 1948 ਵਿਚ ਸੈਫ ਉਲ ਮਲੂਕ, 1959 ਵਿਚ ਕਿੱਸਾ ਦੁੱਲਾ ਭੱਟੀ, 1961 ਵਿਚ ਕਿੱਸਾ ਯੂਸਫ ਜ਼ੁਲੈਖਾ, 1963 ਵਿਚ ਕਿੱਸਾ ਹਿਰਨੀ, 1964 ਵਿਚ ਮਸ਼ਹੂਰ ਲੋਕ ਗੀਤ ਬੋਲ ਮਿੱਟੀ ਦਿਆ ਬਾਵਿਆ, 1965 ਵਿਚ ਜੁਗਨੀ, 1967 ਵਿਚ ਕਿੱਸਾ ਮਿਰਜ਼ਾ ਸਾਹਿਬਾਂ, 1968 ਵਿਚ ਮਿਰਜ਼ੇ ਦੀ ਮਾਂ, 1969 ਵਿਚ ਹੀਰ, 1971 ਵਿਚ ਮਾਂ ਦਾ ਪਿਆਰ, 1972 ਵਿਚ ਕਿੱਸਾ ਸੱਸੀ ਪੁੰਨੂ, 1973 ਵਿਚ ਵਿਆਹ, 1974 ਵਿਚ ਕਿੱਸਾ ਬਾਰਾਹ ਮਾਹ, 1975 ਵਿਚ ਦਿਲ ਵਾਲਾ ਦੁਖੜਾ ਅਤੇ 1977 ਵਿਚ ਵਾਜਾਂ ਮਾਰੀਆਂ ਬੁਲਾਇਆ ਕਈ ਵਾਰ ਦੇ ਟਾਈਟਲ ਹੇਠ ਸੁਪਰ ਹਿੱਟ ਗੀਤਾਂ ਦੇ ਰਿਕਾਰਡ ਕੱਢੇ ਜਿਨ੍ਹਾਂ ਨੂੰ ਬੇਹੱਦ ਮਕਬੂਲੀਅਤ ਹਾਸਲ ਹੋਈ। ਉਸ ਨੇ 'ਅਵਲ ਅੱਲਾ ਨੂਰ ਉਪਾਇਆ', 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਅਤੇ 'ਉਚ ਅਪਾਰ ਬੇਅੰਤ ਸੁਆਮੀ' ਦਾ ਵੀ ਗਾਇਨ ਕੀਤਾ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 19 ਦਸੰਬਰ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-460



*ਸਿੱਖ ਜਾਂ ਹਿੰਦੂ ਕੋਈ ਨਾ ਇਥੇ, ਨਾ ਹੀ ਕੋਈ ਮੁਸਲਮਾਨ।
ਇੱਕੋ ਪਰਾਤ 'ਚ ਗੁੰਨ੍ਹਣ ਆਟਾ, ਬਣ ਗਏ ਸਭ ਇਨਸਾਨ।
ਮਿਟ ਗਈਆਂ ਸਭ ਜਾਤਾਂ ਪਾਤਾਂ, ਇੱਕੋ ਜਮਾਤ 'ਕਿਸਾਨ'।
ਇਹ ਏਕਾ ਹੁਣ ਰੰਗ ਦਿਖਾਊ, ਬਣੂ ਲੋਟੂਆਂ ਲਈ ਤੂਫਾਨ।*

## ਕੈਪਸ਼ਨ ਮੁਕਾਬਲਾ-458



ਜੇ ਗਾਹਕ ਕੋਈ ਆਵੇ, ਤਾਂ ਕੱਪੜਾ ਕੱਟਾਂ,
ਘਰ ਨਿਆਣੇ ਭੁੱਖੇ, ਕੁਝ ਤਾਂ ਪੈਸੇ ਵੱਟਾਂ।
ਜਾ ਵੇ ਕਰੋਨਿਆ, ਤੇਰਾ ਬਹਿ ਜੇ੍ਹ ਬੇੜਾ,
ਮੈਂ ਰੋਜ਼ ਤੱਕਾਂ, ਬਣਦਾ ਗਾਹਕ ਨਾ ਮੇਰਾ।
**-ਪੂਜਾ ਪੁੰਡਰਕ, ਮੂਣਕ (ਸੰਗਰੂਰ)**

---

ਖੋਹ ਲਏ ਨੇ ਰੁਜ਼ਗਾਰ ਕਰੋਨਾ ਚੰਦਰੇ ਨੇ,
ਲੁੱਟੇ ਨੇ ਘਰ ਬਾਰ ਲੱਗੇ ਪਏ ਜੰਦਰੇ ਨੇ।
ਸੌਂ ਗਈ ਹੈ ਸਰਕਾਰ ਹਾਲ ਸਭ ਮੰਦੜੇ ਨੇ,
ਜੀਣਾ ਹੋਇਆ ਦਰਕਾਰ ਭਾਗ ਖੰਡਤੇ ਨੇ।
**-ਸੇਵਾ ਸਿੰਘ ਨੂਰਪੁਰੀ**

---

ਸਾਡੇ ਵੀ ਕਦੇ ਦਿਨ ਸੀ ਹੁੰਦੇ
ਬੜੀ ਚੜ੍ਹਈ ਹੁੰਦੀ ਸੀ।
ਪਹਿਲਾਂ ਵਾਰੀ ਲਾਵਣ ਖਾਤਰ
ਬੜੀ ਲੜਾਈ ਹੁੰਦੀ ਸੀ।
ਨਵੇਂ ਯੁੱਗ ਦੀਆਂ ਨਵੀਆਂ ਬਾਤਾਂ
ਵਿਹਲੇ ਬੈਠੇ ਝਾਕੀ ਜਾਈਏ।
ਮਾਲ, ਬੁਟੀਕ ਦੀ ਹੁਣ ਬੱਲੇ ਬੱਲੇ
ਕਦੇ ਕਦੇ ਕੋਈ ਟਾਕੀ ਲਾਈਏ।
**-ਜਗਮੀਤ ਸਿੰਘ ਪੰਧੇਰ
ਪਿੰਡ ਕਲਾਹੜ (ਲੁਧਿਆਣਾ)
ਫੋਨ:91-98783-37222**

---

ਪਜਾਮੇ, ਕੱਛੇ ਸਿਉਂ ਕੇ ਵੀ,
ਰਜਾ ਲੈਂਦਾ ਸੀ ਆਪਣਾ ਲਾਣਾ।
ਮਾਲ-ਬਾਜ਼ਾਰ, ਰੈਡੀਮੇਡ ਛਾ ਗਏ,
ਥੜ੍ਹੀਆਂ ਵਾਲਾ ਕੀ ਕਰੇ ਨਿਮਾਣਾ।
ਦੂਹਰੀ ਮਾਰ ਕਰੋਨੇ ਦੀ ਪੈ ਗਈ,
ਛੋਟੇ ਧੰਦਿਆਂ 'ਤੇ ਵਰਤਿਆ ਭਾਣਾ।
**-ਦਵਿੰਦਰ ਕੌਰ**

---

ਨਾ ਕੋਈ ਘਰ ਹੈ, ਨਾ ਦੁਕਾਨ ਹੈ,
ਬੱਸ ਇੱਕ ਹੁਨਰ ਹੈ ਪੱਲੇ।
ਹੱਕ ਸੱਚ ਦੀ ਕਿਰਤ ਨਾਲ ਵੀ
ਘਰ ਦਾ ਠਕਠਕਾ ਚੱਲੇ।
**-ਮੂਲ ਚੰਦ ਸ਼ਰਮਾ
ਫੋਨ: 91-94784-08898**

---

ਬੈਠਾ ਸੋਚਾਂ ਕੀ ਹੋਵੇਗਾ
ਸਾਡੇ ਰੁਜ਼ਗਾਰ ਦਾ?
ਨਵੀਆਂ ਮਾਲਾਂ, ਨਵੇਂ ਰਿਵਾਜਾਂ ਨੇ
ਸਾਡਾ ਕੰਮ ਵਿਗਾੜ'ਤਾ।
**-ਇੰਦਰਜੀਤ ਮੰਗਾ, ਪਿਟਸਬਰਗ**

---

ਕਰੋਨੇ ਨੇ ਪਾਈ ਐਸੀ ਮਾਰ
ਦੁਨੀਆਂ ਕੀਤੀ ਬੇਰੁਜ਼ਗਾਰ।
ਮੌਕਾਪ੍ਰਸਤ ਕਾਰਪੋਰੇਟਾਂ ਸਾਂਭਿਆਂ ਬਾਜ਼ਾਰ,
ਸੀਤੇ ਸਿਲਾਏ ਕੱਪੜਿਆਂ ਦਾ ਲਾਇਆ ਭੰਡਾਰ।
ਦਰਜੀਆਂ ਦਾ ਠੰਡਾ ਹੋਇਆ ਕਾਰੋਬਾਰ,
ਧੋਬੀਆਂ ਵਾਂਗੂ ਬੈਠੇ ਫੱਟੇ ਡਾਹ
ਟੁੱਟ ਭੱਜ ਠੀਕ ਕਰਨ ਦੀ ਕਰਦੇ ਕਾਰ।
**-ਅਮਰਜੀਤ ਸਿੰਘ ਤੂਰ
ਪਿੰਡ ਕੁਲਬੁਰਛਾ, ਪਟਿਆਲਾ।
ਫੋਨ: 91-98784-69639**

---

ਕਾਰਪੋਰੇਟ ਵਰਲਡ ਦਾ ਨਵਾਂ ਝਾਂਸਾ
ਨਾਂ ਕਰੋਨਾ ਦਾ ਡਰ ਮੜ੍ਹਦੇ
ਹੱਥੀਂ ਦਸਤਕਾਰੀ ਖਤਮ ਕਰ ਦਿੱਤੀ।
ਹਬੜ ਦਿੱਤੇ ਗਰੀਬ ਘਰਾਂ 'ਚ
ਰੈਡੀਮੇਡ ਭੇਜ ਮਾਰਕਿਟ 'ਚ
ਵਪਾਰੀ ਤਬਕਾ ਮਾਲਾਮਾਲ ਹੋਇਆ।
ਵੈਕਸੀਨ ਲਿਆਉਣ ਲਈ ਮਾਰਕਿਟ 'ਚ
ਕਰੋੜਪਤੀਆਂ ਦਾ ਆਪਸੀ ਟਾਕਰਾ ਸ਼ੁਰੂ ਹੋਇਆ।
**-ਦਰਸ਼ਨਪਾਲ ਦੋਸਾਂਝ**

---

ਸੋਚਾਂ ਵਿਚ ਪਿਆ ਸੋਚਦਾ ਦਰਜੀ ਬੇਚਾਰਾ
ਕਰੋਨਾ ਨੇ ਕੰਮ ਦਾ ਬੇੜਾ ਗਰਕ ਕੀਤਾ ਸਾਰਾ।
ਕੰਮ ਪਹਿਲਾਂ ਹੀ ਘੱਟ ਆਉਂਦਾ ਸੀ
ਹੁਣ ਕਿਵੇਂ ਹੋਵੇਗਾ ਗੁਜ਼ਾਰਾ?
ਵਿਆਹ ਤੇ ਅਖੰਡ ਪਾਠ ਘਟ ਗਏ
ਮਹਿਮਾਨ ਨਿਵਾਜੀ ਦਾ ਹਾਲ ਵੀ ਮਾੜਾ।
ਗਰੀਬ ਦੀ ਰੋਜ਼ ਲੱਗਦੀ ਸੀ ਦਿਹਾੜੀ
ਉਸ ਤੋਂ ਵੀ ਹੁਣ ਹੋ ਗਿਆ ਕਿਨਾਰਾ।
ਮੂੰਹ 'ਤੇ ਮਾਸਕ, ਹੱਥ ਧੋਣੇ ਹਰ ਵਕਤ
ਕੈਸਾ ਆ ਗਿਆ ਸਮਾਂ ਏ ਭਾਰਾ।
ਦੋ ਨੰਬਰ ਦੇ ਧੰਦੇ ਨੇ ਕੀਤੀ ਖੂਬ ਕਮਾਈ
ਮਾਰਿਆ ਗਿਆ ਗਰੀਬ ਬੇਚਾਰਾ।
**-ਗੋਰਾ ਪ੍ਰਜਾਪਤ, ਨਿਊ ਯਾਰਕ
ਫੋਨ: 718-640-6660**

# ਕਰੋਨਾ ਵਾਇਰਸ ਦੇ ਟੀਕੇ

## ਜਾਣਕਾਰੀ

ਸਾਲ 2020 ਦੇ ਸ਼ੁਰੂ ਤੋਂ ਕਰੋਨਾ (ਕੋਵਿਡ-19) ਮਹਾਮਾਰੀ ਨੇ ਦੁਨੀਆਂ ਨੂੰ ਵਕਤ ਪਾਇਆ ਹੋਇਆ ਹੈ। ਜਦੋਂ ਦੀ ਇਹ ਬੀਮਾਰੀ ਫੈਲਣੀ ਸ਼ੁਰੂ ਹੋਈ ਹੈ, ਉਦੋਂ ਤੋਂ ਉਮੀਦ ਕੀਤੀ ਜਾਂਦੀ ਸੀ ਕਿ ਇਹ ਆਫਤ ਕਿਸੇ ਟੀਕੇ ਦੀ ਕਾਢ ਉਪਰੰਤ ਹੀ ਟਲੇਗੀ। ਦੋ ਨਵੰਬਰ 2020 ਨੂੰ ਦੋ ਡਰੱਗ ਕੰਪਨੀਆਂ-ਅਮਰੀਕਾ ਦੀ 'ਫਾਇਜ਼ਰ' ਅਤੇ ਜਰਮਨੀ ਦੀ 'ਬਾਉਨਟੈਕ' (Pfizer and BioNTech), ਦੇ ਸਾਂਝੇ ਉੱਦਮ ਨਾਲ ਕਰੋਨਾ ਦਾ ਟੀਕਾ ਲੱਭਿਆ ਗਿਆ ਹੈ। 16 ਨਵੰਬਰ 2020 ਨੂੰ ਅਮਰੀਕਾ ਦੀ ਇਕ ਹੋਰ ਕੰਪਨੀ ਮੁਡੇਰਨਾ (Moderna) ਨੇ ਵੀ ਟੀਕੇ ਦਾ ਐਲਾਨ ਕੀਤਾ ਹੈ। ਇਨ੍ਹਾਂ ਕੰਪਨੀਆਂ ਨੇ ਟੀਕੇ ਨੂੰ ਬੀਮਾਰੀ ਗ੍ਰਸਤ ਅਤੇ ਤੰਦਰੁਸਤ ਲੋਕਾਂ 'ਤੇ ਟੈਸਟ ਕਰਨ ਉਪਰੰਤ ਨਤੀਜਾ ਕੱਢਿਆ ਕਿ ਇਹ ਦੋਵੇਂ ਟੀਕੇ 90% ਤੋਂ ਵੱਧ ਕਾਰਗਰ ਸਿੱਧ ਹੋਏ ਹਨ।

ਡਾ. ਗੁਰੂਮੇਲ ਸਿੱਧੂ

ਟੀਕਿਆਂ ਦੇ ਐਨੇ ਵੱਡੇ ਪੱਧਰ 'ਤੇ ਕਾਮਯਾਬ ਹੋਣ ਦੀ ਖਬਰ ਨੇ ਲੋਕਾਂ ਦੇ ਦਿਲਾਂ ਵਿਚ ਧਰਵਾਸ ਪੈਦਾ ਕੀਤਾ ਹੈ ਅਤੇ ਮੌਤ ਦੇ ਦਹਿਲ ਤੋਂ ਰਾਹਤ ਬਖਸ਼ੀ ਹੈ।


ਫਾਇਜ਼ਰ-ਬਾਉਨਟੈਕ ਟੀਕੇ ਦਾ ਨਾਂ ਹੈ, BNT162b2 ਜੋ 90% ਕਾਰਗਰ ਹੈ। ਇਹ ਤਿੰਨ ਹਫਤੇ ਦੇ ਵਕਫੇ ਨਾਲ ਦੋ ਵਾਰ ਲਾਉਣਾ ਪਵੇਗਾ। ਮੁਡੇਰਨਾ ਦੇ ਟੀਕੇ ਦਾ ਨਾਂ ਹੈ, ਐਮ-ਆਰ. ਐਨ. ਏ.-1273 (mRNA-1273) ਅਤੇ ਇਹ 95% ਅਸਰਦਾਰ ਹੈ। ਮੁਡੇਰਨਾ ਕੰਪਨੀ ਨੇ ਇਹ ਟੀਕਾ ਅਮਰੀਕਨ ਗੌਰਮਿੰਟ ਦੀ ਏਜੰਸੀ, ਨਿਆਡ (NIAID=National Institute of allergy and Infectious Diseases), ਨਾਲ ਮਿਲ ਕੇ ਤਿਆਰ ਕੀਤਾ ਹੈ। ਇਹ ਵੀ ਤਿੰਨ ਹਫਤੇ ਦੇ ਵਕਫੇ ਨਾਲ ਦੋ ਵਾਰ ਲਾਉਣਾ ਪਵੇਗਾ। ਦੋਹਾਂ ਕੰਪਨੀਆਂ ਦੇ ਟੀਕੇ ਉਮਰ, ਲਿੰਗ, ਜਾਤਪਾਤ, ਮਜ਼੍ਹਬ, ਭੂਗੋਲਿਕ ਸਥਾਨ ਅਤੇ ਸਮਾਜਕ ਰੁਤਬੇ ਦੇ ਪਾਬੰਦ ਨਹੀਂ ਹਨ, ਸਰਬ ਸਾਂਝੀਵਾਲਤਾ ਦੇ ਪ੍ਰਤੀਕ ਹਨ।

ਫਾਇਜ਼ਰ-ਬਾਉਨਟੈਕ ਦੇ ਟੀਕੇ ਦੀਆਂ ਸ਼ੀਸ਼ੀਆਂ ਨੂੰ -70 ਡਿਗਰੀ ਸੈਲਸੀਐਸ (-94 ਡਿਗਰੀ ਫਾਰਨਹਾਈਟ) ਅਤੇ ਮੁਡੇਰਨਾ ਦੇ ਟੀਕੇ



ਨੂੰ -20 ਡਿਗਰੀ ਸੈਲਸੀਆ (-4 ਡਿਗਰੀ ਫਾਰਨਹਾਈਟ) ਤਾਪਮਾਨ ਵਿਚ ਰੱਖਣਾ ਪਵੇਗਾ। ਸਵਾਲ ਹੈ ਕਿ ਟੀਕਿਆਂ ਲਈ ਐਨੇ ਠੰਡੇ ਤਾਪਮਾਨ ਦੀ ਕਿਉਂ ਲੋੜ ਹੈ? ਦੋਹਾਂ ਕੰਪਨੀਆਂ ਦੇ ਟੀਕੇ ਮੈਸੰਜਰ-ਆਰ. ਐਨ. ਏ. (m-RNA) ਕਣ ਤੋਂ ਬਣਾਏ ਗਏ ਹਨ, ਜੋ ਸਰੀਰ ਤੋਂ ਵੱਧ ਤਾਪਮਾਨ (37 ਡਿਗਰੀ ਸੈਲਸੀਅਸ= 98.6 ਡਿਗਰੀ ਫਾਰਨਹਾਈਟ) ਵਿਚ ਛੇਤੀਂ ਵਿਣਸ ਜਾਂਦਾ ਹੈ। ਇਸ ਲਈ ਐਮ-ਆਰ. ਐਨ. ਏ. ਕਣ ਦੀ ਬਣਤਰ ਵਿਚ ਥੋੜ੍ਹੀ-ਬਾਹਲੀ ਅਦਲਾ-ਬਦਲੀ ਕਰਕੇ, ਇਸ ਨੂੰ ਲਿਪਿਡ ਦੇ ਮਹੀਨ ਕਣਾਂ (Lipid Snippet) ਵਿਚ ਲਪੇਟ ਕੇ ਟੀਕੇ ਦਾ ਕੈਪਸਿਊਲ ਬਣਾਇਆ ਗਿਆ ਹੈ। ਲਿਪਿਡ ਇਕ ਪ੍ਰਕਾਰ ਦੀ ਥਿੰਧਿਆਈ ਹੈ, ਜੋ ਟੀਕੇ ਨੂੰ ਬੰਨ੍ਹ ਕੇ ਰੱਖਦੀ ਹੈ ਅਤੇ ਸਰੀਰ ਨਾਲ ਚਿਪਟ ਕੇ ਅੰਦਰ ਦਾਖਲ ਹੋਣ ਵਿਚ ਸਹਾਈ ਹੁੰਦੀ ਹੈ।

ਅਗਲਾ ਸਵਾਲ ਇਹ ਹੈ ਕਿ ਟੀਕਿਆਂ ਨੂੰ ਐਨੇ ਠੰਡੇ ਤਾਪਮਾਨ ਵਿਚ ਕਿਵੇਂ ਰੱਖਿਆ ਜਾਵੇਗਾ ਅਤੇ ਲੋਕਾਂ ਤਕ ਕਿੱਦਾਂ ਪਹੁੰਚਾਇਆ ਜਾਵੇਗਾ? ਮੁਡੇਰਨਾ ਕੰਪਨੀ ਦਾ ਟੀਕਾ ਤਾਂ ਆਮ ਫਰਿਜ਼ ਦੇ ਫਰੀਜ਼ਰ ਵਿਚ ਸਾਂਭਿਆ ਜਾ ਸਕਦਾ ਹੈ। ਕੰਪਨੀ ਦਾ ਕਹਿਣਾ ਹੈ ਕਿ ਇਹ ਇਕ ਮਹੀਨੇ ਤਕ ਫਰਿਜ਼ ਵਿਚ ਵੀ ਰੱਖਿਆ ਜਾ ਸਕਦਾ ਹੈ। ਇਸ ਲਈ ਮੁਡੇਰਨਾ ਕੰਪਨੀ ਦੇ ਟੀਕੇ ਨੂੰ ਦੂਰ-ਨੇੜੇ ਭੇਜਣ ਵਿਚ ਕੋਈ ਖਾਸ ਦਿੱਕਤ ਨਹੀਂ। ਫਾਇਜ਼ਰ-ਬਾਉਨਟੈਕ ਨੇ ਟੀਕੇ ਦੀ ਢੋਆ-ਢੁਆਈ ਲਈ ਖਾਸ ਕਿਸਮ ਦੇ ਕੂਲਰ ਬਣਾਏ ਗਏ ਹਨ, ਜਿਨ੍ਹਾਂ ਵਿਚ ਸੁੱਕੀ ਬਰਫ (Dry Ice) ਭਰ ਕੇ ਉੱਪਰ ਟੀਕਿਆਂ ਦੀ ਟਰੇਅ (Tray) ਧਰ ਦਿੱਤੀ ਜਾਵੇਗੀ। ਸੁੱਕੀ ਬਰਫ ਦਾ ਤਾਮਾਨ -78.5°C (-109.3°F) ਹੁੰਦਾ ਹੈ, ਇਸ ਲਈ ਟੀਕੇ ਨੂੰ ਕੋਈ ਨੁਕਸਾਨ ਨਹੀਂ ਪਹੁੰਚੇਗਾ।




*ਫਾਇਜ਼ਰ-ਬਾਉਨਟੈਕ ਕੰਪਨੀ ਦੇ ਟੀਕੇ ਦੀ ਕਾਰਗੁਜ਼ਾਰੀ।*

ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਜਿਉਂਦਾ ਰਹਿਣ ਲਈ ਦੋ ਕਣ ਅਤਿ ਜ਼ਰੂਰੀ ਹਨ: ਇਕ, ਡੀ. ਐਨ. ਏ. ਅਤੇ ਦੂਜਾ, ਆਰ. ਐਨ. ਏ.। ਆਮ ਜੀਵਾਂ ਵਿਚ ਡੀ. ਐਨ. ਏ. ਹੈ ਅਤੇ ਵਾਇਰਸ ਵਿਚ ਆਰ. ਐਨ. ਏ. ਹੈ। ਜੀਵਾਂ ਦੀਆਂ ਗਤੀਵਿਧੀਆਂ ਲਈ ਡੀ. ਐਨ. ਏ., ਪਹਿਲਾਂ ਮੈਸੰਜਰ-ਆਰ. ਐਨ. ਏ. ਬਣਾਉਂਦਾ ਹੈ, ਜੋ ਅੱਗੇ ਪ੍ਰੋਟੀਨਜ਼ (ਐਨਜ਼ਾਇਮਜ਼) ਵਿਚ ਅਨੁਵਾਦ ਹੁੰਦਾ ਹੈ। ਜਿੰਦਾ ਰਹਿਣ ਲਈ ਐਨਜ਼ਾਇਮਜ਼ ਜ਼ਰੂਰੀ ਹਨ। ਇਸ ਪੱਖ ਤੋਂ ਕਰੋਨਾ ਵਾਇਰਸ ਹੋਰ ਜੀਵਾਂ ਨਾਲੋਂ ਫਾਇਦੇ ਵਿਚ ਹੈ। ਇਹ ਆਰ. ਐਨ. ਏ. ਨੂੰ ਸਿੱਧਾ ਐਨਜ਼ਾਇਮਜ਼ ਵਿਚ ਅਨੁਵਾਦ ਕਰ ਲੈਂਦੀ ਹਨ। ਸਿੱਧ ਹੈ ਕਿ ਵਾਇਰਸ ਨੂੰ ਜੀਵਨ ਚੱਕਰ ਪੂਰਾ ਕਰਨ ਲਈ ਇਕ ਕਦਮ ਘੱਟ ਪੁੱਟਣਾ ਪੈਂਦਾ ਹੈ।

### ਐਂਟੀਜਨ-ਐਂਟੀਬਾਡੀ ਪ੍ਰਬੰਧ

ਵਾਇਰਸ ਦੇ ਟੀਕੇ ਨੂੰ ਸਮਝਣ ਲਈ, ਐਂਟੀਜਨ-ਐਂਟੀਬਾਡੀ ਪ੍ਰਬੰਧ (Antigen-Antibody System) ਨੂੰ ਸਮਝਣਾ ਜ਼ਰੂਰੀ ਹੈ। ਸੰਖੇਪ ਵਿਚ ਐਂਟੀਜਨਜ਼ ਵਾਇਰਸ ਦੀ ਸਤਾਹ 'ਤੇ ਹਨ, ਜੋ ਕਿੱਲਾਂ ਵਾਂਗ ਦਿਖਾਈ ਦਿੰਦੇ ਹਨ। ਇਹ ਬੰਦੇ ਦੇ ਕੋਸ਼ਾਂ ਨੂੰ ਚਿੰਬੜ ਕੇ ਵਾਰਿਸ ਦੇ ਮੈਸੰਜਰ-ਆਰ. ਐਨ. ਏ. ਨੂੰ ਅੰਦਰ ਦਾਖਲ ਕਰ ਦਿੰਦੇ ਹਨ। ਇਨ੍ਹਾਂ ਦੇ ਖਿਲਾਫ ਬੰਦੇ ਦਾ ਰੋਗ-ਸੁਰੱਖਿਅਤ ਪ੍ਰਬੰਧ (Immune System) ਐਂਟੀਬਾਡੀਜ਼ ਪੈਦਾ ਕਰਦਾ ਹੈ, ਜੋ ਵਾਰਿਸ ਨੂੰ ਨਸ਼ਟ ਕਰ ਦਿੰਦੀਆਂ ਹਨ।

### ਟੀਕਾ ਕਿਵੇਂ ਬਣਾਇਆ ਗਿਆ?

ਟੀਕੇ ਬਣਾਉਣ ਲਈ ਵਾਇਰਸ ਦੇ ਸਬੂਤੇ ਆਰ. ਐਨ. ਏ. ਨੂੰ ਨਹੀਂ, ਇਸ ਦੇ ਛੋਟੇ ਜਿਹੇ ਹਿੱਸੇ (Snippet) ਨੂੰ ਵਰਤਿਆ ਗਿਆ ਹੈ। ਜੇ ਕੋਵਿਡ ਦੇ ਸਬੂਤੇ ਆਰ. ਐਨ. ਏ. ਨੂੰ ਵਰਤਦੇ ਤਾਂ ਇਸ ਨੇ ਸਰੀਰ ਵਿਚ ਬੀਮਾਰੀ ਪੈਦਾ ਕਰ ਦੇਣੀ ਸੀ। ਇਸ ਮੁਸ਼ਕਿਲ ਤੋਂ ਬਚਣ ਲਈ ਵਿਗਿਆਨੀਆਂ ਨੇ ਆਰ. ਐਨ. ਏ. ਕਣ ਦਾ ਛੋਟਾ ਜਿਹਾ ਹਿੱਸਾ ਵਰਤਿਆ, ਜੋ ਕਰੋਨਾ ਵਾਇਰਸ ਵਰਗੀ ਪ੍ਰੋਟੀਨ (ਐਂਟੀਜਨ) ਪੈਦਾ ਕਰਦਾ ਹੈ। ਇਸ ਕਣ ਨੂੰ ਲਿਪਿਡ ਵਿਚ ਲਪੇਟ ਕੇ ਸਰੀਰ ਵਿਚ ਦਾਗਿਆ ਜਾਂਦਾ ਹੈ, ਜੋ ਐਂਟੀਬਾਡੀਜ਼ ਨੂੰ ਉਤੇਜਿਤ ਕਰਦਾ ਹੈ। ਐਂਟੀਬਾਡੀਜ਼ ਸਰਰਿ ਦੇ ਰੋਗ-ਸੁਰੱਖਿਅਤ ਪ੍ਰਬੰਧ ਨੂੰ ਤਗੜਾ ਕਰ ਦਿੰਦੀਆਂ ਹਨ ਤੇ ਭਵਿੱਖ ਵਿਚ ਹੋਣ ਵਾਲੇ ਵਾਇਰਸ ਦੇ ਲਾਗੇ ਨੂੰ ਨਸ਼ਟ ਕਰਨ ਲਈ ਤਿਆਰ-ਬਰ-ਤਿਆਰ ਰਹਿੰਦੀਆਂ ਹਨ।

1. ਵਿਗਿਆਨੀਆਂ ਨੇ ਵਾਇਰਸ ਦੇ ਮੈਸੰਜਰ-ਆਰ. ਐਨ. ਏ. ਦਾ ਛੋਟਾ ਜਿਹਾ ਕਣ ਲਿਆ, ਜਿਸ ਦੇ ਕਿੱਲ (Spikes) ਖਾਸ ਪ੍ਰੋਟੀਨ (ਐਂਟੀਜਨ) ਪੈਦਾ ਕਰਦੇ ਹਨ।

2. ਇਸ ਕਣ ਨੂੰ ਲਿਪਿਡ ਦੇ ਮਹੀਨ ਕਣ ਵਿਚ ਲਪੇਟ ਕੇ ਕੈਪਸਿਊਲ ਬਣਾ ਕੇ ਸਰੀਰ ਅੰਦਰ ਦਾਗ ਦਿੱਤਾ।

3. ਮਰੀਜ਼ ਦੇ ਕੋਸ਼ਾਂ ਨੇ ਇਸ ਕਣ ਦੀਆਂ ਬੇਗਿਣਤ ਕਾਪੀਆਂ ਬਣਾ ਲਈਆਂ ਤਾਂ ਜੋ ਇਹ ਸਰੀਰ ਵਿਚ ਫੈਲ ਕੇ ਵਾਇਰਸ ਨੂੰ ਨੱਥਣ ਲਈ ਤਿਆਰ ਰਹਿਣ।

4. ਵਾਇਰਸ ਦੇ ਕਣ (ਐਂਟੀਜਨ) ਸਰੀਰ ਦੇ ਰੋਗ-ਸੁਰੱਖਿਅਤ ਪ੍ਰਬੰਧ ਨੂੰ ਉਤੇਜਿਤ ਕਰਕੇ ਐਂਟੀਬਾਡੀਜ਼ ਪੈਦਾ ਕਰ ਲੈਂਦੇ ਹਨ, ਜੋ ਕੋਵਿਡ ਦੇ ਧਾਵੇ ਨੂੰ ਠੱਲ੍ਹਣ ਲਈ ਢਾਲ ਦਾ ਕੰਮ ਕਰਦੀਆਂ ਹਨ।

5. ਇਹੋ ਐਂਟੀਬਾਡੀਜ਼ ਭਵਿੱਖ ਵਿਚ ਵਾਇਰਸ ਦੇ ਲਾਗੇ ਨੂੰ ਨਸ਼ਟ ਕਰਨ ਵਿਚ ਕਾਮਯਾਬ ਹੋ ਜਾਣਗੀਆਂ।

ਵਾਇਰਸ ਦੇ ਕਣਾਂ (ਐਂਟੀਜਨਜ਼) ਅਤੇ ਸਰੀਰ ਦੀਆਂ ਐਂਟੀਬਾਡੀਜ਼ ਵਿਚਲਾ ਮੁੱਠਭੇੜ, ਐਂਟੀਜਨ-ਐਂਟੀਬਾਡੀ ਪ੍ਰਬੰਧ ਦੀ ਵਧੀਆ ਮਿਸਾਲ ਹੈ।

### ਟੀਕੇ ਵੰਡਣ ਦਾ ਸਰਕਾਰੀ ਪ੍ਰਬੰਧ

ਟੀਕੇ ਨੂੰ ਪਹਿਲਾਂ ਅਮਰੀਕਾ ਦੀ ਫੂਡ ਐਂਡ ਡਰੱਗ ਏਜੰਸੀ (FDA) ਮਨਜ਼ੂਰੀ ਦੇਵੇਗੀ ਅਤੇ ਇਸ ਦੀ ਵੰਡ-ਵੰਡਾਈ ਅਮਰੀਕਾ ਦੀ ਸੀ. ਡੀ. ਸੀ. (CDC) ਏਜੰਸੀ ਦੁਆਰਾ ਹੋਵੇਗੀ। ਸਰਕਾਰੀ ਸਕੀਮ ਅਨੁਸਾਰ ਟੀਕੇ, ਪਹਿਲਾਂ ਹਸਪਤਾਲਾਂ ਨਾਲ ਸਬੰਧਤ ਕਰਮਚਾਰੀਆਂ ਨੂੰ ਲਾਏ ਜਾਣਗੇ। ਇਸ ਤੋਂ ਮਗਰੋਂ ਨਰਸਿੰਗ ਘਰਾਂ ਅਤੇ 60 ਸਾਲ ਤੋਂ ਉਪਰ ਬੰਦਿਆਂ ਨੂੰ ਲੱਗਣਗੇ। ਅਖੀਰ ਵਿਚ ਸਕੂਲ ਦੇ ਬੱਚਿਆਂ ਅਤੇ ਆਮ ਜਨਤਾ ਦੀ ਵਾਰੀ ਆਵੇਗੀ। ਅਮਰੀਕਨ ਫੌਜੀਆਂ ਨੂੰ ਟੀਕੇ ਲਾਉਣ ਲਈ ਵੱਖਰੀ ਸਕੀਮ ਬਣਾਈ ਜਾ ਰਹੀ ਹੈ। ਕਿਆਸ ਕੀਤਾ ਜਾਂਦਾ ਹੈ ਕਿ 2020 ਦੇ ਆਖੀਰ ਤਕ 50 ਮਿਲੀਅਨ ਟੀਕੇ ਤਿਆਰ ਹੋ ਜਾਣਗੇ ਅਤੇ 2021 ਦੇ ਅੱਧ ਤੱਕ ਦੁਨੀਆਂ ਵਿਚ ਵੰਡੇ ਜਾ ਸਕਦੇ ਹਨ।

### ਕੁਝ ਸਵਾਲ ਤੇ ਉਨ੍ਹਾਂ ਦੇ ਉੱਤਰ

**1. ਕੀ ਇਹ ਟੀਕੇ ਲਾਭਦਾਇਕ ਹਨ?**

ਭਾਵੇਂ ਅਜੇ ਤਜਰਬੇ ਚੱਲ ਰਹੇ ਹਨ, ਪਰ ਮੌਜੂਦਾ ਤਜਰਬਿਆਂ ਅਨੁਸਾਰ ਟੀਕਿਆਂ ਦੇ ਕੋਈ ਖਾਸ ਮਾੜੇ ਅਸਰ (Side effects) ਨਹੀਂ, ਸਿਵਾਏ ਇਸ ਦੇ ਕਿ ਕੁਝ ਲੋਕਾਂ ਨੂੰ ਥਕਾਨ, ਸਿਰ ਦਰਦ, ਤੰਤੂਆਂ ਵਿਚ ਪੀੜ ਜਾਂ ਮਾੜਾ ਮੋਟਾ ਬੁਖਾਰ ਹੋ ਸਕਦਾ ਹੈ।

**2. ਕੀ ਕਰੋਨਾ ਵਾਇਰਸ ਦੇ ਲਾਗੇ ਤੋਂ ਬਚੇ ਹੋਏ ਬੰਦਿਆਂ ਨੂੰ ਟੀਕਾ ਲਵਾਉਣਾ ਚਾਹੀਦਾ ਹੈ?**

ਇਸ ਬੀਮਾਰੀ ਦੇ ਹਟਣ ਤੋਂ ਬਾਅਦ, ਬੰਦਾ ਕਿੰਨਾ ਚਿਰ ਨਿਰੋਗੀ ਰਹਿੰਦਾ ਹੈ, ਇਸ ਬਾਰੇ ਅਜੇ ਪੂਰਾ ਪਤਾ ਨਹੀਂ, ਪਰ ਟੀਕਾ ਲਗਵਾਉਣ ਦਾ ਕੋਈ ਹਰਜ ਨਹੀਂ।

**3. ਟੀਕੇ ਦਾ ਅਸਰ ਕਿੰਨੀ ਦੇਰ ਰਹੇਗਾ?**

ਕਰੋਨਾ ਮਹਾਮਾਰੀ ਨੂੰ ਭਾਂਪਦਿਆਂ, ਇਹ ਟੀਕੇ ਸੰਕਟ ਦੀ ਸਥਿਤੀ ਵਿਚ ਕੱਢੇ ਗਏ ਹਨ। ਇਸ ਲਈ ਇਨ੍ਹਾਂ ਦੇ ਅਸਰ ਬਾਰੇ ਅਜੇ ਪੂਰਾ ਵੇਰਵਾ ਨਹੀਂ ਮਿਲਦਾ। ਟੀਕੇ ਦੀ ਮਿਆਦ ਬਾਰੇ ਅਮਰੀਕਾ ਦੀ ਏਜੰਸੀ, ਸੀ. ਡੀ. ਸੀ. (CDC), ਦਰਿਆਫਤ ਕਰ ਰਹੀ ਹੈ।

**4. ਟੀਕੇ ਦਾ ਮੁੱਲ ਕਿੰਨਾ ਕੁ ਹੋਵੇਗਾ?**

ਅਮਰੀਕਾ ਦੀ ਗੌਰਮਿੰਟ ਨੇ ਮੁਡੇਰਨਾ ਕੰਪਨੀ ਨੂੰ ਪਹਿਲਾਂ ਹੀ ਟੀਕੇ ਦੇ ਪੈਸੇ ਤਾਰੇ ਹੋਏ ਹਨ, ਜੋ ਜਨਤਾ ਦੇ ਟੈਕਸਾਂ ਦਾ ਹਿੱਸਾ ਹਨ। ਇਸ ਲਈ ਅਮਰੀਕਨਾਂ ਨੂੰ ਟੀਕੇ ਮੁਫਤ ਲੱਗਣਗੇ। ਫਾਇਜ਼ਰ-ਬਾਉਨਟੈਕ ਕੰਪਨੀ ਦੇ ਟੀਕੇ ਲਈ ਪੈਸੇ ਭਰਨੇ ਪੈਣਗੇ।

**5. ਕੀ ਟੀਕਾ ਲੱਗਣ ਤੋਂ ਬਾਅਦ ਮਾਸਕ ਪਾਉਣਾ ਤੇ 6 ਫੁੱਟ ਦਾ ਫਾਸਲਾ ਰੱਖਣਾ ਜ਼ਰੂਰੀ ਹੈ?**

ਮਾਹਰਾਂ ਦਾ ਮੰਨਣਾ ਹੈ ਕਿ ਮਾਸਕ ਪਹਿਨਣਾ ਅਤੇ 6 ਫੁੱਟ ਦਾ ਫਾਸਲਾ ਰੱਖਣਾ ਲਾਭਦਾਇਕ ਹੈ। ਕਾਰਨ ਇਹ ਹੈ ਕਿ ਟੀਕਿਆਂ ਦੀ ਘਾਟ ਕਾਰਨ ਸਾਰੀ ਜਨਤਾ ਨੂੰ ਨਹੀਂ ਲਾਏ ਜਾ ਸਕਣਗੇ ਤੇ ਲਾਉਣ ਲਈ ਵੀ ਸਮਾਂ ਲੱਗੇਗਾ। ਇਸ ਲਈ ਜਨਤਾ ਵਿਚ ਉਹ ਬੰਦੇ ਵੀ ਹੋਣਗੇ, ਜਿਨ੍ਹਾਂ ਨੂੰ ਵਾਇਰਸ ਲੱਗੀ ਹੋਈ ਹੈ ਜਾਂ ਲੱਗ ਸਕਦੀ ਹੈ।

**6. ਜੇ ਥੋੜ੍ਹ ਕਾਰਨ ਸਾਰੀ ਜਨਤਾ ਨੂੰ ਟੀਕੇ ਮੁਹੱਈਆ ਨਾ ਹੋਣਗੇ ਤਾਂ ਕੀ ਹੋਵੇਗਾ?**

ਦੋ ਕੰਪਨੀਆਂ ਤੋਂ ਸਿਵਾਏ ਕਈ ਹੋਰ ਕੰਪਨੀਆਂ ਵੀ ਟੀਕਿਆਂ ਦੀ ਭਾਲ ਕਰ ਰਹੀਆਂ ਹਨ। ਉਮੀਦ ਹੈ ਕਿ ਟੀਕਿਆਂ ਦੀ ਘਾਟ ਨੂੰ ਜਲਦੀ ਹੀ ਪੂਰਾ ਕਰ ਲਿਆ ਜਾਵੇਗਾ ਅਤੇ ਹਰੇਕ ਬੰਦੇ ਲਈ ਮੁਹੱਈਆ ਕੀਤੇ ਜਾਣਗੇ।

**7. ਕੀ ਕੰਪਨੀਆਂ ਲਈ ਆਪਣੇ ਕਾਮਿਆਂ ਨੂੰ ਟੀਕੇ ਲੁਆਉਣਾ ਜ਼ਰੂਰੀ ਹੋਵੇਗਾ?**

ਇਸ ਬਾਰੇ ਅਜੇ ਕੋਈ ਫੈਸਲਾ ਨਹੀਂ ਲਿਆ ਗਿਆ। ਵੈਸੇ ਕਰਮਚਾਰੀਆਂ ਨੂੰ ਟੀਕੇ ਲਗਵਾਉਣ ਲਈ ਕਹਿਣਾ, ਕੰਪਨੀਆਂ ਦੇ ਹਿੱਤ ਵਿਚ ਹੋਵਗਾ।

**8. ਜੇ ਕੋਈ ਟੀਕਾ ਨਾ ਲਵਾਉਣਾ ਚਾਹੇ ਤਾਂ ਕੀ ਉਸ ਨੂੰ ਦੰਡ ਮਿਲੇਗਾ?**

ਹਰ ਇਨਸਾਨ ਮੌਤ ਤੋਂ ਭੈਅ ਖਾਂਦਾ ਹੈ, ਇਸ ਲਈ ਅਜਿਹੀ ਸਥਿਤੀ ਪੈਦਾ ਹੋਣ ਦੀ ਕੋਈ ਤੁਕ ਨਹੀਂ ਬਣਦੀ। ਫਿਰ ਵੀ ਜੇ ਕੋਈ ਬੰਦਾ ਧਾਰਮਿਕ ਹੱਠਧਰਮੀ ਜਾਂ ਬੇਸਮਝੀ ਕਾਰਨ ਟੀਕਾ ਨਾ ਲਵਾਉਣਾ ਚਾਹਵੇ ਤਾਂ ਸਰਕਾਰ ਉਸ ਦੀ ਲੱਤ ਨਹੀਂ ਭੰਨਣ ਲੱਗੀ; ਪਰ ਜੇ ਕਿਸੇ ਬੇਲੋੜੇ ਇਕੱਠ ਕਾਰਨ ਬੀਮਾਰੀ ਫੈਲਣ ਦਾ ਦਖਲਾ ਹੋਵੇ ਤਾਂ ਸਰਕਾਰ ਕਾਨੂੰਨੀ ਤੌਰ 'ਤੇ ਟੀਕੇ ਠੋਕ ਸਕਦੀ ਹੈ।

**9. ਕੁਝ ਲੋਕਾਂ ਦਾ ਮੰਨਣਾ ਹੈ ਕਿ ਟੀਕੇ ਹਮੇਸ਼ਾ ਲਈ ਮਾੜੇ ਅਸਰ ਪੈਦਾ ਕਰ ਸਕਦੇ ਹਨ। ਕੀ ਇਹ ਦਰੁਸਤ ਹੈ?**

ਹਰ ਟੀਕਾ ਗੰਭੀਰ ਅਕਾਦਮਿਕ ਖੋਜ ਉਪਰੰਤ ਮਾਰਕਿਟ ਵਿਚ ਲਿਆਂਦਾ ਜਾਂਦਾ ਹੈ। ਲੋਕਾਂ ਨੂੰ ਲਾਉਣ ਤੋਂ ਪਹਿਲਾਂ ਸਰਕਾਰੀ ਏਜੰਸੀਆਂ ਇਸ ਦੀ ਤਪਤੀਸ਼ ਕਰਕੇ ਮਨਜ਼ੂਰੀ ਦਿੰਦੀਆਂ ਹਨ। ਟੀਕਾ ਲਾਉਣ ਤੋਂ ਬਾਅਦ ਡਾਕਟਰ ਇਸ ਦੀ ਪੈਰਵੀ ਕਰਦੇ ਹਨ। ਅਜਿਹੀ ਸਾਵਧਾਨੀ ਤੋਂ ਬਾਅਦ ਵੀ ਟੀਕੇ ਦਾ ਕੋਈ ਨਾ ਕੋਈ ਮਾੜਾ ਅਸਰ ਪਵੇ ਤਾਂ ਇਸ ਦੇ ਹੋਰ ਕਾਰਨ ਵੀ ਹੋ ਸਕਦੇ ਹਨ ਜਿਵੇਂ, ਬੰਦੇ ਦੇ ਜੀਨਜ਼ ਦੀ ਕਾਰਗੁਜ਼ਾਰੀ ਜਾਂ ਕੋਈ ਦੀਰਘ ਰੋਗ।

###

## ਝੋਟਿਆਂ ਦੇ ਆਦਮੀ

ਕਈ ਵਾਰ ਜਦ ਮੈਂ ਆਦਮੀ ਨੂੰ
ਨੀਝ ਲਾ ਕੇ ਦੇਖਦਾ ਹਾਂ
ਤਾਂ ਮੈਨੂੰ ਝੋਟੇ ਦਾ ਝਉਲਾ ਪੈਂਦਾ ਹੈ,
ਰਾਤੀਂ ਮੇਰੀ ਭਵੰਤਰੀ ਹੋਈ
ਤੀਵੀਂ ਨੇ ਕਹਿ ਮਾਰਿਆ,
'ਹੇ ਮੇਰੇ ਪਤੀ ਦੇਵ,
ਤੇਰੇ ਅੰਦਰ ਝੋਟਾ ਰਹਿੰਦਾ ਹੈ।'
ਜਦੋਂ ਦਾ ਆਦਮੀ ਨੇ ਝੋਟਿਆਂ ਨੂੰ
ਗੁਲਾਮ ਬਣਾਇਆ
ਝੋਟਿਆਂ ਨੇ ਉਦੋਂ ਤੋਂ ਹੀ ਆਦਮੀ ਵਿਰੁੱਧ
ਲਗਾਤਾਰ ਇਕ ਯੁੱਧ ਚਲਾਇਆ,
ਆਦਮੀ ਗਿਆ ਜਿੱਥੇ ਜਿੱਥੇ
ਕੁਝ ਜੁੜੇ ਹੋਏ ਝੋਟੇ ਗਏ
ਉਹਦੇ ਅੱਗੇ ਅੱਗੇ
ਤੇ ਕੁਝ ਪੈੜਾਂ ਦੱਬਦੇ ਝੋਟੇ
ਲੁਕ ਛਿਪ ਕੇ ਗਏ ਉਹਦੇ ਪਿੱਛੇ ਪਿੱਛੇ।
ਝੋਟਿਆਂ ਨੇ ਚੋਰੀ ਛਿੱਪੇ ਆਦਮੀ ਦੇ ਅੰਦਰ
ਆ ਡੇਰੇ ਲਾਏ।
ਆਦਮੀ ਨੇ ਮੇਲੇ ਲਗਾਏ
ਝੋਟਿਆਂ ਨੇ ਬੱਕਰੇ ਬੁਲਾਏ, ਸਿੰਗ ਭਿੜਾਏ।
ਆਦਮੀ ਨੇ ਸੋਚ ਦੌੜਾਈ, ਗੋਸ਼ਟੀ ਲਗਾਈ,
ਝੋਟਿਆਂ ਨੇ ਡਾਂਗ ਵਾਹੀ, ਗੋਲੀ ਚਲਾਈ।
ਆਦਮੀ ਨੇ ਸ਼ਾਦੀ ਰਚਾਈ
ਝੋਟਿਆਂ ਨੇ ਸੇਜ ਹੰਢਾਈ।

ਜਦ ਜਦ ਆਦਮੀ ਨੇ ਭਲਕ ਦੇ
ਖਿਆਲ ਪਕੜਨਾ ਚਾਹੇ,
ਤਦ ਤਦ ਝੋਟੇ ਮੱਧਯੁੱਗੀ ਅਕਲ ਦੀਆਂ
ਚਾਰਗਾਹਾਂ ਵਿਚੋਂ ਘਾਹ ਚਰ ਆਏ।

ਜਿਸ ਕਦਰ, ਜਿਸ ਜ਼ੋਰ ਨਾਲ
ਆਦਮੀ ਨੇ ਸਦੀਆਂ ਲੰਮੇ ਛਾਂਟੇ
ਝੋਟਿਆਂ 'ਤੇ ਵਰ੍ਹਾਏ,
ਉਸੇ ਕਦਰ, ਉਸ ਜ਼ੋਰ ਨਾਲ
ਝੋਟਿਆਂ ਨੇ ਆਦਮੀ ਬਣਾਏ ਰਿਸ਼ਤੇ
ਪਿਆਰ ਵਿਚ ਘਚੋਲ ਕੇ, ਲੋਭ ਦੀ ਧੁੱਪੇ
ਸੁੱਕਣੇ ਪਾਏ।

ਝੋਟਿਆਂ ਦਾ ਹੀ ਪ੍ਰਤਾਪ ਹੈ
ਕਿ ਫਰਹਾਦ ਦਾ ਤੇਸਾ ਅੱਜ ਵੀ
ਸ਼ੀਰੀ ਦੇ ਗਲੇ ਦਾ ਫਾਹਾ ਬਣੀਆਂ
ਜਾਗੀਰੂ ਕਦਰਾਂ ਦੀਆਂ ਪੱਥਰ ਹੋਈਆਂ
ਜੜ੍ਹਾਂ ਵਿਚ ਨਹੀਂ,
ਆਪਣੀ ਹੀ ਜ਼ਿੰਦਗੀ ਦੇ ਧਰਾਤਲ 'ਤੇ
ਵੱਜਦਾ ਹੈ,
ਕਿ ਬਾਰਾਂ ਸਦੀਆਂ ਬਾਅਦ ਵੀ
ਰਾਂਝੇ ਦਾ ਸਿਦਕ ਵਿਗਿਆਨ ਦੇ
'ਕੱਠਾਂ 'ਚੋਂ ਨਹੀਂ
ਚੂਚਕ ਦੇ ਅੱਜੜੇ
ਬੇਲਿਆਂ 'ਚੋਂ ਹੀ ਲੱਭਦਾ ਹੈ।
ਝੋਟਿਆਂ ਦਾ ਹੀ ਸਰਾਪ ਕਿ
ਭਲਕ ਦੀ ਲੋਅ ਨੂੰ ਧੱਕਾ ਮਾਰ
ਅੱਜ ਦੇ ਕਵੀ ਦੀਆਂ ਅੱਖਾਂ ਵਿਚ
ਵਾਰਿਸ਼, ਬੁੱਲ੍ਹੇ ਸ਼ਾਹ ਦਾ
ਮੋਤੀਆ ਉੱਤਰ ਆਇਆ ਹੈ।

ਇਹਤੋਂ ਪਹਿਲਾਂ ਕਿ
ਅਸੀ ਆਪਣੇ ਸੁਪਨਿਆਂ ਦੀ
ਰਹਿੰਦ-ਖੂੰਹਦ ਵਿਚ ਭਰ ਕੇ ਝੋਟੇ
ਆਉਣ ਵਾਲੀਆਂ ਪੀੜ੍ਹੀਆਂ ਨੂੰ
ਵਰਤਾਉਣ ਲੱਗ ਜਾਈਏ,
ਆਦਮੀ ਦੇ ਸਿਰ ਵਿਚ,
ਆਦਮੀ ਦੀ ਚਾਲ ਵਿਚ,
ਝੋਟੇ ਛੁਪੇ ਨੇ ਜਿੱਥੇ ਜਿੱਥੇ
ਝੋਟਿਆਂ ਨੂੰ ਕਹਿ ਦਿਉ,
ਉਹ ਬਾਹਰ ਨਿੱਕਲ ਆਉਣ
ਆਦਮੀ ਹਾਰਿਆ ਤੇ ਝੋਟੇ ਜਿੱਤੇ।
ਝੋਟਿਆਂ ਨੂੰ ਕਹਿ ਦਿਉ
ਉਹ ਆਦਮੀ 'ਚੋਂ ਨਿਕਲ ਕੇ
ਮੱਧਯੁੱਗੀ ਜੰਗਲ ਵੱਲ ਨੂੰ ਪਰਤ ਜਾਣ,
ਤਾਂ ਜੋ ਆਦਮੀ ਤੇ ਪਸ਼ੂ ਦੀ
ਅਲੱਗ ਅਲੱਗ ਹੋ ਸਕੇ ਪਛਾਣ,
ਤਾਂ ਕਿ ਆਦਮੀ ਦੀ ਨਜ਼ਰ
ਆਉਣ ਵਾਲੇ ਯੁੱਗ ਦਾ ਰਾਹ ਸਕੇ ਪਛਾਣ।

ਪਰਤਦੇ ਹੋਏ ਝੋਟੇ ਸਿੰਗਾਂ ਉੱਪਰ ਟੰਗ ਕੇ
ਲੈ ਜਾਣਗੇ ਇਹ ਯੁੱਗ,
ਛੱਡ ਜਾਣਗੇ ਆਪਣੇ ਪਿੱਛੇ
ਆਦਮੀਆਂ ਦੀ ਬਹਿਸ:
ਇਹ ਯੁੱਗ ਕਿੰਨਾ ਕੁ ਸੀ ਆਦਮੀ ਦਾ
ਤੇ ਕਿੰਨਾ ਕੁ ਝੋਟਿਆਂ ਦਾ,
ਕਿ ਆਦਮੀ ਨੇ ਝੋਟਿਆਂ ਨੂੰ ਵਾਹਿਆ
ਜਾਂ ਝੋਟਿਆਂ ਨੇ ਆਦਮੀ ਨੂੰ!

-ਡਾ. ਸੁਖਪਾਲ ਸੰਘੇੜਾ
dr.sukhpal.sanghera@gmail.com

**ਗੁਰਬਾਣੀ ਵਿਆਖਿਆ**

# ਜਪੁਜੀ ਅਧਿਐਨ-ਸਿੱਟੇ (2)

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਜਪੁਜੀ ਸੰਸਾਰ ਰਚਨਾ ਸਬੰਧੀ ਸਦੀਆਂ ਤੋਂ ਚਲੇ ਆ ਰਹੇ ਅਹਿਮ ਮੁੱਦਿਆਂ ਬਾਰੇ ਸੇਧ ਤੇ ਖੋਜ-ਤਰਕੀਬ (Methodology) ਪ੍ਰਦਾਨ ਕਰਦਾ ਹੈ। ਪੂਰਵਲੇ ਚਿੰਤਕ, ਰਿਸ਼ੀ ਮੁਨੀ ਤੇ ਪੀਰ ਪੈਗੰਬਰ ਸੰਸਾਰ ਦੀ ਉਤਪਤੀ ਨੂੰ ਲੈ ਕੇ ਪਰਮਾਤਮਾ (God) ਤੇ ਅਧਿਆਤਮਵਾਦ (Spiritualism) ਦੇ ਸੰਕਲਪਾਂ ਨੂੰ ਸੁਲਝਾਉਣ ਵਿਚ ਲੱਗੇ ਰਹੇ ਸਨ। ਪਰਮਾਤਮਾ ਨੂੰ ਉਹ ਸੰਸਾਰ ਦਾ ਮੁੱਖ ਮਾਲਕ ਤੇ ਚਾਲਕ ਸਮਝਦੇ ਸਨ ਤੇ ਅਧਿਆਤਮਵਾਦ ਉਨ੍ਹਾਂ ਲਈ ਉਹ ਵਿਧੀ ਸੀ, ਜਿਸ ਰਾਹੀਂ ਉਹ ਕਿਸੇ ਸੁੰਨ ਸਥਾਨ (Immaterial Space) ਵਿਚ ਛੁਪੇ ਆਪਣੇ ਉਦੇਸ਼-ਪਤੀ ਪਰਮਾਤਮਾ ਨੂੰ ਜਾਣਨਾ, ਦੇਖਣਾ ਤੇ ਪ੍ਰਾਪਤ ਕਰਨਾ ਚਾਹੁੰਦੇ ਸਨ; ਪਰ ਉਨ੍ਹਾਂ ਦੀ ਸੋਚ ਆਤਮ-ਵਿਰੋਧੀ (Self Contradictory) ਸੀ। ਉਹ ਇਹ ਨਾ ਸਮਝ ਸਕੇ ਕਿ ਉਨ੍ਹਾਂ ਦੀਆਂ ਗਿਆਨ ਇੰਦਰੀਆਂ ਸੰਸਾਰਕ ਮਾਯਾ (Material Existence) ਭਾਵ ਪ੍ਰਤੀਤੀ ਸੱਚ (Perceptual Reality) ਨੇ ਆਪਣੇ ਕੰਮਾਂ ਲਈ ਘੜੀਆਂ ਹਨ ਤੇ ਇਹ ਇਸ ਮਾਯਾ ਨੂੰ ਦੇਖਣ ਜਾਂ ਸਮਝਣ ਦੇ ਕੰਮ ਹੀ ਆ ਸਕਦੀਆਂ ਹਨ। ਜੋ ਚੀਜ਼ ਦੇਖਣ, ਪਰਖਣ ਤੇ ਮਹਿਸੂਸ ਕਰਨ ਤੋਂ ਪਰ੍ਹੇ (Spiritual) ਦੀ ਹੈ, ਇਹ ਉਸ ਨੂੰ ਨਹੀਂ ਦੇਖ ਸਕਦੀਆਂ।

ਜੇ ਉਹ ਇਸ ਗੱਲ ਨੂੰ ਸਮਝ ਜਾਂਦੇ ਤਾਂ ਉਹ ਹੱਠ ਜਾਂ ਧੱਕੇ ਨਾਲ ਆਪਣੇ ਟੀਚੇ ਨੂੰ ਦੇਖਣ ਤੇ ਪ੍ਰਾਪਤ ਕਰਨ ਦਾ ਦਾਈਆ ਛੱਡ ਕੇ ਸਹੀ ਰਾਹ ਦੀ ਭਾਲ ਕਰਦੇ। ਫਿਰ ਉਹ ਸੰਸਾਰ ਦੇ ਅਣਦਿਸਦੇ ਬੇਨਾਮ ਕਾਰਕ ਨੂੰ ਖੁਲ੍ਹੇ ਸੰਕਲਪ ਵਾਲਾ ਉਦੇਸ਼ ਮੰਨ ਕੇ ਚਲਦੇ ਤੇ ਅਜਿਹੀ ਵਿਧੀ ਘੜ੍ਹਦੇ, ਜੋ ਉਸ ਦੇ ਸਹੀ ਵਜੂਦ ਤੇ ਨਾਮ ਦੀ ਜਾਣਕਾਰੀ ਪ੍ਰਾਪਤ ਕਰਨ ਵਿਚ ਮਦਦ ਕਰਦੀ। ਇੰਦਾਂ ਉਨ੍ਹਾਂ ਨੇ ਕੀਤਾ ਨਹੀਂ ਤੇ ਉਹ ਆਪਣੀਆਂ ਹਉਮੈ ਭਰਪੂਰ ਕਲਪਨਾਵਾਂ ਦੀ ਘੁੰਮਣ-ਘੇਰੀ ਵਿਚ ਫਸੇ ਰਹੇ। ਗੁਰੂ ਸਾਹਿਬ ਨੇ ਵਿਸ਼ਵ ਦੇ ਸਾਰੇ ਅਧਿਆਤਮਵਾਦੀਆਂ ਨੂੰ ਇਸ ਜਾਲ ਵਿਚੋਂ ਕੱਢਣ ਦਾ ਯਤਨ ਕੀਤਾ। ਉਨ੍ਹਾਂ ਨੇ ਉਹੀ ਕੀਤਾ, ਜੋ ਕੀਤਾ ਜਾਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਜੋ ਚੀਜ਼ ਮਾਯਾ ਹੈ ਹੀ ਨਹੀਂ, ਭਾਵ ਜੋ ਦੇਖੀ, ਸੁਣੀ, ਪਰਖੀ ਗਈ ਹੀ ਨਹੀਂ, ਉਸ ਦਾ ਬਿਨਾ ਖੋਜ ਕੋਈ ਨਾਮ ਨਹੀਂ ਰੱਖਿਆ ਜਾ ਸਕਦਾ। ਜੋ ਨਾਮ ਰੱਖੇ ਗਏ ਹਨ, ਉਹ ਸੱਚੇ ਨਹੀਂ, ਕੱਚੇ ਹਨ। ਜਿਵੇਂ ਕਿਸੇ ਦਵਾਈ ਦੇ ਮਾਰਕਿਟ ਨਾਂ ਤੋਂ ਉਸ ਦੇ ਰਸਾਇਣਾਂ (Chemical Salts) ਦਾ ਪਤਾ ਨਹੀਂ ਚਲਦਾ, ਤਿਵੇਂ ਕੱਚੇ ਨਾਂਵਾਂ ਨਾਲ ਪਰਮ-ਸਤਿ ਦੀ ਅਸਲੀਅਤ ਦਾ ਪਤਾ ਨਹੀਂ ਲਗਦਾ। ਇਨ੍ਹਾਂ ਨੂੰ ਤਾਂ ਅਰਧ-ਸੱਚ (Hypothetical) ਮੰਨ ਕੇ ਖੋਜ ਦੇ ਕੰਮ ਹੀ ਲਿਆਇਆ ਜਾ ਸਕਦਾ ਹੈ।

ਇਸ ਲਈ ਪਹਿਲਾਂ ਸਹੀ ਖੋਜ-ਵਿਧੀ ਨਿਰਧਾਰਤ ਕਰੋ, ਫਿਰ ਖੋਜ ਕਰੋ ਤੇ ਫਿਰ ਨਾਮਕਰਨ 'ਤੇ ਜਾਓ। ਭਾਵ ਪਹਿਲਾਂ ਉਸ ਸੁੰਨ ਥਾਂ ਅੰਦਰ ਨਜ਼ਰ ਮਾਰਨ ਦੇ ਢੰਗ ਮਾਲੂਮ ਕਰੋ ਤੇ ਫਿਰ ਉੱਥੇ ਫਰੋਲਾ ਫਰਾਲੀ ਕਰਕੇ ਅਸਲ ਕਾਰਕ ਭਾਵ ਪਰਮ-ਸਤਿ ਦੀ ਰੂਪ-ਰੇਖਾ ਦਾ ਪਤਾ ਕਰੋ। ਇਸ ਪ੍ਰਕ੍ਰਿਆ ਵਿਚ ਉਸ ਦੇ ਜੋ ਗੁਣ ਅਨੁਭਵ ਕੀਤੇ ਜਾਣ, ਉਨ੍ਹਾਂ ਅਨੁਸਾਰ ਹੀ ਉਸ ਦਾ ਪੱਕਾ ਨਾਮ ਰੱਖੋ। ਅਜਿਹੇ ਨਾਮ ਦਾ ਪਤਾ ਲਗਣ ਪਿਛੋਂ ਹੀ ਕਿਸੇ ਪ੍ਰਕਾਰ ਦਾ ਕੋਈ ਸਹੀ ਦਾਈਆ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਗੁਰੂ ਸਾਹਿਬ ਨੇ ਅਧਿਆਤਮਵਾਦ ਦੀ ਥਾਂ ਲੋਕਾਂ ਨੂੰ ਸਿੱਖੀ ਦੀ ਵਿਗਿਆਨਕ ਵਿਧੀ ਦਿੱਤੀ। ਇਹ ਗੱਲ ਵੱਖਰੀ ਹੈ ਕਿ ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਉਨ੍ਹਾਂ ਦੀ ਇਸ ਦੇਣ ਨੂੰ ਅੱਜੇ ਵੀ ਨਹੀਂ ਸਮਝਦੇ।

ਵਿਗਿਆਨਕ ਵਿਧੀ ਤੋਂ ਇਲਾਵਾ ਜਪੁਜੀ ਦਾ ਇਕ ਵੱਡਾ ਸਿੱਟਾ ਪਰਮ-ਸਤਿ ਬਾਰੇ ਹੈ। ਭਾਵੇਂ ਸੰਕਲਪ ਤੇ ਸੋਚ-ਵਿਚਾਰ ਦਾ ਵਿਸ਼ਾ ਹੀ ਸਹੀ, ਪਰ ਜਪੁਜੀ ਦੇ ਦ੍ਰਿਸ਼ਟੀਕੋਣ ਤੋਂ ਪਰਮ-ਸਤਿ ਹੈ ਕੀ ਤੇ ਕਿੱਥੇ ਹੈ? ਇੱਥੇ 'ਜਪੁਜੀ ਦਾ ਦ੍ਰਿਸ਼ਟੀਕੋਣ' ਸ਼ਬਦਾਂ ਦਾ ਖਾਸ ਮਹੱਤਵ ਹੈ, ਕਿਉਂਕਿ ਜਪੁਜੀ ਤੋਂ ਬਾਹਰ ਅਧਿਆਤਮਵਾਦ ਦੇ ਪੱਖ ਤੋਂ ਤਾਂ ਇਹ ਪ੍ਰਸ਼ਨ ਬਣਦਾ ਹੀ ਨਹੀਂ। ਅਧਿਆਤਮਵਾਦੀ ਤਾਂ ਪਰਮ-ਸਤਿ ਨੂੰ ਜਾਣਿਆ-ਬੁੱਝਿਆ ਸਮਝਦੇ ਹਨ ਤੇ ਉਨ੍ਹਾਂ ਨੇ ਉਸ ਦੇ ਨਾਮ ਵੀ ਰੱਖੇ ਹੋਏ ਹਨ। ਇਸੇ ਲਈ ਉਹ ਉਸ ਨੂੰ ਖੋਜਦੇ ਨਹੀਂ, ਪੂਜਦੇ ਹਨ। ਕਈ ਤਾਂ ਉਸ ਨੂੰ ਹਾਜ਼ਰ ਨਾਜ਼ਰ ਜਾਣ ਕੇ ਪੂਜਾ ਪਾਠ ਵਿਚੋਂ ਅਨੰਦ ਅਨੁਭਵ ਕਰਦੇ ਹਨ। ਜੋ ਸ਼ਰਧਾਲੂ ਵਿਅਕਤੀਵਾਦੀ ਢੰਗ ਨਾਲ ਆਪਣਾ ਅਨੰਦ ਮੁੱਖ ਰੱਖ ਕੇ ਉਸ ਵਿਚ ਖੋ ਹੀ ਜਾਂਦੇ ਹਨ, ਉਹ ਖੋਜ ਕੀ ਕਰਨਗੇ?

ਗੁਰੂ ਸਾਹਿਬ ਅਨੁਸਾਰ ਪੂਜਾ ਪ੍ਰਵਿਰਤੀ ਵਾਲੇ ਅੰਤਰਮੁਖੀ (Subjective) ਢੰਗ-ਤਰੀਕੇ (Methodologies) ਤਾਂ ਉਂਜ ਵੀ ਇਸ ਪ੍ਰਸ਼ਨ ਦਾ ਉੱਤਰ ਲੱਭਣ ਦੇ ਅਨੁਕੂਲ ਨਹੀਂ। ਜੇ ਕੋਈ ਚਾਹੇ ਵੀ, ਤਾਂ ਵੀ ਉਹ ਇਨ੍ਹਾਂ ਨਾਲ ਕਿਸੇ ਸਿੱਟੇ 'ਤੇ ਨਹੀਂ ਪਹੁੰਚ ਸਕਦਾ। ਖੋਜ ਦੀ ਗੱਲ ਸਿਰਫ ਜਪੁਜੀ ਕਰਦਾ ਹੈ ਤੇ ਜਪੁਜੀ ਦੇ ਪੱਖ ਤੋਂ ਹੀ ਇਹ ਪ੍ਰਸ਼ਨ ਵਾਜਬ ਹੈ। ਇਸ ਖੋਜ ਦੇ ਚੱਲਦਿਆਂ ਸਮੇਂ ਸਮੇਂ 'ਤੇ ਲੇਖਾ-ਜੋਖਾ ਕਰਨਾ ਬਣਦਾ ਹੈ ਤਾਂ ਜੋ ਪਤਾ ਲੱਗ ਸਕੇ ਕਿ ਇਸ ਬਾਰੇ ਮਨੁੱਖੀ ਗਿਆਨ ਕਿਸ ਪੜਾਅ 'ਤੇ ਪਹੁੰਚ ਗਿਆ ਹੈ ਤੇ ਆਖਰੀ ਉੱਤਰ ਦੇ ਕਿੰਨਾ ਕੁ ਨੇੜੇ ਚਲਾ ਗਿਆ ਹੈ। ਅਜਿਹਾ ਇਕ ਲੇਖਾ-ਜੋਖਾ ਗੁਰੂ ਸਾਹਿਬ ਨੇ ਆਪ ਵੀ ਕੀਤਾ ਸੀ, ਜਿਸ ਦੇ ਉਨ੍ਹਾਂ ਨੂੰ ਨਿਰਾਸ਼ਾਜਨਕ ਸਿੱਟੇ ਮਿਲੇ ਸਨ।

ਪਰਮ-ਸਤਿ ਦੇ ਗਿਆਨ ਸਬੰਧੀ ਨਵਾਂ ਲੇਖਾ-ਜੋਖਾ ਲਾਉਣ ਤੋਂ ਪਹਿਲਾਂ ਇਕ ਕੁੰਜੀਵਤ ਭੇਦ ਵਲ ਧਿਆਨ ਮਾਰਨਾ ਜਰੂਰੀ ਹੈ। ਉਹ ਇਹ ਹੈ ਕਿ ਪਰਮ-ਸਤਿ ਦਾ ਵਾਸ ਸਚ ਖੰਡ ਵਿਚ ਹੈ ਤੇ ਸਚ ਖੰਡ ਇਸ ਧਰਤੀ 'ਤੇ ਸਥਿੱਤ ਹੈ। ਸਚ ਖੰਡ ਇਸ ਸੰਸਾਰ ਵਿਚ ਇਸ ਸੰਸਾਰ ਦਾ ਹੀ ਇਕ ਅਜਿਹਾ ਹੋਂਦ-ਖੇਤਰ (Domain) ਹੈ, ਜਿਸ ਦੇ ਮੁੱਲਾਂਕ (Parameters) ਇਸ ਸੰਸਾਰ ਨਾਲੋਂ ਬਿਲਕੁਲ ਭਿੰਨ ਹਨ। ਇਸ ਲਈ ਇਸ ਖੇਤਰ ਦੀ ਸਮਝ ਮਾਯਾਵੀ ਅਨੁਭਵ ਤੇ ਵਿਵੇਕ ਤੋਂ ਬਾਹਰ ਦੀ ਗੱਲ ਹੈ। ਇਸ ਸਮਝ ਦੀ ਘਾਟ ਕਾਰਨ ਮਨੁੱਖ ਦੀ ਆਦਮ-ਕੇਂਦਰਿਤ (Man-centric) ਬੁੱਧੀ ਨੂੰ ਪਰਮ-ਸਤਿ ਦਾ ਗਿਆਨ ਕਦੇ ਵੀ ਨਾ ਹੋ ਸਕਿਆ। ਦੇਖਣਾ ਤੇ ਮਿਲਣਾ ਤਾਂ ਇਕ ਪਾਸੇ, ਮਨੁੱਖ ਇਸ ਦਾ ਸਹੀ ਤਸੱਵਰ ਵੀ ਨਾ ਕਰ ਸਕਿਆ। ਇਸੇ ਕਰਕੇ ਵੱਡੇ ਵੱਡੇ ਰਿਸ਼ੀ ਮੁਨੀ, ਪੀਰ ਪੈਗੰਬਰ ਤੇ ਗਿਆਨੀ ਧਿਆਨੀ ਭਗਤੀ ਪਾਠਾਂ ਦੀਆਂ ਮੁਸ਼ੱਕਤਾਂ ਵਿਚ ਪੈ ਕੇ ਬ੍ਰਹਮ-ਗਿਆਨ ਦੀ ਬਾਜ਼ੀ ਹਾਰਦੇ ਰਹੇ। ਸਚ ਖੰਡ ਉਨ੍ਹਾਂ ਲਈ ਜਿਸ ਤਰ੍ਹਾਂ ਦੀ ਬੁਝਾਰਤ ਪਹਿਲਾਂ ਸੀ, ਉਵੇਂ ਦੀ ਹੁਣ ਹੈ। ਜੇ ਉਹ ਆਪਣੀ ਅਸਫਲਤਾ ਤੋਂ ਸਬਕ ਸਿੱਖਦੇ ਤਾਂ ਆਪਣੀ ਪਹੁੰਚ ਬਦਲ ਕੇ ਕੁਦਰਤ ਦਾ ਸਿੱਧਾ ਤੇ ਨਿਰਪੱਖ ਅਧਿਐਨ ਕਰਦੇ।

ਉਹ ਵੱਖ ਵੱਖ ਵਰਤਾਰਿਆਂ ਨੂੰ ਨਿਹਾਰਦੇ ਤੇ ਉਨ੍ਹਾਂ ਦੇ ਵਿਸ਼ਵ-ਵਿਆਪੀ ਨਮੂਨਿਆਂ (Patterns) ਨੂੰ ਇੱਕਠਾ ਕਰਦੇ। ਬਹੁਤੀ ਦੂਰ ਨਾ ਜਾਂਦੇ, ਪੀਪਲ ਦੇ ਦਰਖਤ ਤੋਂ ਹੀ ਲੱਖਣ ਲਾ ਲੈਂਦੇ। ਦੋ ਸੌ ਫੁੱਟ ਉੱਚਾ ਤੇ ਤਿੰਨ ਸੌ ਫੁੱਟ ਘੇਰੇ ਵਾਲਾ ਇਹ ਦਰਖਤ ਪੈਦਾ ਹੋਣ ਤੋਂ ਪਹਿਲਾਂ ਇਕ ਛੋਟੇ ਬੀਜ ਵਿਚ ਸਮਾਇਆ ਹੁੰਦਾ ਹੈ। ਤੋੜ ਕੇ ਦੇਖਿਆਂ ਉਸ ਬੀਜ ਵਿਚ ਦਰਖਤ ਦਾ ਨਾਮ ਨਿਸ਼ਾਨ ਨਹੀਂ ਮਿਲਦਾ। ਜੋ ਕੁਝ ਨਿਕਲਦਾ ਹੈ, ਉਹ ਦਰਖਤ ਜਿਹਾ ਬਿਲਕੁਲ ਨਹੀਂ ਹੁੰਦਾ। ਉਹ ਉਸ ਦਰਖਤ ਦਾ ਦੂਜਾ ਰੂਪ ਹੁੰਦਾ ਹੈ, ਜਿਸ ਨੂੰ ਪੱਤਿਆਂ, ਟਾਹਣੀਆਂ, ਫੁੱਲਾਂ ਤੇ ਫਲਾਂ ਦੇ ਸੰਦਰਭ ਵਿਚ ਨਹੀਂ ਪਰਖਿਆ ਜਾ ਸਕਦਾ। ਉੱਗਣ ਤੋਂ ਬਾਅਦ ਜਦੋਂ ਬੀਜ ਦਾ ਇਹ ਭੀਤਰੀ ਪਦਾਰਥ ਆਪਣੇ ਅੰਦਰੂਨੀ ਰੂਪ ਵਿਚੋਂ ਸੰਸਾਰਕ ਰੂਪ ਵਿਚ ਪ੍ਰਵੇਸ਼ ਕਰਦਾ ਹੈ, ਤਾਂ ਹੀ ਉਸ ਵਿਚ ਰੁੱਖ ਵਾਲੇ ਨਿਸ਼ਾਨ ਦਿਖਾਈ ਦੇਣ ਲਗਦੇ ਹਨ; ਪਰ ਇਸ ਪ੍ਰਕ੍ਰਿਆ ਪਿੱਛੇ ਕੀ ਚੱਲਦਾ ਹੈ, ਉਹ ਦਿਖਾਈ ਨਹੀਂ ਦਿੰਦਾ। ਇਸ ਦਾ ਭਾਵ ਹੈ ਕਿ ਉਹੀ ਦਰਖਤ ਬੀਜ ਦੇ ਖੇਤਰ ਵਿਚ ਤੇ ਸੰਸਾਰ ਦੇ ਖੇਤਰ ਵਿਚ ਦੋ ਭਿੰਨ ਭਿੰਨ ਗੁਣਾਂ ਨਾਲ ਮੌਜੂਦ ਹੁੰਦਾ ਹੈ। ਬਾਹਰੀ ਦਰਖਤ ਨੂੰ ਦੇਖ ਕੇ ਬੀਜ ਅੰਦਰਲੇ ਸੂਖਮ ਦਰਖਤ ਨੂੰ ਨਹੀਂ ਸਮਝਿਆ ਜਾ ਸਕਦਾ। ਇਸ ਵਰਤਾਰੇ ਨੂੰ ਦੇਖ ਕੇ ਘੱਟੋ ਘੱਟ ਇਹ ਸਿੱਟਾ ਤਾਂ ਨਹੀਂ ਕੱਢਿਆ ਜਾ ਸਕਦਾ ਕਿ ਬੀਜ ਵਿਚ ਕੋਈ ਦੈਵੀ ਸ਼ਕਤੀ ਛਿਪੀ ਹੈ। ਕੁਦਰਤ ਦੇ ਇਸ ਅੰਦਰਖਾਤੇ ਵਾਪਰਨ ਵਾਲੀ ਕ੍ਰਿਆ ਨੂੰ ਸਮਝਣ ਲਈ ਵਿਗਿਆਨ ਦੀ ਲੋੜ ਸੀ। ਇਸ ਦਾ ਸਹੀ ਸਹੀ ਗਿਆਨ ਹਾਸਲ ਕਰਨ ਲਈ ਜੋ ਵੀ ਕੀਤਾ ਜਾਂਦਾ, ਉਹੀ ਵਿਗਿਆਨ ਹੀ ਹੋਣਾ ਸੀ।

ਇਸੇ ਤਰ੍ਹਾਂ ਜੇ ਧਰਤੀ 'ਤੇ ਉੱਗੇ ਦਰਖਤ ਦੇ ਤਣੇ, ਪੱਤੇ, ਫੁੱਲ ਤੇ ਫਲ ਆਦਿ ਨੂੰ ਦੇਖ ਕੇ ਕੋਈ ਕਹੇ ਕਿ ਧਰਤੀ ਦੇ ਹੇਠ ਵੀ ਪੌਦੇ ਦਾ ਇਹੀ ਮਾਡਲ ਹੋਵੇਗਾ ਤਾਂ ਉਸ ਨੂੰ ਨਿਰਾਸ਼ਾ ਦਾ ਸਾਹਮਣਾ ਕਰਨਾ ਪਵੇਗਾ। ਧਰਤੀ ਦੇ ਹੇਠ ਬਾਹਰ ਵਰਗਾ ਖੂਬਸੂਰਤ ਪੌਦਾ ਨਹੀਂ, ਸਗੋਂ ਮਿੱਟੀ ਨਾਲ ਲਿਬੜੀਆਂ ਬਦਸੂਰਤ ਜੜ੍ਹਾਂ ਮਿਲਦੀਆਂ ਹਨ। ਕੋਈ ਪੂਜਾ ਭਗਤੀ ਕਰ ਕੇ ਜਿੰਨੀ ਮਰਜੀ ਇੱਛਾ ਜਤਾਵੇ, ਪਰ ਉਸ ਨੂੰ ਉੱਥੋਂ ਤਣਾ, ਪੱਤੇ ਤੇ ਫਲ-ਫੁੱਲ ਨਹੀਂ ਲੱਭਣਗੇ। ਇਹ ਪੌਦੇ ਦੀ ਦੂਜੇ ਖੇਤਰ (Domain) ਦੀ ਹੋਂਦ ਹੈ, ਜੋ ਉਪਰਲੀ ਹੋਂਦ ਨਾਲੋਂ ਵੱਖਰੀ ਹੈ। ਇੱਥੇ ਵੀ ਦੋਵੇਂ ਹੋਂਦਾਂ ਇਕ ਦੂਜੇ ਨਾਲ ਜੁੜੀਆਂ ਹੁੰਦੀਆਂ ਹਨ, ਪਰ ਜੋੜ ਪ੍ਰਤੀਤ ਨਹੀਂ ਹੁੰਦਾ। ਜੜ੍ਹਾਂ ਦੇ ਅੰਦਰ ਚਲਦੀਆਂ ਪ੍ਰਕ੍ਰਿਆਵਾਂ ਤੇ ਉਨ੍ਹਾਂ ਦੇ ਪੌਦੇ ਨਾਲ ਸਥਾਪਤ ਹੋਏ ਸਬੰਧਾਂ ਨੂੰ ਵੀ ਵਿਗਿਆਨ ਰਸਤੇ ਹੀ ਜਾਣਿਆ ਜਾ ਸਕਦਾ ਹੈ। ਇਸੇ ਗੱਲ ਨੂੰ ਸੈਂਕੜੇ ਹੋਰ ਮਿਸਾਲਾਂ ਨਾਲ ਸਮਝਿਆ ਜਾ ਸਕਦਾ ਸੀ। ਜੇ ਕੋਈ ਇਸ ਗੱਲ ਵਲ ਧਿਆਨ ਦਿੰਦਾ (ਧਿਆਉਂਦਾ) ਤਾਂ ਸ਼ਾਇਦ ਜਗਤ ਦਾ ਅਦਿੱਖ ਕਾਰਕ ਕਦੋਂ ਦਾ ਜਾਣਿਆ ਜਾਂਦਾ। ਇਸ ਰਸਤੇ ਸਿਰਫ ਨਿਰੋਲ ਗਿਆਨ ਟਪਕਦਾ; ਨਾਦ, ਬਿਨੋਦ, ਕੋਡ, ਅਨੰਦ ਜਿਹੀ ਕੋਈ ਪ੍ਰਚੰਡ ਅਵਸਥਾ ਨਾ ਆਉਂਦੀ!

ਜੇ ਸਚ ਖੰਡ ਅਤੇ ਨਿਰੰਕਾਰ ਭਾਵ ਪਰਮ-ਸਤਿ ਨੂੰ ਉਪਰੋਕਤ ਮਾਡਲ ਅਨੁਸਾਰ ਵਿਚਾਰੀਏ ਤਾਂ ਇਹ ਵੀ ਸੰਸਾਰਕ ਮਾਯਾ ਤੋਂ ਪਾਰਲੇ ਖੇਤਰ (Domain) ਦੇ ਵਰਤਾਰੇ ਹਨ। ਗੁਰੂ ਸਾਹਿਬ ਅਨੁਸਾਰ ਇਨ੍ਹਾਂ ਦੀ ਸਮਝ ਵਿਗਿਆਨ ਤੇ ਗਣਿਤ

> ***ਗੁਰੂ ਸਾਹਿਬ ਦੇ ਸੰਕਲਪ ਕਰਤਾ ਪੁਰਖੁ ਦਾ ਮੌਜੂਦਾ ਸਤਿ ਭਾਵ ਅਸਲ ਨਾਮ ਨਿਊਟ੍ਰਾਨ ਬਣਦਾ ਹੈ। ਸ਼ਾਇਦ ਹੋਵੇ ਵੀ ਇਹੀ! ਪਰ ਨਾਮਕਰਣ ਦੇ ਇਸ ਮਸਲੇ ਵਿਚ ਕਾਹਲੀ ਦੀ ਨਹੀਂ, ਉਡੀਕ ਕਰਨ ਦੀ ਲੋੜ ਹੈ।***

(ੴ) ਦੇ ਰਸਤੇ ਖਾਕੇ ਜਾਂ ਪੈਰਾਡਿਜ਼ਮ (Paradigm) ਘੜ੍ਹ ਕੇ ਹੀ ਪੈ ਸਕਦੀ ਹੈ। ਪਰ ਯਾਦ ਰਹੇ, ਪੈਰਾਡਿਜ਼ਮਾਂ ਦੀ ਕਾਰਜ-ਸਮਤਾ ਸੀਮਤ ਹੁੰਦੀ ਹੈ। ਇਨ੍ਹਾਂ ਰਾਹੀਂ ਪ੍ਰਾਪਤ ਕੀਤਾ ਗਿਆਨ ਅਸਲੀ ਨਹੀਂ ਹੁੰਦਾ, ਸਗੋਂ ਅਸਲ ਦਾ ਰੂਪਕ ਜਾਂ ਅਕਸ ਹੁੰਦਾ ਹੈ। ਨਮੂਨੇ ਰੂਪ ਵਿਚ ਇਹ ਗਿਆਨ ਅਸਲ ਦੀ ਕਾਰਜਸ਼ੀਲ ਮੂਰਤ ਹੀ ਪੇਸ਼ ਕਰ ਸਕਦਾ ਹੈ। ਗੁਰੂ ਸਾਹਿਬ ਵੀ ਇਸ ਨੂੰ 'ਅਕਾਲ ਮੂਰਤਿ' ਭਾਵ ਪੱਕੀ ਝਲਕ ਹੀ ਕਹਿੰਦੇ ਹਨ। ਇਸ ਲਈ ਗੁਰਬਾਣੀ ਅਨੁਸਾਰ ਇਸ ਝਲਕ ਨੂੰ ਹਾਸਲ ਕਰਨ ਲਈ ਜੋ ਕੁਝ ਹੋ ਸਕਦਾ ਹੈ, ਪੈਰਾਡਿਜ਼ਮ ਓਨਾ ਕੁ ਹੀ ਕਰ ਸਕਦਾ ਹੈ। ਇਸ ਤੋਂ ਇਹ ਸਿੱਟਾ ਨਹੀਂ ਨਿਕਲਦਾ ਕਿ ਸੰਪੂਰਨ ਸੱਚ ਦਾ ਪਤਾ ਚਲ ਗਿਆ ਹੈ, ਜਾਂ ਚਲ ਜਾਵੇਗਾ ਜਾਂ ਚਲ ਸਕਦਾ ਹੈ। ਇਹ ਸੰਭਵ ਹੀ ਨਹੀਂ, ਕਿਉਂਕਿ ਬਾਹਰਲੇ ਮਾਯਾਵੀ ਖੇਤਰ ਦੀ ਤਰ੍ਹਾਂ ਅੰਦਰਲਾ ਸੂਖਮ ਖੇਤਰ ਵੀ ਅਨੰਤ (Infinite) ਹੈ। ਗੁਰਬਾਣੀ ਤੇ ਵਿਗਿਆਨ ਦੋਵੇਂ ਮੰਨਦੇ ਹਨ ਕਿ ਪਦਾਰਥ ਦੀਆਂ ਅਥਾਹ ਅੰਤਰਮੁਖੀ ਤਹਿਆਂ ਹਨ, ਜੋ ਇਕ ਇਕ ਕਰਕੇ ਹਮੇਸ਼ਾ ਉੱਧੜਦੀਆਂ ਰਹਿਣਗੀਆਂ, ਪਰ ਕਦੇ ਖਤਮ ਨਹੀਂ ਹੋਣਗੀਆਂ।

ਇਸ ਦੀ ਇਕ ਮਿਸਾਲ ਹੋਮਿਓਪੈਥਿਕ ਦਵਾਈਆਂ ਹਨ, ਜੋ ਕੱਚੇ ਪਦਾਰਥਾਂ ਦੇ ਸੂਖਮ ਘੋਲਾਂ ਤੋਂ ਬਣਦੀਆਂ ਹਨ। ਮਿਸਾਲ ਵਜੋਂ ਇਕ ਭਾਗ ਸੋਨੇ ਨੂੰ 99 ਭਾਗ ਖੰਡ ਪਾਊਡਰ ਨਾਲ ਕੁੱਟ-ਪੀਹ ਕੇ ਮਹੀਨ ਕਰਨ ਤੇ ਅਲਕੋਹਲ ਵਿਚ ਘੋਲਣ ਨਾਲ ਆਉਰਮ ਮੈਟ (Aurum Met) ਨਾਮਕ ਦਵਾਈ ਦੀ ਪਹਿਲੀ ਪੋਟੈਂਸੀ ਬਣ ਜਾਂਦੀ ਹੈ। ਡਾ. ਜੇ. ਐਚ. ਕਲਾਰਕ (J. H. Clarke) ਅਨੁਸਾਰ ਇਹ ਡਿਪਰੈਸ਼ਨ (Depression) ਤੇ ਆਤਮ-ਹੱਤਿਆ (Suicide) ਦੇ ਵਿਚਾਰਾਂ ਨੂੰ ਰੋਕਣ ਲਈ ਉੱਤਮ ਦਵਾਈ ਹੈ। ਇਸ ਵਿਚ ਸੌਂਵਾਂ ਭਾਗ ਸੋਨਾ ਹੈ। ਅਗਲੀਆਂ ਪੋਟੈਂਸੀਆਂ ਵਿਚ ਇਹ ਮਾਤਰਾ ਸੌ ਗੁਣਾ ਪ੍ਰਤੀ ਪੋਟੈਂਸੀ ਦੇ ਹਿਸਾਬ ਘਟਦੀ ਜਾਂਦੀ ਹੈ। ਐਵੋਗੈਡਰੋ (Avogadro) ਦੇ ਨਿਯਮ ਅਨੁਸਾਰ 13ਵੀਂ ਪੋਟੈਂਸੀ 'ਤੇ ਪੁੱਜ ਕੇ ਇਹ ਮਾਤਰਾ ਸਿਫਰ (Zero) ਹੋ ਜਾਂਦੀ ਹੈ ਤੇ ਇਸ ਵਿਚ ਸੋਨੇ ਦਾ ਇਕ ਐਟਮ ਵੀ ਨਹੀਂ ਰਹਿੰਦਾ। 20ਵੀਂ ਪੋਟੈਂਸੀ ਤੀਕ ਚਲਦਿਆਂ ਇਸ ਵਿਚ ਇਲੈਕਟ੍ਰਾਨ ਜਿਹਾ ਕੋਈ ਹੋਰ ਛੋਟਾ ਪਦਾਰਥੀ ਕਣ ਵੀ ਨਹੀਂ ਰਹਿੰਦਾ; ਪਰ ਜਿਉਂ ਜਿਉਂ ਪੋਟੈਂਸੀ ਵਧਦੀ ਹੈ, ਦਵਾਈ ਦੀ ਤਾਕਤ ਵੀ ਵਧਦੀ ਜਾਂਦੀ ਹੈ। ਆਮ ਤੌਰ 'ਤੇ ਡਾਕਟਰ ਮਰੀਜ਼ ਨੂੰ 30ਵੀ ਪੋਟੈਂਸੀ ਦਿੰਦੇ ਹਨ, ਜਿਸ ਵਿਚ ਕੁਝ ਵੀ ਨਹੀਂ ਹੁੰਦਾ।

ਹਿਸਾਬ ਲਾਇਆਂ ਪਤਾ ਚਲਦਾ ਹੈ ਕਿ ਇਸ ਪੋਟੈਂਸੀ 'ਤੇ ਪਹੁੰਚ ਕੇ ਦਵਾਈ ਵਿਚ ਸੋਨੇ ਦੀ ਮਾਤਰਾ ਏਕੇ ਪਿੱਛੇ ਸੱਠ ਸਿਫਰਾਂ (1x10-60) ਵਾਲੇ ਅੰਕ ਗੁਣਾ ਘਟ ਗਈ ਹੈ। ਇਸ ਰਕਮ ਦੇ ਵਿਸਤਾਰ ਬਾਰੇ ਤਾਂ ਕਿਸੇ ਹਿਸਾਬਦਾਨ ਤੋਂ ਪੁੱਛਿਆ ਜਾਣਾ ਹੀ ਠੀਕ ਹੈ, ਪਰ ਤਾਂ ਵੀ ਇਹ ਦਵਾਈ ਮਰੀਜ਼ ਨੂੰ ਠੀਕ ਕਰਦੀ ਹੈ। ਪੋਟੈਂਸੀਆਂ 200, 500, 1000, 10,000, 100,000 ਤੇ 10,00,000 ਵੀ ਹਨ, ਜੋ ਬਿਮਾਰਾਂ ਤੇ ਇਕ ਤੋਂ ਇਕ ਚੜ੍ਹਦਾ ਅਸਰ ਕਰ ਕੇ ਪੁਸ਼ਤੈਨੀ ਡਿਪਰੈਸ਼ਨ ਨੂੰ ਵੀ ਠੀਕ ਕਰ ਸਕਦੀਆਂ ਹਨ; ਪਰ ਇੱਥੇ ਕਿਹੜਾ ਗਣਿੱਤ ਖਤਮ ਹੋ ਜਾਂਦਾ ਹੈ! ਪੋਟੈਂਸੀਆਂ ਤਾਂ ਇਸ ਤੋਂ ਅੱਗੇ ਹੋਰ ਵੀ ਪਈਆਂ ਹਨ। ਇਲਾਜ ਇਹ ਤਾਂ ਹੀ ਕਰਦੀਆਂ ਹਨ, ਜੇ ਇਨ੍ਹਾਂ ਵਿਚ ਦਵਾ ਪਦਾਰਥ ਕਿਸੇ ਨਾ ਕਿਸੇ ਸੂਰਤ ਵਿਚ ਮੌਜੂਦ ਹੁੰਦਾ ਹੈ!

ਇਸ ਦਾ ਸਿੱਟਾ ਇਹ ਹੋਇਆ ਕਿ ਸੰਪੂਰਣ ਗੁਣਾਂ ਵਾਲਾ ਪਰਮ-ਸਤਿ ਹੁਣ ਵਾਂਗ ਹਮੇਸ਼ਾ ਅਕਾਲ ਮੂਰਤਿ ਹੀ ਬਣਿਆ ਰਹੇਗਾ ਭਾਵ ਅਸਲ ਦਾ ਅਕਸ ਜਾਂ ਨਮੂਨਾ ਹੀ ਰਹੇਗਾ, ਅਰਥਾਤ ਸਥੂਲ ਰੂਪ ਵਿਚ ਸਾਹਮਣੇ ਕਦੇ ਨਹੀਂ ਆਵੇਗਾ। ਇਸ ਅਨੁਸਾਰ ਮਨੁੱਖ ਦੀ ਹੋਣੀ ਸਿਰਫ ਅਜਿਹੇ ਟੀਚੇ ਵੱਲ ਵਧਣਾ ਹੀ ਹੈ, ਜੋ ਜਿੰਨਾ ਨੇੜੇ ਜਾਓ, ਉਨਾ ਦੂਰ ਹੁੰਦਾ ਚਲਾ ਜਾਂਦਾ ਹੈ। ਇਸ ਪ੍ਰਕ੍ਰਿਆ ਦੀ ਅਸਲ ਪ੍ਰਾਪਤੀ ਲਕਸ਼ ਨੂੰ ਪਕੜਨਾ ਨਹੀਂ, ਸਗੋਂ ਉਸ ਦੇ ਗੁਣਾਂ ਦੀ ਖੋਜ ਕਰਦਿਆਂ ਉਸ ਦੇ ਨਿਯਮਾਂ ਦਾ ਪਤਾ ਲਾਉਂਦੇ ਜਾਣਾ ਹੈ, ਜਿਨ੍ਹਾਂ ਦੀ ਵਰਤੋਂ ਰਾਹੀਂ ਮਨੁੱਖ ਆਪਣਾ ਤੇ ਆਪਣੇ ਸਮਾਜ ਦਾ ਵਿਕਾਸ ਕਰਦਾ ਜਾਵੇ!

ਉਪਰੋਕਤ ਸਿੱਟਾ ਤਾਂ ਵੱਡੇ ਵੱਡੇ ਅਧਿਆਤਮਕ ਬ੍ਰਹਮ-ਗਿਆਨੀਆਂ ਦੇ ਸਮਝ ਵਿਚ ਲਿਆਉਣ ਵਾਲਾ ਹੈ, ਜੋ ਸੱਚ ਦੀ ਭਾਲ ਵਿਚ ਅੱਡੀ ਚੋਟੀ ਦਾ ਜੋਰ ਲਾ ਕੇ 'ਸਿਮਰਨ' ਕਰਦੇ ਹਨ। ਜਿਥੋਂ ਤੀਕ ਸਹਿਜ ਸੁਭਾਵੀ ਯਥਾਰਥਵਾਦੀ ਵਿਦਵਾਨਾਂ ਦਾ ਸਵਾਲ ਹੈ, ਉਨ੍ਹਾਂ ਦੀ ਜਗਿਆਸਾ ਤ੍ਰਿਪਤ ਕਰਨ ਲਈ ਪਰਮ-ਸਤਿ ਦੇ ਕਾਰਜਸ਼ੀਲ ਨਮੂਨੇ (Working Model) ਵਾਲੇ ਪੈਰਾਡਿਜ਼ਮ (Paradigm) ਦੀ ਲੋੜ ਹੈ। ਇਸ ਪੈਰਾਡਿਜ਼ਮ ਦੀ ਪੇਸ਼ਕਾਰੀ ਲਈ ਹੁਣ ਬਹੁਤੀ ਉਡੀਕ ਕਰਨ ਦੀ ਲੋੜ ਨਹੀਂ, ਕਿਉਂਕਿ ਪਿਛਲੇ ਪੰਜ ਸੌ ਸਾਲਾਂ ਦੀ ਅਣਥੱਕ ਮਿਹਨਤ ਸਦਕਾ ਵਿਗਿਆਨਕ ਜਗਿਆਸੂਆਂ ਨੇ ਇਸ ਨੂੰ ਵੇਰਵੇ ਨਾਲ ਘੜ੍ਹ-ਪਰਖ ਲਿਆ ਹੈ। ਸਿੱਖੀ ਮਾਰਗ ਨੂੰ ਸਹੀ ਤਰ੍ਹਾਂ ਪਛਾਣਦਿਆਂ ਗੁਰੂ ਸਾਹਿਬ ਦੇ ਸੱਚੇ ਸਿੱਖਾਂ ਨੇ ਇਸ ਪ੍ਰਸ਼ਨ ਨੂੰ ਚਾਰੇ ਪਾਸਿਓਂ ਇੰਨੀ ਬਾਰੀਕੀ ਨਾਲ ਖੋਜ ਲਿਆ ਹੈ ਕਿ ਪਰਮ-ਸਤਿ ਦਾ ਰੇਖਾ ਮਾਡਲ ਹੁਣ ਬਿਲਕੁਲ ਮੁਕੰਮਲ ਜਾਪਦਾ ਹੈ। ਬਕਾਇਆ ਖੋਜ ਵੀ ਇਸ ਮਾਡਲ ਦੀ ਸੇਧ ਵਿਚ ਹੋਵੇਗੀ ਤੇ ਨਵੀਂ ਜਾਣਕਾਰੀ ਵੀ ਇਸ ਵਿਚ ਹੀ ਸ਼ਾਮਲ ਕੀਤੀ ਜਾ ਸਕੇਗੀ। ਗੁਰਸਿੱਖ ਇਸ ਦਾ ਸਵਾਗਤ ਕਰਨਗੇ, ਕਿਉਂਕਿ ਉਨ੍ਹਾਂ ਦੀ ਪ੍ਰਤੀਬੱਧਤਾ ਕਿਸੇ ਖਾਸ ਮਾਡਲ ਜਾਂ ਮਾਡਲ ਦੇ ਰੂਪ ਨਾਲ ਨਹੀਂ, ਸਗੋਂ ਸੱਚ ਨਾਲ ਹੋਵੇਗੀ। ਸੰਖੇਪ ਵਿਚ, ਹੁਣ ਪਰਮ-ਸਤਿ ਦਾ ਅਕਸ ਅੰਮ੍ਰਿਤ ਵੇਲੇ ਦੀ ਲੋਅ ਵਾਂਗ ਸਾਹਮਣੇ ਉਮਡ ਰਿਹਾ ਹੈ, ਬਸ ਇਸ ਉੱਤੋਂ ਬਹੁਪਰਤੀ ਧੁੰਦ ਦਾ ਇਕ ਆਖਰੀ ਪਰਦਾ ਹੀ ਦੂਰ ਕਰਨਾ ਬਾਕੀ ਹੈ।

ਇਸ ਧੁੰਦ ਦੀ ਇਕ ਮੋਟੀ ਤਹਿ ਗੁਰੂ ਸਾਹਿਬ ਖੁਦ ਹਟਾ ਗਏ ਹਨ ਤੇ ਬਾਕੀ ਦੀਆਂ ਕਈ ਤਹਿਆਂ ਉਨ੍ਹਾਂ ਦੀਆਂ ਸਿੱਖਿਆਵਾਂ ਦੀ ਸੇਧ ਵਿਚ ਚਲਦੇ ਉਨ੍ਹਾਂ ਦੇ ਸੱਚੇ ਸਿੱਖਾਂ ਨੇ ਹਟਾ ਦਿੱਤੀਆਂ ਹਨ। ਗੁਰੂ ਸਾਹਿਬ ਨੇ ਇਕ ਨਿਰਣਾਇਕ ਇਸ਼ਾਰਾ ਕੀਤਾ ਹੈ ਕਿ ਨਿਰੰਕਾਰ ਦਾ ਟਿਕਾਣਾ ਸਚ ਖੰਡ ਵਿਚ ਹੈ। ਇਹ ਖੁਲਾਸਾ ਗੁਰੂ ਸਾਹਿਬ ਨੇ 'ਧਰਤੀ ਧਰਮਸਾਲ' ਦੇ ਪੰਜਾਂ ਖੰਡਾਂ ਦਾ ਵਰਣਨ ਕਰਦਿਆਂ ਕੀਤਾ ਹੈ। ਇਸ ਲਈ ਸਚ ਖੰਡ ਧਰਤੀ 'ਤੇ ਇਸ ਦੇ ਦੁਆਲੇ ਪਸਰੀ ਕੁਦਰਤ ਵਿਚ ਹੀ ਹੈ। ਸੁਲਤਾਨ ਦੀ ਸਲਤਨਤ ਭਾਵੇਂ ਦੂਰ ਦੂਰ ਫੈਲੀ ਹੋਵੇ, ਪਰ ਉਹ ਰਹਿੰਦਾ ਆਪਣੇ ਕਿਲੇ ਵਿਚ ਹੈ। ਇਸ ਲਈ ਨਿਰੰਕਾਰ ਭਾਵੇਂ ਪੂਰੀ ਕੁਦਰਤ ਵਿਚ ਸਮਾਇਆ ਹੋਇਆ ਹੈ ਤੇ ਬ੍ਰਹਿਮੰਡ ਦੇ ਸਭ ਪਿੰਡਾਂ ਵਿਚ ਸਥਿੱਤ ਹੈ, ਪਰ ਇਸ ਦਾ ਆਮ ਟਿਕਾਣਾ (General abode) ਕੁਦਰਤ ਦੇ ਸਚ ਖੰਡ ਵਿਚ ਹੈ। ਸਚ ਖੰਡ ਜੰਗਲ ਬੇਲਿਆਂ ਤੇ ਆਕਾਸ਼ਾਂ ਪਤਾਲਾਂ ਵਿਚ ਕੋਈ ਸੁਰਖਿਅਤ ਅਗਿਆਤਵਾਸ ਨਹੀਂ ਹੈ, ਜਿੱਥੇ ਨਿਰੰਕਾਰ ਖੁੱਲ੍ਹਾ ਫਿਰਦਾ ਹੋਵੇ ਤੇ ਉਸ ਨੂੰ ਮਿਲਿਆ ਜਾ ਸਕੇ। ਇਹ ਤਾਂ 'ਜਿਨਸੀ ਮਾਯਾ' ਦੇ ਹਰੇਕ ਜ਼ੱਰੇ ਵਿਚ ਇਕ ਅਦ੍ਰਿਸ਼ ਸਥਾਨ ਹੈ, ਜਿਸ ਵਿਚ ਨਿਰੰਕਾਰ ਦਾ ਨਿਵਾਸ ਹੈ।

ਸਿੱਟਾ ਇਹ ਕਿ ਸਚ ਖੰਡ ਪਦਾਰਥ ਵਿਚ ਹੀ ਹੈ ਤੇ ਇਸ ਪਦਾਰਥੀ ਸਚ ਖੰਡ ਵਿਚ ਹੀ ਪਰਮ-ਸਤਿ ਦਾ ਨਿਵਾਸ ਹੈ। ਮਿੱਟੀ, ਪਾਣੀ, ਲੋਹਾ, ਕੋਲਾ, ਲਕੜੀ, ਧਾਤੂ, ਹਵਾ, ਖਣਿੱਜ ਆਦਿ ਕਿਸੇ ਵੀ ਪਦਾਰਥ ਨੂੰ ਇੰਨਾ ਬਾਰੀਕ ਕੱਟੋ ਜਾਂ ਪੀਸੋ ਕਿ ਇਸ ਨੂੰ ਹੋਰ ਨਾ ਤੋੜਿਆ ਜਾ ਸਕੇ। ਇਨ੍ਹਾਂ ਛੋਟੇ ਟੁਕੜਿਆਂ ਨੂੰ ਵਿਗਿਆਨ ਦੀ ਭਾਸ਼ਾ ਵਿਚ ਐਟਮ ਕਿਹਾ ਜਾਂਦਾ ਹੈ। ਜਪੁਜੀ ਦੀ ਭਾਸ਼ਾ ਵਿਚ ਜਿਸ ਨੂੰ ਸਚ ਖੰਡ ਕਿਹਾ ਗਿਆ ਹੈ, ਉਹ ਸ਼ਾਇਦ ਐਟਮ ਹੀ ਹੈ; ਕਿਉਂਕਿ ਐਟਮ ਤੋਂ ਅੱਗੇ ਉਹ ਸੰਸਾਰ ਹੈ, ਜਿਸ ਨੂੰ ਕਿਸੇ ਨੇ ਦੇਖਿਆ ਨਹੀਂ ਹੈ ਤੇ ਜਿਸ ਦੀਆਂ ਗਤੀਵਿਧੀਆਂ ਬਾਰੇ ਆਧੁਨਿਕ ਵਿਗਿਆਨ ਤੋਂ ਪਹਿਲਾ ਕਿਸੇ ਨੂੰ ਕੁਝ ਪਤਾ ਹੀ ਨਹੀਂ ਸੀ। ਅਦਿੱਖ ਹੋਣ ਕਰਕੇ ਇਸ ਪਦਾਰਥ ਦੇ ਇਸ ਭਾਗ ਨੂੰ ਅਧਿਆਤਮਕ (Spiritual) ਸਮਝਿਆ ਜਾਂਦਾ ਸੀ। ਬਹੁਤੇ ਵਿਦਵਾਨ ਪਦਾਰਥ ਨੂੰ ਗੰਦਾ ਤੇ ਵਿਨਾਸਸ਼ੀਲ ਸਮਝ ਕੇ ਇਸ ਪ੍ਰਤੀ ਘ੍ਰਿਣਾ ਕਰਦੇ ਸਨ ਤੇ ਇਸ ਪਾਸੇ ਆਉਂਦੇ ਹੀ ਨਹੀਂ ਸਨ; ਪਰ ਜੋ ਆਉਂਦੇ ਸਨ, ਉਹ ਇਸ ਤੋਂ ਅੱਗੇ ਨਾ ਜਾ ਸਕਣ ਕਰਕੇ ਪਦਾਰਥਵਾਦ ਦਾ ਰਸਤਾ ਬੰਦ ਸਮਝਦੇ ਸਨ। ਉਨ੍ਹਾਂ ਦਾ ਇਹ ਸਿੱਟਾ ਗੁਰੂ ਸਾਹਿਬ ਦੇ ਸਚ ਖੰਡ ਬਾਰੇ ਦਿੱਤੇ ਵੇਰਵਿਆਂ ਤੇ ਐਟਮ ਬਾਰੇ ਹੁਣ ਤੀਕ ਦੀ ਜਾਣਕਾਰੀ ਦੇ ਆਧਾਰ 'ਤੇ ਰੱਦ ਹੋ ਚੁਕਾ ਹੈ।

ਸੱਚ ਤਾਂ ਇਹ ਹੈ ਕਿ ਐਟਮ ਦਾ ਜੋ ਖੋਲ ਕਿਸੇ ਵੇਲੇ ਮਾਯਾ ਦੀ ਬਾਹਰਲੀ ਸੀਮਾ ਸਮਝਿਆ ਜਾਂਦਾ ਸੀ, ਗੁਰੂ ਸਾਹਿਬ ਦੇ ਸਚ ਖੰਡ ਦੇ ਵੇਰਵਿਆਂ ਤੋਂ ਬਾਅਦ ਉਹ ਸਚ ਖੰਡ ਦੇ ਕਿਲੇ ਦੀ ਬਾਹਰਲੀ ਦੀਵਾਰ ਸਾਬਤ ਹੋਇਆ ਹੈ। ਸਚ ਖੰਡ ਇਕ ਲੋਹ ਖੰਡ ਹੈ, ਜਿਸ ਨੂੰ ਲਾਂਘ ਕੇ ਅੰਦਰੋਂ ਬਿਆਨ ਕਰਨਾ ਬਹੁਤ ਕਠਿਨ (ਕਰੜਾ ਸਾਰ) ਹੈ। ਭਾਵੇਂ ਇਸ ਵਿਚ ਝਾਕਣਾ ਅਸੰਭਵ ਹੈ, ਪਰ ਸੰਸਾਰ ਰਚਨਾ ਦੀਆਂ ਸਾਰੀਆਂ ਗਤੀਵਿਧੀਆਂ ਇਸ ਵਿਚ ਹੀ ਵਾਪਰਦੀਆਂ ਹਨ। ਭਗਤ ਜਨ ਸਦੀਆਂ ਤੋਂ ਇਸ ਖੰਡ ਦੀ ਭਾਲ ਵਿਚ ਸਨ, ਪਰ ਅੱਖੋਂ ਪਰੋਖੇ ਹੋਣ ਕਾਰਨ ਉਹ ਇਸ ਪਾਸੇ ਨਾ ਜਾ ਸਕੇ। ਅਸਲ ਵਿਚ ਇਹ ਪਦਾਰਥ ਦੀ ਗਹਿਰਾਈ ਵਿਚ ਇੰਨੀ ਦੂਰ ਹੈ ਕਿ ਵੱਡੀ ਤੋਂ ਵੱਡੀ ਖੁਰਦਬੀਨ ਦੀ ਮਦਦ ਨਾਲ ਵੀ ਮਨੁੱਖੀ ਨਜ਼ਰ ਉੱਥੇ ਨਹੀਂ ਪਹੁੰਚ ਸਕਦੀ। ਮਾਯਾ ਦੇ ਦੂਜੇ ਪੱਧਰ (Domain) 'ਤੇ ਹੋਣ ਕਾਰਨ ਇਸ ਦਾ ਕਾਰ ਵਿਹਾਰ, ਵਿਸਤਾਰ ਤੇ ਗਿਣਤੀਆਂ-ਮਿਣਤੀਆਂ ਦਾ ਹਿਸਾਬ-ਕਿਤਾਬ ਮਾਯਾਵੀ ਪੱਧਰ ਤੋਂ ਵੱਖਰਾ ਹੈ। ਇਸ ਲਈ ਇਸ ਅਵਸਥਾ ਵਿਚ ਸਾਰਾ ਅਡੰਬਰ ਅਦਿੱਖ ਭਾਵ 'ਨਿਰੰਕਾਰ' ਮਾਲੂਮ ਹੁੰਦਾ ਹੈ ਤੇ ਇਹ ਨੇੜੇ ਪਿਆ ਵੀ ਨਹੀਂ ਦਿਖਦਾ। ਇਹ ਇਵੇਂ ਹੈ, ਜਿਵੇਂ ਤਰਲ ਅਵਸਥਾ ਵਿਚ ਪਾਣੀ ਦੇਖਿਆ ਜਾ ਸਕਦਾ ਹੈ ਤੇ ਪੀਤਾ ਜਾ ਸਕਦਾ, ਪਰ ਵਾਸ਼ਪ ਅਵਸਥਾ ਵਿਚ ਅਜਿਹਾ ਕੁਝ ਵੀ ਨਹੀਂ ਕੀਤਾ ਜਾ ਸਕਦਾ। ਪਾਣੀ ਤੇ ਵਾਸ਼ਪਾਂ ਦੇ ਮਿਣਤੀ ਪੈਮਾਨੇ ਵੱਖ ਵੱਖ ਹਨ।

ਹੁਣ ਵਿਗਿਆਨਕ ਯੁਗ ਵਿਚ ਸਪਸ਼ਟ ਹੋ ਗਿਆ ਹੈ ਕਿ ਐਟਮ ਅੰਦਰ ਕੀ ਹੈ ਤੇ ਇਸ ਦੀਆਂ ਅੰਦਰੂਨੀ ਪ੍ਰਕ੍ਰਿਆਵਾਂ ਕਿਵੇਂ ਚਲਦੀਆਂ ਹਨ। ਇਸ ਅੰਦਰ ਇਲੈਕਟ੍ਰਾਨ, ਪ੍ਰੋਟਾਨ ਤੇ ਨਿਊਟ੍ਰਾਨ ਨਾਮਕ ਤਿੰਨ ਪ੍ਰਕਾਰ ਦੇ ਕਣ ਹੁੰਦੇ ਹਨ। ਇਹ ਸਭ ਦੋਹਰੇ ਸੁਭਾਅ ਵਾਲੇ ਕਣ ਹਨ, ਜੋ ਵਜਨ ਤੇ ਬਿਜਲਈ ਚਾਰਜ-ਦੋਵੇਂ ਰੱਖਦੇ ਹਨ। ਹਰ ਇਕ ਤੱਤ ਦੇ ਐਟਮਾਂ ਵਿਚ ਇਨ੍ਹਾਂ ਕਣਾਂ ਦੀ ਗਿਣਤੀ ਵੱਖ-ਵੱਖ ਹੁੰਦੀ ਹੈ ਤੇ ਹਰ ਇਕ ਦੇ ਐਟਮਾਂ ਦਾ ਭਾਰ ਤੇ ਵੇਲੰਸੀਆਂ ਵੀ ਵੱਖ-ਵੱਖ ਹੁੰਦੀਆਂ ਹਨ। ਪ੍ਰੋਟੋਨ ਤੇ ਨਿਊਟ੍ਰਾਨ ਐਟਮ ਦੇ ਨਿਊਕਲੀਅਸ ਵਿਚ ਇੱਕਠੇ ਪਏ ਹੁੰਦੇ ਹਨ ਤੇ ਇਲੈਕਟ੍ਰਾਨ ਇਨ੍ਹਾਂ ਦੁਆਲੇ ਤੇਜ ਗਤੀ ਨਾਲ ਘੁੰਮਦੇ ਰਹਿੰਦੇ ਹਨ। ਜੇ ਜਪੁਜੀ ਦੇ ਸਚ ਖੰਡ ਦੀ ਇਸ ਐਟਮੀ ਪੈਰਾਡਿਜ਼ਮ ਨਾਲ ਤੁਲਨਾ ਕਰੀਏ ਤਾਂ ਨਿਰੰਕਾਰ ਇਸ ਵਿਚ ਹੀ ਕਿਤੇ ਹੈ, ਪਰ ਇਹ ਹੈ ਕਿਹੜਾ ਅੰਸ਼? ਇਹ ਤਿੰਨੇ ਅੰਸ਼ ਐਟਮ ਦੀ ਰਚਨਾ ਤੇ ਗੁਣਾਂ ਦੇ ਕਾਰਨ ਹਨ ਤੇ ਤਿੰਨੇ ਹੀ ਅਦਿੱਖ ਹਨ, ਇਸ ਲਈ ਮੁੱਖ ਰੂਪ ਵਿਚ ਇਨ੍ਹਾਂ ਤਿੰਨਾਂ ਦਾ ਨਿਯਮਬੱਧ ਆਪਸੀ ਤਾਲਮੇਲ ਹੀ ਜਪੁਜੀ ਦੇ ਕਰਤਾ ਪੁਰਖ ਜਾਂ ਨਿਰੰਕਾਰ ਦਾ ਪ੍ਰੋਟੋਟਾਈਪ ਜਾਪਦਾ ਹੈ।

ਹੋਰ ਨੇੜਿਓਂ ਦੇਖੀਏ, ਪ੍ਰੋਟੋਨ ਉੱਤੇ ਧਨਾਤਮਿਕ ਚਾਰਜ ਹੈ ਤੇ ਇਲੈਕਟ੍ਰਾਨ ਉੱਤੇ ਉਸੇ ਮਾਤਰਾ ਦਾ ਰਿਣਾਤਮਿਕ ਚਾਰਜ ਹੈ। ਇਨ੍ਹਾਂ ਦੋਹਾਂ

*(ਬਾਕੀ ਅਗਲੇ ਸਫੇ 'ਤੇ)*

# ਅਹਿਮੀਅਤ ਦਿਨ ਦੀ ਜਾਂ ਸਿੱਖਾਂ ਨੂੰ ਗੁਰਬਾਣੀ ਨਾਲ ਜੋੜਨ ਦੀ!

## 'ਕੱਤਕ ਕਿ ਵਿਸਾਖ' ਦਾ ਮਾਮਲਾ

ਦੂਸਰੇ ਧਰਮਾਂ ਦੇ ਮੁਕਾਬਲੇ ਸਿੱਖ ਧਰਮ ਬਹੁਤਾ ਪੁਰਾਣਾ ਨਹੀਂ। ਇਹ ਧਰਮ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋਇਆ, ਜਿਨ੍ਹਾਂ ਦਾ 551 ਪ੍ਰਕਾਸ਼ ਦਿਹਾੜਾ ਅਸੀਂ ਕੁਝ ਦਿਨ ਪਹਿਲਾਂ ਹੀ ਮਨਾਇਆ ਹੈ। ਸਾਢੇ ਪੰਜ ਸਦੀਆਂ ਦਾ ਸਮਾਂ ਬਹੁਤਾ ਜ਼ਿਆਦਾ ਨਹੀਂ ਹੁੰਦਾ। ਉਸ ਸਮੇਂ ਤੱਕ ਲਿਖਣ ਕਲਾ ਪੂਰੀ ਵਿਕਸਿਤ ਹੋ ਚੁਕੀ ਸੀ। ਮੁੱਖ ਮੁੱਖ ਘਟਨਾਕ੍ਰਮ ਜਾਂ ਇਤਿਹਾਸਕ ਘਟਨਾਵਾਂ ਨੂੰ ਲਿਖਤੀ ਰੂਪ ਵਿਚ ਸਾਂਭਣ ਦੀ ਰੁਚੀ ਵੀ ਪੈਦਾ ਹੋ ਗਈ ਸੀ। ਭਾਰਤ ਵਿਚ ਉਦੋਂ ਦੋ ਹੀ ਪ੍ਰਮੁੱਖ ਧਰਮ ਸਨ-ਹਿੰਦੂ ਅਤੇ ਇਸਲਾਮ। ਹਜ਼ਾਰਾਂ ਸਾਲ ਪਹਿਲਾਂ ਭਾਵੇਂ ਜੈਨ ਅਤੇ ਬੁੱਧ ਮੱਤ ਵੀ ਜਨਮ ਲੈ ਕੇ ਵਧੇ-ਫੁਲੇ ਹੀ ਨਹੀਂ ਸਨ, ਸਗੋਂ ਸਿਖਰ 'ਤੇ ਪਹੁੰਚੇ ਅਤੇ ਅੱਧੋਗਤੀ ਵੱਲ ਲੁੜਕ ਕੇ ਖਤਮ ਹੋਣ ਦੇ ਕਿਨਾਰੇ ਵੀ ਪਹੁੰਚ ਚੁਕੇ ਸਨ। ਬੁੱਧ ਮੱਤ ਤਾਂ ਸਮਰਾਟ ਅਸ਼ੋਕ ਦੇ ਸਮੇਂ ਰਾਜ ਧਰਮ ਰਹਿ ਚੁਕਾ ਸੀ।




**ਰਵਿੰਦਰ ਸਿੰਘ ਸੋਢੀ**
ਫੋਨ: 604-369-2371


ਪੰਦਰਵੀਂ ਸਦੀ ਤੱਕ ਹਿੰਦੂ, ਇਸਲਾਮ, ਜੈਨ ਅਤੇ ਬੁੱਧ ਧਰਮ ਸਬੰਧੀ ਕਾਫੀ ਕੁਝ ਲਿਖਿਆ ਜਾ ਚੁਕਾ ਸੀ। ਜਦੋਂ ਕਾਗਜ਼ ਦੀ ਇਜਾਦ ਨਹੀਂ ਸੀ ਹੋਈ ਤਾਂ ਪੱਥਰਾਂ 'ਤੇ ਲਿਖਿਆ ਜਾਂਦਾ ਸੀ। ਅਸ਼ੋਕਾ ਦੇ ਸਮੇਂ ਦੇ ਸ਼ਿਲਾਲੇਖ ਆਪਣੇ ਵਿਚ ਇਤਿਹਾਸ ਸਮੋਈ ਬੈਠੇ ਹਨ। ਉਸ ਤੋਂ ਬਾਅਦ ਪੱਤਿਆਂ 'ਤੇ ਲਿਖਣ ਦਾ ਸਮਾਂ ਆਇਆ। ਕਾਗਜ਼ ਦੇ ਪ੍ਰਚਲਿਤ ਹੋਣ ਨਾਲ ਤਾਂ ਮਹਾਂਪੁਰਖਾਂ ਦੇ ਕਥਨਾ, ਵਿਦਵਾਨ ਦੇ ਵਿਚਾਰਾਂ ਅਤੇ ਸਮੇਂ ਸਮੇਂ ਵਾਪਰੀਆਂ ਘਟਨਾਵਾਂ ਨੂੰ ਕਲਮਬੱਧ ਕਰਨਾ ਬਹੁਤ ਅਸਾਨ ਹੋ ਗਿਆ।

ਕਰੀਬ ਹਰ ਧਰਮ ਵਿਚ ਹੀ ਸਮੇਂ ਸਮੇਂ ਕਈ ਰਲਾ ਹੁੰਦੇ ਰਹੇ ਹਨ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਹੀ ਕਲਮਬੱਧ ਨਹੀਂ ਸੀ ਕੀਤੀ, ਸਗੋਂ ਆਪਣੇ ਤੋਂ ਪਹਿਲਾਂ ਹੋ ਚੁਕੇ ਕੁਝ ਪ੍ਰਮੁੱਖ ਸੰਤਾ ਦੀ ਬਾਣੀ ਨੂੰ ਵੀ ਲਿਖ ਕੇ ਆਪਣੇ ਕੋਲ ਸਾਂਭਿਆ। ਹੈਰਾਨੀ ਇਸ ਗੱਲ ਦੀ ਹੈ ਕਿ ਉਨ੍ਹਾਂ ਦੇ ਜਨਮ ਦਿਹਾੜੇ ਸਬੰਧੀ ਹੀ ਭੁਲੇਖਾ ਚਲਿਆ ਆ ਰਿਹਾ ਹੈ। ਕਈ ਹੋਰ ਗੁਰੂਆਂ ਦੇ ਜੀਵਨ ਦੀਆਂ ਅਹਿਮ ਘਟਨਾਵਾਂ ਬਾਰੇ ਵੀ ਕਈ ਭੁਲੇਖੇ ਹਨ। ਸਿੱਖਾਂ ਸਬੰਧੀ ਆਮ ਕਹੀ ਜਾਣ ਵਾਲੀ ਗੱਲ ਵਿਚ ਕੋਈ ਝੂਠ ਨਹੀਂ ਕਿ 'ਸਿੱਖ ਇਤਿਹਾਸ ਬਣਾ ਸਕਦੇ ਹਨ, ਸਾਂਭ ਨਹੀਂ ਸਕਦੇ।'

ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਕੱਤਕ ਦੀ ਪੂਰਨਮਾਸੀ ਨੂੰ ਮਨਾਇਆ ਜਾਂਦਾ ਹੈ, ਪਰ ਕਈ ਵਿਦਵਾਨਾਂ ਦਾ ਮੱਤ ਹੈ ਕਿ ਉਨ੍ਹਾਂ ਦਾ ਜਨਮ ਵਿਸਾਖ ਵਿਚ ਹੋਇਆ ਸੀ (15 ਵਿਸਾਖ)। ਪ੍ਰਸਿੱਧ ਇਤਿਹਾਸਕਾਰ ਕਰਮ ਸਿੰਘ (ਹਿਸਟੋਰੀਅਨ) ਨੇ 'ਕੱਤਕ ਕਿ ਵਿਸਾਖ' ਵਿਚ ਬੜੀ ਵਿਦਵਤਾ ਅਤੇ ਇਤਿਹਾਸਕ ਪ੍ਰਮਾਣ ਦੇ ਕੇ ਇਹ ਨਤੀਜਾ ਕੱਢਿਆ ਕਿ ਪਹਿਲੀ ਪਾਤਸ਼ਾਹੀ ਦਾ ਜਨਮ ਕੱਤਕ ਵਿਚ ਹੋਇਆ ਸੀ। ਇਕ ਵਿਦਵਾਨ ਦਾ ਲੇਖ ਪੜ੍ਹ ਰਿਹਾ ਸਾਂ, ਜਿਸ ਤੋਂ ਪਤਾ ਲੱਗਾ ਕਿ ਬਹੁਤ ਦੇਰ ਤੱਕ ਗੁਰੂ ਨਾਨਕ ਸਾਹਿਬ ਦਾ ਆਗਮਨ ਪੂਰਬ ਵਿਸਾਖ ਵਿਚ ਹੀ ਮਨਾਇਆ ਜਾਂਦਾ ਸੀ। ਇਹ ਤਾਂ ਇਕ ਸਾਜਿਸ਼ ਅਧੀਨ ਵਿਸਾਖ ਤੋਂ ਕੱਤਕ ਕਰ ਦਿੱਤਾ। ਇਸ ਦਾ ਸਾਰਾ ਦੋਸ਼ ਬ੍ਰਾਹਮਣੀ ਚਾਲਾਂ ਨੂੰ ਦਿੱਤਾ ਜਾਂਦਾ ਹੈ। ਕਹਿੰਦੇ ਹਨ ਕਿ ਹਿੰਦੂ ਧਰਮ ਅਨੁਸਾਰ ਕੱਤਕ ਦੀ ਪੂਰਨਮਾਸੀ ਵਾਲਾ ਦਿਨ ਬੜਾ ਨਹਿਸ਼ ਮੰਨਿਆ ਜਾਂਦਾ ਹੈ। ਸੋ ਬ੍ਰਾਹਮਣ, ਗੁਰੂ ਸਾਹਿਬ ਦੀ ਵਡਿਆਈ ਨੂੰ ਸਹਾਰ ਨਾ ਸਕੇ ਅਤੇ ਉਨ੍ਹਾਂ ਨੇ ਗੁਰੂ ਜੀ ਦਾ ਜਨਮ ਇਕ ਭੈੜੇ ਦਿਨ ਦਾ ਦੱਸ ਕੇ ਇਹ ਸਿੱਧ ਕਰਨ ਦਾ ਯਤਨ ਕੀਤਾ ਕਿ ਜਿਹੜਾ ਇਨਸਾਨ ਕਿਸੇ ਭੈੜੇ ਦਿਨ ਪੈਦਾ ਹੋਇਆ ਹੋਵੇ, ਉਹ ਮਹਾਂਪੁਰਸ਼ ਕਿਵੇਂ ਹੋ ਸਕਦਾ ਹੈ? ਵੈਸੇ ਇਹ ਕਾਰਨ ਦਿਲ ਨੂੰ ਜਚਦਾ ਤਾਂ ਨਹੀਂ, ਪਰ ਜੇ ਕੁਝ ਦੇਰ ਲਈ ਇਹ ਵਿਚਾਰ ਮੰਨ ਵੀ ਲਈਏ ਤਾਂ ਇਸ ਨਾਲ ਕਈ ਹੋਰ ਪ੍ਰਸ਼ਨ ਪੈਦਾ ਹੁੰਦੇ ਹਨ।

ਪਹਿਲੀ ਗੱਲ ਤਾਂ ਇਹ ਹੈ ਕਿ ਸਿੱਖ ਧਰਮ, ਹਿੰਦੂ ਧਰਮ ਨਾਲੋਂ ਕਈ ਪੱਖਾਂ ਤੋਂ ਅੱਡ ਹੈ। ਇਸ ਵਿਚ ਕੋਈ ਦੋ ਰਾਏ ਨਹੀਂ ਕਿ ਜਿਹੜੇ ਹਿੰਦੂਆਂ ਨੇ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਤੋਂ ਬਾਅਦ ਹੋਏ ਗੁਰੂ ਸਹਿਬਾਨ ਦੀ ਵਿਚਾਰਧਾਰਾ ਅਪਨਾਈ, ਉਹ ਸਿੱਖ ਬਣ ਗਏ; ਪਰ ਇਸ ਸਦੀਆਂ ਪੁਰਾਣੇ ਪਿਛੋਕੜ ਦੀ ਆੜ ਵਿਚ ਦੋਹਾਂ ਧਰਮਾਂ ਨੂੰ ਰਲਗਡ ਨਹੀਂ ਕੀਤਾ ਜਾ ਸਕਦਾ। ਦੋਹਾਂ ਧਰਮਾਂ ਦੀ ਆਪਸੀ ਸਦਭਾਵਨਾ ਬਣੀ ਰਹਿਣੀ ਚਾਹੀਦੀ ਹੈ।

ਹੁਣ ਕਰੀਏ ਗੱਲ ਨਹਿਸ਼ ਦਿਨ ਦੀ। ਜੇ ਹਿੰਦੂ ਜਾਂ ਕੋਈ ਹੋਰ ਧਰਮ ਕਿਸੇ ਖਾਸ ਦਿਨ ਨੂੰ ਚੰਗਾ ਜਾਂ ਮਾੜਾ ਮੰਨਦਾ ਹੈ ਤਾਂ ਸਾਨੂੰ ਸਿੱਖਾਂ ਨੂੰ ਇਸ ਨਾਲ ਕੀ ਫਰਕ ਪੈਂਦਾ ਹੈ? ਸਾਡੇ ਤਾਂ ਗੁਰੂਆਂ ਨੇ ਸਾਰੇ ਦਿਨਾਂ ਨੂੰ ਹੀ ਬਰਾਬਰ ਮੰਨਿਆ ਹੈ। ਸੋ ਜੇ ਗੁਰੂ ਸਾਹਿਬ ਦਾ ਜਨਮ ਦਿਹਾੜਾ ਬਦਲਣ ਦਾ ਕੰਮ ਬ੍ਰਾਹਮਣੀ ਚਾਲ ਹੈ ਤਾਂ ਸਾਨੂੰ ਇਸ ਵੱਲ ਧਿਆਨ ਹੀ ਨਹੀਂ ਦੇਣਾ ਚਾਹੀਦਾ। ਚਲੋ ਮੰਨ ਲਓ ਕਿ ਜਦੋਂ ਬ੍ਰਾਹਮਣਾਂ ਦੀ ਚੱਲ ਗਈ, ਉਨ੍ਹਾਂ ਸ਼ਰਾਰਤ ਕਰ ਦਿੱਤੀ, ਪਰ ਹੁਣ ਅਸੀਂ ਇਸ ਸ਼ਰਾਰਤ ਨੂੰ ਕਿਉਂ ਨਹੀਂ ਬਦਲ ਦਿੰਦੇ? ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਸਬੰਧੀ ਫੈਸਲਾ ਕਿਉਂ ਨਹੀਂ ਕਰਦੀ? ਅਕਾਲ ਤਖਤ ਸਾਹਿਬ ਦੇ ਜਥੇਦਾਰ, ਬਾਕੀ ਤਖਤਾਂ ਦੇ ਜਥੇਦਾਰ ਸਾਹਿਬਾਨ ਨਾਲ ਮਿਲ ਕੇ ਇਹ ਫੈਸਲਾ

### ਵਿਚਾਰ-ਚਰਚਾ

ਕਿਉਂ ਨਹੀਂ ਕਰਦੇ ਕਿ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਗੁਰਪੁਰਬ 15 ਵਿਸਾਖ ਨੂੰ ਮਨਾਉਣਾ ਹੈ? ਜੇ ਫਿਰ ਕਿਸੇ ਗੈਰ-ਧਰਮ ਵਾਲਿਆਂ ਨੇ ਰੌਲਾ ਪਾਇਆ ਤਾਂ ਉਨ੍ਹਾਂ ਤੋਂ ਪੁੱਛਿਆ ਜਾਵੇਗਾ ਕਿ ਤੁਸੀਂ ਕੌਣ ਹੁੰਦੇ ਹੋ ਸਾਡੇ ਮਾਮਲੇ ਵਿਚ ਦਖਲ ਦੇਣ ਵਾਲੇ?

ਇਥੇ ਇਕ ਮਿਸਾਲ ਦੇਣੀ ਚਾਹਵਾਂਗੇ ਕਿ ਗੁਰਦੁਆਰਾ ਸੁਧਾਰ ਲਹਿਰ ਤੋਂ ਪਹਿਲਾਂ ਸਿੱਖ ਵਿਆਹ ਵਿਚ ਵੀ ਫੇਰੇ ਹੁੰਦੇ ਸਨ। ਜਦੋਂ ਅੰਗਰੇਜ਼ ਹਕੂਮਤ ਨੇ ਹਿੰਦੂ, ਸਿੱਖ, ਮੁਸਲਮਾਨਾਂ ਨੂੰ ਲਾਲਚ ਦੇ ਕੇ ਇਸਾਈ ਬਣਾਉਣ ਦੀਆਂ ਕੋਝੀਆਂ ਚਾਲਾਂ ਸ਼ੁਰੂ ਕੀਤੀਆਂ ਤਾਂ ਹਿੰਦੂਆਂ ਵਿਚ ਆਰੀਆ ਸਮਾਜ ਲਹਿਰ, ਸਿੱਖਾਂ ਵਿਚ ਸਿੰਘ ਸਭਾ ਲਹਿਰ ਚੱਲੀ ਤਾਂ ਜੋ ਆਪਣੇ-ਆਪਣੇ ਧਰਮ 'ਚੋਂ ਧਰਮ ਪਰਿਵਰਤਨ ਨੂੰ ਰੋਕਿਆ ਜਾ ਸਕੇ। ਸਿੰਘ ਸਭਾ ਲਹਿਰ ਦੇ ਆਗੂਆਂ ਨੇ ਹੀ ਫੇਰਿਆਂ ਦੀ ਜਗਾ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਲਾਵਾਂ ਦੀ ਪਰੰਪਰਾ ਸ਼ੁਰੂ ਕੀਤੀ। ਉਸ ਸਮੇਂ ਕੱਟੜ ਬ੍ਰਾਹਮਣਾਂ ਨੇ ਬਹੁਤ ਰੌਲਾ ਪਾਇਆ ਕਿ ਪਵਿੱਤਰ ਅਗਨੀ ਤੋਂ ਬਿਨਾ ਵਿਆਹ ਕਿਵੇਂ ਸੰਭਵ ਹੈ? ਪਰ ਸਿੰਘ ਸਭਾ ਦੇ ਆਗੂਆਂ ਨੇ ਬ੍ਰਾਹਮਣਵਾਦੀ ਸੋਚ ਦੀ ਕੋਈ ਪ੍ਰਵਾਹ ਨਾ ਕੀਤੀ ਅਤੇ ਲਾਵਾਂ ਦੀ ਰਸਮ ਚਲਾਈ। ਇਸੇ ਤਰ੍ਹਾਂ ਹੀ ਜੇ ਕੋਈ ਗੁਰੂ ਸਾਹਿਬਾਨ ਦੇ ਪ੍ਰਕਾਸ਼ ਦਿਹਾੜੇ ਬਾਰੇ ਰੌਲਾ ਪਾਵੇਗਾ ਤਾਂ ਉਸ ਦੀ ਮਰਜੀ। ਗੱਲ ਤਾਂ ਅਸਲ 'ਚ ਇਹ ਹੈ ਕਿ ਸਿੱਖਾਂ ਦੀ ਧਾਰਮਿਕ ਸੰਸਥਾ ਜਾਂ ਜਥੇਦਾਰ ਸਾਹਿਬਾਨ ਆਪ ਹੀ ਇਸ ਨੂੰ ਠੰਡੇ ਬਸਤੇ 'ਚੋਂ ਕੱਢਣਾ ਨਹੀਂ ਚਾਹੁੰਦੇ ਤੇ ਵਿਦਵਾਨ ਆਪਣੀ-ਆਪਣੀ ਸੋਚ ਮੁਤਾਬਿਕ ਆਪਣੇ ਵਿਚਾਰ ਪ੍ਰਗਟਾਉਣ ਵਿਚ ਲੱਗੇ ਹੋਏ ਹਨ।

ਇਕ ਹੋਰ ਇਤਿਹਾਸਕ ਤੱਥ ਨੂੰ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ। ਅੰਗਰੇਜੀ ਰਾਜ ਸਮੇਂ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਪ੍ਰਬੰਧਕ ਕਿਸੇ ਸਮੇਂ ਹਿੰਦੂ ਧਰਮ ਦੇ ਪ੍ਰਭਾਵ ਵਾਲੇ ਸਨ। ਹਿੰਦੂ ਧਰਮ ਕਿਉਂਕਿ ਮੂਰਤੀ ਪੂਜਾ 'ਤੇ ਟੇਕ ਰੱਖਣ ਵਾਲਾ ਧਰਮ ਹੈ, ਇਸ ਲਈ ਉਨ੍ਹਾਂ ਪ੍ਰਬੰਧਕਾਂ ਦੀ ਮਿਲੀਭੁਗਤ ਕਾਰਨ ਦਰਬਾਰ ਸਾਹਿਬ ਦੀ ਪਰਿਕਰਮਾ ਦੇ ਦੁਆਲੇ ਕਈ ਮੂਰਤੀਆਂ ਟਿਕਦੀਆਂ ਗਈਆਂ। ਸਿੱਖ ਇਸ ਨਵੇਂ ਵਰਤਾਰੇ ਤੋਂ ਬੇਖਬਰ ਹੀ ਰਹੇ ਜਾਂ ਬਹੁਤਾ ਸੋਚਿਆ ਹੀ ਨਾ। ਪਰ ਜਦੋਂ ਸਿੰਘ ਸਭਾ ਲਹਿਰ ਨੇ ਜੋਰ ਪਕੜਿਆ ਤਾਂ ਕਈ ਸਿੱਖ ਆਗੂਆਂ ਨੇ ਮੁਹਿੰਮ ਚਲਾਈ ਕਿ ਦਰਬਾਰ ਸਾਹਿਬ ਵਿਚੋਂ ਮੂਰਤੀਆਂ ਚੁੱਕੀਆਂ ਜਾਣ। ਪ੍ਰਬੰਧਕਾਂ ਨੇ ਇਸ ਮੰਗ ਦਾ ਵਿਰੋਧ ਕੀਤਾ ਅਤੇ ਦਲੀਲ ਦਿੱਤੀ ਕਿ ਇਹ ਤਾਂ ਬਹੁਤ ਦੇਰ ਤੋਂ ਇਥੇ ਸੁਸ਼ੋਭਿਤ ਹਨ। ਸਿੰਘ ਸਭਾ ਵਾਲਿਆਂ ਦਾ ਤਰਕ ਸੀ ਕਿ ਸਿੱਖ ਮੱਤ ਵਿਚ ਮੂਰਤੀ ਪੂਜਾ ਦੀ ਕੋਈ ਪਰੰਪਰਾ ਨਹੀਂ।

ਜਦੋਂ ਝਗੜਾ ਜ਼ਿਆਦਾ ਵਧ ਗਿਆ ਤਾਂ ਅੰਮ੍ਰਿਤਸਰ ਦੇ ਉਸ ਸਮੇਂ ਦੇ ਡਿਪਟੀ ਕਮਿਸ਼ਨਰ ਨੂੰ ਫਿਕਰ ਪਿਆ ਕਿ ਗੱਲ ਹੱਥੋਂ ਬਾਹਰ ਨਾ ਚਲੀ ਜਾਵੇ। ਉਸ ਸਮੇਂ ਭਾਈ ਕਾਨ੍ਹ ਸਿੰਘ ਨਾਭਾ ਦੀ ਸਿੱਖ ਵਿਦਵਾਨ ਦੇ ਤੌਰ 'ਤੇ ਬਹੁਤ ਪ੍ਰਸਿੱਧੀ ਹੋ ਚੁਕੀ ਸੀ। ਡਿਪਟੀ ਕਮਿਸ਼ਨਰ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਇਸ ਮਾਮਲੇ ਸਬੰਧੀ ਆਪਣੀ ਰਾਏ ਦੇਣ। ਭਾਈ ਸਾਹਿਬ ਨੇ ਆਪਣੀ ਰਿਪੋਰਟ ਵਿਚ ਦੱਸਿਆ ਕਿ ਸਿੱਖ ਧਰਮ ਵਿਚ ਮੂਰਤੀ ਪੂਜਾ ਦੀ ਕੋਈ ਥਾਂ ਨਹੀਂ, ਇਸ ਲਈ ਮੂਰਤੀਆਂ ਚੁਕਵਾ ਦੇਣੀਆਂ ਚਾਹੀਦੀਆਂ ਹਨ। ਡਿਪਟੀ ਕਮਿਸ਼ਨਰ ਨੇ ਭਾਈ ਕਾਨ੍ਹ ਸਿੰਘ ਨਾਭਾ ਦੀ ਗੱਲ ਮੰਨਦਿਆਂ ਮੂਰਤੀਆਂ ਚੁਕਵਾਉਣ ਦਾ ਹੁਕਮ ਦੇ ਦਿੱਤਾ। ਭਾਵੇਂ ਕਈ ਪਾਸਿਉਂ ਇਸ ਦਾ ਵਿਰੋਧ ਹੋਇਆ, ਪਰ ਡਿਪਟੀ ਕਮਿਸ਼ਨਰ ਆਪਣੇ ਫੈਸਲੇ 'ਤੇ ਅਟੱਲ ਰਿਹਾ। ਸੋ ਜੇ ਸ਼੍ਰੋਮਣੀ ਕਮੇਟੀ ਚਾਹਵੇ ਤਾਂ ਇਸ ਮਾਮਲੇ ਦਾ ਨਿਪਟਾਰਾ ਕਰ ਸਕਦੀ ਹੈ। ਇਹ ਗੱਲ ਯਕੀਨੀ ਹੈ ਕਿ ਕੋਈ ਧਾਰਮਿਕ ਮਾਮਲਾ ਹੋਵੇ, ਸਮਾਜਕ, ਰਾਜਸੀ ਜਾਂ ਕੋਈ ਹੋਰ-ਸਾਰੀਆਂ ਧਿਰਾਂ ਨੂੰ ਕਦੇ ਵੀ ਖੁਸ਼ ਨਹੀਂ ਕੀਤਾ ਜਾ ਸਕਦਾ। ਇਹ ਤਾਂ ਫੈਸਲਾ ਲੈਣ ਵਾਲਿਆਂ ਦੀ ਇੱਛਾ ਸ਼ਕਤੀ 'ਤੇ ਨਿਰਭਰ ਕਰਦਾ ਹੈ ਕਿ ਉਹ ਗੱਲ ਮੰਨਵਾਉਣੀ ਚਾਹੁੰਦੇ ਹਨ ਜਾਂ ਲਟਕਾਉਣੀ!

ਜੇ ਪਹਿਲੇ ਗੁਰੂ ਸਾਹਿਬ ਦਾ ਜਨਮ ਦਿਹਾੜਾ ਕੱਤਕ ਦੀ ਥਾਂ ਵਿਸਾਖ ਵਿਚ ਮਨਾਇਆ ਜਾਣ ਲੱਗ ਪਵੇ ਜਾਂ ਚੱਲੀ ਆ ਰਹੀ ਪਰੰਪਰਾ ਅਨੁਸਾਰ ਹੀ ਮਨਾਇਆ ਜਾਵੇ ਤਾਂ ਗੁਰੂ ਸਾਹਿਬ ਦੀ ਬਾਣੀ ਦੀ ਮੂਲ ਵਿਚਾਰਧਾਰਾ ਤਾਂ ਉਹੀ ਰਹੇਗੀ। ਸਮੂਹ ਨਾਨਕ ਨਾਮ ਲੇਵਾ ਸੰਗਤ ਦਾ ਮੁੱਖ ਮਕਸਦ ਗੁਰੂ ਸਾਹਿਬ ਦੁਆਰਾ ਦਰਸਾਏ ਮਾਰਗ 'ਤੇ ਚੱਲਣ ਦਾ ਹੋਣਾ ਚਾਹੀਦਾ ਹੈ। ਉਨ੍ਹਾਂ ਦੇ ਜੀਵਨ ਫਲਸਫੇ ਨੂੰ ਸਹੀ ਢੰਗ ਨਾਲ ਸਮਝਦਿਆਂ ਤੇ ਵਹਿਮਾਂ-ਭਰਮਾਂ ਦਾ ਤਿਆਗ ਕਰਦਿਆਂ ਹਰ ਲੋੜਮੰਦ ਦੀ ਮਦਦ ਲਈ ਤਿਆਰ ਰਹਿਣ ਦਾ ਹੋਣਾ ਚਾਹੀਦਾ ਹੈ। ਉਨ੍ਹਾਂ ਦੀ ਬਾਣੀ ਦੇ ਤੋਤਾ ਰਟਣ ਦੀ ਥਾਂ ਮੂਲ ਅਰਥਾਂ ਨੂੰ ਸਮਝਣ ਦਾ ਹੋਕਾ ਦੇਣਾ ਚਾਹੀਦਾ ਹੈ। ਜੇ ਗੁਰੂ ਸਾਹਿਬ ਦੀਆਂ ਸਿਖਿਆਵਾਂ ਅਨੁਸਾਰ ਅਸੀਂ ਆਪਣੇ ਰੋਜ਼ਾਨਾ ਦੇ ਜੀਵਨ ਨੂੰ ਢਾਲ ਲਈਏ ਤਾਂ ਹਰ ਨਵਾਂ ਦਿਨ ਗੁਰੂ ਸਾਹਿਬ ਦਾ ਜਨਮ ਦਿਹਾੜਾ ਬਣ ਜਾਵੇਗਾ, ਪਰ ਜੇ ਗੁਰਪੁਰਬ ਵਾਲੇ ਦਿਨ ਹੀ ਗੁਰੂਘਰ ਜਾ ਕੇ ਮੱਥਾ ਟੇਕ ਆਏ, ਕੜਾਹ ਪ੍ਰਸ਼ਾਦ ਦੀ ਦੇਗ ਕਰਵਾ ਦਿੱਤੀ, ਰਾਗੀ ਸਿੰਘਾਂ ਨੂੰ ਕੁਝ ਮਾਇਆ ਭੇਟ ਕਰਕੇ ਸੰਗਤ ਵਿਚ ਬੈਠ ਕੀਰਤਨ ਸ੍ਰਵਣ ਕਰ ਲਿਆ (ਸ਼ਬਦ ਦੇ ਅਰਥ ਭਾਵੇਂ ਸਮਝ ਨਾ ਹੀ ਆਉਣ) ਤਾਂ ਭਾਵੇਂ ਗੁਰਪੁਰਬ ਕੱਤਕ ਨੂੰ ਮਨਾ ਲਉ, ਵਿਸਾਖ ਜਾਂ ਕਿਸੇ ਹੋਰ ਦਿਨ-ਕੋਈ ਫਰਕ ਨਹੀਂ ਪੈਂਦਾ। ਵਿਦਵਾਨ ਜਾਂ ਕੁਝ ਅਖੌਤੀ ਵਿਦਵਾਨ ਕਾਗਜ਼ੀ ਘੋੜੇ ਜਿੰਨੇ ਮਰਜ਼ੀ ਦੌੜਾਈ ਜਾਣ, ਕੋਈ ਫਾਇਦਾ ਨਹੀਂ। ਗੁਰੂ ਸਾਹਿਬ ਨੇ ਤਾਂ 'ਧੁਰ ਕੀ ਬਾਣੀ' ਰਾਹੀਂ ਸਾਡਾ ਮਾਰਗ-ਦਰਸ਼ਨ ਕਰਦਿਆਂ ਸਾਡੇ ਜੀਵਨ ਪੰਧ ਨੂੰ ਸਹਿਜ ਅਤੇ ਸੁਖਾਲਾ ਬਣਾਉਣ ਦਾ ਯਤਨ ਕੀਤਾ ਹੈ।

ਸ਼੍ਰੋਮਣੀ ਕਮੇਟੀ ਅਤੇ ਧਾਰਮਿਕ ਮਾਮਲਿਆਂ ਵਿਚ ਅੰਤਿਮ ਫੈਸਲਾ ਦੇਣ ਵਾਲੇ ਪੰਜ ਤਖਤਾਂ ਦੇ ਜਥੇਦਾਰ ਸਾਹਿਬਾਨ ਨੂੰ ਸਿਰ ਜੋੜ ਕੇ ਬੈਠਣਾ ਚਾਹੀਦਾ ਹੈ ਕਿ ਗੁਰੂਆਂ ਨੂੰ ਮੰਨਣ ਵਾਲੀ, ਪਰ ਗੁਰੂਆਂ ਦੀ ਨਾ ਮੰਨਣ ਵਾਲੀ ਸਿੱਖ ਕੌਮ ਨੂੰ ਗੁਰੂਆਂ ਦੇ ਦਰਸਾਏ ਰਾਹ 'ਤੇ ਕਿਵੇਂ ਤੋਰਨਾ ਹੈ। ਇਸ ਮਾਮਲੇ 'ਤੇ ਵਿਚਾਰ ਕਰਨ ਵਿਚ ਪਹਿਲਾਂ ਹੀ ਬਹੁਤ ਦੇਰ ਹੋ ਚੁਕੀ ਹੈ। ਹੋਰ ਅਣਗਹਿਲੀ ਸਾਡੀ ਕੌਮ ਲਈ ਤਬਾਹਕੁਨ ਸਾਬਿਤ ਹੋਵੇਗੀ। ਕੱਤਕ ਤੇ ਵਿਸਾਖ ਤਾਂ ਬਹੁਤ ਹੀ ਸਧਾਰਨ ਮਾਮਲਾ ਹੈ।

ਅਕਾਲ ਤਖਤ ਦੇ ਮੌਜੂਦਾ ਜਥੇਦਾਰ ਨੂੰ ਰਾਜਸੀ ਨੇਤਾਵਾਂ ਜਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਇਸ਼ਾਰੇ ਦਾ ਇੰਤਜ਼ਾਰ ਨਹੀਂ ਕਰਨਾ ਚਾਹੀਦਾ, ਸਗੋਂ ਉਨ੍ਹਾਂ ਨੂੰ ਆਪਣਾ ਫੈਸਲਾ ਸੁਣਾਉਣਾ ਚਾਹੀਦਾ ਹੈ। ਉਨ੍ਹਾਂ ਦਾ 'ਕੱਤਕ' ਜਾਂ 'ਵਿਸਾਖ' ਦੇ ਹੱਕ ਵਿਚ ਦਿੱਤਾ ਦੋ ਟੁੱਕ ਫੈਸਲਾ ਸਮੇਂ ਦੀ ਲੋੜ ਹੈ ਤਾਂ ਜੋ ਇਸ ਤੋਂ ਬਾਅਦ ਹੋਰ ਅਹਿਮ ਮਾਮਲਿਆਂ 'ਤੇ ਵਿਚਾਰ-ਵਟਾਂਦਰਾ ਹੋ ਸਕੇ।

# ਜਪੁਜੀ ਅਧਿਐਨ-ਸਿੱਟੇ (2)

*(ਪਿਛਲੇ ਸਫੇ ਦੀ ਬਾਕੀ)*

ਦੇ ਜੋੜਨ ਨਾਲ ਨਿਊਟ੍ਰਾਨ ਬਣਦਾ ਹੈ, ਜਿਸ 'ਤੇ ਕੋਈ ਚਾਰਜ ਨਹੀਂ। ਗਹੁ ਨਾਲ ਵਿਚਾਰੀਏ ਤਾਂ ਇਹ ਨਿਊਟ੍ਰਾਨ ਹੀ ਇਕ ਅਜਿਹਾ ਕਣ ਹੈ, ਜੋ ਉਦਾਸੀਨ ਵੀ ਹੈ ਤੇ ਨਿਰਭਉ ਨਿਰਵੈਰ ਵੀ। ਇਹ ਸਥਿਰ ਵੀ ਹੈ ਤੇ ਕਿਸੇ ਕ੍ਰਿਆ ਵਿਚ ਹਿੱਸਾ ਵੀ ਨਹੀਂ ਲੈਂਦਾ। ਇਸ ਉੱਤੇ ਕਿਸੇ ਬਾਹਰਲੇ ਚਾਰਜ ਦਾ ਕੋਈ ਅਸਰ ਨਹੀਂ ਹੁੰਦਾ। ਇਸ ਉੱਤੇ ਸਿਰਫ ਚੁੰਬਕ ਤੇ ਗੁਰੁਤਾ ਦਾ ਪ੍ਰਭਾਵ ਪੈਂਦਾ ਹੈ, ਜੋ ਇਸ ਨੂੰ ਮਾਯਾ ਨਾਲ ਜੋੜਦਾ ਹੈ। ਇਹ ਭਾਰਾ ਹੋਣ ਕਰਕੇ ਨਿਊਕਲੀਅਸ ਦੇ ਵਜ਼ਨ ਦਾ ਕਾਰਨ ਬਣਦਾ ਹੈ। ਨਿਊਟ੍ਰਾਨਾਂ ਦੇ ਗਣਿੱਤੀ ਘਾਟੇ-ਵਾਧੇ ਤੇ ਇਲੈਕਟ੍ਰਾਨ ਤੇ ਪ੍ਰੋਟੋਨ ਦੇ ਗਣਿੱਤੀ ਨਫੇ-ਨੁਕਸਾਨ ਕਾਰਨ ਭਿੰਨ ਭਿੰਨ ਪ੍ਰਕਾਰ ਦੇ ਤੱਤ ਤੇ ਉਨ੍ਹਾਂ ਤੋਂ ਸੰਯੋਜਕ ਬਣਦੇ ਹਨ। ਇਨ੍ਹਾਂ ਤੋਂ ਹੀ ਰੰਗ-ਬਿਰੰਗੀ ਸੰਸਾਰਕ ਰਚਨਾ ਦਾ ਜਨਮ ਹੁੰਦਾ ਹੈ। ਇਸ ਲਈ ਨਿਊਟ੍ਰਾਨ ਅਦਿੱਖ ਪਰਮ-ਸਤਿ ਦਾ ਸਹੀ ਪ੍ਰੋਟੋ-ਟਾਈਪ ਮਾਲੂਮ ਹੁੰਦਾ ਹੈ। ਆਪਣੀਆਂ ਚਾਰਜ ਵਾਲੀਆਂ ਬਾਹਵਾਂ ਭਾਵ ਇਲੈਕਟ੍ਰਾਨਾਂ ਤੇ ਪ੍ਰਾਟਾਨਾਂ ਰਾਹੀਂ ਇਹ ਦੂਜੇ ਲੋੜਵੰਦ ਐਟਮਾਂ (Ions) ਨਾਲ ਮਿਲਦਾ ਹੈ ਤੇ ਬਹੁਭਾਂਤੀ ਬ੍ਰਹਿਮੰਡ ਦੀ ਸਿਰਜਣਾ ਕਰਦਾ ਹੈ। ਇਸ ਤਰ੍ਹਾਂ ਨਿਰੰਕਾਰ ਸਾਕਾਰ ਬਣ ਜਾਂਦਾ ਹੈ।

ਇਸ ਸਿੱਟੇ ਮੁਤਾਬਿਕ ਤਾਂ ਗੁਰੂ ਸਾਹਿਬ ਦੇ ਸੰਕਲਪ ਕਰਤਾ ਪੁਰਖੁ ਦਾ ਮੌਜੂਦਾ ਸਤਿ ਭਾਵ ਅਸਲ ਨਾਮ ਨਿਊਟ੍ਰਾਨ ਬਣਦਾ ਹੈ। ਸ਼ਾਇਦ ਹੋਵੇ ਵੀ ਇਹੀ! ਪਰ ਨਾਮਕਰਣ ਦੇ ਇਸ ਮਸਲੇ ਵਿਚ ਕਾਹਲੀ ਦੀ ਨਹੀਂ, ਉਡੀਕ ਕਰਨ ਦੀ ਲੋੜ ਹੈ।

ਫਿਰ ਵੀ ਇਸ ਨਾਲ ਬਹੁਤ ਕੁਝ ਸਪਸ਼ਟ ਹੋ ਜਾਂਦਾ ਹੈ। ਜਪੁਜੀ ਦੀ ਸੇਧ ਦੇ ਇਸ ਸਿੱਟੇ ਨਾਲ ਪਰਮ-ਸਤਿ ਤੇ ਪ੍ਰਤੀਤੀ-ਸਤਿ ਦਾ ਦਵੰਧ ਛਾਈ ਮਾਈ ਹੋ ਗਿਆ ਹੈ। ਅਧਿਆਤਮਵਾਦੀ ਤੇ ਯਥਾਰਥਵਾਦੀ ਸੋਚ ਦਾ ਫਰਕ ਸਮਝ ਆ ਗਿਆ ਹੈ। ਇੱਥੋਂ ਪਿੱਛੇ ਦੇਖਦਿਆਂ ਜਪੁਜੀ ਦੀ ਸਾਰੀ ਸਿੱਖ ਫਿਲਾਸਫੀ ਸਾਫ ਸਾਫ ਸਮਝ ਆਉਣ ਲਗ ਪਈ ਹੈ। ੴ ਦਾ 'ਗਣਿੱਤ-ਵਿਗਿਆਨੀ' ਢੰਗ, ਕਰਤਾ ਪੁਰਖ ਦਾ ਸਤਿ ਨਾਮ, ਪਰਮ-ਸਤਿ ਦੀ ਸਰਬ-ਉੱਚਤਾ, ਅਧਿਆਤਮਵਾਦ ਦੀ ਅਪ੍ਰਸੰਗਿਕਤਾ, ਪੂਜਾ-ਪਾਠ ਦੀ ਵਿਅਰਥਤਾ, ਬ੍ਰਹਿਮੰਡ ਦੀ ਅਨੰਤਤਾ, ਸਚ ਖੰਡ ਦੀ ਪਛਾਣ, ਨਿਰੰਕਾਰ ਦਾ ਨਿਸ਼ਾਨ, ਕਲ-ਯੁਗ ਦੀ ਕਲਾ ਤੇ ਪ੍ਰਯੋਗਸ਼ਾਲਾ ਦੀ ਮਹੱਤਤਾ, ਸਭ ਇੱਕੋ ਲੜੀ ਦੇ ਮੋਤੀ ਤੇ ਇਕੋ ਪ੍ਰਯੋਜਨ ਦੇ ਪੜਾਵ ਲਗਦੇ ਹਨ।

ਜਪੁਜੀ ਦੇ ਅਧਿਐਨ ਦਾ ਇਕ ਵੱਡਾ ਸਿੱਟਾ ਇਹ ਵੀ ਹੈ ਕਿ ਇਸ ਨਾਲ ਪਦਾਰਥ ਦੀ ਅਸਲ ਛਵੀ ਨਿੱਖਰ ਕੇ ਸਾਹਮਣੇ ਆਈ ਹੈ। ਇਹ ਉਹੀ ਬਹੁਪਰਤੀ ਯਥਾਰਥ ਹੈ, ਜੋ ਹਮੇਸ਼ਾ ਸੱਚ ਹੈ: ਆਦਿ ਵੀ ਤੇ ਜੁਗਾਦਿ ਵੀ। ਜਿਉਂ ਜਿਉਂ ਵਿਗਿਆਨ ਵਿਕਾਸ ਕਰੇਗਾ, ਪਦਾਰਥ ਦੀਆਂ ਹੋਰ ਅਗਿਆਤ ਤਹਿਆਂ ਵੀ ਖੁਲ੍ਹਣਗੀਆਂ, ਜਿਨ੍ਹਾਂ ਨਾਲ ਕੁਦਰਤ ਦੇ ਰਹਿੰਦੇ ਭੇਤ ਹੱਲ ਹੋਣਗੇ। ਗੁਰੂ ਸਾਹਿਬ ਨੇ ਜਿਸ ਨੂੰ ਇਸ਼ਾਰੇ ਨਾਲ ਅਜੂਨੀ, ਸੈਭੰ, ਸਦਾ ਸਲਾਮਤ ਤੇ ਆਪੇ ਆਪ ਹੋਣ ਵਾਲਾ ਨਿਰੰਜਣ ਕਿਹਾ, ਉਹ ਸੰਜੋਗ ਨਾਲ ਖੋਜ ਉਪਰੰਤ ਵਿਗਿਆਨ ਦਾ ਪਦਾਰਥ ਹੀ ਨਿਕਲਦਾ ਹੈ। ਇਸੇ ਵਿਚ ਮਾਯਾ, ਇਸੇ ਵਿਚ ਪਰਮ-ਸਤਿ, ਇਸੇ ਵਿਚ ਸਚ ਖੰਡ ਤੇ ਇਸੇ ਵਿਚ ਨਿਰੰਕਾਰ ਦੇ ਨਕਸ਼ ਮਿਲ ਗਏ ਹਨ। ਇਹੀ ਸ਼ਕਤੀ ਤੇ ਸਥੂਲ ਦਾ ਸੰਗਮ ਹੈ ਤੇ ਇਹੀ ਸ੍ਰਿਸ਼ਟੀ ਦਾ ਉਹ ਕਰਤਾ ਪੁਰਖ ਹੈ, ਜੋ ਆਪਣੀਆਂ ਬਾਇਓਕੈਮਿਕ ਪ੍ਰਕ੍ਰਿਆਵਾਂ ਰਾਹੀਂ ਹਰ ਖੜ੍ਹੇ ਪਾਣੀ ਵਿਚ ਤੇ ਹਰ ਸੜ੍ਹਾਂਦ ਵਾਲੀ ਥਾਂ 'ਤੇ ਜਾਨ ਵਾਲੇ ਜੀਵ ਜੰਤੂ ਪੈਦਾ ਕਰਦਾ ਹੈ ਤੇ ਉਨ੍ਹਾਂ ਵਿਚ ਪ੍ਰਾਣ ਚਲਾਉਂਦਾ ਹੈ। ਇਸੇ ਦੇ ਤੱਤਾਂ ਤੇ ਸੰਯੋਜਕਾਂ ਤੋਂ ਅਜੀਵ ਵਸਤਾਂ, ਪਿੰਡ, ਖੰਡ ਤੇ ਬ੍ਰਹਿਮੰਡ ਬਣੇ ਹਨ। ਇਨ੍ਹਾਂ ਤੱਤਾਂ ਤੇ ਸੰਜੋਗਾਂ ਵਿਚੋਂ ਹੀ ਬਨਾਸਪਤੀ ਤੇ ਜੀਵਾਂ ਦੇ ਹੋਰ ਆਹਾਰ ਉਪਜਦੇ ਹਨ। ਇਨ੍ਹਾਂ ਦੇ ਅਥਾਹ ਭੰਡਾਰ ਆਦਿ ਕਾਲ ਤੋਂ ਹੀ ਲੋੜੀਂਦੀ ਮਾਤਰਾ ਨਾਲ ਭਰਪੂਰ ਹਨ। ਜੋ ਕੁਝ ਵੀ ਹੈ, ਉਹ ਇਸੇ ਪਦਾਰਥ ਵਿਚ ਹੈ। ਕੁਦਰਤ ਦੀ ਰਚਨਾ ਕਰਨ ਦੀ ਤੇ ਇਸ ਦੇ ਵਰਤਾਰਿਆਂ ਨੂੰ ਚਲਾਉਣ ਦੀ ਅਥਾਹ ਸ਼ਕਤੀ ਵੀ ਇਸ ਵਿਚ ਹੀ ਮੌਜੂਦ ਹੈ।

ਪਰ ਅਜੋਕੇ ਸਿੱਖ ਵਿਦਵਾਨਾਂ ਨੂੰ ਗੁਰੂ ਸਾਹਿਬ ਦੀ ਇਸ ਸਪਸ਼ਟ ਸੇਧ ਨੂੰ ਸਮਝਣ ਵਿਚ ਹਾਲੇ ਵੀ ਦੇਰ ਲੱਗ ਰਹੀ ਹੈ। ਕਈ ਪੁਜਾਰੀਵਾਦ ਦਾ ਸਮਰਥਨ ਕਰਦੇ ਹੋਏ ਪਰੰਪਰਾਗਤ ਅਧਿਆਤਮਵਾਦ ਨਾਲ ਚੰਬੜੇ ਹੋਏ ਹਨ ਤੇ ਕਈ ਅਜੋਕੀਆਂ ਮਾਡਰਨਿਸਟ ਤੇ ਪੋਸਟ-ਮਾਡਰਨਿਸਟ ਪੱਛਮੀ ਅਧਿਆਤਮਵਾਦੀ ਪਹੁੰਚਾਂ ਤੋਂ ਪ੍ਰਭਾਵਿਤ ਹੋਏ ਫਿਰਦੇ ਹਨ। ਨਵੀਨ-ਮਾਰਕਸਵਾਦ, ਆਧੁਨਿਕਵਾਦ, ਪੋਸਟ-ਆਧੁਨਿਕਵਾਦ, ਅਸਤਿਤਵਵਾਦ ਤੇ ਭਾਸ਼ਾਈ-ਢਾਂਚਾਵਾਦ ਜਿਹੀਆਂ ਇਹ ਪਹੁੰਚਾਂ ਹੀਗਲ ਵੇਲੇ ਤੋਂ ਹੀ ਮੈਟਾਫਿਜ਼ਿਕਸ ਦੇ ਰਾਹ ਪਈਆਂ ਹੋਈਆਂ ਹਨ। ਇਨ੍ਹਾਂ ਦੇ ਵਿਕਾਸ ਨੇ ਇਨ੍ਹਾਂ ਨੂੰ ਮੁੱਢ ਤੋਂ ਹੀ ਵਿਗਿਆਨ ਤੋਂ ਦੂਰ ਰੱਖਿਆ ਹੈ। ਇਹ ਅਧਿਆਤਮਵਾਦ ਤੇ ਅਗਿਆਨਤਾਵਾਦ ਦੇ ਅਜੋਕੇ ਰੂਪ ਹਨ। ਇਸ ਲਈ ਕਿਰਕਗਾਰਡ, ਅਲਥੂਸਰ, ਗਰਾਮਸੀ ਤੇ ਸਾਰਤਰ ਪਿੱਛੇ ਲੱਗੇ ਇਹ ਸਿੱਖ ਵਿਦਵਾਨ ਸਿੱਖੀ ਦੀ ਵਿਗਿਆਨਕ ਵਿਚਾਰਧਾਰਾ ਨਾਲ ਇਨਸਾਫ ਨਹੀਂ ਕਰ ਸਕਦੇ। ਜਦੋਂ ਤੀਕ ਇਨ੍ਹਾਂ ਕੋਲ ਵਿਗਿਆਨਕ ਸਿਖਲਾਈ ਤੇ ਵਿਗਿਆਨਕ ਮਿਜ਼ਾਜ ਨਹੀਂ ਹੈ, ਉਦੋਂ ਤੀਕ ਇਹ ਵਿਆਖਿਆ ਦੇ ਕੰਮਾਂ ਤੋਂ ਦੂਰ ਹੀ ਰਹਿਣ।

**(ਸਮਾਪਤ)**

## ਕਾਵਿ-ਜਗਤ

### ਹੂਕ

*-ਸੇਵਾ ਸਿੰਘ ਨੂਰਪੁਰੀ*

ਕਰਦਾ ਹੈ ਦਿਲ ਦੁਆ ਸਦਾ ਆਬਾਦ ਰਹੇ ਵਤਨ,
ਗਾਵਾਂ ਤਰਾਨਾ ਪਿਆਰ ਦਾ, ਨਾ ਉਜੜੇ ਕਦੇ ਚਮਨ।

ਅਮਨਾਂ ਦੀਆਂ ਘੁੱਗੀਆਂ ਨੂੰ ਨਾ ਅਚਿੰਤੇ ਬਾਜ ਪੈਣ,
ਲਾਉਣ ਅਕਾਸ਼ੀਂ ਉਡਾਰੀਆਂ, ਨਾ ਕਰੇ ਕੋਈ ਦਫਨ।

ਚਿੜੀਆਂ, ਸ਼ਿਕਰੇ ਬਹਿ 'ਕੱਠੇ ਝੂਮਣ ਡਾਲ੍ਹੀਆਂ 'ਤੇ,
ਮਜ਼੍ਹਬਾਂ ਦੀ ਚੋਗ ਪਾ ਕੇ ਨਾ ਕਰ ਸਕੇ ਕੋਈ ਦਮਨ।

ਬੱਕਰੀ ਨੂੰ ਖਾ ਜਾਣ ਲਈ ਬਹਾਨਾ ਨਾ ਬਣਾਵੇ ਸ਼ੇਰ,
ਸੜਕ 'ਤੇ ਮਰ ਗਿਆਂ ਨੂੰ ਵੀ ਨਸੀਬ ਹੋਵੇ ਕਫਨ।

ਜਨੂੰਨੀਆਂ ਨੇ ਲਾਇਆ ਹੈ ਜਾਤ-ਪਾਤ ਦਾ ਗ੍ਰਹਿਣ,
ਖਾ ਜਾਏ ਨਾ ਮਨੁੱਖ ਨੂੰ ਇਹ ਕੋਝਾ ਜਿਹਾ ਚਲਨ।

ਧਰਤੀ 'ਤੇ ਹਮਸਾਏ ਕਿਉਂ ਲੜ ਲੜ ਮਰ ਰਹੇ ਨੇ,
ਝੋਰਾ ਹੈ ਦਿਲ ਨੂੰ ਵੱਢਦਾ, ਹੋਇਆ ਇਹੋ ਗਬਨ।

ਕਲਮਾਂ ਵਾਲਿਓ ਜਾਗੋ! ਰਲ ਸੋਚੀਏ ਹੋਰ ਉਪਾਅ,
'ਨੂਰਪੁਰੀ' ਜੰਨਤ ਬਣੇ ਦੇਸ਼, ਰਹੇ ਵੱਸਦਾ ਅਮਨ।

# ਬਾਪ ਨੂੰ ਪਰਿਭਾਸ਼ਤ ਕਰਦਿਆਂ...

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਪਹਿਰਾਵੇ 'ਚੋਂ ਪ੍ਰਗਟਦੀ ਪਛਾਣ ਦਾ ਜ਼ਿਕਰ ਛੇੜਦਿਆਂ ਕਿਹਾ ਸੀ, "ਪਹਿਰਾਵਾ ਸਿਰਫ ਲਿਬਾਸ ਹੀ ਨਹੀਂ ਹੁੰਦਾ, ਹੁਲਾਸ ਹੁੰਦਾ, ਆਤਮ-ਵਿਸ਼ਵਾਸ ਹੁੰਦਾ, ਦੁਨੀਆਂਦਾਰੀ ਵਿਚ ਵਿਚਰਨ ਦਾ ਵਿਸਮਾਦ ਹੁੰਦਾ ਅਤੇ ਪਰਿਵਾਰਕ ਪਰੰਪਰਾਵਾਂ ਨੂੰ ਪੀੜ੍ਹੀ-ਦਰ-ਪੀੜ੍ਹੀ ਅੱਗੇ ਤੋਰਨ ਦਾ ਸੁਚੇਤ ਅਭਿਆਸ ਹੁੰਦਾ।...ਮਨੁੱਖ ਕੀ ਹੈ ਅਤੇ ਕੀ ਦਿਖਾਉਣਾ ਚਾਹੁੰਦਾ, ਲਿਬਾਸ ਤੋਂ ਪਤਾ ਲੱਗਦਾ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਇਹ ਕਹਿ ਕੇ ਬਾਪ ਦੀ ਵਡਿਆਈ ਕੀਤੀ ਹੈ ਕਿ ਬਾਪ ਉਹ ਹੁੰਦਾ, ਜੋ ਛੱਤਹੀਣ ਹੁੰਦਿਆਂ ਵੀ ਬੱਚਿਆਂ ਲਈ ਛੱਤ ਹੁੰਦਾ। ਬਾਪ ਹੀ ਅਜਿਹਾ ਬਿਰਖ ਹੁੰਦਾ, ਜਿਸ ਦੀ ਛਾਂ ਵਿਚ ਧੁੱਪਾਂ ਠਰ ਜਾਂਦੀਆਂ ਹਨ। ਉਸ ਦੇ ਆਗੋਸ਼ ਵਿਚਲੇ ਨਿੱਘ ਨਾਲ ਸਰਦੀਆਂ ਨੂੰ ਵੀ ਤ੍ਰੇਲੀਆਂ ਆ ਜਾਂਦੀਆਂ ਨੇ। ਉਹ ਕਹਿੰਦੇ ਹਨ, "ਬਾਪ ਅਜਿਹਾ ਸ਼ਖਸ ਹੈ, ਜਿਸ ਦੀ ਘੂਰ ਵਿਚ ਹੁੰਦਾ ਏ ਬੱਚਿਆਂ ਲਈ ਲਾਡ-ਪਿਆਰ, ਝਿੜਕ ਵਿਚ ਹੁੰਦਾ ਏ ਦੁਲਾਰ ਅਤੇ ਨਸੀਹਤਾਂ ਵਿਚ ਹੁੰਦਾ ਏ ਬੱਚੇ-ਰੂਪੀ ਫੁੱਲ ਦੇ ਦੁਆਲੇ ਕੰਡਿਆਲੀ ਵਾੜ ਦਾ ਪਹਿਰਾ।" ਡਾ. ਭੰਡਾਲ ਦਾ ਨਜ਼ਰੀਆ ਹੈ, "ਬਾਪ ਉਹ ਆਦਮੀ ਹੈ, ਜਿਸ ਦੀਆਂ ਅਸਫਲਤਾਵਾਂ ਵਿਚ ਬੱਚਿਆਂ ਨੂੰ ਸਫਲਤਾਵਾਂ ਦਾ ਸਵਾਦ ਚੱਖਣ ਅਤੇ ਨਵੀਆਂ ਉਪਲਬੱਧੀਆਂ ਦਾ ਹਾਸਲ ਬਣਨ ਦਾ ਗਿਆਨ ਅਤੇ ਗੁੜ੍ਹਤੀ ਮਿਲਦੀ। ਹਾਰਾਂ ਵਿਚੋਂ ਜਿੱਤਾਂ ਦੇ ਦਿਸਹੱਦਿਆਂ ਨੂੰ ਬੱਚਿਆਂ ਦੇ ਮੱਥੇ 'ਤੇ ਉਕਰਨ ਦਾ ਨਾਮ ਹੈ, ਬਾਪ।" -ਸੰਪਾਦਕ***

ਬਾਪ, ਅਲਾਹੀ ਅਲਾਪ, ਜ਼ਿੰਦਗੀ ਦਾ ਜਾਪ, ਪ੍ਰਕਾਸ਼ ਦਾ ਪ੍ਰਤਾਪ, ਵਿਲੱਖਣ ਛਾਪ ਅਤੇ ਆਪਣੇ ਵਿਚੋਂ ਭਾਲਦਾ ਆਪ।

ਬਾਪ, ਸਿਰ ਦੀ ਛਾਂ, ਨਿੱਘ ਦਾ ਨਾਂ, ਮੋਹ ਦੀਆਂ ਮੰਨਤਾਂ, ਪਿਆਰ ਦੀ ਪੌਣ ਅਤੇ ਪਹਿਲ-ਪਗਡੰਡੀਆਂ ਸਿਰਜਣ ਦਾ ਚਾਹਵਾਨ।

ਬਾਪ, ਵਿਰਾਸਤ ਨੂੰ ਅੱਗੇ ਚਲਾਉਣ ਦੀ ਤਰਕੀਬ, ਜ਼ਿੰਦਗੀ ਦੀ ਸੁੱਚਮ ਨਾਲ ਭਰਿਆ ਅਦੀਬ, ਖੁਦਾਈ ਦੇ ਸਭ ਤੋਂ ਕਰੀਬ ਅਤੇ ਜੀਵਨ ਦੀ ਸੇਧਮਈ ਤਰਤੀਬ।

ਬਾਪ ਉਹ ਹੁੰਦਾ, ਜੋ ਛੱਤਹੀਣ ਹੁੰਦਿਆਂ ਵੀ ਬੱਚਿਆਂ ਲਈ ਛੱਤ ਹੁੰਦਾ। ਅੰਬਰ ਹੇਠ ਸੌਂਦਿਆਂ ਵੀ ਤਾਰਿਆਂ ਤੋਂ ਰਹਿਨੁਮਾਈ ਮੰਗਦਾ ਅਤੇ ਚੰਨ-ਚਾਨਣੀ ਦੀ ਬੇਰੁਖੀ ਵਿਚ ਵੀ ਆਪਣੇ ਬੱਚਿਆਂ ਦੇ ਨਾਂ ਰੌਸ਼ਨੀ ਕਰਦਾ।

ਬਾਪ ਉਹ ਹੁੰਦਾ, ਜੋ ਮੁਸ਼ੱਕਤ ਕਰਦਿਆਂ, ਕੋਠੀਆਂ ਅਤੇ ਮਹੱਲ ਤਾਂ ਉਸਾਰਦਾ, ਪਰ ਉਸ ਦੀ ਕੁੱਲੀ ਨੂੰ ਪੱਕੀਆਂ ਇੱਟਾਂ ਨਾ ਮਿਲਦੀਆਂ। ਕੁੱਲੀ ਵਿਚ ਰਹਿੰਦਿਆਂ ਹੀ ਆਪਣੇ ਬੱਚਿਆਂ ਨੂੰ ਤੱਤੀ ਵਾਹ ਨਹੀਂ ਲੱਗਣ ਦਿੰਦਾ। ਸਮੇਂ ਦੀ ਕੇਹੀ ਤ੍ਰਾਸਦੀ ਕਿ ਕੋਠੀਆਂ ਬਣਾਉਣ ਵਾਲੇ ਨੂੰ ਬਾਅਦ ਵਿਚ ਕੋਠੀ ਵਿਚ ਪੈਰ ਪਾਉਣ ਤੋਂ ਵਰਜਿੱਤ ਕਰ ਦਿੱਤਾ ਜਾਂਦਾ।

ਬਾਪ ਹੀ ਹੁੰਦਾ, ਜਿਸ ਦੇ ਸਿਰ 'ਤੇ ਘਾਹ ਦੀ ਪੰਡ ਹੇਠ ਥਿੜਕਦੀਆਂ ਲੱਤਾਂ ਵਿਚੋਂ ਹੀ ਉਸ ਦੇ ਬੱਚਿਆਂ ਨੂੰ ਸਿਦਕ ਅਤੇ ਸਿਰੜ ਨਾਲ ਜੀਵਨ-ਪੈਂਡਿਆਂ ਨੂੰ ਸਰ ਕਰਨ ਦੀ ਜਾਚ ਆਉਂਦੀ।

ਬਾਪ ਉਹ ਹੁੰਦਾ, ਜਿਸ ਦੇ ਪੈਰਾਂ ਦੀਆਂ ਫਟੀਆਂ ਬਿਆਈਆਂ ਵਿਚੋਂ ਨਜ਼ਰ ਆਉਂਦੇ ਨੇ ਲਾਡਲਿਆਂ ਦੇ ਪੈਰਾਂ ਵਿਚ ਪਾਏ ਹੋਏ ਲਿਸ਼ਕਦੇ ਬੂਟ, ਜੋ ਉਸ ਦੀ ਮਾਨਸਿਕ ਤੋਰ ਤੇ ਟੌਹਰ ਨੂੰ ਉਜਾਗਰ ਕਰਦੇ।

ਬਾਪ ਉਹ ਹੁੰਦਾ, ਜਿਸ ਦੇ ਹੱਥਾਂ ਦੇ ਰੱਟਣਾਂ 'ਤੇ ਉਕਰੀ ਹੁੰਦੀ ਹੈ ਬੱਚਿਆਂ ਦੀਆਂ ਕਰਮ-ਰੇਖਾਵਾਂ ਦੀ ਕਲਾ-ਨਿਕਾਸ਼ੀ। ਇਹ ਰੱਟਣ ਹੀ ਹੁੰਦੇ, ਜੋ ਉਨ੍ਹਾਂ ਨੂੰ ਮਿਹਨਤੀ ਬਣਾ ਕੇ ਜ਼ਿੰਦਗੀ ਨੂੰ ਨਵੀਂ ਤਰਤੀਬ ਦੇਣ ਵੰਨੀਂ ਪ੍ਰੇਰਤ ਕਰਦੇ।

ਬਾਪ ਉਹ ਹੁੰਦਾ, ਜਿਸ ਦੀਆਂ ਘੱਟੇ ਨਾਲ ਅੱਟੀਆਂ ਹੋਈ ਸੁੱਕੀਆਂ ਪਿੰਨੀਆਂ ਵਿਚੋਂ ਝਾਤੀਆਂ ਮਾਰਦੀ ਏ ਪੈਂਡਿਆਂ ਦੀ ਦਾਸਤਾਨ ਵਿਚਲੀ ਘਾਲਣਾ। ਇਸ ਵਿਚੋਂ ਅੰਗੜਾਈ ਭਰਦਾ ਏ ਬੱਚਿਆਂ ਦੀਆਂ ਅੱਖਾਂ ਵਿਚ ਸੁਪਨ-ਸਫਰ ਦਾ ਆਗਾਜ਼।

ਬਾਪ ਦੀਆਂ ਉਨੀਂਦਰੇ ਭਰੀਆਂ ਅੱਖਾਂ ਵਿਚ ਉਸਲਵੱਟੇ ਲੈਂਦੀ ਏ ਬੱਚਿਆਂ ਦੀ ਭਵਿੱਖਤ ਅੰਬਰੀਂ ਪਰਵਾਜ਼, ਇਸ ਦਾ ਅਨਾਦੀ ਅੰਦਾਜ਼ ਅਤੇ ਕੁਝ ਵਿਕੋਲਿਤਰਾ ਕਰਨ ਤੇ ਸਿਰਜ ਕੇ ਬਣ ਜਾਣਾ ਸਿਰਤਾਜ। ਬਾਪ ਉਹ ਹੁੰਦਾ, ਜਿਸ ਦੇ ਛਾਲੋ-ਛਾਲੇ ਹੋਏ ਉਂਗਲਾਂ ਦੇ ਪੋਟਿਆਂ 'ਚ ਰੁਮਕਦੀ ਏ ਆਪਣੇ ਵਾਰਸਾਂ ਦੇ ਹੱਥਾਂ ਵਿਚ ਫੜੀ ਹੋਈ ਕਲਮ। ਇਸ ਵਿਚ ਮੌਲਦੀ ਹਰਫਾਂ ਦੀ ਹਰਫਨਮੌਲਤਾ।

ਬਾਪ ਉਹ ਹੁੰਦਾ, ਜਿਸ ਨੂੰ ਜਦ ਕਦੇ ਆਪਣੇ ਲਾਡਲੇ ਦੀ ਅਰਥੀ ਨੂੰ ਮੋਢਾ ਦੇਣ ਦੀ ਨੌਬਤ ਆਉਂਦੀ ਤਾਂ ਉਹ ਖੁਦ ਹੀ ਲਾਸ਼ ਬਣ ਕੇ ਕਬਰਾਂ ਵੰਨੀਂ ਤੁਰਿਆ ਜਾਂਦਾ ਅਤੇ ਬੱਚੇ ਦੇ ਸੋਗ ਵਿਚ ਧੁਖਦੀ ਧੂਣੀ ਵਰਗਾ ਧੁੱਖਦਾ ਸਿਵਾ ਹੀ ਬਣ ਜਾਂਦਾ।

ਬਾਪ ਉਹ ਹੁੰਦਾ, ਜੋ ਦੂਰ ਤੁਰ ਗਈ ਡੰਗੋਰੀ ਨੂੰ ਭਾਲਦਾ, ਪਿੰਡ ਵਿਚਲੇ ਘਰ ਦੇ ਦਰਾਂ 'ਤੇ ਸਿਸਕਦੀ ਉਡੀਕ ਬਣ ਕੇ ਵੀ ਆਸ ਨੂੰ ਜਿਉਂਦੀ ਰੱਖਦਾ। ਆਖਰ ਆਪਣਿਆਂ ਨੂੰ ਉਡੀਕਦਿਆਂ-ਉਡੀਕਦਿਆਂ, ਆਪਣੀ ਕਬਰ ਪੁੱਟਣ ਲੱਗ ਪੈਂਦਾ ਏ।

ਬਾਪ ਉਹ ਹੁੰਦਾ, ਜੋ ਬਿਰਧ-ਘਰਾਂ ਵਿਚ ਲਾ-ਵਾਰਸੀ ਦੀ ਜੂਨ ਭੋਗਦਾ ਵੀ ਬੱਚਿਆਂ ਦੇ ਚੇਤਿਆਂ ਵਿਚੋਂ ਜਿਉਣ ਦੀ ਲਾਲਸਾ ਭਾਲਦਾ ਰਹਿੰਦਾ। ਆਪਣਿਆਂ ਦੀ ਬੇਵਫਾਈ ਹੀ ਬਾਪ ਨੂੰ ਚੁੱਲੀ ਭਰ ਪਾਣੀ ਵਿਚ ਡੁੱਬ ਮਰਨ ਲਈ ਮਜ਼ਬੂਰ ਕਰਦੀ।

ਬਾਪ ਉਹ ਹੁੰਦਾ, ਜੋ ਸਾਰੀ ਉਮਰ ਜ਼ਮੀਨਾਂ ਅਤੇ ਜਾਇਦਾਦਾਂ ਬਣਾਉਂਦਾ, ਉਮਰ ਦੇ ਆਖਰੀ ਪੜਾਅ ਵਿਚ ਬੇਦਖਲੀ ਦਾ ਨੋਟਿਸ ਬਣ ਕੇ, ਸਮਾਜ ਅਤੇ ਪਰਿਵਾਰ ਵਿਚੋਂ ਸਦੀਵੀ ਰੁਖਸਤਗੀ ਹੰਢਾਉਣ ਲਈ ਬੇਬੱਸ ਹੁੰਦਾ।

ਬਾਪ ਉਹ ਹੁੰਦਾ ਹੈ, ਜੋ ਮਰ ਕੇ ਵੀ ਆਪਣੇ ਬੱਚਿਆਂ ਦੀਆਂ ਆਦਤਾਂ, ਜੀਵਨ-ਸ਼ੈਲੀ ਅਤੇ ਅਦਾਵਾਂ ਵਿਚ ਜਿਉਂਦਾ ਰਹਿੰਦਾ, ਭਾਵੇਂ ਬੱਚੇ ਕਿੰਨੇ ਵੀ ਉਸ ਦੀ ਹਾਜ਼ਰੀ ਤੋਂ ਮੁਨਕਰ ਹੋ ਜਾਣ।

ਬਾਪ ਉਹ ਹੁੰਦਾ ਏ ਜਿਸਦੀਆਂ ਲੇਰਾਂ ਵਿਚ ਵੀ ਬੱਚਿਆਂ ਦੀ ਬਿਹਤਰੀ ਲਈ ਲਿੱਲਕੜੀ ਹੁੰਦੀ। ਦੁੱਖਾਂ ਵਿਚ ਬੱਚਿਆਂ ਲਈ ਦੁਆਵਾਂ ਅਤੇ ਉਦਾਸੀ ਵਿਚ ਵੀ ਬੱਚਿਆਂ ਲਈ ਅਰਦਾਸ ਹੁੰਦੀ ਏ।

ਬਾਪ ਉਹ ਹੁੰਦਾ ਏ, ਜਿਸ ਦੀ ਭੁੱਖ ਵਿਚੋਂ ਹੀ ਬੱਚਿਆਂ ਦਾ ਰੱਜ ਜਨਮ ਲੈਂਦਾ ਏ। ਉਸ ਦੀ ਪਿਆਸ ਵੀ ਬੱਚਿਆਂ ਦੇ ਪਿਆਸੇ ਹੋਠਾਂ ਲਈ ਪਾਣੀ ਦੀ ਬੂੰਦ ਬਣਦੀ ਏ।

ਬਾਪ ਉਹ ਹੀ ਹੁੰਦਾ ਏ, ਜਿਸ ਦੀ ਮੁੜ੍ਹਕੇ ਨਾਲ ਭਿੱਜੀ ਅਤੇ ਛਿੱਦੀ ਹੋਈ ਬੁਨੈਣ ਹੀ ਬੱਚਿਆਂ ਦੀ ਦੁੱਧ ਚਿੱਟੀ ਡਰੈਸ ਨਾਲ ਤੁਅੱਰਫ ਕਰਵਾਉਂਦੀ ਏ ਅਤੇ ਤਨ ਦਾ ਕੱਜਣ ਹੰਢਾਉਂਦੀ ਏ।

ਬਾਪ ਉਹ ਹੁੰਦਾ, ਜਿਸ ਦੇ ਸਿਰ 'ਤੇ ਬੱਧੇ ਹੋਏ, ਪਾਟੇ ਪਰਨੇ ਵਿਚੋਂ ਲਿਸ਼ਕੋਰਦੀ ਹੈ ਬੱਚਿਆਂ ਨੂੰ ਸਰਦਾਰੀ ਬਖਸ਼ਣ ਵਾਲੀ ਦਸਤਾਰ, ਵਿਅਕਤੀਤਵ ਵਿਚਲਾ ਨਿਖਾਰ ਅਤੇ ਬੱਚੇ ਵਿਚੋਂ ਆਪਣੇ ਬਾਪ ਦਾ ਸਾਖਸ਼ਾਤ ਦੀਦਾਰ।

ਬਾਪ ਹੀ ਹੁੰਦਾ, ਜਿਸ ਦੀ ਉਗੜ ਦੁੱਗੜੀ ਤੇ ਵਿਰਲੀ ਦਾਹੜੀ ਵਿਚਲੀਆਂ ਚਾਂਦੀ ਰੰਗੀਆਂ ਤਾਰਾਂ ਕਰਦੀਆਂ ਨੇ ਬੱਚੜਿਆਂ ਦੀ ਬਾਦਸ਼ਾਹਤ ਅਤੇ ਸਿਰਾਂ 'ਤੇ ਸਜਣ ਵਾਲੇ ਤਾਜਾਂ ਦੀ ਨਿਸ਼ਾਨਦੇਹੀ। ਦਾਹੜੀ ਹੀ ਬਣਦੀ ਏ ਬੱਚਿਆਂ ਦੀ ਦਿੱਖ ਦਾ ਦਸਤੂਰ।

ਬਾਪ ਹੀ ਹੁੰਦਾ, ਜਿਸ ਵਲੋਂ ਲਾਏ ਹੋਏ ਅੰਗੂਠੇ 'ਤੇ ਸਿਆਹੀ ਦੀ ਛਾਪ ਹੀ ਬਣਦੀ ਏ ਬੱਚਿਆਂ ਦੇ ਕੀਤੇ ਜਾਣ ਵਾਲੇ ਹੁਕਮੀ ਹਸਤਾਖਰਾਂ ਦਾ ਮਾਣਮੱਤਾ ਜਲੌਅ। ਬਾਪ ਹੀ ਹੁੰਦਾ ਏ ਅਣਪੜ੍ਹਤਾ ਤੋਂ ਅੱਖਰ-ਬੋਧ ਦੇ ਸਿੱਖਰੀ ਸਫਰ ਦਾ ਸੰਚਾਲਕ।

ਬਾਪ ਹੀ ਹੁੰਦਾ ਏ, ਜਿਸ ਦੀਆਂ ਨੰਗੇ ਪੈਰਾਂ ਨਾਲ ਮਿਣੀਆਂ ਰਾਹਾਂ, ਪਗਡੰਡੀਆਂ ਅਤੇ ਪਹਿਆਂ ਦੀ ਪੈਮਾਇਸ਼ ਆਖਰ ਨੂੰ ਮਾਪਦੀ ਹੈ ਬੱਚਿਆਂ ਦੀਆਂ ਲੰਮੇਰੀਆਂ ਪੈੜਾਂ ਦੇ ਨਿਸ਼ਾਨ ਅਤੇ ਉਨ੍ਹਾਂ ਦੀ ਕਦਮ-ਚਾਲ ਨੂੰ ਨਿਹਾਰਦੀਆਂ ਨਜ਼ਰਾਂ।

ਬਾਪ ਹੀ ਹੁੰਦਾ, ਜੋ ਵਾਹਣ ਵਾਹੁੰਦਿਆਂ, ਅੱਡੀਆਂ ਨਾਲ ਢੀਮਾਂ ਫੇਂਹਦਾ ਜਾਂ ਰਾਤਾਂ ਨੂੰ ਸੱਪਾਂ ਦੀ ਸਿਰੀਆਂ ਨੱਪਦਾ, ਬੱਚਿਆਂ ਦੀ ਸਫਰ-ਸਾਧਨਾ ਨੂੰ ਸੁਖਾਵਾਂ ਅਤੇ ਸੁਖਾਲਾ ਬਣਾ ਕੇ, ਉਨ੍ਹਾਂ ਦੀਆਂ ਸਫਲਤਾਵਾਂ ਦਾ ਸਾਧਨ ਤੇ ਸਾਧਕ ਬਣਦਾ।

ਬਾਪ ਹੀ ਹੁੰਦਾ ਏ, ਜਿਸ ਦੀਆਂ ਚੁੰਨੀਆਂ ਅੱਖਾਂ ਵਿਚੋਂ ਸਵੇਰ ਦੀ ਲੋਅ ਵਾਂਗ ਉਗਦਾ ਏ ਬੱਚਿਆਂ ਦੇ ਹਿੱਸੇ ਦੇ ਅੰਬਰ ਦਾ ਸਿਰਨਾਵਾਂ, ਜਿਸ ਨੇ ਉਨ੍ਹਾਂ ਦੀ ਸ਼ਨਾਖਤ ਬਣ ਕੇ, ਸੰਸਾਰ ਦੀ ਰਾਹ-ਰੁਸ਼ਨਾਈ ਕਰਨੀ ਹੁੰਦੀ ਆ।

ਬਾਪ ਹੀ ਹੁੰਦਾ ਏ, ਜਿਸ ਦੇ ਦੀਦਿਆਂ ਵਿਚ ਅਧਮੋਈ ਜਿਹੀ ਆਸ ਅਤੇ ਮਰਨਹਾਰੇ ਸੁਪਨਿਆਂ ਦੀ ਚੀਸ ਵਿਚੋਂ ਹੀ ਹੁੰਗਾਰਾ ਭਰਦਾ ਏ ਬੱਚਿਆਂ ਦੇ ਸੰਦਲੀ ਸੁਪਨਿਆਂ ਦਾ ਸੁਗਮਮਈ ਸੰਦੇਸ਼।

ਬਾਪ ਹੀ ਹੁੰਦਾ ਏ, ਜਿਸ ਵਲੋਂ ਕੀਤੀ ਗਈ ਦਰਖਤਾਂ ਦੀ ਛਾਂਗ-ਛੰਗਾਈ ਵਿਚੋਂ ਆਪਣੇ ਬੱਚਿਆਂ ਦੀਆਂ ਤਰਜ਼ੀਹਾਂ, ਤਮੰਨਾਵਾਂ, ਤਦਬੀਰਾਂ ਤੇ ਤਕਦੀਰਾਂ ਨੂੰ ਦਿੱਤੀ ਜਾਣ ਵਾਲੀ ਸੇਧ ਅਤੇ ਸਮਰਪਿਤਾ ਦਾ ਸੁਨੇਹਾ ਹੀ ਅਗੰਮੀ ਆਦੇਸ਼ ਹੁੰਦਾ ਏ।

ਬਾਪ ਹੀ ਹੁੰਦਾ ਏ, ਜਿਸ ਦੇ ਹਲ ਨਾਲ ਵਾਹੇ ਸਿਆੜ, ਕੋਰੇ ਸਫਿਆਂ ਦੀਆਂ ਲਕੀਰਾਂ ਬਣ ਕੇ ਬੱਚਿਆਂ ਦੀਆਂ ਕਿਰਤ-ਕਲਾਵਾਂ ਦੀ ਕਾਮਨਾ ਕਰਦੇ। ਉਸ ਵਲੋਂ ਪਾਈਆਂ ਵੱਟਾਂ ਵਿਚੋਂ ਹੀ ਪ੍ਰਗਟਦੇ ਨੇ ਜਿਊਮੈਟਰੀ ਦੀਆਂ ਵੱਖ-ਵੱਖ ਸ਼ਕਲਾਂ ਅਤੇ ਆਕਾਰ।

ਬਾਪ ਉਹ ਸਮੁੰਦਰ ਦਾ ਸਮੁੱਚ ਹੈ, ਜਿਸ ਦੇ ਕਰਮ ਦੇ ਹਰ ਨਕਸ਼ ਵਿਚੋਂ ਉਘੜਦੀ ਏ ਆਪਣੇ ਲਾਡਲੇ ਦੀ ਕਿਸਮਤ-ਕੈਨਵਸ, ਜਿਸ ਨੇ ਕਿਰਨ-ਕਾਫਲਾ ਬਣ ਕੇ ਕਾਲਖੀ ਸਮਿਆਂ ਨੂੰ ਰੁਸ਼ਨਾਉਣਾ ਹੁੰਦਾ।

ਬਾਪ ਦੇ ਕੋਇਆਂ ਵਿਚ ਸੁੱਕ ਚੁੱਕੀ ਹਿੰਝ ਵਿਚੋਂ ਹੀ ਬੱਚਿਆਂ ਦੇ ਮਨਾਂ ਵਿਚ ਤਾਂਘ-ਤੜਫਣੀ ਬਣ ਕੇ, ਜੀਵਨ ਵਿਚ ਕੁਝ ਚੰਗੇਰਾ ਕਰਨ ਅਤੇ ਹਾਸਲਤਾ ਨੂੰ ਮਾਪਿਆਂ ਦੇ ਨਾਮ ਕਰਨ ਦੀ ਤਰਜ਼ੀਹ ਹੁੰਦੀ। ਇਹ ਪਰਮ-ਪੈਗਾਮ ਬਣ ਕੇ ਬੱਚਿਆਂ ਦੇ ਮਸਤਕ ਵਿਚ ਫੈਲ ਜਾਂਦੀ।



ਬਾਪ ਹੀ ਅਜਿਹਾ ਬਿਰਖ ਹੁੰਦਾ, ਜਿਸ ਦੀ ਛਾਂ ਵਿਚ ਧੁੱਪਾਂ ਠਰ ਜਾਂਦੀਆਂ ਹਨ। ਉਸ ਦੇ ਆਗੋਸ਼ ਵਿਚਲੇ ਨਿੱਘ ਨਾਲ ਸਰਦੀਆਂ ਨੂੰ ਵੀ ਤ੍ਰੇਲੀਆਂ ਆ ਜਾਂਦੀਆਂ ਨੇ।

ਬਾਪ ਅਜਿਹਾ ਹੁੰਦਾ, ਜਿਸ ਦੇ ਨੈਣਾਂ ਵਿਚੋਂ ਕਿਰੇ ਹੰਝੂਆਂ ਨੂੰ ਜਦ ਰੌਸ਼ਨੀ ਚੀਰਦੀ ਤਾਂ ਇਸ ਵਿਚੋਂ ਪੈਦਾ ਹੋਈ ਰੰਗਾਂ ਦੀ ਆਬਸ਼ਾਰ ਵਿਚ ਸਮੋਈ ਹੁੰਦੀ ਹੈ ਬੱਚੇ ਦੀ ਜੀਵਨ-ਸੱਤਰੰਗੀ।

ਬਾਪ ਅਜਿਹਾ ਸ਼ਖਸ ਹੈ, ਜਿਸ ਦੀ ਘੂਰ ਵਿਚ ਹੁੰਦਾ ਏ ਬੱਚਿਆਂ ਲਈ ਲਾਡ-ਪਿਆਰ, ਝਿੜਕ ਵਿਚ ਹੁੰਦਾ ਏ ਦੁਲਾਰ ਅਤੇ ਨਸੀਹਤਾਂ ਵਿਚ ਹੁੰਦਾ ਏ ਬੱਚੇ-ਰੂਪੀ ਫੁੱਲ ਦੇ ਦੁਆਲੇ ਕੰਡਿਆਲੀ ਵਾੜ ਦਾ ਪਹਿਰਾ।

ਬਾਪ ਵਲੋਂ ਅਚਾਰ ਅਤੇ ਗੰਢੇ ਨਾਲ ਸੁੱਕੀ ਰੋਟੀ ਖਾ ਕੇ ਮਿਟਾਈ ਜਾ ਰਹੀ ਭੁੱਖ ਵਿਚ ਹੁੰਦਾ ਏ ਬੱਚਿਆਂ ਦਾ ਲਈ ਸਬਰ, ਸੰਤੋਖ ਤੇ ਸਹਿਜ ਦਾ ਸਿਰਨਾਵਾਂ। ਕਈ ਵਾਰ ਤਾਂ ਭੁੱਖੇ ਪੇਟ ਸੌਣ ਵਿਚੋਂ ਹੀ ਹੁੰਦਾ ਏ ਬੱਚਿਆਂ ਦੀ ਭੁੱਖ-ਪੂਰਤੀ ਦਾ ਅਹਿਸਾਸ।

ਬਾਪ ਉਹ ਦਰਿਆ ਹੁੰਦਾ ਹੈ, ਜਿਸ ਦੀਆਂ ਲਹਿਰਾਂ ਆਪਣੇ ਬੱਚਿਆਂ ਲਈ ਮੁਸੀਬਤਾਂ ਨੂੰ ਪਾਰ ਕਰਨ ਦਾ ਸਬੱਬ ਹੁੰਦੀਆਂ। ਉਹ ਕਦੇ ਵੀ ਆਪਣੀ ਹਿੱਕ ਵਿਚ ਉਗਣ ਵਾਲੇ ਬਰੇਤਿਆਂ ਬਾਰੇ ਬੱਚਿਆਂ ਨੂੰ ਨਹੀਂ ਦੱਸਦਾ ਮਤਾਂ ਉਨ੍ਹਾਂ ਦੀ ਮਲੂਕ ਸੋਚ ਦੀ ਰਵਾਨਗੀ ਵਿਚ ਕੋਈ ਮਾਰੂਥਲ ਉਗ ਆਵੇ।

ਬਾਪ ਦੀ ਬੇਵਸੀ ਦਾ ਬਿਗਾਨੀਆਂ ਬਰੂਹਾਂ 'ਤੇ ਦਰ-ਬ-ਦਰ ਹੋਣਾ ਹੀ ਸੰਕੇਤ ਹੁੰਦਾ ਏ ਬੱਚਿਆਂ ਦੀ ਸਿਰੜ-ਸਾਧਨਾ ਵਿਚੋਂ ਭਵਿੱਖ ਦੇ ਮੁੱਖ 'ਤੇ ਸੂਰਜ ਉਗਾਉਣਾ, ਬੇਵਸੀ ਨੂੰ ਆਪਣੀ ਤਾਕਤ ਬਣਾਉਣਾ ਅਤੇ ਗੁਰਬਤ ਨੂੰ ਸ਼ਿਦਤ ਨਾਲ ਹਰਾਉਣਾ।

ਬਾਪ ਹੀ ਉਹ ਹੁੰਦਾ ਏ, ਜਿਸ ਦੇ ਮੱਥੇ ਤੋਂ ਵੱਗ ਰਹੀਆਂ ਮੁੜ੍ਹਕੇ ਦੀਆਂ ਤਤੀਰੀਆਂ, ਮੁੱਖ ਦੀਆਂ ਘਰਾਲਾਂ ਬਣ ਕੇ ਬੱਚੇ ਦੀ ਮਾਣਮੱਤੀ ਆਭਾ ਦਾ ਸੁੱਚਾ ਸ਼ਗਨ ਹੁੰਦੀਆਂ ਨੇ। ਮੁੜ੍ਹਕੇ ਦੇ ਮੁਸ਼ਕ ਵਿਚੋਂ ਹੀ ਬੱਚਿਆਂ ਦੇ ਚੌਗਿਰਦੇ ਵਿਚ ਸੁਗੰਧੀਆਂ ਦੀਆਂ ਸਰਗੋਸ਼ੀਆਂ ਪੈਦਾ ਹੁੰਦੀਆਂ। ਮੁੜ੍ਹਕੇ ਤੋਂ ਮੋਤੀ ਤੀਕ ਦੇ ਸਫਰ ਦਾ ਸਿਹਰਾ ਏ ਬਾਪ।

ਬਾਪ ਉਹ ਕਾਮਾ ਏ, ਜਿਸ ਦਾ ਹਵੇਲੀ ਤੋਂ ਖੇਤ ਅਤੇ ਖੇਤ ਤੋਂ ਹਵੇਲੀ ਤੀਕ ਦੀ ਨਿਰੰਤਰ ਯਾਤਰਾ ਹੀ, ਬੱਚਿਆਂ ਲਈ ਵਿਦੇਸ਼ੀ ਸਫਰਨਾਮਿਆਂ ਦੀ ਇਬਾਰਤ ਬਣਦੀ। ਨੰਗੇ ਪੈਰਾਂ ਦੇ ਸਫਰ ਤੋਂ ਹਵਾਈ ਜਹਾਜ ਦੇ ਝੂਟਿਆਂ ਵਿਚਲੇ ਧਰਤ-ਅਸਮਾਨ ਜਿਹੇ ਫਰਕ ਮਿਟਾਉਣ ਦਾ ਸਿਰਜਣਹਾਰਾ ਸਿਰਫ ਬਾਪ ਹੁੰਦਾ।

ਬਾਪ ਸਿਰਫ ਬਾਪ ਹੀ ਹੁੰਦਾ ਅਤੇ ਬਾਪ ਹੀ ਹੋ ਸਕਦਾ ਏ। ਬਾਪ ਦੇ ਅਰਥਾਂ ਦੀ ਤਹਿ ਤੀਕ ਬੰਦਾ ਉਸ ਵੇਲੇ ਪਹੁੰਚਦਾ, ਜਦ ਉਹ ਆਪ ਬਾਪ ਬਣ ਕੇ, ਸਦਾ ਲਈ ਤੁਰ ਗਏ ਬਾਪ ਨੂੰ ਮੁੜ ਆਉਣ ਲਈ ਹਾਕਾਂ ਮਾਰਦਾ, ਪਰ ਦੁਨੀਆਂ ਦੀ ਸਾਰੀ ਦੌਲਤ ਲੁਟਾ ਕੇ ਬਾਪ ਕਦੇ ਵਾਪਸ ਨਹੀਂ ਪਰਤਦੇ।

ਬਾਪ ਉਹ ਸ਼ਖਸ ਹੈ, ਜੋ ਜਿਨ੍ਹਾਂ ਘਰਾਂ ਨੂੰ ਉਸਾਰਦਾ, ਉਨ੍ਹਾਂ ਵਿਚ ਰਹਿਣ ਦੀ ਇਜਾਜ਼ਤ ਨਹੀਂ ਹੁੰਦੀ। ਜਿਹੜੀ ਸੜਕ ਬਣਾਉਂਦਾ ਹੈ, ਕਦੇ ਕਦਾਈਂ ਉਸ ਸੜਕ 'ਤੇ ਰੁਲਦੀ ਲਾਸ਼ ਹੁੰਦਾ। ਜਿਹੜੀ ਫਸਲ ਪੁੱਤਾਂ ਵਾਂਗ ਪਾਲਦਾ, ਉਸ 'ਤੇ ਆਪਣੇ ਹੱਕ ਤੋਂ ਹੀ ਮਹਿਰੂਮ ਕਰ ਦਿੱਤਾ ਜਾਂਦਾ ਏ। ਜਿਸ ਘਰ ਵਿਚ ਨੌਕਰ ਹੁੰਦਾ, ਉਸ ਦੀ ਅਹਿਮੀਅਤ ਘਰ ਵਿਚ ਰੱਖੇ ਪਾਲਤੂ ਕੁੱਤੇ ਤੋਂ ਵੀ ਘੱਟ ਹੁੰਦੀ। ਉਸ ਦੇ ਹੱਥ ਲਾਉਣ 'ਤੇ ਮਾਲਕ ਦੀ ਕਾਰ ਮੈਲੀ ਹੋ ਜਾਂਦੀ, ਪਰ ਉਹ ਦਿਨ ਦੀਵੀ ਸੁਪਨਿਆਂ ਵਿਚ ਆਪਣੇ ਬੱਚਿਆਂ ਨੂੰ ਕਾਰ ਵਿਚ ਬੈਠਿਆਂ ਜਰੂਰ ਚਿਤਵਦਾ।

ਬਾਪ ਉਹ ਹੁੰਦਾ ਹੈ, ਜਿਸ ਦੀ ਕਤਰੀ ਦਾਹੜੀ ਵਿਚੋਂ ਉਸ ਦੇ ਲਾਡਲੇ ਦੀ ਫੁੱਟਦੀ ਲੂਈਂ ਝਾਤੀਆਂ ਮਾਰਦੀ ਏ। ਬੱਚੇ ਦੇ ਨਕਸ਼ਾਂ ਵਿਚੋਂ ਬਾਪ ਦਾ ਮੁਹਾਂਦਰਾ ਝਲਕਦਾ।

ਬਾਪ ਉਹ ਹੁੰਦਾ ਏ, ਜਿਸ ਦੇ ਦਿਲ ਦੇ ਆਲ੍ਹਣੇ ਵਿਚ ਧੀਆਂ-ਧਿਆਣੀਆਂ ਦੀਆਂ ਗੁੱਡੀਆਂ ਪਟੋਲੇ ਆਪਣਾ ਘਰ ਬਣਾਉਂਦੇ। ਉਸ ਦੀ ਬਿਰਤੀ ਵਿਚ ਧੀਆਂ ਪਰਦੇਸਣਾਂ ਲਈ ਸ਼ੁਭ-ਇੱਛਾਵਾਂ ਦੀ ਅਰਾਧਨਾ ਗੂੰਜਦੀ; ਪਰ ਕਈ ਵਾਰ ਬਾਪ ਅਜਿਹਾ ਬਦਨਸੀਬ ਵੀ ਹੁੰਦਾ ਏ ਕਿ ਉਸ ਦਾ ਅਫਸਰ ਪੁੱਤ ਆਪਣੇ ਦੋਸਤਾਂ ਸਾਹਮਣੇ, ਉਸ ਦੀ ਪਛਾਣ ਨੌਕਰ ਵਜੋਂ ਕਰਵਾਉਂਦਾ। ਉਸ ਦੀ ਜਗਾ ਘਰ ਦੇ ਨੌਕਰਾਂ ਲਈ ਬਣਾਏ ਕੁਆਟਰ ਵਿਚ ਹੁੰਦੀ ਅਤੇ ਉਹ ਆਪਣੇ ਪੁੱਤ ਨਾਲੋਂ ਨੌਕਰਾਂ ਦੇ ਜ਼ਿਆਦਾ ਕਰੀਬ ਹੁੰਦਾ।

ਬਾਪ ਉਹ ਚੀੜਾ ਵਿਅਕਤੀਤਵ ਏ, ਜੋ ਦਿਨ-ਰਾਤ ਪਰਿਵਾਰ ਦੀ ਖੈਰੀਅਤ ਅਤੇ ਖੁਸ਼ਹਾਲੀ ਦੇ ਖਬਤ ਵਿਚੋਂ ਜੀਵਨ ਦੀ ਸਾਰਥਕਤਾ ਨੂੰ ਕਿਆਸਦਾ, ਜਿਸ ਵਿਚੋਂ ਬੱਚਿਆਂ ਨੂੰ ਜੀਵਨ-ਪੰਧ ਦੌਰਾਨ ਕਦਮਾਂ ਵਿਚ ਪਕਿਆਈ, ਤਕੜਾਈ ਅਤੇ ਰਹਿਨੁਮਾਈ ਮਿਲਦੀ।

ਬਾਪ ਉਹ ਹੁੰਦਾ ਏ, ਜਿਸ ਦੇ ਲੀਰਾਂ-ਲੀਰਾਂ ਹੋਏ ਜ਼ਿੰਦਗੀ ਦੇ ਵਰਕੇ ਹੀ ਕਰਦੇ ਨੇ ਬੱਚਿਆਂ ਦੇ ਲੇਖ-ਸ਼ਿਲਾਲੇਖਾਂ ਦੀ ਇਮਾਰਤਸਾਜੀ ਅਤੇ ਮੀਨਾਕਾਰੀ। ਬਾਪ ਉਹ ਹੁੰਦਾ, ਜਿਸ ਦੇ ਖਾਲੀ ਬੋਝੇ ਵਿਚ ਬੱਚਿਆਂ ਲਈ ਧਨ ਦੇ ਅੰਬਾਰ ਹੁੰਦੇ। ਉਸ ਦੀ ਗਰੀਬੀ ਵਿਚੋਂ ਹੀ ਬੱਚਿਆਂ ਨੂੰ ਅਮੀਰੀ ਦੇ ਮਾਅਨੇ ਯਾਦ ਹੋ ਜਾਂਦੇ ਅਤੇ ਉਹ ਫਿਰ ਅਮੀਰ ਹੋ ਕੇ ਵੀ ਸਦਾ ਗਰੀਬੀ ਭਰਿਆ ਮਾਣ ਹੁੰਦੇ।

ਬਾਪ ਉਹ ਹੁੰਦਾ ਏ, ਜਿਸ ਦੀ ਗੁਰਬਤ ਦੀ ਕੁਠਾਲੀ ਵਿਚੋਂ ਹੀਰਿਆਂ ਨੂੰ ਤਰਾਸ਼ਣ, ਲਿਸ਼ਕਣ ਅਤੇ ਚਮਕ ਨਾਲ ਸਮਾਜ ਦੇ ਨਾਂਵੇਂ ਨਵੀਂ ਨਕੋਰ ਲਿਸ਼ਕੋਰ ਕਰਨ ਦਾ ਸ਼ਰਫ ਮਿਲਦਾ।

ਬਾਪ ਉਹ ਮਾਨਵ ਹੈ, ਜਿਸ ਦੀ ਖਾਮੋਸ਼ੀ ਵਿਚੋਂ ਬੱਚਿਆਂ ਲਈ ਅਸੀਸਾਂ ਅਤੇ ਦੁਆਵਾਂ ਦੀ ਬਾਰਸ਼ ਹੁੰਦੀ; ਜਿਸ ਦੀ ਚੁੱਪ ਵਿਚ ਚਾਵਾਂ ਦੀ ਚੰਗੇਰ ਫੁੱਟਦੀ ਅਤੇ ਜਿਸ ਦੀ ਸੁੰਨ ਵਿਚ ਸਮਾਧੀ ਵਰਗੀ ਲੀਨਤਾ ਦਾ ਆਭਾਸ ਹੁੰਦਾ ਏ।

ਬਾਪ ਉਸ ਧਰਤੀ ਵਰਗਾ ਹੈ, ਜੋ ਕਦੇ ਅੰਬਰ ਬਣ ਕੇ ਤਾਰਿਆਂ ਸੰਗ ਆੜੀ ਪਵਾਉਂਦਾ ਅਤੇ ਕਦੇ ਰਸਾਤਲ ਭਰੀਆਂ ਜੀਵਨ ਦੁਸ਼ਵਾਰੀਆਂ ਨੂੰ ਵੀ ਬੱਚਿਆਂ ਦੀ ਮਾਨਸਿਕਤਾ ਵਿਚ ਟਿਕਾਉਂਦਾ ਏ।

ਬਾਪ ਉਹ ਆਦਮੀ ਹੈ, ਜਿਸ ਦੀਆਂ ਅਸਫਲਤਾਵਾਂ ਵਿਚ ਬੱਚਿਆਂ ਨੂੰ ਸਫਲਤਾਵਾਂ ਦਾ ਸਵਾਦ ਚੱਖਣ ਅਤੇ ਨਵੀਆਂ ਉਪਲਬੱਧੀਆਂ ਦਾ ਹਾਸਲ ਬਣਨ ਦਾ ਗਿਆਨ ਅਤੇ ਗੁੜ੍ਹਤੀ ਮਿਲਦੀ। ਹਾਰਾਂ ਵਿਚੋਂ ਜਿੱਤਾਂ ਦੇ ਦਿਸਹੱਦਿਆਂ ਨੂੰ ਬੱਚਿਆਂ ਦੇ ਮੱਥੇ 'ਤੇ ਉਕਰਨ ਦਾ ਨਾਮ ਹੈ ਬਾਪ।

ਬਾਪ ਉਹ ਹੁੰਦਾ ਏ, ਜਿਸ ਦੀ ਦਿਨ ਭਰ ਦੀ ਥਕਾਵਟ ਵਿਚੋਂ ਬੱਚਿਆਂ ਨੂੰ ਨਵੀਂ ਊਰਜਾ, ਹੌਸਲਾ ਅਤੇ ਹਿੰਮਤ ਮਿਲਦੀ ਤਾਂ ਉਨ੍ਹਾਂ ਲਈ ਜੀਵਨ-ਜੁਗਤਾਂ ਨੂੰ ਜ਼ਿੰਦਗੀ ਦੀ ਸ਼ਾਹ-ਅਸਵਾਰੀ ਬਣਾਉਂਦਿਆਂ ਦੇਰ ਨਹੀਂ ਲੱਗਦੀ।

ਬਾਪ ਉਹ ਹੁੰਦਾ, ਜਿਸ ਦੀ ਪੀੜ ਵਿਚੋਂ ਹੀ ਬੱਚਿਆਂ ਵਿਚ ਦਰਦ ਨੂੰ ਸਮਝਣ, ਦਰਦ ਹਰਨ ਲਈ ਫੇਹੇ ਧਰਨ, ਮਰ੍ਹਮ ਲਾਉਣ ਅਤੇ ਟਕੋਰ ਕਰਨ ਦਾ ਆਦਤਨ-ਆਬੂਰ ਹੁੰਦਾ। ਇਹ ਹੀ ਬਾਪ ਦੀ ਵਰਸੋਈ ਅਮਾਨਤ ਹੁੰਦੀ। ਬਾਪ ਹੀ ਹੁੰਦਾ, ਜਿਸ ਦੀ ਜ਼ਿੰਦਗੀ ਦੇ ਜ਼ਰਜ਼ਰੀ ਵਰਕਿਆਂ ਵਿਚੋਂ ਬੱਚਿਆਂ ਨੂੰ ਪੂਰਨ ਗ੍ਰੰਥ ਦੀ ਦੀਦਾਰ ਹੁੰਦੇ। ਇਸ ਨੂੰ ਪੜ੍ਹਦਿਆਂ ਹੀ ਉਹ ਜੀਵਨ ਦੀਆਂ ਵਿਭਿੰਨ ਪਰਤਾਂ ਨੂੰ ਪੜ੍ਹਨ ਅਤੇ ਤਹਿਆਂ ਨੂੰ ਬਾਰੀਕ-ਬੀਨੀ ਨਾਲ ਫਰੋਲਣ ਦੇ ਸਮਰੱਥ ਹੁੰਦੇ।

ਬਾਪ ਹੀ ਹੁੰਦਾ, ਜਿਸ ਦੇ ਕਸ਼ਟਾਂ ਕਾਰਨ ਫਿੱਕੇ ਪੈ ਗਏ ਰੰਗਾਂ ਨੂੰ ਆਪਣੀ ਹੋਂਦ ਅਤੇ ਹਸਤੀ ਦਾ ਹੱਕ ਉਸ ਦੀ ਔਲਾਦ ਵਿਚੋਂ ਮਿਲਦਾ। ਉਹ ਸੁਰਖ ਅਤੇ ਸੰਦਲੀ ਰੰਗਾਂ ਦੇ ਸੌਦਾਗਰ ਬਣ ਕੇ,

*(ਬਾਕੀ ਅਗਲੇ ਸਫੇ 'ਤੇ)*

# ਸੁਖਮਈ ਜੀਵਨ: ਤਕਦੀਰ ਜਾਂ ਤਦਬੀਰ

ਅਨੇਕਾਂ ਫਰਕਾਂ ਅਤੇ ਵਖਰੇਵਿਆਂ ਦੇ ਬਾਵਜੂਦ ਦੁਨੀਆਂ ਦੇ ਸਾਰੇ ਮਨੁੱਖਾਂ ਦੀ ਇਕ ਇੱਛਾ ਸਰਬ-ਵਿਆਪਕ ਹੈ ਅਤੇ ਉਹ ਹੈ-ਸੁਖਮਈ, ਖੁਸ਼ੀਆਂ ਭਰਪੂਰ ਤੇ ਸਫਲ ਜੀਵਨ ਜਿਉਣ ਦੀ ਇੱਛਾ ਅਤੇ ਸਨਮਾਨਜਨਕ ਤੇ ਨਿਸ਼ਚਿੰਤ ਜੀਵਨ ਜਿਉਣ ਦੀ ਚਾਹਤ। ਇਸ ਸੰਸਾਰ ਵਿਚ ਸਭ ਤੋਂ ਵੱਧ ਚਰਚਿਤ ਵਿਸ਼ਿਆਂ 'ਚ ਇਕ ਵਿਸ਼ਾ 'ਹੈਪੀਨੈੱਸ' ਹੈ। ਇਸ ਤਰ੍ਹਾਂ ਦੇ ਜੀਵਨ ਦੀ ਪ੍ਰਾਪਤੀ ਲਈ ਅਸੀਂ ਹਰ ਤਰ੍ਹਾਂ ਦੀਆਂ ਸਿਆਣਪਾਂ ਅਤੇ ਅਕਲਮੰਦੀਆਂ ਵਰਤਦੇ ਹਾਂ, ਸਕੀਮਾਂ ਬਣਾਉਂਦੇ ਹਾਂ ਅਤੇ ਕੋਸ਼ਿਸ਼ਾਂ-ਉਪਰਾਲੇ ਕਰਦੇ ਹਾਂ। ਆਪੋ ਆਪਣੇ ਧਾਰਮਿਕ ਅਕੀਦਿਆਂ ਅਨੁਸਾਰ ਅਰਦਾਸਾਂ-ਬੇਨਤੀਆਂ ਵੀ ਕਰਦੇ ਹਾਂ। ਧਰਮ ਪ੍ਰਚਾਰਕਾਂ ਵੱਲੋਂ ਦੱਸੇ ਕਰਮ-ਕਾਂਡ ਵੀ ਕਰਦੇ-ਕਰਾਉਂਦੇ ਹਾਂ। ਇਸ ਮੰਤਵ ਲਈ ਕੀਤੀ ਹਰ ਉਹ ਕੋਸ਼ਿਸ਼ ਅਤੇ ਸਕੀਮ ਜਾਇਜ਼ ਹੈ, ਜੋ ਸਮਾਜਕ ਅਤੇ ਨੈਤਿਕ ਕਦਰਾਂ-ਕੀਮਤਾਂ ਅਨੁਸਾਰ ਕੀਤੀ ਜਾਵੇ, ਕਿਉਂਕਿ ਇਸ ਤਰ੍ਹਾਂ ਦਾ ਜੀਵਨ ਸਾਡਾ ਹੱਕ ਹੈ। ਅਮਰੀਕਾ ਦੇ ਸੰਵਿਧਾਨ ਵਿਚ ਤਾਂ ਹੈਪੀਨੈੱਸ ਨੂੰ ਇਕ ਮੌਲਿਕ ਅਧਿਕਾਰ ਬਣਾਇਆ ਗਿਆ ਹੈ। ਇਹ ਕੋਈ ਅੱਜ ਦੇ ਮਨੁੱਖ ਦਾ ਹੀ ਨਹੀਂ, ਸਗੋਂ ਹਰ ਸਮੇਂ ਅਤੇ ਸਥਾਨ ਦੇ ਮਨੁੱਖ ਦਾ ਉਦੇਸ਼ ਰਿਹਾ ਹੈ। ਇਹ ਹਰ ਵਰਗ, ਹਰ ਪ੍ਰਵਿਰਤੀ ਅਤੇ ਹਰ ਪੱਧਰ ਦੇ ਮਨੁੱਖ ਦਾ ਉਦੇਸ਼ ਰਿਹਾ ਹੈ। ਪੂਰਬੀ, ਪੱਛਮੀ, ਅਧਿਆਤਮਵਾਦੀ, ਰਾਜਿਆਂ-ਮਹਾਰਾਜਿਆਂ ਅਤੇ ਜਨ-ਸਾਧਾਰਨ ਸਭ ਦਾ ਹੈ। ਹਰ ਕੋਈ ਪਰਮਾਤਮਾ ਤੋਂ ਸੁਖ ਮੰਗਦਾ ਹੈ।



**ਇੰਜੀਨੀਅਰ ਈਸ਼ਰ ਸਿੰਘ**
ਫੋਨ: 647-640-2014

ਸੁਖ ਕਉ ਮਾਗੈ ਸਭੁ ਕੋ
ਦੁਖੁ ਨ ਮਾਗੈ ਕੋਇ॥ (ਮਹਲਾ ਪਹਿਲਾ)

ਪਰ ਸਾਡੇ ਇਤਿਹਾਸ ਅਤੇ ਵਰਤਮਾਨ ਤੋਂ ਪ੍ਰਤੱਖ ਹੈ ਕਿ ਬਹੁਤ ਘੱਟ ਇਨਸਾਨਾਂ ਦੀ ਇਹ ਇੱਛਾ ਪੂਰੀ ਹੁੰਦੀ ਹੈ। ਪਹਿਲੇ ਸਮਿਆਂ 'ਚ ਹੋਰ ਕਿਸਮ ਦੀਆਂ ਸਮੱਸਿਆਵਾਂ ਮਨੁੱਖੀ ਖੁਸ਼ੀ ਵਿਚ ਰੁਕਾਵਟਾਂ ਬਣੀਆਂ ਹੋਈਆਂ ਸਨ, ਅੱਜ ਇਹ ਸਮੱਸਿਆਵਾਂ ਹੋਰ ਕਿਸਮ ਦੀਆਂ ਹਨ। ਸਾਡੀਆਂ ਸਮੱਸਿਆਵਾਂ ਦੀ ਕਿਸਮ ਜ਼ਰੂਰ ਬਦਲੀ ਹੈ, ਪਰ ਘਟਣ ਦੀ ਥਾਂ ਇਹ ਵਧੀਆਂ ਹਨ। ਏਨੀ ਤਰੱਕੀ ਦੇ ਬਾਵਜੂਦ ਅੱਜ ਅਸੀਂ ਸਮੁੱਚੇ ਤੌਰ 'ਤੇ ਆਪਣੇ ਪੂਰਵਜਾਂ ਤੋਂ ਵੱਧ ਸੁਖੀ ਨਹੀਂ। ਸਾਡੀਆਂ ਸਮੱਸਿਆਂ ਦੇ ਤਿੰਨ ਪੱਧਰ ਹਨ: ਕੁਦਰਤੀ ਆਫਤਾਂ, ਜਿਵੇਂ ਕਿ ਭੁਚਾਲ, ਹੜ੍ਹ, ਸੁਨਾਮੀਆਂ ਆਦਿ। ਦੂਸਰੀ ਕਿਸਮ ਦੀਆਂ ਆਪੇ ਸਹੇੜੀਆਂ ਸਮੂਹਿਕ ਸਮੱਸਿਆਵਾਂ, ਜਿਵੇਂ ਕਿ ਜੰਗ-ਯੁੱਧ, ਦੂਸ਼ਿਤ ਵਾਤਾਵਰਣ, ਰਾਜਨੀਤਿਕ ਅਤੇ ਸਮਾਜਕ ਝਗੜੇ ਆਦਿ ਹਨ। ਤੀਸਰੀ ਕਿਸਮ ਦੀਆਂ ਸਮੱਸਿਆਵਾਂ ਸਾਡੀਆਂ ਨਿੱਜੀ ਅਤੇ ਪਰਿਵਾਰਿਕ ਹਨ। ਇਹ ਤਿੰਨੇ ਕਿਸਮ ਦੀਆਂ ਸਮੱਸਿਆਵਾਂ ਸਾਡੇ ਸੁਖਮਈ ਅਤੇ ਸਫਲ ਜੀਵਨ ਜਿਉਣ ਵਿਚ ਰੁਕਾਵਟਾਂ ਬਣਦੀਆਂ ਹਨ। ਪਹਿਲੀ ਅਤੇ ਦੂਸਰੀ ਕਿਸਮ ਦੀਆਂ ਸਮੱਸਿਆਵਾਂ ਸਾਡੇ ਵਸ ਦੀ ਗੱਲ ਨਹੀਂ; ਪਰ ਤੀਸਰੀ ਕਿਸਮ ਦੀਆਂ 'ਚੋਂ ਕੁਝ ਨੂੰ ਅਸੀਂ ਜ਼ਰੂਰ ਨਜਿੱਠ ਸਕਦੇ ਹਾਂ।

ਕੁਦਰਤੀ ਗੱਲ ਹੈ ਕਿ ਹਰ ਵਕਤ ਅਤੇ ਹਰ ਧਰਮ ਦੇ ਮੋਢੀ ਮਹਾਂ-ਪੁਰਖਾਂ ਤੇ ਦੁਨਿਆਵੀ ਸਿਆਣਿਆਂ ਨੇ ਆਪਣੇ ਤਜਰਬਿਆਂ ਅਤੇ ਖੋਜਾਂ ਰਾਹੀਂ ਸਾਨੂੰ ਇਨ੍ਹਾਂ ਸਮੱਸਿਆਵਾਂ ਦਾ ਹੱਲ ਕਰਨ ਤੇ ਇਸ ਮੰਤਵ ਦੀ ਪ੍ਰਾਪਤੀ ਲਈ ਸਿੱਖਿਆਵਾਂ ਦਿੱਤੀਆਂ ਹਨ, ਤੇ ਅੱਜ ਵੀ ਦੇ ਰਹੇ ਹਨ। ਪੂਰਬੀ ਸੱਭਿਅਤਾਵਾਂ ਦੇ ਮਹਾਂ-ਪੁਰਖਾਂ ਨੇ ਮੁੱਖ ਤੌਰ 'ਤੇ ਅਧਿਆਤਮਵਾਦ ਨੂੰ ਇਨ੍ਹਾਂ ਦਾ ਆਧਾਰ ਬਣਾਇਆ ਹੈ ਅਤੇ ਪੱਛਮੀ ਵਾਲਿਆਂ ਨੇ ਪਦਾਰਥਵਾਦ ਨੂੰ। ਇੱਕੋ ਮੰਤਵ ਲਈ ਯਤਨ ਵੱਖ-ਵੱਖ ਹੋਏ ਹਨ ਅਤੇ ਉਹ ਵੀ ਬਹੁਤਾ ਕਰਕੇ ਵਿਰੋਧਾਭਾਸੀ। ਚੰਗੀ ਗੱਲ ਇਹ ਹੈ ਕਿ ਪਿਛਲੇ ਛੇ-ਸੱਤ ਦਹਾਕਿਆਂ ਤੋਂ ਇਸ ਕੰਮ ਲਈ ਪੱਛਮੀ ਮਨੋ-ਵਿਗਿਆਨੀਆਂ ਨੇ ਪੂਰਬੀ ਮਹਾਂ-ਪੁਰਖਾਂ ਦੀਆਂ ਸਿਆਣਪਾਂ ਨੂੰ ਖੁੱਲ੍ਹੇ ਮਨ ਨਾਲ ਅਤੇ ਸਫਲਤਾ ਪੂਰਵਕ ਅਪਨਾਇਆ ਹੈ। ਅੱਜ ਉਹ ਵੀ "Finding Modern Truth in Ancient Wisdom" ਦੀ ਗੱਲ ਕਰ ਰਹੇ ਹਨ। ਆਪਣੀਆਂ ਖੋਜਾਂ ਨੂੰ ਸਾਡੇ ਪਵਿੱਤਰ ਧਰਮ-ਗ੍ਰੰਥਾਂ ਦੀਆਂ ਸਿਆਣਪਾਂ ਨਾਲ ਇਕ-ਸੁਰ ਕਰ ਰਹੇ ਹਨ ਅਤੇ ਇਨ੍ਹਾਂ ਵਿਚ ਸਾਡੇ ਭਾਰਤੀ ਪਵਿੱਤਰ ਗ੍ਰੰਥ, ਸਮੇਤ ਗੁਰੂ ਗ੍ਰੰਥ ਸਾਹਿਬ ਦੇ, ਸ਼ਾਮਲ ਹਨ। ਸੁਖ ਅਤੇ ਸਫਲਤਾ ਪ੍ਰਾਪਤ ਕਰਨ ਦੇ ਵਿਸ਼ੇ ਉੱਪਰ ਲਿਖੀਆਂ ਜਾ ਰਹੀਆਂ ਪ੍ਰਸਿੱਧ ਪੁਸਤਕਾਂ ਦਾ ਆਧਾਰ ਇਨ੍ਹਾਂ ਪਵਿੱਤਰ ਗ੍ਰੰਥਾਂ ਦੀਆਂ ਸੱਚਾਈਆਂ ਨੂੰ ਬਣਾਇਆ ਜਾ ਰਿਹਾ ਹੈ।

'ਮੈਡੀਟੇਸ਼ਨ' ਭਾਵ ਭਜਨ-ਸਿਮਰਨ ਦੀ ਗੱਲ ਜ਼ੋਰਾਂ 'ਤੇ ਹੈ। ਖਿਮਾ, ਸਬਰ, ਸੰਤੋਖ, ਸੰਜਮ, ਦੀਨਤਾ, ਦਇਆਲਤਾ, ਪਾਰ-ਦਰਸ਼ਤਾ, ਭਾਣਾ ਮੰਨਣ, ਈਰਖਾ ਦਾ ਤਿਆਗ ਅਤੇ ਸਰਬੱਤ ਦੇ ਭਲੇ ਦਾ ਪ੍ਰਚਾਰ ਵੱਧ ਰਿਹਾ ਹੈ, ਕਿਉਂਕਿ ਇਨ੍ਹਾਂ ਸਭ ਨੂੰ ਆਤਮ-ਵਿਕਾਸ ਅਤੇ ਆਪਾ-ਸੁਧਾਰ ਰਾਹੀਂ ਖੁਸ਼ੀਆਂ ਭਰਪੂਰ ਜੀਵਨ ਲਈ ਜ਼ਰੂਰੀ ਸਮਝਿਆ ਜਾਂਦਾ ਹੈ। ਹਰ ਇਨਸਾਨ ਆਪੋ ਆਪਣੇ ਧਰਮ-ਗ੍ਰੰਥਾਂ ਦੀਆਂ ਸਿੱਖਿਆਵਾਂ 'ਤੇ ਵਿਗਿਆਨਕ ਢੰਗਾਂ ਨਾਲ ਅਤੇ ਅੱਜ ਦੀਆਂ ਪ੍ਰਸਥਿਤੀਆਂ ਦੇ ਪਰਿਪੇਖ 'ਚ ਅਮਲ ਕਰਕੇ ਹੈਪੀਨੈੱਸ ਪ੍ਰਾਪਤ ਕਰ ਸਕਦਾ ਹੈ। ਆਪੋ ਆਪਣੇ ਧਰਮ ਗ੍ਰੰਥਾਂ ਤੋਂ ਇਸ ਕਰਕੇ ਕਿ ਇਨ੍ਹਾਂ ਸਾਰਿਆਂ ਦਾ ਆਧਾਰ ਇੱਕੋ ਸੱਚ ਹੈ ਅਤੇ ਇਹ ਸਾਰੇ ਇੱਕੋ ਜਿਹੇ ਸਦਾਚਾਰਕ ਨਿਯਮਾਂ ਤੇ ਕਦਰਾਂ-ਕੀਮਤਾਂ ਦਾ ਪ੍ਰਚਾਰ ਕਰਦੇ ਹਨ। ਅਸੀਂ ਕਿਉਂਕਿ ਜਨਮ ਤੋਂ ਹੀ ਇਨ੍ਹਾਂ ਨਾਲ ਜੁੜੇ ਹੁੰਦੇ ਹਾਂ, ਇਸ ਲਈ ਇਨ੍ਹਾਂ ਪ੍ਰਤੀ ਸਾਡੀ ਸ਼ਰਧਾ ਹੁੰਦੀ ਹੈ ਅਤੇ ਇਨ੍ਹਾਂ ਵਿਚ ਸਾਡਾ ਅਥਾਹ ਵਿਸ਼ਵਾਸ ਹੁੰਦਾ ਹੈ। ਇਸੇ ਕਰਕੇ ਪੰਜਾਬੀ ਪਾਠਕਾਂ ਨੂੰ ਸੰਬੋਧਿਤ ਇਸ ਲੇਖ ਦਾ ਆਧਾਰ ਗੁਰਬਾਣੀ ਨੂੰ ਬਣਾਇਆ ਗਿਆ ਹੈ, ਨਾ ਕਿ ਕਿਸੇ ਇਕ ਧਰਮ ਨੂੰ ਦੂਸਰੇ ਤੋਂ ਚੰਗਾ ਸਾਬਤ ਕਰਨ ਲਈ।

ਗੁਰਬਾਣੀ ਵਿਚ ਸਾਨੂੰ ਦੋ ਕਿਸਮ ਦੀਆਂ ਵਿਚਾਰਧਾਰਾਵਾਂ ਮਿਲਦੀਆਂ ਹਨ। ਪਹਿਲੀ ਵਿਚਾਰਧਾਰਾ ਅਨੁਸਾਰ ਸਭ ਕੁਝ ਪਰਮਾਤਮਾ ਦੀ ਇੱਛਾ ਅਨੁਸਾਰ ਹੁੰਦਾ ਹੈ, ਇਨਸਾਨ ਦੇ ਹੱਥ-ਵਸ ਕੁਝ ਵੀ ਨਹੀਂ। ਹਰ ਮਨੁੱਖ ਪਹਿਲਾਂ ਹੀ ਨਿਰਧਾਰਤ ਕੀਤੀ ਹੋਈ ਤਕਦੀਰ ਅਨੁਸਾਰ ਜੀਵਨ ਜਿਉਂਦਾ ਹੈ, ਕਰਮ ਕਰਦਾ ਹੈ ਅਤੇ ਦੁਖ-ਸੁਖ ਭੁਗਤਦਾ ਹੋਇਆ ਇਸ ਦੁਨੀਆਂ ਤੋਂ ਚਲਾ ਜਾਂਦਾ ਹੈ। ਇਹ ਤਕਦੀਰ ਬਦਲਦੀ ਨਹੀਂ, ਕਿਉਂਕਿ ਇਹ ਕਰਮ-ਸਿਧਾਂਤ ਦੇ ਸਖਤ ਅਤੇ ਬੇ-ਲਿਹਾਜ਼ ਕਾਨੂੰਨ ਅਨੁਸਾਰ ਬਣਦੀ ਹੈ।

ਕਰੇ ਕਰਾਏ ਆਪਿ ਪ੍ਰਭੁ
ਸਭੁ ਕਿਛੁ ਤਿਸ ਹੀ ਹਾਥਿ॥

ਮਾਰੈ ਰਾਖੈ ਏਕੋ ਆਪਿ
ਮਾਨੁਖ ਕੈ ਕਿਛੁ ਨਾਹੀ ਹਾਥਿ॥




ਦੂਸਰੀ ਵਿਚਾਰਧਾਰਾ ਅਨੁਸਾਰ ਸਾਨੂੰ ਉੱਦਮ, ਕਿਰਤ ਅਤੇ ਕਰਮ ਕਰਨ ਦੀਆਂ ਸਿੱਖਿਆਵਾਂ ਦਿੱਤੀਆਂ ਜਾਂਦੀਆਂ ਹਨ। ਮਨੁੱਖੀ ਜਨਮ ਵਿਚ ਮਿਲੇ ਸੁਨਹਿਰੀ ਮੌਕਿਆਂ ਦਾ ਲਾਹਾ ਲੈਣ ਲਈ ਪ੍ਰੇਰਿਆ ਜਾਂਦਾ ਹੈ। ਆਪਣੇ ਔਗੁਣਾਂ ਅਤੇ ਵਿਕਾਰਾਂ ਦਾ ਤਿਆਗ ਕਰਨ ਦੀਆਂ ਸਿੱਖਿਆਵਾਂ ਦਿੱਤੀਆਂ ਜਾਂਦੀਆਂ ਹਨ। ਕੁਸੰਗਤ ਛੱਡ ਕੇ ਸੁਮੱਤ ਨੂੰ ਫੜ੍ਹਨ ਅਤੇ ਮਨ ਦੀਆਂ ਮੈਲਾਂ ਲਾਹੁਣ ਦੇ ਸਾਧਨ ਸਮਝਾਏ ਜਾਂਦੇ ਹਨ। 'ਲੋਹੇ' ਤੋਂ 'ਸੋਨਾ' ਅਤੇ ਮਨੁੱਖ ਤੋਂ ਦੇਵਤਾ ਬਣਾਉਣ ਦੇ ਭਰੋਸੇ ਦਿੱਤੇ ਜਾਂਦੇ ਹਨ। ਮਨੁੱਖ ਵਿਚ ਪਰਮਾਤਮਾ ਨਾਲ ਮਿਲਾਪ ਕਰਨ ਦੀ ਪ੍ਰਤਿਭਾ ਹੋਣ ਦੀ ਤਸੱਲੀ ਦਿੱਤੀ ਜਾਂਦੀ ਹੈ।

ਅਵਗੁਨ ਛੋਡਿ ਗੁਣਾ ਕਉ ਧਾਵਹੁ
ਕਰਿ ਅਵਗੁਣ ਪਛੁਤਾਹੀ ਜੀਉ॥ (ਮਹਲਾ ਪਹਿਲਾ)

ਜਿਨ ਮਾਨਸ ਤੇ ਦੇਵਤੇ ਕੀਏ
ਕਰਤ ਨ ਲਾਗੀ ਵਾਰ॥ (ਮਹਲਾ ਪਹਿਲਾ)

ਮਨੂਰੈ ਤੇ ਕੰਚਨ ਭਏ ਭਾਈ
ਗੁਰੁ ਪਾਰਸੁ ਮੇਲਿ ਮਿਲਾਇ॥ (ਮਹਲਾ ਤੀਜਾ)

ਇਨ੍ਹਾਂ ਗੱਲਾਂ ਤੋਂ ਪ੍ਰਤੱਖ ਹੈ ਕਿ ਮਹਾਂ-ਪੁਰਖ ਸਾਨੂੰ ਇਹ ਸੱਚਾਈ ਸਮਝਾ ਰਹੇ ਹਨ ਕਿ ਇਨਸਾਨ ਬਹੁਤ ਕੁਝ ਕਰ ਸਕਣ ਦੇ ਸਮਰੱਥ ਹੈ। ਇਸ ਦੇ ਨਾਲ ਹੀ ਉਹ ਇਹ ਸਭ ਕਰਨ ਦੀ ਪ੍ਰੇਰਨਾ ਵੀ ਕਰਦੇ ਹਨ ਅਤੇ ਸਖਤ ਹਦਾਇਤ ਵੀ। ਸਾਨੂੰ ਇਹ ਦੋਵੇਂ ਵਿਚਾਰਧਾਰਾਵਾਂ ਭਾਵੇਂ ਪਰਸਪਰ ਵਿਰੋਧੀ ਲੱਗਦੀਆਂ ਹਨ, ਪਰ ਇਹ ਦੋਵੇਂ ਗੱਲਾਂ ਪੂਰਨ ਮਹਾਂ-ਪੁਰਖਾਂ ਵੱਲੋਂ ਦਰਸਾਈਆਂ ਗਈਆਂ ਹਨ। ਇਸ ਲਈ ਇਹ ਗੱਲ ਪੂਰੇ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਇਨ੍ਹਾਂ ਦੀ ਓਪਰੀ ਵਿਰੋਧਤਾ ਦੇ ਪਿੱਛੇ ਛੁਪੀ ਹੋਈ ਸਹਿਹੋਂਦ ਇਸ ਸੱਚਾਈ ਦਾ ਸਬੂਤ ਹੈ ਕਿ ਸਾਡੀ ਤਕਦੀਰ ਅਤੇ ਸਾਡੀਆਂ ਕੋਸ਼ਿਸ਼ਾਂ ਦਾ ਆਪਸ ਵਿਚ ਅਟੁੱਟ ਸਬੰਧ ਹੈ। ਦੋਵੇਂ ਇਕ ਦੂਜੀ ਦੀਆਂ ਪੂਰਕ ਹਨ ਅਤੇ ਸਾਡੇ ਜੀਵਨ 'ਤੇ ਨਾਲੋ-ਨਾਲ ਲਾਗੂ ਹੁੰਦੀਆਂ ਹਨ। ਕੁਦਰਤ ਦੇ ਇਸ ਵਰਤਾਰੇ ਕਰਕੇ ਸਾਡੇ ਜੀਵਨ ਦੀਆਂ ਘਟਨਾਵਾਂ ਦੋ ਪ੍ਰਕਾਰ ਦੀਆਂ ਹਨ:

ਗੁਰਬਾਣੀ ਦੀਆਂ ਇਹ ਸੱਚਾਈਆਂ ਹੁਣ ਮਨੋਵਿਗਿਆਨੀਆਂ ਨੂੰ ਵੀ ਸਮਝ ਆ ਚੁਕੀਆਂ ਹਨ। ਸੰਸਾਰ ਪ੍ਰਸਿੱਧ ਮਨੋਵਿਗਿਆਨੀ ਡਾ. ਮਾਰਟਿਨ ਸੈਲਿਗਮੈਨ ਨੇ 2000 ਦੇ ਨੇੜੇ ਸਕਾਰਾਤਮਕ ਮਨੋਵਿਗਿਆਨ (Positive Psychology) ਦੀ ਖੋਜ ਕੀਤੀ, ਜੋ ਇਸ ਵਿਸ਼ੇ ਦੀ ਸੰਜਰੀ ਅਤੇ ਮਨੋਵਿਗਿਆਨ ਦੀ ਬਹੁਤ ਪ੍ਰਸਿੱਧ ਖੋਜ ਹੈ। ਉਸ ਨੇ ਅਤੇ ਉਸ ਦੀ ਟੀਮ ਨੇ ਮਨੁੱਖੀ ਖੁਸ਼ੀ ਦਾ ਇਕ ਫਾਰਮੂਲਾ ਬਣਾਇਆ ਹੈ, ਜੋ ਬੜਾ ਪ੍ਰਚੱਲਤ ਹੈ। ਇਸ ਅਨੁਸਾਰ ਵੀ ਸਾਡੇ ਜੀਵਨ ਦੀਆਂ ਘਟਨਾਵਾਂ ਦੋ ਪ੍ਰਕਾਰ ਦੀਆਂ ਹਨ: ਨਾ ਬਦਲ ਸਕਣਯੋਗ ਅਤੇ ਬਦਲ ਸਕਣਯੋਗ। ਹਾਲ ਹੀ ਦੀ ਖੋਜ ਦੱਸਦੀ ਹੈ ਕਿ ਬਦਲ ਸਕਣਯੋਗ ਗੱਲਾਂ ਦਾ ਮੁਕਾਬਲਤਨ ਸਾਡੀਆਂ ਖੁਸ਼ੀਆਂ 'ਤੇ ਬਹੁਤਾ ਪ੍ਰਭਾਵ ਪੈਂਦਾ ਹੈ।

ਇਹ ਫਾਰਮੂਲਾ ਇਸ ਤਰ੍ਹਾਂ ਹੈ:

ਖੁਸ਼ੀ= (ਸੈੱਟ ਪੁਆਇੰਟ + ਜ਼ਿੰਦਗੀ ਦੇ ਹਾਲਾਤ) + ਕੋਸ਼ਿਸ਼ਾਂ

Happiness= (Set Point + Conditions of Life) + Voluntary Activities

ਇਸ ਫਾਰਮੂਲੇ ਅਨੁਸਾਰ ਸਾਡੀ ਖੁਸ਼ੀ ਤਿੰਨ ਗੱਲਾਂ ਦਾ ਸੁਮੇਲ ਹੈ। ਸਾਡੇ ਜੀਵਨ ਦਾ ਸੈੱਟ ਪੁਆਇੰਟ, ਸਾਡੇ ਜੀਵਨ ਦੇ ਹਾਲਾਤ ਅਤੇ ਸਾਡੀਆਂ ਕੋਸ਼ਿਸ਼ਾਂ। ਸੈੱਟ ਪੁਆਇੰਟ ਸਾਡੀਆਂ ਖੁਸ਼ੀਆਂ ਦੇ ਪੈਮਾਨੇ ਦਾ ਇਕ ਪੱਧਰ ਹੈ, ਜੋ ਸਾਡੇ ਕੱਦ ਵਾਂਗ ਕੁਦਰਤ ਵੱਲੋਂ ਪਹਿਲਾਂ ਹੀ ਨਿਸ਼ਚਿਤ ਹੈ, ਜਿਵੇਂ ਕਿ ਕਿਸੇ ਨੇ ਸੁਭਾਅ ਪੱਖੋਂ ਆਮ ਕਰਕੇ ਖੁਸ਼ ਰਹਿਣਾ ਹੈ ਅਤੇ ਕਿਸੇ ਨੇ ਦੁਖੀ। ਦੂਜੇ ਨੰਬਰ 'ਤੇ ਸਾਡੇ ਜ਼ਿੰਦਗੀ ਦੇ ਹਾਲਾਤ ਹਨ, ਜਿਵੇਂ ਕਿ ਸਾਡਾ ਦੇਸ਼, ਧਰਮ, ਮਾਤਾ-ਪਿਤਾ, ਬੁੱਧੀ ਆਦਿ। ਇਹ ਦੋਵੇਂ ਚੀਜ਼ਾਂ ਬਦਲਦੀਆਂ ਨਹੀਂ।

ਤੀਜੇ ਨੰਬਰ 'ਤੇ ਸਾਡੀਆਂ ਕੋਸ਼ਿਸ਼ਾਂ-ਉਪਰਾਲੇ ਹਨ, ਜੋ ਅਸੀਂ ਆਪਣੀ ਇੱਛਾ-ਸ਼ਕਤੀ, ਸਿਰੜ ਅਤੇ ਵਿਧੀਵੱਤ ਢੰਗਾਂ ਨਾਲ ਮਿਹਨਤ ਕਰਕੇ ਬਦਲ ਸਕਣ ਦੀ ਸਮਰੱਥਾ ਰੱਖਦੇ ਹਾਂ। ਮਨੋਵਿਗਿਆਨੀਆਂ ਦੀ ਇਸੇ ਟੀਮ ਦੀ ਇਸ ਸਬੰਧ ਵਿਚ ਇਕ ਹੋਰ ਦਿਲਚਸਪ ਅਤੇ ਅਮਲੀ ਤੌਰ 'ਤੇ ਲਾਹੇਵੰਦ ਖੋਜ ਹੈ। ਅਸੀਂ ਆਪਣੀ ਸ਼ਖਸੀਅਤ ਦੇ ਸੈੱਟ ਪੁਆਇੰਟ ਅਤੇ ਜ਼ਿੰਦਗੀ ਦੇ ਹਾਲਾਤਾਂ ਤੋਂ ਬਹੁਤੇ ਦੁਖੀ ਇਸ ਕਰਕੇ ਨਹੀਂ ਹੁੰਦੇ, ਕਿਉਂਕਿ ਮਨੁੱਖੀ ਸੁਭਾਅ ਕਰਕੇ ਅਸੀਂ ਇਨ੍ਹਾਂ ਨਾਲ ਸਮਝੌਤਾ ਕਰ ਲੈਂਦੇ ਹਾਂ। ਅਸੀਂ ਆਪਣੇ ਕੱਦ-ਬੁੱਤ, ਮਾਤਾ-ਪਿਤਾ, ਦੇਸ਼, ਧਰਮ ਅਤੇ ਸੁਭਾਅ ਨੂੰ ਛੇਤੀ ਸਵੀਕਾਰ ਕਰਕੇ ਆਪਣੇ ਜੀਵਨ ਨੂੰ ਉਨ੍ਹਾਂ ਦੇ ਅਨੁਸਾਰ ਢਾਲ ਲੈਂਦੇ ਹਾਂ, ਪਰ ਬਦਲ ਸਕਣਯੋਗ ਸਥਿਤੀਆਂ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਨਾ ਕਰਨਾ ਸਾਡੀ ਖੁਸ਼ੀ 'ਚ ਵੱਡੀ ਰੁਕਾਵਟ ਅਤੇ ਸਾਡੇ ਝੋਰੇ-ਪਛਤਾਵਿਆਂ ਦਾ ਮੁੱਖ ਕਾਰਨ ਬਣਦਾ ਹੈ। ਇਸ ਖੋਜ ਤੋਂ ਸਾਬਤ ਹੋ ਜਾਂਦਾ ਹੈ ਕਿ ਸਾਡੀਆਂ ਜੁਗਤਾਂ ਨਾਲ ਕੀਤੀਆਂ ਸੁਹਿਰਦ ਕੋਸ਼ਿਸ਼ਾਂ-ਤਦਬੀਰਾਂ ਸਾਡੇ ਜੀਵਨ ਨੂੰ ਸੁਖਮਈ ਬਣਾਉਣ ਵਿਚ ਮਦਦਗਾਰ ਸਾਬਤ ਹੁੰਦੀਆਂ ਹਨ।

ਸਪੱਸ਼ਟ ਹੈ ਕਿ ਹਰ ਕੋਈ ਆਪਣੇ ਔਗੁਣਾਂ-ਵਿਕਾਰਾਂ ਤੇ ਮੰਦੀਆਂ ਆਦਤਾਂ ਨੂੰ ਛੱਡ ਕੇ ਆਪਣੇ ਦ੍ਰਿੜ੍ਹ ਇਰਾਦੇ ਅਤੇ ਸੁਚੇਤ ਕੋਸ਼ਿਸ਼ਾਂ ਨਾਲ ਚੰਗੇ ਗੁਣ ਗ੍ਰਹਿਣ ਕਰਨ ਤੇ ਚੰਗੀਆਂ ਆਦਤਾਂ ਪਾ ਸਕਣ ਦੇ ਸਮਰੱਥ ਹੈ। ਇਸੇ ਕਰਕੇ ਹੀ ਅੱਜ ਦੁਨੀਆਂ ਦੀਆਂ ਸਭ ਤੋਂ ਵੱਧ ਹਰਮਨ-ਪਿਆਰੀਆਂ ਅਤੇ ਸਭ ਤੋਂ ਵੱਧ ਵਿਕਣ ਵਾਲੀਆਂ ਕਿਤਾਬਾਂ ਵਿਚ ਆਤਮ-ਸੁਧਾਰ ਅਤੇ ਆਪਾ-ਵਿਕਾਸ ਦੀਆਂ ਕਿਤਾਬਾਂ ਪਹਿਲੇ ਨੰਬਰ 'ਤੇ ਹਨ। ਕਵੀ ਸਟੀਫਨ ਦੀ 'ਸੈਵਨ ਹੈਬਿਟਸ ਆਫ ਹਾਈਲੀ ਇਫੈਕਟਿਵ ਪੀਪਲ' ਨਾਂ ਦੀ ਪੁਸਤਕ ਪਿਛਲੇ 30 ਸਾਲਾਂ ਵਿਚ ਚਾਰ ਕਰੋੜ ਤੋਂ ਵੱਧ ਵਿਕ ਚੁਕੀ ਹੈ। ਡੇਲ ਕਾਰਨੇਗੀ ਦੀ ਇਕ ਕਿਤਾਬ 'ਹਾਉ ਟੂ ਵਿੰਨ ਫਰੈਂਡਜ਼ ਐਂਡ ਇਨਫਲੂਐਂਸ ਪੀਪਲ' ਪਿਛਲੇ 85 ਸਾਲਾਂ ਤੋਂ 'ਬੈੱਸਟ ਸੈੱਲਰ' ਬਣੀ ਹੋਈ ਹੈ। 2018 ਵਿਚ ਛਪੀ ਜੇਮਜ਼ ਕਲੀਅਰ ਦੀ ਪੁਸਤਕ 'ਐਟੌਮਿਕ ਹੈਬਿਟਸ' ਦੀਆਂ 10 ਲੱਖ ਤੋਂ ਵਧੇਰੇ ਕਾਪੀਆਂ ਵਿਕ ਚੁਕੀਆਂ ਹਨ। ਇਹ ਤਾਂ ਹੀ ਸੰਭਵ ਹੋ ਸਕਿਆ ਹੈ, ਜੇ ਕੁਦਰਤ ਨੇ ਇਨਸਾਨ ਨੂੰ ਆਪਣੀ ਕਾਇਆ-ਕਲਪ ਕਰਨ ਦੀ ਸਮਰੱਥਾ ਬਖਸ਼ੀ ਹੈ।

ਇੱਥੇ ਕੁਦਰਤ ਦੇ ਇਸ ਨਿਯਮ ਨੂੰ ਸਮਝਣਾ ਜ਼ਰੂਰੀ ਹੈ ਕਿ ਪਰਮਾਤਮਾ ਨੇ ਸਾਡੇ ਵਿਚ ਸਮਰੱਥਾ ਅਤੇ ਯੋਗਤਾ ਪਾਉਣੀ ਹੈ। ਉਸ ਦਾ ਸਦ-ਉਪਯੋਗ ਅਤੇ ਵਿਕਾਸ ਅਸੀਂ ਆਪ ਕਰਨਾ ਹੈ। ਇਸ ਦੇ ਨਾਲ ਅਸੀਂ ਇਹ ਵੀ ਸਮਝਣਾ ਹੈ ਕਿ ਕਿਹੜੀਆਂ ਗੱਲਾਂ ਹਨ, ਜਿਨ੍ਹਾਂ ਨੂੰ ਅਸੀਂ ਬਦਲ ਨਹੀਂ ਸਕਦੇ ਅਤੇ ਕਿਹੜੀਆਂ ਬਦਲਣਯੋਗ ਹਨ। ਇਨ੍ਹਾਂ ਦੇ ਆਪਸੀ ਫਰਕ ਨੂੰ ਸਮਝਣ ਲਈ ਆਪਣੀ ਬੁੱਧੀ ਤੇ ਵਿਵੇਕ ਨੂੰ ਵੀ ਵਰਤਣਾ ਹੈ ਅਤੇ ਮਹਾਂ-ਪੁਰਖਾਂ ਦੀਆਂ ਸਿੱਖਿਆਵਾਂ ਤੋਂ ਵੀ ਸੇਧ ਲੈਣੀ ਹੈ। ਇਸ ਸਬੰਧ ਵਿਚ ਈਸਾਈ ਧਰਮ ਦੀ ਇਕ ਬਹੁਤ ਹੀ ਵਧੀਆ ਅਰਦਾਸ ਹੈ, ਜੋ "ਸਿਰੈਨਿਟੀ ਪਰੇਅਰ" (Serenity Prayer) ਦੇ ਨਾਂ ਨਾਲ ਪ੍ਰਸਿੱਧ ਹੈ ਅਤੇ ਇਹ ਇਸ ਤਰ੍ਹਾਂ ਹੈ:

"God! Grant us the serenity
to accept the things we cannot change,
the courage to change the things we can,
and the wisdom to know the difference."

ਇਸ ਦਾ ਖੁੱਲ੍ਹਾ ਪੰਜਾਬੀ ਅਨੁਵਾਦ ਇਸ ਤਰ੍ਹਾਂ ਹੈ:

"ਸੱਚੇ ਪਾਤਸ਼ਾਹ! ਸਾਨੂੰ ਹਰ ਉਸ ਸਥਿਤੀ ਨੂੰ ਜਰਨ ਦੀ ਸਹਿਣਸ਼ੀਲਤਾ ਬਖਸ਼, ਜਿਸ ਨੂੰ ਅਸੀਂ ਬਦਲ ਨਹੀਂ ਸਕਦੇ, ਪਰ ਜਿਸ ਸਥਿਤੀ ਨੂੰ ਅਸੀਂ ਬਦਲ ਸਕਦੇ ਹਾਂ, ਉਸ ਨੂੰ ਬਦਲ ਸਕਣ ਦਾ ਹੌਸਲਾ ਅਤੇ ਬਲ ਬਖਸ਼, ਤੇ ਨਾਲ ਹੀ ਦੋਹਾਂ ਕਿਸਮ ਦੀਆਂ ਸਥਿਤੀਆਂ ਵਿਚ ਫਰਕ ਸਮਝਣ ਦੀ ਸੁਮੱਤ ਵੀ।"

ਸਾਡੀ ਸਿਆਣਪ ਪਹਿਲੀ ਕਿਸਮ ਦੀਆਂ ਸਥਿਤੀਆਂ ਨੂੰ ਸਵੀਕਾਰਨ ਅਤੇ ਦੂਸਰੀ ਕਿਸਮ ਦੀਆਂ ਨੂੰ ਸੁਧਾਰਨ ਵਿਚ ਹੈ। ਇੱਥੇ ਇਹ ਵੀ ਵਰਣਨਯੋਗ ਹੈ ਕਿ ਦਿਮਾਗ ਬਾਰੇ ਹੋਈਆਂ ਤਾਜ਼ੀਆਂ ਖੋਜਾਂ ਅਨੁਸਾਰ ਸੁਚੇਤ ਅਤੇ ਵਿਧੀਵੱਤ ਕੋਸ਼ਿਸ਼ਾਂ ਨਾਲ ਅਸੀਂ ਆਪਣੇ ਦਿਮਾਗ ਦੀ ਅੰਦਰੂਨੀ ਬਣਤਰ ਨੂੰ ਬਦਲ ਸਕਦੇ ਹਾਂ। ਇਸ ਦੇ ਨਿਊਰਲ ਕੁਨੈਕਸ਼ਨਾਂ ਅਤੇ ਰਸਤਿਆਂ (Neural Pathways) ਅਰਥਾਤ 'ਸਾਇਨੈਪਸਿਜ਼' (Synapses) ਨੂੰ ਬਦਲ ਸਕਦੇ ਹਾਂ, ਪਰ ਇਹ ਸਭ ਪੜ੍ਹਨ-ਪੜ੍ਹਾਉਣ ਜਾਂ ਸਿਰਫ ਗਿਆਨ ਹਾਸਲ ਕਰਨ ਨਾਲ ਹੀ ਨਹੀਂ ਹੁੰਦਾ। ਮਨੋਵਿਗਿਆਨੀ ਦੱਸਦੇ ਹਨ ਕਿ ਇਸ ਲਈ ਸਰੀਰਕ ਮਿਹਨਤ, ਹਰ ਤਰ੍ਹਾਂ ਦੀ ਕਸਰਤ ਅਤੇ ਮੈਡੀਟੇਸ਼ਨ ਸਭ ਤੋਂ ਵੱਧ ਅਸਰਦਾਰ ਢੰਗ ਹਨ।

ਇਸ ਸਾਰੇ ਵਿਚਾਰ ਤੋਂ ਅਸੀਂ ਸਮਝ ਸਕਦੇ ਹਾਂ ਕਿ ਸਾਡਾ ਜੀਵਨ ਭਾਵੇਂ ਮੁੱਖ ਤੌਰ 'ਤੇ ਸਾਡੀ ਤਕਦੀਰ ਦਾ ਸੌਦਾ ਹੈ, ਪਰ ਇਸ ਵਿਚ ਸਾਡੀਆਂ ਕੋਸ਼ਿਸ਼ਾਂ, ਮਿਹਨਤ ਅਤੇ ਤਦਬੀਰਾਂ ਚੂਲ ਦਾ ਕੰਮ ਕਰਦੀਆਂ ਹਨ ਅਤੇ ਚੂਲ ਦੀ ਮਹੱਤਤਾ ਅਸੀਂ ਸਾਰੇ ਸਮਝਦੇ ਹਾਂ। ਇਸ ਲਈ ਸੁਖਮਈ, ਖੁਸ਼ੀਆਂ ਭਰਪੂਰ ਅਤੇ ਸਫਲ ਜੀਵਨ ਦੀ ਪ੍ਰਾਪਤੀ ਸਾਡੀ 'ਤਕਦੀਰ ਜਾਂ ਤਦਬੀਰ' ਨਹੀਂ, ਸਗੋਂ ਇਹ ਸਾਡੀ 'ਤਕਦੀਰ ਅਤੇ ਤਦਬੀਰ' ਹੈ ਅਤੇ ਅਸੀਂ ਦੋਹਾਂ ਦੇ ਦਾਇਰੇ ਨੂੰ ਸਮਝ ਕੇ ਇਨ੍ਹਾਂ ਦੋਹਾਂ 'ਚ ਅਸਰਦਾਰ ਸੁਮੇਲ ਬਣਾਉਣ ਦੀ ਕੋਸ਼ਿਸ਼ ਕਰਨੀ ਹੈ।

*(ਸਹਿਯੋਗੀ: ਡਾ. ਸੁਖਦੇਵ ਸਿੰਘ ਝੰਡ, ਫੋਨ: 647-567-9128)*

# ਬਾਪ ਨੂੰ ਪਰਿਭਾਸ਼ਤ ਕਰਦਿਆਂ...

*(ਪਿਛਲੇ ਸਫੇ ਦੀ ਬਾਕੀ)*

ਜ਼ਿੰਦਗੀ ਨੂੰ ਸੁੱਚੇ-ਸੱਚੇ ਰੰਗਾਂ ਨਾਲ ਭਰਦੇ।
ਬਾਪ ਹੀ ਬੰਦਗੀ ਤੇ ਬਾਪ ਬੰਦਿਆਈ
ਬਾਪ ਹੀ ਬ੍ਰਹਮ-ਗਿਆਨੀ
ਬਾਪ ਹੀ ਬਾਗ ਤੇ ਬਾਪ ਬਹਾਰਾਂ
ਬਾਪ ਹੀ ਬਹਿਸ਼ਤ-ਬਿਆਨੀ
ਬਾਪ ਹੀ ਬਹੁਲਤਾ ਤੇ ਬਾਪ ਬਿਰੰਗਤਾ
ਬਾਪ ਹੀ ਬਰਕਤ-ਦਾਨੀ
ਬਾਪ ਹੀ ਬਸਤਾ ਤੇ ਬਾਪ ਹੀ ਬਗਲੀ
ਬਾਪ ਬਿਬੇਕੀ-ਬਾਣੀ
ਬਾਪ ਹੀ ਬੰਦਿਸ਼ਾਂ ਤੇ ਬਾਪ ਬੇਫਿਕਰੀ
ਬਾਪ ਹੀ ਬੰਧਨ-ਤਾਣੀ
ਬਾਪ ਬੇਮੁਹਤਾਜਾ ਤੇ ਬਾਪ ਬੇਗਰਜ਼
ਬਾਪ ਹੀ ਰਾਜ-ਰਜਾਨੀ
ਬਾਪ ਹੀ ਬੋਝਾ ਤੇ ਬਾਪ ਬੁੱਚਕੀ
ਬਾਪ ਬੇਨਤੀ ਮਾਨੀ
ਬਾਪ ਹੀ ਬੱਚਾ ਤੇ ਬਾਪ ਬਜ਼ੁਰਗ
ਬਾਪ ਹੀ ਬਾਲਗ ਹਾਣੀ
ਬਾਪ ਹੀ ਬੋਧੀ ਤੇ ਬਾਪ ਬਿਰਖ
ਬਾਪ ਹੀ ਬੋਧ-ਕਹਾਣੀ।

ਬਾਪ ਉਸ ਤਿੱਤਰਖੰਭੀ ਵਰਗਾ ਹੁੰਦਾ, ਜੋ ਸੇਕ ਨੂੰ ਪਿੰਡੇ 'ਤੇ ਜਰਦਾ, ਲੂਆਂ ਨੂੰ ਚੂਸਦਾ, ਪਰ ਆਪਣੇ ਬੱਚਿਆਂ ਲਈ ਵਿਰਲੀ ਵਿਰਲੀ ਛਾਂ ਜ਼ਰੂਰ ਕਰਦਾ।

ਬਾਪ ਉਹ ਆਤਮਾ ਹੁੰਦਾ, ਜਿਸ ਦੇ ਮੱਥੇ ਦੀਆਂ ਤਿਊੜੀਆਂ ਲਕੀਰਾਂ ਵਿਚ ਉਕਰੇ ਹੁੰਦੇ ਨੇ ਆਪਣੀ ਔਲਾਦ ਦੇ ਨਸੀਬ, ਕਿਉਂਕਿ ਬਾਪ ਹੀ ਰੱਬ ਨਾਲੋਂ ਜ਼ਿਆਦਾ ਨੇੜੇ ਅਤੇ ਹਾਜ਼ਰ-ਨਾਜ਼ਰ।

ਬਾਪ ਅਜਿਹੀ ਰੂਹ, ਜਿਸ ਦੇ ਫਾਕਿਆਂ ਵਿਚੋਂ ਬੱਚਿਆਂ ਨੂੰ ਚਰਨਾਮਿਤ ਮਿਲਦਾ, ਜਿਸ ਦੀ ਕਿਰਸ ਵਿਚੋਂ ਬੱਚਿਆਂ ਨੂੰ ਸੰਜਮ ਦੀ ਸਮਝ ਆਉਂਦੀ, ਜਿਸ ਦੀ ਕਿਰਤ-ਸੁੱਚਮ ਵਿਚੋਂ ਬੱਚਿਆਂ ਨੂੰ ਇਮਾਨਦਾਰੀ ਦਾ ਸਬਕ ਮਿਲਦਾ।

ਬਾਪ ਅਜਿਹਾ ਨੇਕ ਪੁਰਸ਼, ਜੋ ਸ਼ਾਹੂਕਾਰ ਦਾ ਕਰਜ਼ਾ ਉਤਾਰਦਾ, ਬੱਚਿਆਂ ਦੇ ਮਨਾਂ ਵਿਚ ਅਹਿਸਾਨਾਂ ਦਾ ਕਰਜ਼ਾ ਉਤਾਰਨ ਦੀ ਵਿਧੀ ਅਤੇ ਵਿਧਾਨ ਸਮਝਾ ਜਾਂਦਾ। ਬੱਚੇ ਇਸ ਨੂੰ ਹੀ ਆਪਣੀ ਜੀਵਨ-ਸ਼ੈਲੀ ਬਣਾ ਲੈਂਦੇ।

ਬਾਪ ਅਜਿਹਾ ਬਾ-ਕਮਾਲ ਘਾੜਨਹਾਰਾ ਹੁੰਦਾ, ਜਿਸ ਦੀ ਘਾਤਤ ਵਿਚੋਂ ਬੱਚਿਆਂ ਨੂੰ ਸੇਧਤ ਰੂਪ ਵਿਚ ਜ਼ਿੰਦਗੀ ਨੂੰ ਵਿਉਂਤਣ ਅਤੇ ਵਿਚਰਨ ਦਾ ਵਿਹਾਰੀ ਵਰਤਾਰਾ ਸਮਝ ਵਿਚ ਆਉਂਦਾ।

ਬਾਪ ਉਹ ਕਿਰਤੀ ਹੁੰਦਾ ਏ, ਜਿਸ ਦੇ ਹੱਥਾਂ ਦੀਆਂ ਮਿਟੀਆਂ ਲਕੀਰਾਂ ਹੀ ਹੁੰਦੀਆਂ ਨੇ ਬੱਚਿਆਂ ਦੀਆਂ ਹਸਤ ਰੇਖਾਵਾਂ ਵਿਚਲੇ ਕੀਰਤੀਮਾਨ ਅਤੇ ਉਨ੍ਹਾਂ ਦੀਆਂ ਤਲੀਆਂ 'ਤੇ ਉਘੜਦੀ ਏ ਗੂੜ੍ਹੇ ਰੰਗਾਂ ਦੀ ਜੀਵਨ-ਇਬਾਰਤ।

# ਸ਼ਸ਼ੀ ਸਮੁੰਦਰਾ: ਰਚਨਾਤਮਕ ਸ਼ਕਤੀ ਦਾ ਅਥਾਹ ਸੋਮਾ

ਸ਼ਸ਼ੀ ਸਮੁੰਦਰਾ ਅਮਰੀਕੀ ਪੰਜਾਬੀ ਕਵਿਤਾ ਦੇ ਖੇਤਰ ਵਿਚ ਇਕ ਚਰਚਿਤ ਨਾਮ ਹੈ। 1971 ਵਿਚ ਉਸ ਨੇ ਅਮਰੀਕਾ ਵਿਖੇ ਪਰਵਾਸ ਧਾਰਨ ਕੀਤਾ। ਹੁਣ ਤਕ ਉਸ ਨੇ ਦੋ ਕਾਵਿ-ਸੰਗ੍ਰਹਿ 'ਬੋਗਨਵਿਲਾ ਦੇ ਵਸਤਰ' (1992) ਅਤੇ 'ਮੇਰੇ ਮਨ ਦੀ ਕੋਇਲ' (2011) ਪ੍ਰਕਾਸ਼ਿਤ ਕਰਵਾਏ ਹਨ। ਇਨ੍ਹਾਂ ਦੋਹਾਂ ਕਾਵਿ-ਸੰਗ੍ਰਹਿਆਂ ਨੂੰ ਵਾਚਣ ਦੇ ਨਾਲ ਨਾਲ ਪਿਛਲੇ ਚਾਲੀ ਸਾਲਾਂ ਦਾ ਇਤਿਹਾਸ ਅਤੇ ਸ਼ਸ਼ੀ ਦੇ ਪੰਜਾਬੀ ਤੇ ਪਰਵਾਸੀ ਅਨੁਭਵ ਨੂੰ ਧਿਆਨ ਵਿਚ ਰੱਖਿਆ ਜਾਵੇ ਤਾਂ ਜੋ ਦੋ ਮੁੱਖ ਧਾਰਨਾਵਾਂ ਸਾਹਮਣੇ ਆਉਂਦੀਆਂ ਹਨ, ਉਨ੍ਹਾਂ ਵਿਚ ਪਹਿਲੀ ਇਹ ਹੈ ਕਿ ਸ਼ਸ਼ੀ ਨੂੰ ਕਿਸੇ ਇਕ ਸੀਮਿਤ ਦਾਇਰੇ ਵਿਚ ਰੱਖ ਕੇ ਪੜ੍ਹਨਾ-ਵਿਚਾਰਨਾ ਭੁੱਲ ਹੋਵੇਗਾ। ਉਹ ਕਿਸੇ ਇਕ ਵਾਦ ਦੀ ਵਲਗਣ ਵਿਚ ਨਹੀ ਬੱਝਦੀ। ਪਹਿਲੀ ਝਾਤੇ ਰੁਮਾਂਸਵਾਦ,



**ਪ੍ਰੋ. ਸੁਹਿੰਦਰ ਬੀਰ**

ਨਾਰੀਵਾਦ, ਪ੍ਰਕਿਰਤੀਵਾਦ ਆਦਿ ਨਾਲ ਉਸ ਦਾ ਪੱਕਾ ਨਾਤਾ ਮਹਿਸੂਸ ਹੁੰਦਾ ਹੈ ਅਤੇ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ ਆਦਿ ਕਵੀਆਂ ਦਾ ਉਸ ਦੀ ਰਚਨਾ ਉਪਰ ਪ੍ਰਭਾਵ ਪ੍ਰਤੀਤ ਹੁੰਦਾ ਹੈ, ਪਰ ਅਸਲ ਵਿਚ ਸ਼ਸ਼ੀ ਨੇ ਇਨ੍ਹਾਂ ਸਾਰਿਆਂ ਪ੍ਰਭਾਵਾਂ ਨੂੰ ਏਨੇ ਸਹਿਜ ਨਾਲ ਆਪਣੇ ਅਵਚੇਤਨ ਵਿਚ ਵਸਾ ਲਿਆ ਹੈ ਕਿ ਉਹ ਖੁਦ ਹੀ ਸੁਤੰਤਰਤਾ, ਮਾਨਵਵਾਦ, ਮਨੁੱਖ ਅਤੇ ਪ੍ਰਕਿਰਤੀ ਦੀਆਂ ਸਾਰੀਆਂ ਵਸਤਾਂ ਦੇ ਉਜਲੇ ਭਵਿੱਖ ਦੀ ਕਾਮਨਾ ਕਰਦੀ ਹੈ।

ਕਾਵਿ ਸਿਧਾਂਤ ਬਾਰੇ ਆਪਣੇ ਬੋਲ ਪ੍ਰਗਟਾਉਂਦਿਆਂ ਉਸ ਨੇ ਆਪਣੀ ਸਿਰਜਣਾਤਮਕਤਾ ਨੂੰ 'ਮੇਰੇ ਮਨ ਦੀ ਕੋਇਲ' ਦੇ ਰੂਪ ਵਿਚ ਬੰਨ੍ਹਿਆ ਹੈ। ਸੁਚੇਤ ਤੌਰ 'ਤੇ ਉਹ ਇਸ ਕੋਇਲ ਨੂੰ ਬਾਹਰ ਵਾਚਦੀ ਹੈ, ਪਰ ਅਚੇਤ ਤੌਰ 'ਤੇ ਉਹ ਉਸ ਦੇ ਮਨ ਵਿਚ ਵੱਸੀ ਹੋਈ ਹੈ। ਮੈਨੂੰ ਉਸ ਦੀਆਂ ਕੁਝ ਕਵਿਤਾਵਾਂ ਵਿਚ ਮਨੁੱਖੀ ਪ੍ਰਕਿਰਤੀ ਅਤੇ ਸਮਾਜ ਦੀ ਨੈਤਿਕ ਪ੍ਰਕਿਰਤੀ ਵਿਚ ਵਿਰੋਧ ਉਸਰਦਾ ਨਜ਼ਰ ਆਇਆ ਹੈ। ਇਹ ਵਿਰੋਧ ਪ੍ਰੋ-ਚੋਆਇਸ ਅਤੇ ਪ੍ਰੋ-ਲਾਈਫ ਦਾ ਵੀ ਹੈ। ਇਸ ਨੂੰ ਅਸੀਂ ਕਵਿਤਰੀ ਦਾ ਰੁਮਾਂਸਿਕ ਅੰਦਾਜ਼ ਵੀ ਕਹਿ ਸਕਦੇ ਹਾਂ:

ਮੇਰੇ ਸੁਪਨਿਆਂ ਦੇ ਹਮਸਫਰ
ਅੱਖ ਖੁਲ੍ਹਦੇ ਹੀ ਕਿਥੇ ਚਲੇ ਜਾਂਦਾ ਹੈ ਤੂੰ?
ਮੈਂ ਜਾਗਦੀਆਂ ਅੱਖਾਂ ਨਾਲ ਲੱਭਦੀ ਰਹਿੰਦੀ ਹਾਂ ਤੈਨੂੰ
ਵੀਰਾਨ ਪਗਡੰਡੀਆਂ 'ਤੇ, ਚੌਰਾਹਿਆਂ 'ਤੇ, ਬਾਗਾਂ ਵਿਚ
ਬਾਜ਼ਾਰਾਂ ਵਿਚ, ਤਾਰਿਆਂ ਵਿਚ,
ਚੰਨ ਦੀਆਂ ਠੰਡੀਆਂ ਰਿਸ਼ਮਾਂ ਵਿਚ
ਤੇ ਪ੍ਰਭਾਤ ਦੀ ਲਾਲੀ ਵਿਚ
ਤੈਨੂੰ ਤਲਾਸ਼ਦੀ ਥੱਕ ਕੇ ਸੌਂ ਜਾਂਦੀ ਹਾਂ ਜਦ
ਤੂੰ ਇਕ ਭੰਵਰੇ ਦੀ ਤਰ੍ਹਾਂ
ਗੁਣਗਣਾਉਂਦਾ, ਮੁਸਕਰਾਉਂਦਾ ਆਉਂਦਾ ਹੈਂ
ਮੇਰੇ ਸੁਪਨਿਆਂ ਦੇ ਹਮਸਫਰ!

ਸਮਾਜਕ ਜੀਵਨ ਦਾ ਸਾਰਾ ਵਿਹਾਰ ਮਨੁੱਖ ਦੇ ਆਪਣੇ ਹੱਥ ਵਿਚ ਨਹੀਂ ਹੈ। ਸਮੇਂ ਦੀ ਇਤਿਹਾਸਕ ਚੇਤਨਾ ਮਨੁੱਖ ਨੂੰ ਗਿਆਨ ਦੇ ਜਿਸ ਦਾਇਰੇ ਉਪਰ ਪੁਚਾ ਦਿੰਦੀ ਹੈ, ਮਨੁੱਖ ਆਪਣੀ ਜ਼ਿੰਦਗੀ ਨੂੰ ਉਸੇ ਤਰ੍ਹਾਂ ਹੀ ਸੋਚਣ ਲੱਗ ਪੈਂਦਾ ਹੈ। ਸਮੇਂ ਨਾਲ ਮਨੁੱਖ ਨੂੰ ਆਪਣੀ ਸੋਚ ਵੀ ਬਦਲਣੀ ਪੈਂਦੀ ਹੈ। ਸਮਾਂ ਬਹੁਤ ਬਲਵਾਨ ਹੁੰਦਾ ਹੈ; ਇਨਸਾਨ ਨੂੰ ਇਸ ਦੇ ਵਹਾਅ 'ਚ ਵਹਿਣਾ ਹੀ ਪੈਂਦਾ ਹੈ:

ਵਹਿੰਦੀ ਨਦੀ ਦੇ ਪਾਣੀਆਂ 'ਤੇ
ਤੈਰ ਰਹੇ ਕੱਖ-ਕਾਨਿਆਂ ਵਿਚ
ਹਵਾ ਦੇ ਰੁਖ ਹੋ ਜਾਂਦੀਆਂ ਲਹਿਰਾਂ
ਓਧਰ ਨੂੰ ਹੀ ਹੋ ਜਾਂਦਾ ਹੈ ਇਹ ਸਾਰਾ ਕਾਰਵਾਂ
ਕੀ ਨਦੀ ਦੇ ਵੱਸ ਵਿਚ ਕੁਝ ਵੀ ਨਹੀਂ?

ਜਿਵੇਂ ਅਸਾਂ ਉਪਰ ਹੀ ਕਿਹਾ ਹੈ ਕਿ ਸ਼ਸ਼ੀ ਨੂੰ ਕਿਸੇ ਇਕ ਵਿਚਾਰਧਾਰਾਈ ਹੱਦ ਵਿਚ ਬੰਨ੍ਹ ਕੇ ਰੱਖਣਾ-ਵਿਚਾਰਨਾ ਉਚਿੱਤ ਨਹੀਂ ਹੋਵੇਗਾ। ਉਸ ਨੂੰ ਰੰਜ ਹੈ ਕਿ ਅੱਜ ਦਾ ਮਨੁੱਖ ਆਪਣੇ ਆਲੇ-ਦੁਆਲੇ ਦੀਵਾਰਾਂ ਉਸਾਰ ਰਿਹਾ ਹੈ। ਇਹ ਦੀਵਾਰਾਂ ਰੰਗ, ਧਰਮ, ਜਾਤ, ਨਸਲ, ਦੇਸ਼ ਆਦਿ ਦੀਆਂ ਹਨ, ਇਸ ਕਰਕੇ ਮਨੁੱਖ ਦੀ ਸੋਚ ਵੀ ਗੰਧਲੀ ਹੋ ਰਹੀ ਹੈ। ਜੇ ਮਨੁੱਖ ਇਨ੍ਹਾਂ ਸਾਰੀਆਂ ਦੀਵਾਰਾਂ ਤੋਂ ਪਾਰ ਝਾਕ ਕੇ ਗਲੋਬਲੀ ਅਤੇ ਕੌਮਾਂਤਰੀ ਚੇਤਨਾ/ਮਾਨਵਤਾ ਨੂੰ ਧਾਰਨ ਕਰ ਲਵੇ ਤਾਂ ਮਨੁੱਖ ਆਉਣ ਵਾਲੀਆਂ ਸਮੱਸਿਆਵਾਂ ਤੋਂ ਮੁਕਤੀ ਪਾ ਸਕੇਗਾ। ਇਹ ਸ਼ਸ਼ੀ ਦਾ ਆਦਰਸ਼ ਸੰਸਾਰ ਹੈ, ਜੋ ਉਸ ਦੀ ਕਲਪਨਾ ਹੈ ਅਤੇ ਸਮਾਜਕ ਜੀਵਨ ਲਈ ਇਹ ਬਹੁਤ ਹੀ ਸਾਰਥਕ ਹੈ, ਜੋ ਮਨੁੱਖ ਦੀ ਮਨੁੱਖਤਾ ਨੂੰ ਪਕੇਰਿਆਂ ਕਰਦਾ ਹੈ:

ਤੂੰ ਫੈਲ ਜਾ ਹਵਾਵਾਂ ਦੀ ਬੇਪ੍ਰਵਾਹ ਮੌਜ ਵਿਚ
ਦਰਿਆਵਾਂ ਦੀ ਮਸਤ ਚਾਲ ਵਿਚ
ਸਮੁੰਦਰ ਦੀਆਂ ਲਹਿਰਾਂ ਦੇ ਜੋਸ਼ ਵਿਚ
ਤੂੰ ਫੈਲ ਜਾਂ ਬੱਦਲਾਂ ਦੀ ਦਿਸ਼ਾਹੀਣ ਉਡਾਣ ਵਿਚ
ਅਸਮਾਨ ਦੀ ਅਥਾਹ ਵਿਸ਼ਾਲਤਾ ਵਿਚ
ਸੂਰਜ ਦੀਆਂ ਨਿੱਘੀਆਂ ਕਿਰਨਾਂ ਵਿਚ
ਤੇ ਚੰਦਰਮਾ ਦੀ ਸੁਖਨ ਠੰਡ ਵਿਚ
ਤੂੰ ਫੈਲ ਜਾ...।

ਤੂੰ ਮਹਿਜ਼ ਇਕ ਜਿਸਮ ਨਹੀਂ ਹੈ
ਜੋ ਉਠਦਾ ਹੈ, ਅੰਨ ਖਾਂਦਾ ਹੈ
ਦੋਸਤੀਆਂ ਤੇ ਦੁਸ਼ਮਣੀਆਂ ਨਿਭਾਉਂਦਾ
ਕਦੇ ਸਿਫਤਾਂ, ਕਦੇ ਚੁਗਲੀਆਂ ਕਰਦਾ ਫਿਰਦਾ ਹੈ
ਸੌਂ ਜਾਂਦਾ ਹੈ...।
ਤੂੰ ਸਮੁੱਚੇ ਬ੍ਰਹਿਮੰਡ ਦਾ ਇਕ ਹਿੱਸਾ ਹੈ
ਇਸ ਵਿਸ਼ਾਲਤਾ ਦਾ ਇਕ ਹਿੱਸਾ ਹੈ
ਇਸ ਰੌਸ਼ਨੀ ਦਾ ਇਕ ਹਿੱਸਾ ਹੈ।

ਸੋ, ਇਸ ਤਰ੍ਹਾਂ ਉਹ ਇਕ ਬ੍ਰਹਿਮੰਡਕ ਅਤੇ ਉਦਾਰ-ਭਾਵਨਾਵਾਂ ਵਾਲੀ ਸਿਰਜਕ ਸ਼ਾਇਰਾ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ। ਉਹ ਜ਼ਿੰਦਗੀ ਦੀਆਂ ਸੀਮਾਵਾਂ ਨੂੰ ਵਿਰਾਟਤਾ ਦੇ ਰੂਪ ਵਿਚ ਦੇਖਣ ਵਾਲੀ ਅਸਲੋਂ ਵਿਲੱਖਣ ਅਤੇ ਨਾਮਵਰ ਸ਼ਾਇਰਾ ਹੈ।

ਔਰਤ ਦੇ ਵਿਯੋਗ ਅਤੇ ਦੁਖਾਂਤ ਦੀ ਹੋਣੀ ਦਾ ਭਾਵੇਂ ਉਸ ਦੀ ਸ਼ਾਇਰੀ ਵਿਚ ਘੱਟ ਪ੍ਰਗਟਾਵਾ ਮਿਲਦਾ ਹੈ, ਪਰ ਇਹ ਹੈ ਬਹੁਤ ਹੀ ਪ੍ਰਮਾਣਕ ਰੂਪ ਵਿਚ। ਇਥੇ ਸ਼ਾਇਰਾ ਆਪਣੀ ਸਹੇਲੀ ਬੰਤੋ ਦੀ ਮਾਂ, ਭੈਣ, ਨਜ਼ਦੀਕੀ, ਆਂਢ-ਗੁਆਂਢ, ਸਾਕ-ਸਰੀਕੇ ਦੇ ਰੂਪ ਵਿਚ ਵਿਸ਼ਾਲ ਅਰਥ ਗ੍ਰਹਿਣ ਕਰ ਗਈ ਹੈ:

ਮੇਰੀ ਸਹੇਲੀ ਬੰਤੋ
ਇਕ ਦਿਨ ਪਹੇ 'ਤੇ ਇਕ ਛੰਨਾਟਾ ਹੋਇਆ
ਝਾਂਜਰਾਂ ਵਾਲੇ
ਫੁੰਮਣਾਂ ਦੀਆਂ ਲੜੀਆਂ ਵਾਲੇ
ਬੋਤੇ 'ਤੇ ਬੈਠਾ
ਇਕ ਛੈਲ ਛਬੀਲਾ
ਸਾਡੇ ਪਿੰਡ ਆਇਆ
ਤੇੜ ਚਾਦਰਾ
ਤਿੱਲੇ ਵਾਲੀ ਜੁੱਤੀ
ਕੰਨੀਂ ਨੱਤੀਆਂ
ਗੱਲ ਵਿਚ ਕੈਂਠਾ
ਸਿਰ ਉਤੇ ਤੁਰਲਾ ਛੱਡ
ਪਿਆਜ਼ੀ ਪੱਗ
ਅੱਖੀਂ ਸੁਰਮਾ
ਖੱਬਲ ਦਾੜੀ
ਰਾਂਝੇ ਦਾ ਭਾਈ
ਸਾਡੇ ਪਿੰਡ ਆਇਆ
ਉਹਨੂੰ ਦੇਖ
ਖੇਡਦੀ ਬੰਤੋ ਘਰ ਨੂੰ ਭੱਜ ਗਈ
ਤੇ ਜਾ ਅੰਦਰ ਲੁਕ ਗਈ।
ਦੂਜੇ ਦਿਨ
ਹਰੇ ਸੂਟ ਵਿਚ
ਸਿਰ 'ਤੇ ਫੁਲਕਾਰੀ ਤੇ ਸੱਗੀ ਫੁੱਲ
ਕੰਨੀਂ ਪਿੱਪਲ ਪੱਤੀਆਂ
ਗਲ ਗੁਲੂਬੰਦ
ਹੱਥੀਂ ਲਾਲ ਚੂੜੀਆਂ
ਪੈਰੀਂ ਮੌਜੇ ਤੇ ਪੰਜੇਬਾਂ ਛਣਕਾਉਂਦੀ ਘੁੰਡ ਕੱਢੀ
ਉਹ ਉਸ ਬੰਦੇ ਪਿੱਛੇ
ਬੋਤੇ 'ਤੇ ਬਹਿ ਕੇ ਚਲੀ ਗਈ
ਪਤਾ ਨਹੀਂ ਘੁੰਡ 'ਚ ਉਹ ਰੋਂਦੀ ਜਾਂ ਹੱਸਦੀ ਸੀ?
ਪਰ ਮੈਂ ਹਿਕ ਨਾਲ ਗੁੱਡੀ ਨੂੰ ਘੁੱਟੀ
ਉਸ ਨੂੰ ਪਹੇ ਦੇ ਮੋੜ ਤੱਕ ਦੇਖਦੀ
ਖੜ੍ਹੀ ਰੋਂਦੀ ਰਹੀ ਸਾਂ।

ਸ਼ਸ਼ੀ ਸਮੁੰਦਰਾ ਨੇ ਇਕ ਨਿੱਕੇ ਜਿਹੇ ਬਿਰਤਾਂਤ ਨੂੰ ਦ੍ਰਿਸ਼ਟਾਂਤਾਂ ਰਾਹੀਂ ਬਹੁਤ ਹੀ ਭਾਵਭੂਰਤ ਅਤੇ ਖਾਸ ਅੰਦਾਜ਼ ਵਿਚ ਪ੍ਰਗਟ ਕੀਤਾ ਹੈ। ਇਹ ਬਿਰਤਾਂਤ ਉਸ ਵੇਲੇ ਵਧੇਰੇ ਪ੍ਰਭਾਵਸ਼ਾਲੀ ਬਣ ਜਾਂਦਾ ਹੈ, ਜਦੋਂ ਸ਼ਾਇਰਾ ਖੁਦ ਬੰਤੋ ਦੀਆਂ ਭਾਵਨਾਵਾਂ ਵਿਚ ਸ਼ਰੀਕ ਹੋ ਜਾਂਦੀ ਹੈ। ਇਹੀ ਜਜ਼ਬਾ ਹੈ, ਜੋ ਮਨੁੱਖ ਨੂੰ ਮਨੁੱਖ ਅਤੇ ਮਾਨਵੀ ਚੇਤਨਾ ਦਾ ਚਿਤੇਰਾ ਬਣਾਉਂਦਾ ਹੈ।

ਇਸੇ ਤਰ੍ਹਾਂ ਮਨੁੱਖ ਜਦੋਂ ਆਪਣੀ ਦਿਮਾਗੀ ਸਮਰੱਥਾ ਰੱਖਣ ਕਰਕੇ ਇਸ ਧਰਤੀ ਦੀਆਂ ਦੂਜੀਆਂ ਵਸਤਾਂ 'ਤੇ ਆਪਣਾ ਅਧਿਕਾਰ ਸਥਾਪਿਤ

ਤੂੰ ਔਰਤ ਦੇ ਜਿਸਮ 'ਚ ਰਹਿੰਦਾ ਹੈ
ਕਦੇ ਕਦੇ ਕਿਸੇ ਸਾਊ ਔਰਤ ਦੀ
ਰੀਸ ਵੀ ਕਰ ਲਿਆ ਕਰ।

ਦੂਜੇ ਪੰਜਾਬੀ ਸਾਹਿਤਕਾਰਾਂ ਵਾਂਗ ਹੀ ਸ਼ਸ਼ੀ ਵੀ ਸਰੀਰਕ ਤੌਰ 'ਤੇ ਭਾਵੇਂ ਅਮਰੀਕਾ ਵਿਚ ਵਸਦੀ ਹੈ, ਪਰ ਉਸ ਦਾ ਮਨ ਦੇਸ਼ ਅਤੇ ਮਾਤਭੂਮੀ ਨਾਲ ਅਨਿੱਖੜ ਰੂਪ ਵਿਚ ਜੁੜਿਆ ਰਹਿੰਦਾ ਹੈ।



ਕਰਕੇ ਉਨ੍ਹਾਂ ਦਾ ਸ਼ੋਸ਼ਣ ਕਰਦਾ ਹੈ ਤਾਂ ਅਜਿਹੀਆਂ ਵਧੀਕੀਆਂ ਸ਼ਸ਼ੀ ਦੇ ਕਾਵਿਕ-ਮਨ ਨੂੰ ਠੇਸ ਪਹੁੰਚਾਉਂਦੀਆਂ ਹਨ:

ਕਰਤਾਰੀ ਨੇ ਚੂਲੀ ਕੁ ਛੱਡ
ਸਾਰਾ ਦੁੱਧ ਹੀ ਚੋਅ ਲੀਤਾ
ਚੂਲੀ ਕੁ ਦੁੱਧ ਹੀ ਸੀ
ਭੁੱਖਾ ਬੱਛਾ ਸਾਰਾ ਦਿਨ
ਮਾਂ ਮਾਂ ਕਹਿੰਦਾ ਰਿਹਾ
ਕੁਝ ਪਰ੍ਹਾਂ ਗੜਵੀ ਦੁੱਧ ਦੀ ਭਰ ਕੇ
ਕਰਤਾਰੀ ਦਾ ਪੁੱਤ ਗਟ ਗਟ ਕਰਦਾ ਪੀ ਗਿਆ
ਤੇ ਮਾਂ ਉਹਨੂੰ ਹੋਰ ਪੀਣ ਨੂੰ ਆਖ ਰਹੀ ਸੀ
ਸੰਗਲ ਬੱਝੀ ਮਾਂ ਸੰਗਲ ਬੱਝੇ ਪੁੱਤ ਨੂੰ
ਮਮਤਾ ਨਾਲ ਵੇਂਹਦੀ ਹੈ
ਤੇ ਥਾਂ ਥਾਂ ਬੋਲੀ ਵਿਚ ਫਿਰ ਹੌਸਲਾ ਦਿੰਦੀ ਹੈ
ਇਸ ਤੋਂ ਵੱਧ ਉਹ ਕਰ ਵੀ ਕੀ ਸਕਦੀ ਹੈ?
ਤਾਕਤ ਜ਼ੁਲਮ ਢਾਹੁੰਦੀ ਹੈ
ਮਜਬੂਰੀ ਬਰਦਾਸ਼ਤ ਕਰਦੀ ਹੈ।

ਇਸ ਤਾਕਤ ਦੇ ਕਈ ਰੂਪ ਹਨ। ਪ੍ਰੋ. ਪੂਰਨ ਸਿੰਘ ਨੇ ਇਨ੍ਹਾਂ ਸਾਰੀਆਂ ਸਥਿਤੀਆਂ ਨੂੰ ਵੇਖ ਕੇ ਹੀ ਕਿਹਾ ਸੀ ਕਿ ਮਨੁੱਖੀ ਜੀਵਨ ਵਿਚ ਏਨੀਆਂ ਗਿਰਾਵਟਾਂ ਆ ਚੁਕੀਆਂ ਹਨ, ਇਸ ਲਈ ਉਹ ਪਸੂ ਬਣਨ ਨੂੰ ਬਿਹਤਰ ਸਮਝਣ ਲੱਗ ਪਿਆ ਹੈ।

ਇਸ ਨਿੱਕੀ ਜਿਹੀ ਕਵਿਤਾ ਰਾਹੀਂ ਉਸ ਨੇ ਨਾਰੀਵਾਦ ਦੇ ਸਿਧਾਂਤ ਨੂੰ ਸਹਿਜ ਨਾਲ ਹੀ ਪੇਸ਼ ਕਰ ਦਿੱਤਾ ਹੈ। ਆਪਣੇ ਕਾਵਿਕ ਤਰਕ ਨਾਲ ਆਪਣੇ ਉਚਾਰ ਨੂੰ ਸ਼ਸ਼ੀ ਪ੍ਰਭਾਵਸ਼ਾਲੀ ਬਣਾ ਦਿੰਦੀ ਹੈ:

ਉਸ ਔਰਤ ਨੂੰ
ਚਿੜੀ, ਵੇਸਵਾ, ਦੇਵੀ, ਗਾਂ
ਤੇ ਸੁਲਫੇ ਦੀ ਲਾਟ ਬਣਾਇਆ
ਹੁਣ ਔਰਤ ਨੇ
ਆਮ ਇਨਸਾਨ ਬਣਨਾ ਹੈ।

ਨਾਰੀਵਾਦੀ ਲਹਿਰ ਦਾ ਮੁਢਲਾ ਅਸੂਲ ਇਹ ਸੀ ਕਿ ਔਰਤ ਨੂੰ ਨਹੀਂ, ਸਗੋਂ ਮਾਲਵੀ ਹੋਂਦ ਦੇ ਤੌਰ 'ਤੇ ਸਮਝਿਆ ਜਾਵੇ।

ਸ਼ਸ਼ੀ ਸਮੁੰਦਰਾ ਦੇ ਸੁਭਾਅ ਵਿਚ ਅਲਬੇਲਾਪਨ ਹੈ ਅਤੇ ਇਹ ਅਲਬੇਲਾਪਨ ਉਸ ਨੂੰ ਪ੍ਰੋ. ਪੂਰਨ ਸਿੰਘ ਅਤੇ ਪ੍ਰਕਿਰਤੀਵਾਦੀ ਕਵੀਆਂ ਨਾਲ ਜੋੜਦਾ ਹੈ। ਉਸ ਦਾ ਉਹ ਅਲਬੇਲਾਪਨ ਉਸ ਵਿਚ ਬੱਝੀ ਹੋਈ ਪਰੰਪਰਾਗਤ ਅਤੇ ਪਿਛਾਂਹ ਖਿੱਚੂ ਔਰਤ ਨਾਲੋਂ ਨਿਖੇੜਦਾ ਹੈ:

ਅਲਬੇਲਾ ਮਨ
ਪੰਛੀਆਂ ਨੂੰ ਟਾਹਣੀਏ ਬਹਿੰਦੇ, ਚਹਿਕਦੇ
ਅਸਮਾਨੀ ਉਡਦੇ ਤਕਦਾ ਹੈ
ਉਨ੍ਹਾਂ ਦੀ ਰੀਸੇ ਅਲਬੇਲਾ ਮਨ
ਅਸਮਾਨੀ ਉਡਣ ਲਗਦਾ ਹੈ...।
ਹੇ ਮੇਰੇ ਅਲਬੇਲੇ ਮਨ

ਸ਼ਸ਼ੀ ਦਾ ਕਹਿਣਾ ਹੈ ਕਿ ਅਮਰੀਕਾ ਆ ਕੇ ਮੈਂ ਬਦਲੀ ਨਹੀਂ ਹਾਂ। ਉਵੇਂ ਹੀ ਹਾਂ, ਜਿਵੇਂ ਪੰਜਾਬ ਵਿਚ ਸਾਂ। ਇਥੇ ਪਹੁੰਚ ਕੇ ਉਸ ਦਾ ਗਿਆਨ ਅਤੇ ਅਨੁਭਵ ਦਾਇਰਾ ਵਿਸਤ੍ਰਿਤ ਹੋਇਆ ਹੈ। ਪੰਜਾਬ ਸੰਕਟ ਬਾਰੇ ਉਸ ਦੀ ਕਵਿਤਾ "ਫਿਰ ਤੋਂ" ਮਹੱਤਵਪੂਰਨ ਹੈ। ਇਸ ਸੰਕਟ ਅਤੇ ਦੁਖਾਂਤ ਨੂੰ ਉਹ ਕਾਲੀ ਹਨੇਰੀ ਦੇ ਰੂਪਕ ਵਜੋਂ ਗਰਦਾਨਦੀ ਹੈ, ਪਰ ਉਸ ਨੂੰ ਇਹ ਵੀ ਵਿਸ਼ਵਾਸ ਸੀ ਕਿ ਪ੍ਰਕਿਰਤੀ ਦੀਆਂ ਰੁੱਤਾਂ, ਬਹਾਰਾਂ, ਮੌਸਮਾਂ ਵਾਂਗ ਇਸ ਆਰਜ਼ੀ ਹਨੇਰੀ ਨੇ ਵੀ ਅਲੋਪ ਹੋ ਜਾਣਾ ਹੈ। ਉਹ ਲਿਖਦੀ ਹੈ:

ਏਥੇ ਏਸ ਸਾਡੇ ਰੁੱਖੜੇ 'ਤੇ
ਕਈ ਬੋਲੀਆਂ ਤੇ ਰੰਗਾਂ ਦੇ
ਬੜੇ ਹੀ ਪੰਛੀ ਰਹਿੰਦੇ ਸਨ...।
ਪਰ ਇਕ ਵਾਰੀ, ਕਾਲੀ ਬੋਲੀ ਰਾਤ ਨੂੰ
ਸ਼ੂਕਦੀ ਚੜ੍ਹ ਹਨੇਰੀ ਆਈ...।
ਵਕਤ ਦੇ ਨਾਲ ਫਿਰ ਬਹਾਰ ਨੇ ਮੁੜਨਾ ਸੀ
ਹਨੇਰੀ ਨੇ ਕਦੇ ਤਾਂ ਥੰਮਣਾ ਹੁੰਦਾ ਹੈ।

ਇਸੇ ਤਰ੍ਹਾਂ ਪਰਵਾਸ ਵਿਚ ਰਹਿੰਦਿਆਂ ਪੰਜਾਬ ਬਾਰੇ "ਆਪਣੇ ਨਾਨਕੇ ਦੇਸ ਵਿਚ" ਕਵਿਤਾ ਵਿਚ ਜਿਹੜੇ ਜਜ਼ਬਾਤ ਪੇਸ਼ ਹੋਏ ਹਨ, ਉਹ ਆਪਣੇ ਦੇਸ਼ ਪ੍ਰਤੀ ਹਰ ਇਕ ਨਾਗਰਿਕ ਦੇ ਇਕੋ ਜਿਹੇ ਹਨ। ਮਾਤ ਭੂਮੀ ਵਿਚ ਸੈਆਂ ਔਗੁਣ ਹੋ ਸਕਦੇ ਹਨ, ਨਵੇਂ ਦੇਸ਼ ਵਿਚ ਸੈਆਂ ਗੁਣ ਹੋ ਸਕਦੇ ਹਨ, ਪਰ ਜੋ ਪਿਆਰ ਮਾਤ-ਭੂਮੀ ਲਈ ਹੁੰਦਾ ਹੈ, ਉਹ ਸਦੀਵੀਂ ਪਿਆਰ ਪਰਵਾਸੀ ਦੇ ਮਨ ਵਿਚ ਹਮੇਸ਼ਾ ਮਿਲਣੀ ਦੇ ਤਰਾਨੇ ਛੇੜਦਾ ਰਹਿੰਦਾ ਹੈ। ਤਨ ਪਰਵਾਸ ਵਿਚ ਰਹਿੰਦਾ ਹੈ, ਪਰ ਮਨ ਸਦਾ ਆਪਣੀ ਸੰਸਕ੍ਰਿਤੀ ਨਾਲ ਬੱਝਾ ਰਹਿੰਦਾ ਹੈ। ਅੰਡੇਮਾਨ ਦੇ ਜੰਗਲਾਂ 'ਚ ਨਿਰਵਸਤਰ ਰਹਿਣ ਵਾਲੇ ਆਦਿ ਵਾਸੀਆਂ ਨੂੰ ਅਕਸਰ ਸ਼ਹਿਰ ਦੀ ਰਮਣੀਕਤਾ ਵਿਚ ਲਿਆ ਕੇ ਵਸਤਰ ਪੁਆ ਦਿੱਤੇ ਜਾਂਦੇ ਹਨ, ਪਰ ਉਨ੍ਹਾਂ ਦਾ ਉਥੇ ਮਨ ਨਹੀਂ ਲੱਗਦਾ, ਉਹ ਜੰਗਲ ਵਿਚ ਸਾਥੀਆਂ ਪਾਸ ਰਹਿਣ ਨੂੰ ਪਹਿਲ ਦਿੰਦੇ ਹਨ, ਇਹ ਮਨ ਦਾ ਅਲਬੇਲਾਪਨ ਹੈ:

ਉਹ ਮੈਨੂੰ ਪੁਛਣਗੀਆਂ
ਮਾਮ ਅਸਾਂ ਇੰਡੀਆ ਮੁੜ ਕਦੋਂ ਜਾਣਾ ਹੈ?
ਸੁਣ, ਮੈਂ ਖਿੜ ਖਿੜਾ ਕੇ ਹੱਸਾਂਗੀ
ਤੇ ਫੇਰ ਅਸੀਂ ਸਲਾਹ ਬਣਾਉਣ ਬਹਿ ਜਾਣਾ ਹੈ
ਤੇ ਛੇਤੀ ਮੁੜ, ਉਨ੍ਹਾਂ ਦੇ ਨਾਨਕੇ ਦੇਸ਼ ਕਦੋਂ ਜਾਣਾ ਹੈ?

ਇਸੇ ਤਰ੍ਹਾਂ ਪਰਵਾਸੀ ਮਨ ਵੀ ਐਲਿਕਸ ਹੀਲੇ ਦੇ ਨਾਵਲ 'ਰੂਟਸ' ਦੇ ਪਾਤਰਾਂ ਵਾਂਗ ਆਪਣੀਆਂ ਜੜ੍ਹਾਂ ਦੀ ਤਲਾਸ਼ ਵਿਚ ਰਹਿੰਦਾ ਹੈ। ਸ਼ਸ਼ੀ ਸਮੁੰਦਰਾ ਨੇ ਔਰਤ ਮਨ ਦੀਆਂ ਵਿਭਿੰਨ ਪਰਤਾਂ ਫਰੋਲੀਆਂ ਹਨ। ਇਹ ਪਰਤਾਂ ਗੌਤਮ ਬੁੱਧ ਦੇ ਵਿਯੋਗ ਵਿਚ ਯਸ਼ੋਧਾ ਦੇ ਮਨ ਦੀਆਂ ਹਨ। ਪੰਜਾਬੀ ਦੀਆਂ ਲਗਭਗ ਸਾਰੀਆਂ ਹੀ ਆਧੁਨਿਕ ਕਵਿਤਰੀਆਂ ਨੇ ਯਸ਼ੋਧਾ ਦੇ ਵਿਯੋਗ ਦੀ ਅਵਸਥਾ ਵਿਚ ਉਸ ਦੀ ਮਾਨਸਿਕ ਹਾਲਤ ਨੂੰ ਬਿਆਨ ਕੀਤਾ ਹੈ। ਮੇਰੇ ਮਨ ਵਿਚ ਆਉਂਦਾ ਹੈ ਕਿ ਜੇ ਗੌਤਮ ਆਪਣੇ ਗ੍ਰਹਿਸਥੀ ਜੀਵਨ ਤੋਂ ਪਹਿਲਾਂ ਤਿਆਗੀ ਬਣ ਜਾਂਦਾ ਤਾਂ ਫਿਰ ਕੀ ਹੋਣਾ ਸੀ? ਫਿਰ ਮਨ ਵਿਚੋਂ ਇਹ ਜੁਆਬ ਆਉਂਦਾ ਹੈ ਕਿ ਫਿਰ ਗੌਤਮ ਦੀ ਮਾਤਾ ਮਾਇਆ ਦੇਵੀ ਨੇ ਵੀ ਇੱਛਰਾਂ ਦੀ ਅਵਸਥਾ ਵਿਚ ਪਹੁੰਚ ਜਾਣਾ ਸੀ। ਵਿਯੋਗ ਬੇਸ਼ੱਕ ਮਾਂ-ਪੁੱਤਰ ਦਾ ਹੋਵੇ, ਮਾਂ-ਧੀ ਦਾ ਹੋਵੇ, ਪਤੀ-ਪਤਨੀ ਦਾ ਹੋਵੇ ਜਾਂ ਪ੍ਰੇਮੀ-ਪ੍ਰੇਮਿਕਾ ਦਾ ਜਾਂ ਦੇਸ਼ ਦਾ, ਇਹ ਦੁਖਾਂਤ ਦਾ ਹੀ ਇਕ ਰੂਪ ਹੈ, ਬੇਸ਼ੱਕ ਆਪ ਸਹੇੜਿਆ ਹੋਵੇ ਜਾਂ ਮਜਬੂਰੀ ਹੋਵੇ-ਵਿਯੋਗ ਵਿਯੋਗ ਹੀ ਹੈ। ਗੌਤਮ ਬੁੱਧ ਦੀ ਉਪਰੋਕਤ ਕਥਾ ਰਾਹੀ ਯਸ਼ੋਧਾ ਦੇ ਵਿਯੋਗ ਨੂੰ ਸ਼ਸ਼ੀ ਨੇ ਦੇ ਕਾਵਿ-ਰਚਨਾਵਾਂ ਵਿਚ ਪੇਸ਼ ਕੀਤਾ ਹੈ:

"ਮਾਂ ਇਕ ਕਹਾਣੀ ਦੱਸਾਂ ਤੈਨੂੰ?" ਪੁੱਛਦਾ ਹੈ ਪੁੱਤਰ
"ਹਾਂ" ਆਖ ਕੰਨ ਲਾ ਸੁਣਦੀ ਹੈ ਉਹ।
"ਇਕ ਵਾਰੀ ਦੀ ਗੱਲ ਹੈ: ਇਕ ਬੜੀ ਸੁਨੱਖੀ
ਬੜੀ ਪਿਆਰੀ ਸੀ ਰਾਜ ਕੁਮਾਰੀ
ਇਕ ਰਾਜ ਕੁਮਾਰ ਨਾਲ ਵਿਆਹੀ ਗਈ।
ਰਾਜ ਕੁਮਾਰੀ ਦੇ ਬੱਚਾ ਹੋਇਆ
ਤਾਂ ਇਕ ਰਾਤ, ਉਹ ਰਾਜ ਕੁਮਾਰ,
ਉਨ੍ਹਾਂ ਦੋਹਾਂ ਨੂੰ ਸੁੱਤਿਆਂ ਛੱਡ
ਦੂਰ ਜੰਗਲ ਨੂੰ ਤੁਰ ਗਿਆ।
ਉਡੀਕਦੀ ਰਹੀ ਉਹ ਰਾਜ ਕੁਮਾਰੀ,
ਬੱਚੇ ਨੂੰ ਛਾਤੀ ਨਾਲ ਲਾਈ ਮੁੱਦਤ ਤਕ
ਤੇ ਜਦ ਉਹ ਮੁੜਿਆ
ਤਾਂ ਬਸ, ਕੋਈ ਆਪਣੀ ਹੀ ਜਿੱਤ ਜਿੱਤਣ ਲਈ।
ਉਦੋਂ ਉਹ ਨਾ ਕਿਸੇ ਦਾ ਬਾਪ ਸੀ, ਨਾ ਸਿਰ ਦਾ ਸਾਈਂ
ਸੁਣਦੀ ਹੈ ਮਾਂ? ਜਾਂ ਸੌਂ ਗਈ ਹੈ?
ਸੁਣਨੋਂ ਹੱਟ ਗਈ ਸੀ ਉਹ
ਉਨ੍ਹਾਂ ਬੋਲਾਂ ਨੂੰ, ਉਸ ਕਹਾਣੀ ਨੂੰ
ਉਹਦੀ ਸੋਚ ਵਿਚ, ਇਕ ਬੱਚੇ ਦੇ ਹੰਝੂ ਸਨ
ਉਹਦੀਆਂ ਸਿਸਕੀਆਂ ਸਨ
ਤੇ ਉਹਨੂੰ ਵਰਚਾਉਂਦੀ
ਉਹ ਆਪ ਰੋਣ ਲੱਗ ਪਈ ਸੀ।

---

ਇਕ ਮੁੱਦਤ ਬਾਅਦ
ਠੂਠਾ ਚੁੱਕੀ, ਭਗਵੇਂ ਕੱਪੜੀਂ
ਮਹਿਲਾਂ ਨੂੰ ਮੁੜਦਾ ਹੈ
ਗੌਤਮ ਬੁੱਧ
ਰਾਹੁਲ ਦਾ ਹੱਥ ਫੜ
ਖੁਸ਼ੀ ਦੀ ਮਾਰੀ
ਬੂਹੇ ਵਲ ਨੱਸਦੀ ਹੈ ਯਸ਼ੋਧਾ
ਪਰ ਉਹ ਤਾਂ ਭਿੱਖਿਆ ਮੰਗ
ਪਹਿਲਾ ਹੀ ਜਾ ਚੁਕਾ ਹੈ
ਡਿੱਗ ਪੈਂਦੀ ਹੈ ਯਸ਼ੋਧਾ
ਕੋਲ ਬੈਠਾ ਮਾਂ ਦੇ ਹੰਝੂ ਪੂੰਝਦਾ
ਧਰਵਾਸ ਦਿੰਦਾ ਹੈ ਪੁੱਤਰ
ਜਾਣ ਦੇ ਮਾਂ
ਬਣਿਆ ਰਹਿਣ ਦੇ ਉਹਨੂੰ ਤੂੰ
ਮਹਾਤਮਾ ਬੁੱਧ।
ਮੈਂ ਤੇਰਾ ਪੁੱਤ ਵੀ ਤੇ ਸਿਰ ਦਾ ਸਾਈਂ ਵੀ।

ਇਨ੍ਹਾਂ ਦੋਹਾਂ ਕਾਵਿ-ਕਿਰਤਾਂ ਦੇ ਹਵਾਲਿਆਂ ਰਾਹੀਂ ਯਸ਼ੋਧਾ ਦੇ ਮਨ ਦੀ ਵਿਯੋਗੀ ਅਵਸਥਾ ਬਹੁਤ ਹੀ ਪ੍ਰਮਾਣਕ ਰੂਪ ਵਿਚ ਪ੍ਰਗਟ ਹੋਈ ਹੈ। ਨਾਰੀ ਨੇ ਨਾਰੀ ਦੇ ਮਨ ਦੀ ਅਵਸਥਾ ਨੂੰ ਬਹੁਤ ਹੀ ਸੰਵੇਦਨਸ਼ੀਲਤਾ ਨਾਲ ਪਕੜਿਆ ਹੈ। ਅੰਤ ਵਿਚ ਜੋ ਪੁੱਤਰ ਵਲੋਂ ਯਸ਼ੋਧਾ ਨੂੰ ਇਹ ਧਰਵਾਸ ਦਿੱਤਾ ਜਾਂਦਾ ਹੈ, 'ਤੇਰਾ ਪੁੱਤਰ ਵੀ ਅਤੇ ਸਿਰ ਦਾ ਸਾਈਂ ਵੀ।' ਇਹ ਤਰਕ ਵਿਹਾਰਕ ਪੱਧਰ 'ਤੇ ਨਹੀਂ ਮੰਨਿਆ ਜਾ ਸਕਦਾ, ਕਿਉਂਕਿ ਦੁਨੀਆਂ ਭਰ ਦੀ ਕਿਸੇ ਵੀ ਸੰਸਕ੍ਰਿਤੀ ਵਿਚ ਪੁੱਤਰ ਮਾਂ ਦੇ ਸਿਰ ਦਾ ਸਾਈਂ ਨਹੀਂ ਹੋ ਸਕਦਾ, ਪੁੱਤਰ ਹੈ ਅਤੇ ਉਹ ਆਪਣੀ ਮਾਂ ਦਾ ਸਹਾਰਾ ਹੋ ਸਕਦਾ ਹੈ ਭਾਵ ਮਾਂ ਦੀ ਡੰਗੋਰੀ। ਸ਼ਸ਼ੀ ਦਾ ਕਾਵਿਕ ਤਰਕ ਅਤੇ ਦੇਸ਼ ਦੀ ਮਾਸੂਮ ਔਰਤ ਲਈ ਕਵਿਤਰੀ ਦਾ ਕਹਿਣਾ ਦਰੁਸਤ ਹੈ।

ਸ਼ਸ਼ੀ ਸਮੁੰਦਰਾ ਨੇ ਕੁਝ ਕਵਿਤਾਵਾਂ ਨਿਮਨ ਵਰਗ ਦੇ ਦੁਖਾਂਤ ਨੂੰ ਚਿਤਰਨ ਵਾਲੀਆਂ ਵੀ ਰਚੀਆਂ ਹਨ। ਇਨ੍ਹਾਂ ਵਿਚ "ਉਹ", "ਇਕ

*(ਬਾਕੀ ਅਗਲੇ ਸਫੇ 'ਤੇ)*

# ਫੁੱਟਬਾਲ ਜਗਤ ਦਾ ਅਲਵੇਲਾ ਖਿਡਾਰੀ ਸੀ ਮੈਰਾਡੋਨਾ

25 ਨਵੰਬਰ 2020 ਨੂੰ ਫੁੱਟਬਾਲ ਜਗਤ ਵਿਚ ਉਸ ਸਮੇਂ ਮਾਤਮ ਛਾਅ ਗਿਆ, ਜਦੋਂ ਡੀਏਗੋ ਮੈਰਾਡੋਨਾ ਦੀ ਮੌਤ ਦੀ ਖਬਰ ਆਈ। ਉਸ ਦੀ ਉਮਰ 60 ਸਾਲ ਹੀ ਸੀ। ਕੁਝ ਦਿਨ ਪਹਿਲਾਂ ਹੀ ਉਸ ਦੀ ਬਰੇਨ ਸਰਜਰੀ ਹੋਈ ਸੀ। ਉਸ ਨੂੰ ਚਾਹੁਣ ਵਾਲੇ ਕਈ ਸਮੇਂ ਤੋਂ ਉਸ ਦੀ ਸਿਹਤ ਬਾਰੇ ਚਿੰਤਾ ਕਰਦੇ ਸਨ, ਉਸ ਦਾ ਕਾਰਨ ਡਰੱਗ ਅਤੇ ਸ਼ਰਾਬ ਦੀ ਆਦਤ ਸੀ, ਪਰ ਫਿਰ ਵੀ ਫੁੱਟਬਾਲ ਦੀ ਦੁਨੀਆਂ ਨੂੰ ਉਸ ਦੇ ਵਿਛੋੜੇ ਦਾ ਬਹੁਤ ਦੁੱਖ ਹੋਇਆ। ਬਹੁਤ ਸਾਰੇ ਖਿਡਾਰੀਆਂ ਨੇ ਉਸ ਦੀ ਮੌਤ ਉਪਰ ਆਪਣਾ ਦੁੱਖ ਜਾਹਰ ਕੀਤਾ। ਫੀਫਾ ਨੇ ਆਪਣੇ ਸਾਰੇ ਮੈਚਾਂ ਵਿਚ ਇੱਕ ਮਿੰਟ ਦਾ ਮੌਨ ਰੱਖਿਆ। ਅਰਜਨਟਾਈਨਾ ਦੇ ਪ੍ਰੈਜ਼ੀਡੈਂਟ

**ਪਰਦੀਪ ਠੱਕਰਵਾਲ, ਸੈਨ ਹੋਜ਼ੇ**

ਨੇ ਤਿੰਨ ਦਿਨ ਦਾ ਸੋਗ ਮਨਾਉਣ ਦਾ ਐਲਾਨ ਕੀਤਾ। ਨੈਪੋਲੀ ਕਲੱਬ ਨੇ ਆਪਣੇ ਸਟੇਡੀਅਮ ਦਾ ਨਾਮ ਮੈਰਾਡੋਨਾ ਦੇ ਨਾਂ ਉਪਰ ਰੱਖਣ ਦਾ ਐਲਾਨ ਕੀਤਾ ਹੈ। ਉਸ ਦੇ ਤੁਰ ਜਾਣ ਪਿਛੋਂ ਵੀ ਉਸ ਦੀ ਚਰਚਾ ਅਤੇ ਪ੍ਰਾਪਤੀਆਂ ਦੀ ਹਮੇਸ਼ਾ ਗੱਲ ਹੁੰਦੀ ਰਹੇਗੀ। ਉਹ ਇੱਕ ਅਲਵੇਲਾ ਖਿਡਾਰੀ ਸੀ, ਜੋ ਹਮੇਸ਼ਾ ਸੁਰਖੀਆਂ ਵਿਚ ਰਿਹਾ ਸੀ।

ਡੀਏਗੋ ਮੈਰਾਡੋਨਾ ਦਾ ਜਨਮ 30 ਅਕਤੂਬਰ 1960 ਨੂੰ ਬੁਏਨਸ ਆਇਰਿਸ (ਅਰਜਨਟਾਈਨਾ) ਵਿਚ ਇੱਕ ਗਰੀਬ ਪਰਿਵਾਰ ਦੇ ਘਰ ਹੋਇਆ ਸੀ। ਉਸ ਦੇ ਬਾਪ ਦਾ ਨਾਮ ਵੀ ਡੀਏਗੋ ਮੈਰਾਡੋਨਾ ਸੀ ਅਤੇ ਮਾਂ ਦਾ ਡਲੇਮਾ ਸੀ, ਪਰ ਉਹ ਉਨ੍ਹਾਂ ਨੂੰ ਡਾਨ ਡੀਏਗੋ ਅਤੇ ਲਾ-ਟੋਟਾ ਆਖਦਾ ਸੀ। ਉਹ ਅੱਠ ਭੈਣ-ਭਰਾ ਸਨ। ਇਹ ਗਰੀਬ ਪਰਿਵਾਰ ਸਿਰਫ ਦੋ ਕਮਰਿਆਂ ਵਿਚ ਰਹਿੰਦਾ ਸੀ ਅਤੇ ਕਈ ਵਾਰ ਛੱਤ ਚੋਣ ਕਰਕੇ ਘਰ ਵਿਚ ਸੁੱਕੀ ਥਾਂ ਸੌਣ ਲਈ ਨਹੀਂ ਸੀ ਮਿਲਦੀ। ਇਸ ਪਰਿਵਾਰ ਦਾ ਪਿਛੋਕੜ ਇਟਾਲੀਅਨ ਸੀ। ਉਸ ਦਾ ਬਾਪ ਹੀ ਨੌਕਰੀ ਕਰਦਾ ਸੀ, ਜਿਸ ਨਾਲ ਘਰ ਦਾ ਗੁਜ਼ਾਰਾ ਹੋਇਆ ਕਰਦਾ ਸੀ।

ਮੈਰਾਡੋਨਾ ਨੂੰ ਫੁੱਟਬਾਲ ਦਾ ਸ਼ੌਕ ਬਚਪਨ ਤੋਂ ਹੀ ਸੀ, ਤਿੰਨ ਸਾਲ ਦੀ ਉਮਰ ਵਿਚ ਉਸ ਨੂੰ ਪਹਿਲੀ ਵਾਰ ਫੁੱਟਬਾਲ ਮਿਲਿਆ ਤਾਂ ਉਹ ਸਾਰੀ ਰਾਤ ਉਸ ਨਾਲ ਸੁੱਤਾ ਸੀ। ਆਪਣੇ ਗੁਆਂਢ ਵਿਚ ਹੀ ਉਹ ਆਪਣੇ ਮਿੱਤਰਾਂ ਨਾਲ ਖੇਡਦਾ ਸੀ। ਸਕੂਲ ਜਾਣਾ ਤਾਂ ਉਸ ਦੀ ਮਜਬੂਰੀ ਸੀ, ਪਰ ਉਸ ਦਾ ਬਹੁਤਾ ਧਿਆਨ ਖੇਡਣ ਵਿਚ ਹੀ ਸੀ। ਉਹ ਆਪਣੇ ਸਾਥੀਆਂ ਵਿਚ ਵਧੀਆ ਖੇਡਦਾ ਹੋਣ ਕਰਕੇ ਹਰ ਕੋਈ ਉਸ ਦੀ ਟੀਮ ਵਿਚ ਖੇਡਣਾ ਚਾਹੁੰਦਾ ਸੀ। ਇੱਕ ਦਿਨ ਉਨ੍ਹਾਂ ਨੂੰ ਖੇਡਦੇ ਵੇਖ ਕੇ ਕਿਸੇ ਕੋਚ ਦੀ ਨਜ਼ਰ ਪੈ ਗਈ ਅਤੇ ਉਸ ਨੇ ਉਨ੍ਹਾਂ ਵਿਚੋਂ ਕੁਝ ਨੂੰ ਆਪਣੀ ਕਲੱਬ ਵਿਚ ਆਉਣ ਲਈ ਆਖਿਆ। ਮੈਰਾਡੋਨਾ ਨੇ ਆਪਣੇ ਬਾਪ ਨੂੰ ਜਾਣ ਲਈ ਪੁਛਿਆ ਤਾਂ ਉਸ ਨੇ ਆਗਿਆ ਤਾਂ ਦੇ ਦਿੱਤੀ, ਪਰ ਜਾਣ ਦਾ ਸਾਧਨ ਕੋਈ ਨਹੀਂ ਸੀ। ਉਸ ਦੇ ਇੱਕ ਸਾਥੀ ਦੇ ਪਿਉ ਨੇ ਇਸ ਵਿਚ ਕਾਫੀ ਮਦਦ ਕੀਤੀ। ਇਸ ਤੋਂ ਬਾਅਦ ਉਹ ਅਰਜਨਟੀਨੋਜ਼ ਜੂਨੀਅਰ ਲਈ ਖੇਡਣ ਲੱਗਾ।

ਉਸ ਦਾ ਬਾਲ ਉਪਰ ਪੂਰਾ ਕੰਟਰੋਲ ਸੀ, ਇਸ ਕਰਕੇ ਉਹ ਸੀਨੀਅਰ ਕਲੱਬਾਂ ਦੇ ਮੈਚਾਂ ਵਿਚ ਹਾਫ ਟਾਈਮ ਦੌਰਾਨ ਆਪਣੀ ਜਾਦੂਗਰੀ ਦੇ ਜੌਹਰ ਵਿਖਾ ਕੇ ਦਰਸ਼ਕਾਂ ਦੇ ਦਿਲ ਜਿੱਤਦਾ। ਉਹ 16 ਸਾਲ ਦੀ ਉਮਰ ਵਿਚ ਪੇਸ਼ਾਵਰ ਖਿਡਾਰੀ ਬਣ ਗਿਆ। ਉਹ ਕਲੱਬ ਲਈ ਪੰਜ ਸਾਲ ਖੇਡਿਆ ਅਤੇ 115 ਗੋਲ ਕੀਤੇ। 1978 ਦਾ ਵਰਲਡ ਕੱਪ ਅਰਜਨਟਾਈਨਾ ਵਿਚ ਹੀ ਸੀ ਅਤੇ ਮੈਰਾਡੋਨਾ ਨੈਸ਼ਨਲ ਟੀਮ ਦੇ 25 ਮੈਂਬਰਾਂ ਵਿਚ ਸ਼ਾਮਿਲ ਸੀ। ਜਦ ਫਾਈਨਲ ਟੀਮ ਦੇ 22 ਖਿਡਾਰੀ ਘੋਸ਼ਿਤ ਕੀਤੇ ਤਾਂ ਉਨ੍ਹਾਂ ਵਿਚ ਉਸ ਦਾ ਨਾਮ ਨਹੀਂ ਸੀ। ਉਸ ਦੀ ਘੱਟ ਉਮਰ ਅਤੇ ਤਜਰਬੇ ਕਾਰਨ ਟੀਮ ਵਿਚ ਸ਼ਾਮਿਲ ਨਹੀਂ ਕੀਤਾ ਗਿਆ, ਜਿਸ ਦਾ ਗਿਲਾ ਉਸ ਨੂੰ ਹਮੇਸ਼ਾ ਰਿਹਾ। ਅਰਜਨਟਾਈਨਾ ਇਹ ਵਰਲਡ ਕੱਪ ਜਿੱਤ ਗਿਆ ਸੀ, ਪਰ 1979 ਵਿਚ ਉਹ ਜੂਨੀਅਰ ਵਰਲਡ ਕੱਪ ਜਪਾਨ ਵਿਖੇ ਖੇਡਿਆ। ਅਰਜਨਟਾਈਨਾ ਨੇ ਇਸ ਕੱਪ ਨੂੰ ਜਿੱਤਿਆ ਅਤੇ ਮੈਰਾਡੋਨਾ ਗੋਲਡਨ ਬਾਲ ਦਾ ਜੇਤੂ ਰਿਹਾ ਸੀ। ਇਸ ਤੋਂ ਬਾਅਦ ਉਹ ਸੀਨੀਅਰ ਨੈਸ਼ਨਲ ਟੀਮ ਦਾ ਪੱਕਾ ਮੈਂਬਰ ਬਣ ਗਿਆ। 20 ਫਰਵਰੀ 1981 ਨੂੰ ਬੋਕਾ ਜੂਨੀਅਰ ਕਲੱਬ ਨੇ ਉਸ ਨੂੰ ਚਾਰ ਮਿਲੀਅਨ ਡਾਲਰ ਵਿਚ ਖਰੀਦ ਲਿਆ। ਇਹ ਉਸ ਦੀ ਮਨ ਪਸੰਦ ਕਲੱਬ ਸੀ, ਹੋਰ ਕਲੱਬਾਂ ਬਹੁਤ ਜ਼ਿਆਦਾ ਪੈਸੇ ਦੇਣ ਲਈ ਤਿਆਰ ਸਨ।



ਮੈਰਾਡੋਨਾ ਨੇ ਬੋਕਾ ਲਈ 40 ਮੈਚ ਖੇਡੇ ਅਤੇ 28 ਗੋਲ ਕੀਤੇ। ਬੋਕਾ ਜੂਨੀਅਰ ਨੇ ਉਸ ਨੂੰ ਖਰੀਦ ਤਾਂ ਲਿਆ, ਪਰ ਕਲੱਬ ਬਹੁਤ ਹੀ ਆਰਥਕ ਤੰਗੀ ਵਿਚੋਂ ਗੁਜ਼ਰ ਰਿਹਾ ਸੀ। ਉਨ੍ਹਾਂ ਨੇ ਮੈਰਾਡੋਨਾ ਨੂੰ ਸਪੇਨ ਦੀ ਮਸ਼ਹੂਰ ਕਲੱਬ ਬਾਰਸਿਲੋਨਾ ਨੂੰ 7.6 ਮਿਲੀਅਨ ਡਾਲਰ ਵਿਚ ਵੇਚ ਦਿੱਤਾ। ਇਹ ਕਿਸੇ ਵੀ ਫੁੱਟਬਾਲਰ ਲਈ ਉਸ ਸਮੇਂ ਦੀ ਸਭ ਤੋਂ ਵੱਧ ਕੀਮਤ ਸੀ। ਬਾਰਸਿਲੋਨਾ ਲਈ ਉਹ 40 ਮੈਚ ਖੇਡਿਆ ਅਤੇ 28 ਗੋਲ ਕੀਤੇ। ਉਸ ਨੇ ਕੋਪਾ ਡੈਲ ਰੇਅ ਅਤੇ ਸੁਪਰ ਕੱਪ ਨੂੰ ਜਿਤਿਆ। ਇਸ ਸਮੇਂ ਹੀ 1982 ਦਾ ਵਰਲਡ ਕੱਪ ਆ ਗਿਆ, ਜੋ ਸਪੇਨ ਵਿਚ ਹੀ ਸੀ। ਇਸ ਵਾਰ ਮੈਰਾਡੋਨਾ ਟੀਮ ਵਿਚ ਸ਼ਾਮਿਲ ਸੀ। ਇਸ ਟੀਮ ਵਿਚ ਬਹੁਤੇ ਖਿਡਾਰੀ 1978 ਵਾਲੀ ਜੇਤੂ ਟੀਮ ਦੇ ਸ਼ਾਮਿਲ ਸਨ, ਇਸ ਲਈ ਆਪਣੇ ਆਪ ਨੂੰ ਪਹਿਲਾਂ ਹੀ ਚੈਂਪੀਅਨ ਸਮਝ ਰਹੇ ਸਨ। ਉਹ ਪੂਰੀ ਤਰ੍ਹਾਂ ਗੇਮ ਉਪਰ ਫੋਕਸ ਨਹੀਂ ਕਰ ਰਹੇ ਸਨ। ਮੈਰਾਡੋਨਾ ਨੇ ਇਸ ਕੱਪ ਵਿਚ ਦੋ ਗੋਲ ਕੀਤੇ, ਪਰ ਬ੍ਰਾਜ਼ੀਲ ਨੂੰ ਹਾਰ ਕੇ ਟੂਰਨਾਮੈਂਟ 'ਚੋਂ ਬਾਹਰ ਹੋ ਗਏ।

ਵਰਲਡ ਕੱਪ ਦੀ ਨਿਰਾਸ਼ਾ ਦੇ ਨਾਲ ਮੈਰਾਡੋਨਾ ਦੀ ਮੁਸੀਬਤ ਕਲੱਬ ਵਿਚ ਹੋਰ ਵੀ ਵਧ ਗਈ। ਪਹਿਲਾਂ ਤਾਂ ਉਸ ਦੇ ਸੱਟ ਲੱਗ ਗਈ ਅਤੇ ਫਿਰ ਮੈਨੇਜਮੈਂਟ ਨਾਲ ਟਕਰਾ ਹੋ ਗਿਆ। ਆਪਣੇ ਕੋਚ ਨਾਲ ਵੀ ਝਗੜਾ ਹੋਣ ਲੱਗਾ। ਇੱਕ ਮੈਚ ਵਿਚ ਤਾਂ ਵਿਰੋਧੀ ਖਿਡਾਰੀ ਨਾਲ ਮਾਰ-ਕੁੱਟ ਨੇ ਤਾਂ ਹੱਦ ਹੀ ਕਰ ਦਿੱਤੀ। ਆਪਣੇ ਅੜੀਅਲ ਸੁਭਾਅ ਕਾਰਨ ਉਹ ਇੱਕ ਵਿਲੇਨ ਬਣ ਗਿਆ। ਹੁਣ ਉਸ ਦਾ ਅਤੇ ਬਾਰਸਿਲੋਨਾ ਦਾ ਰਿਸ਼ਤਾ ਖਤਮ ਹੋਣ ਦਾ ਸਮਾਂ ਆ ਗਿਆ ਸੀ। ਉਸ ਨੂੰ ਇਟਲੀ ਦੀ ਸਭ ਤੋਂ ਗਰੀਬ ਅਤੇ ਮਾੜੀ ਕਲੱਬ, ਨੈਪੋਲੀ ਨੂੰ 10.48 ਮਿਲੀਅਨ ਵਿਚ ਵੇਚ ਦਿੱਤਾ ਗਿਆ। ਮੈਰਾਡੋਨਾ ਖੁਦ ਗਰੀਬੀ ਵਿਚ ਰਿਹਾ ਹੋਣ ਕਰਕੇ ਨੈਪੋਲੀ ਦੇ ਲੋਕਾਂ ਨੇ ਉਸ ਦਾ ਤਹਿ ਦਿਲੋਂ ਸਵਾਗਤ ਕੀਤਾ। ਜਦ ਉਹ ਸੈਨ ਪਾਲੋ ਸਟੇਡੀਅਮ ਵਿਚ ਹੈਲੀਕਾਪਟਰ ਰਾਹੀਂ ਉਤਰਿਆ ਤਾਂ ਉਸ ਨੂੰ 80,000 ਦਰਸ਼ਕ ਉਡੀਕ ਰਹੇ ਸਨ। ਕਿਸੇ ਨੇ ਲਿਖਿਆ ਸੀ, "ਇਟਲੀ ਦੇ ਸਭ ਤੋਂ ਗਰੀਬ ਸ਼ਹਿਰ ਨੇ ਦੁਨੀਆਂ ਦਾ ਸੱਭ ਤੋਂ ਮਹਿੰਗਾ ਖਿਡਾਰੀ ਖਰੀਦਿਆ ਹੈ।" 1984 ਵਿਚ ਮੈਰਾਡੋਨਾ ਨੇ ਲੰਬੇ ਸਮੇਂ ਤੋਂ ਆਪਣੀ ਗਰਲ ਫਰੈਂਡ ਕਲੋਡੀਆ ਨਾਲ ਸ਼ਾਦੀ ਕਰ ਲਈ ਅਤੇ ਬਾਅਦ ਵਿਚ ਉਸ ਦੇ ਦੋ ਬੇਟੀਆਂ ਨੇ ਜਨਮ ਲਿਆ।

1986 ਦਾ ਵਰਲਡ ਕੱਪ ਮੈਕਸੀਕੋ ਵਿਚ ਸੀ ਅਤੇ ਮੈਰਾਡੋਨਾ ਇਸ ਲਈ ਪੂਰੀ ਤਿਆਰੀ ਵਿਚ ਸੀ। ਇਸ ਸਮੇਂ ਅਰਜਨਟਾਈਨਾ ਦਾ ਨਵਾਂ ਕੋਚ ਵਿਲਾਰਡੋ ਸੀ, ਜੋ ਮੈਰਾਡੋਨਾ ਨੂੰ ਬਹੁਤ ਪਸੰਦ ਕਰਦਾ ਸੀ। ਉਸ ਨੇ ਇਸ ਨੂੰ ਟੀਮ ਦਾ ਕੈਪਟਨ ਬਣਾ ਦਿੱਤਾ, ਪਰ ਇਸ ਟੀਮ ਵਿਚ 1978 ਅਤੇ 1982 ਦਾ ਕੈਪਟਨ ਡੇਨੀਅਲ ਪਸਰੇਲਾ ਵੀ ਸੀ, ਉਸ ਨੇ ਇਸ ਫੈਸਲੇ ਨੂੰ ਪਸੰਦ ਨਹੀਂ ਕੀਤਾ। ਪਸਰੇਲਾ ਭਾਵੇਂ ਟੀਮ ਨਾਲ ਮੈਕਸੀਕੋ ਚਲਾ ਤਾਂ ਗਿਆ, ਪਰ ਉਹ ਅੰਦਰੋਂ ਦੁਖੀ ਸੀ। ਉਸ ਨੂੰ ਇਹ ਵੀ ਚਿੰਤਾ ਸੀ ਕਿ ਸ਼ਾਇਦ ਉਸ ਦਾ ਨਾਮ ਪਹਿਲੇ ਗਿਆਰਾਂ ਖਿਡਾਰੀਆਂ ਵਿਚ ਵੀ ਨਾ ਆਵੇ, ਇਸ ਲਈ ਉਹ ਮੈਰਾਡੋਨਾ ਦੇ ਵਿਰੁੱਧ ਹੋ ਗਿਆ ਅਤੇ ਇਸ ਉਪਰ ਕਈ ਤਰ੍ਹਾਂ ਦੇ ਦੋਸ਼ ਲਾਉਣ ਲੱਗਾ। ਮੈਰਾਡੋਨਾ ਨੇ ਆਪਣੇ ਅੱਖੜ ਅਤੇ ਮੂੰਹ ਫੱਟ ਸੁਭਾਅ ਮੁਤਾਬਕ ਉਸ ਦੇ ਨਾਜਾਇਜ਼ ਸਬੰਧਾਂ ਬਾਰੇ ਜ਼ਿਕਰ ਕੀਤਾ, ਜੋ ਹੋਰ ਸਾਥੀ ਦੀ ਪਤਨੀ ਸੀ ਤਾਂ ਪਸਰੇਲਾ ਬਹੁਤ ਸ਼ਰਮਿੰਦਾ ਹੋਇਆ। ਉਹ ਇੱਕ ਵੀ ਮੈਚ ਖੇਡਣ ਤੋਂ ਬਿਨਾ ਵਾਪਸ ਅਰਜਨਟਾਈਨਾ ਆ ਗਿਆ, ਪਰ ਬਾਕੀ ਸਾਰੀ ਟੀਮ ਮੈਰਾਡੋਨਾ ਦੇ ਨਾਲ ਹੀ ਸੀ ਅਤੇ ਇਹ ਹੀ ਉਨ੍ਹਾਂ ਦਾ ਕੈਪਟਨ ਸੀ।

ਇਸ ਵਰਲਡ ਕੱਪ ਵਿਚ ਅਰਜਨਟਾਈਨਾ ਦਾ ਕੁਆਟਰਫਾਈਨਲ ਮੈਚ ਇੰਗਲੈਂਡ ਨਾਲ ਸੀ ਅਤੇ ਇਸ ਦਾ ਜ਼ਿਕਰ ਕਰਨਾ ਬਹੁਤ ਜ਼ਰੂਰੀ ਹੈ। ਕੁਝ ਸਾਲ ਪਹਿਲਾਂ ਇੰਗਲੈਂਡ ਅਤੇ ਅਰਜਨਟਾਈਨਾ ਵਿਚ ਫਾਕਲੈਂਡ ਟਾਪੂ ਨੂੰ ਲੈ ਕੇ ਜੰਗ ਹੋਈ ਸੀ, ਜਿਸ ਵਿਚ ਅਰਜਨਟਾਈਨਾ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਹੁਣ ਉਹ ਖੇਡ ਦੇ ਮੈਦਾਨ ਵਿਚ ਉਸ ਬੇਇੱਜ਼ਤੀ ਦਾ ਬਦਲਾ ਲੈਣਾ ਚਾਹੁੰਦੇ ਸਨ। ਇਸ ਮੈਚ ਦੌਰਾਨ ਮੈਰਾਡੋਨਾ ਨੇ ਆਪਣੇ ਸਿਰ ਦੇ ਨਾਲ-ਨਾਲ ਹੱਥ ਦਾ ਇਸਤੇਮਾਲ ਕਰਕੇ ਗੋਲ ਕਰ ਦਿੱਤਾ। ਇੰਗਲੈਂਡ ਦੀ ਟੀਮ ਨੇ ਇਤਰਾਜ਼ ਕੀਤਾ, ਪਰ ਉਸ ਸਮੇਂ ਕੈਮਰੇ ਦਾ ਇਸਤੇਮਾਲ ਨਾ ਹੋਣ ਕਰਕੇ ਰੈਫਰੀ ਨੇ ਇਸ ਨੂੰ ਗੋਲ ਕਰਾਰ ਦਿੱਤਾ। ਮੈਰਾਡੋਨਾ ਨੇ ਇਸ ਨੂੰ 'ਹੈਂਡ ਆਫ ਗੌਡ' ਦਾ ਨਾਮ ਦਿੱਤਾ। ਬਾਅਦ ਵਿਚ ਮੈਰਾਡੋਨਾ ਨੇ ਇੰਗਲੈਂਡ ਦੇ ਪੰਜ ਖਿਡਾਰੀਆਂ ਨੂੰ ਪਿੱਛੇ ਸੁੱਟ ਕੇ ਇੱਕ ਹੋਰ ਗੋਲ ਕਰ ਦਿੱਤਾ ਅਤੇ ਫੀਫਾ ਨੇ ਇਸ ਨੂੰ ਸਦੀ ਦਾ ਬੈਸਟ ਗੋਲ ਘੋਸ਼ਿਤ ਕੀਤਾ। ਅਰਜਨਟਾਈਨਾ ਨੇ ਇਹ ਮੈਚ 2-1 ਦੇ ਸਕੋਰ ਨਾਲ ਜਿੱਤ ਲਿਆ ਅਤੇ ਫਾਕਲੈਂਡ ਦਾ ਬਦਲਾ ਵੀ ਲੈ ਲਿਆ। ਅਰਜਨਟਾਈਨਾ ਨੇ ਫਾਈਨਲ ਵਿਚ ਜਰਮਨੀ ਨੂੰ ਜਿੱਤ ਕੇ ਇਸ ਕੱਪ ਨੂੰ ਦੂਜੀ ਵਾਰ ਆਪਣੇ ਨਾਮ ਕਰ ਲਿਆ। ਮੈਰਾਡੋਨਾ ਨੂੰ ਟੂਰਨਾਮੈਂਟ ਦਾ ਬੈਸਟ ਪਲੇਅਰ ਘੋਸ਼ਿਤ ਕੀਤਾ ਗਿਆ। ਉਹ ਦੁਨੀਆਂ ਦਾ ਸਭ ਤੋਂ ਮਸ਼ਹੂਰ ਖਿਡਾਰੀ ਬਣ ਗਿਆ।

ਨੈਪੋਲੀ ਕਲੱਬ ਇਟਲੀ ਦੀ ਲੀਗ ਵਿਚ ਹਮੇਸ਼ਾ ਥੱਲੇ ਦੇ ਪੱਧਰ ਦੀ ਟੀਮ ਸੀ, ਪਰ ਮੈਰਾਡੋਨਾ ਦੇ ਆਉਣ ਨਾਲ ਇਹ ਮਸ਼ਹੂਰ ਹੋ ਗਈ। ਇਹ ਕਲੱਬ ਟਰਾਫੀਆਂ ਜਿੱਤਣ ਕਰਕੇ ਅਮੀਰ ਹੋਣ ਲੱਗੀ ਅਤੇ ਮੈਰਾਡੋਨਾ ਵੀ ਅਮੀਰ ਹੋ ਗਿਆ। ਉਹ ਨੈਪੋਲੀ ਦਾ ਹੀਰੋ ਬਣ ਗਿਆ ਅਤੇ ਹਰ ਕੋਈ ਉਸ ਨਾਲ ਨੇੜਤਾ ਕਰਨ ਦੀ ਕੋਸ਼ਿਸ਼ ਕਰਦਾ। ਇਸ ਚੱਕਰ ਵਿਚ ਉਸ ਦਾ ਸਬੰਧ ਕਮੋਰਾ ਮਾਫੀਆ ਨਾਲ ਬਣ ਗਿਆ। ਉਸ ਦੀ ਜ਼ਿੰਦਗੀ ਵਿਚ ਬਹੁਤ ਹੀ ਤਬਦੀਲੀ ਆ ਗਈ। ਉਸ ਨੂੰ ਮਹਿੰਗੀਆ ਕਾਰਾਂ ਅਤੇ ਘੜੀਆਂ ਵਗੈਰਾ ਦੇ ਤੋਹਫੇ ਮਿਲਣ ਲੱਗੇ। ਉਹ ਬਾਅਦ ਵਿਚ ਡਰੱਗ ਲੈਣ ਲੱਗ ਪਿਆ ਅਤੇ ਇਸ ਮੁਸੀਬਤ ਨੇ ਫਿਰ ਕਦੀ ਵੀ ਇਸ ਦਾ ਖਹਿੜਾ ਨਾ ਛੱਡਿਆ। ਇਸ ਸਮੇਂ ਹੀ 1990 ਦਾ ਵਰਲਡ ਕੱਪ ਆ ਗਿਆ, ਜੋ ਇਟਲੀ ਵਿਚ ਹੀ ਸੀ। ਮੈਰਾਡੋਨਾ ਇਸ ਵਾਰ ਫਿਰ ਕੈਪਟਨ ਹੋਣ ਕਰਕੇ ਆਪਣੀ ਟੀਮ ਨਾਲ ਪੂਰੀ ਤਿਆਰੀ ਵਿਚ ਸੀ, ਪਰ ਟੂਰਨਾਮੈਂਟ ਦੇ ਸੈਮੀਫਾਈਨਲ ਮੈਚ ਵਿਚ ਅਰਜਨਟਾਈਨਾ ਨੇ ਜਦ ਇਟਲੀ ਉਪਰ ਜਿੱਤ ਪ੍ਰਾਪਤ ਕੀਤੀ ਤਾਂ ਉਹ ਪੂਰੇ ਇਟਲੀ ਦੇਸ਼ ਦਾ ਦੁਸ਼ਮਣ ਬਣ ਗਿਆ। ਇਟਲੀ ਆਪਣੇ ਘਰ ਵਿਚ ਇਸ ਵਰਲਡ ਕੱਪ ਨੂੰ ਜਿੱਤਣ ਦੀ ਉਮੀਦ ਵਿਚ ਸੀ। ਫਾਈਨਲ ਮੈਚ ਇੱਕ ਵਾਰ ਫਿਰ ਅਰਜਨਟਾਈਨਾ ਅਤੇ ਜਰਮਨੀ ਵਿਚਕਾਰ ਸੀ, ਪਰ ਇਸ ਵਾਰ ਜਿੱਤ ਜਰਮਨੀ ਦੀ ਹੋਈ। ਮੈਚ ਦੌਰਾਨ ਰੈਫਰੀ ਨੇ ਅਰਜਨਟਾਈਨਾ ਦੇ ਖਿਲਾਫ ਪੈਨੇਲਟੀ ਦੇ ਦਿੱਤੀ ਅਤੇ ਇਸ ਗੋਲ ਕਰਕੇ ਜਰਮਨੀ ਵਰਲਡ ਕੱਪ ਦਾ ਚੈਂਪੀਅਨ ਬਣ ਗਿਆ, ਪਰ ਮੈਰਾਡੋਨਾ ਇਸ ਹਾਰ ਨੂੰ ਹਮੇਸ਼ਾ ਸਾਜਿਸ਼ ਹੀ ਆਖਦਾ ਸੀ, ਉਹ ਫੀਫਾ ਅਤੇ ਇਟਲੀ ਨੂੰ ਜ਼ਿੰਮੇਵਾਰ ਸਮਝਦਾ ਸੀ।

ਇਸ ਤੋਂ ਬਾਅਦ ਮੈਰਾਡੋਨਾ ਦਾ ਟਕਰਾਓ ਫੀਫਾ ਅਤੇ ਇਟਲੀ ਨਾਲ ਹੋਰ ਵੀ ਜ਼ਿਆਦਾ ਹੋ ਗਿਆ। ਉਸ ਦਾ ਰਿਸ਼ਤਾ ਆਪਣੀ ਕਲੱਬ ਅਤੇ ਕੋਚ ਨਾਲ ਵੀ ਵਿਗੜ ਗਿਆ। ਕਈ ਵਾਰ ਉਸ ਦੇ ਡਰੱਗ ਟੈਸਟ ਹੋਣ ਲੱਗੇ। ਉਹ ਤਾਂ ਡਰੱਗ ਦਾ ਇਸਤੇਮਾਲ ਕਰਦਾ ਹੀ ਸੀ, ਇਸ ਲਈ ਫੜੇ ਜਾਣ 'ਤੇ ਉਸ ਉਪਰ 15 ਮਹੀਨੇ ਦੀ ਪਬੰਦੀ ਲਾਈ ਗਈ। ਉਹ ਨੈਪੋਲੀ ਲਈ 1984 ਤੋਂ 1991 ਤਕ ਖੇਡਿਆ ਅਤੇ 188 ਮੈਚਾਂ ਵਿਚ 81 ਗੋਲ ਕੀਤੇ। ਉਸ ਨੇ ਕਲੱਬ ਲਈ ਯੂਰਪ ਕੱਪ, ਸੀਰੀਆ 'ਏ' ਅਤੇ ਕੋਪਾ ਇਟਾਲੀਆ ਜਿੱਤੇ, ਪਰ ਹੁਣ ਉਸ ਦਾ ਸਮਾਂ ਇਟਲੀ ਵਿਚ ਖਤਮ ਹੋ ਗਿਆ ਸੀ। ਉਹ ਸਪੇਨ ਦੀ ਕਲੱਬ ਸਾਵੀਲੀਆ ਚਲਾ ਗਿਆ, ਜਿੱਥੇ ਉਸ ਦਾ ਨੈਸ਼ਨਲ ਕੋਚ ਵਿਲਾਰਡੋ ਸੀ, ਪਰ ਉਸ ਦੇ ਅੜੀਅਲ ਸੁਭਾਅ ਅਤੇ ਡਰੱਗ ਕਾਰਨ ਉਸ ਦੀ ਆਪਣੇ ਕੋਚ ਨਾਲ ਵੀ ਵਿਗੜ ਗਈ। ਉਸ ਬਾਅਦ ਉਹ ਅਰਜਨਟਾਈਨਾ ਵਾਪਸ ਆ ਗਿਆ ਅਤੇ ਕੁਝ ਸਮੇਂ ਲਈ ਓਲਡ ਬੁਆਇਜ਼ ਅਤੇ ਆਪਣੀ ਪੁਰਾਣੀ ਕਲੱਬ ਬੋਕਾ ਜੂਨੀਅਰ ਲਈ ਖੇਡਿਆ। ਜਦ 1994 ਦਾ ਵਰਲਡ ਕੱਪ ਅਮਰੀਕਾ ਵਿਚ ਹੋਇਆ ਤਾਂ ਲੋਕਾਂ ਦੀ ਮੰਗ ਕਰਕੇ ਇੱਕ ਵਾਰ ਫਿਰ ਉਸ ਨੂੰ ਨੈਸ਼ਨਲ ਟੀਮ ਵਿਚ ਸ਼ਾਮਿਲ ਕਰ ਲਿਆ ਗਿਆ। ਇਸ ਟੂਰਨਾਮੈਂਟ ਦੇ ਦੂਜੇ ਮੈਚ ਵਿਚ ਹੀ ਉਸ ਨੂੰ ਡੋਪ ਦਾ ਦੋਸ਼ੀ ਪਾਇਆ ਗਿਆ ਅਤੇ ਬਾਹਰ ਕੱਢ ਦਿੱਤਾ। ਇਹ ਉਸ ਦੇ ਖੇਡ ਦਾ ਅੰਤ ਹੀ ਸੀ। ਉਸ ਨੇ 37 ਸਾਲ ਦੀ ਉਮਰ ਵਿਚ ਫੁੱਟਬਾਲ ਨੂੰ ਅਲਵਿਦਾ ਆਖ ਦਿੱਤੀ। ਬਾਅਦ ਵਿਚ ਉਸ ਨੇ ਕੋਚ ਬਣ ਕੇ ਕੁਝ ਟੀਮਾਂ ਨੂੰ ਕੋਚ ਵੀ ਕੀਤਾ। 2010 ਵਿਚ ਉਹ ਅਰਜਨਟਾਈਨਾ ਦਾ ਕੋਚ ਬਣ ਕੇ ਟੀਮ ਨੂੰ ਸਾਊਥ ਅਫਰੀਕਾ ਵਰਲਡ ਕੱਪ ਵਿਚ ਲੈ ਕੇ ਗਿਆ, ਪਰ ਨਿਰਾਸ਼ਾ ਹੀ ਮਿਲੀ।

ਹੁਣ ਉਸ ਦਾ ਖੇਡਣ ਦਾ ਸਫਰ ਤਾਂ ਖਤਮ ਹੋ ਚੁਕਾ ਸੀ, ਪਰ ਫਿਰ ਵੀ ਉਹ ਹਮੇਸ਼ਾ ਸੁਰਖੀਆਂ ਵਿਚ ਰਿਹਾ ਸੀ। ਇੱਕ ਪੱਤਰਕਾਰ ਉਪਰ ਗੋਲੀ ਚਲਾਉਣ ਦੇ ਦੋਸ਼ ਵਿਚ ਉਸ ਨੂੰ ਦੋ ਸਾਲ ਅਤੇ ਦਸ ਮਹੀਨੇ ਦੀ ਲਟਕਮੀ ਸਜ਼ਾ ਹੋਈ ਸੀ। ਸੰਨ 2003 ਵਿਚ ਉਸ ਨੂੰ ਇੱਕ ਡੀਆਗੋ ਸਿੰਗਾਰਾ ਨਾਮ ਦਾ ਨੌਜਵਾਨ ਮਿਲਿਆ, ਜੋ ਇਸ ਦੇ ਨਾਜਾਇਜ਼ ਸਬੰਧ ਦੀ ਔਲਾਦ ਸੀ, ਜਿਸ ਦਾ ਜਨਮ 20 ਸਤੰਬਰ 1986 ਨੂੰ ਇਟਲੀ ਵਿਚ ਹੋਇਆ ਸੀ। ਉਸ ਦਾ ਟੈਕਸ ਵਿਭਾਗ ਨਾਲ ਵੀ ਪੰਗਾ ਹੀ ਰਿਹਾ ਹੈ, ਆਪਣੀ ਮੌਤ ਤੱਕ ਵੀ ਉਹ ਦੇਣਦਾਰ ਸੀ। ਡਰੱਗ ਅਤੇ ਸ਼ਰਾਬ ਦੀ ਆਦਤ ਕਰਕੇ ਉਸ ਦਾ ਹਸਪਤਾਲ ਵਿਚ ਆਉਣਾ-ਜਾਣਾ ਹਮੇਸ਼ਾ ਲੱਗਾ ਰਹਿੰਦਾ ਸੀ, ਪਰ ਹਮੇਸ਼ਾ ਆਪਣੇ ਦੇਸ਼ ਨੂੰ ਪਿਆਰ ਕਰਦਾ ਸੀ। 1994 ਦਾ ਵਰਲਡ ਕੱਪ ਅਮਰੀਕਾ ਵਿਚ ਸੀ ਅਤੇ ਇਥੋਂ ਦੀ ਆਈ. ਜੀ. ਐਮ. ਕੰਪਨੀ ਨੇ ਇਸ ਨੂੰ ਆਪਣਾ ਸਪਾਂਸਰ ਬਣਨ ਲਈ ਸੌ ਮਿਲੀਅਨ ਡਾਲਰ ਦੀ ਆਫਰ ਪੇਸ਼ ਕੀਤੀ, ਪਰ ਸ਼ਰਤ ਸੀ ਕਿ ਅਮਰੀਕਾ ਦੀ ਨਾਗਰਿਕਤਾ ਵੀ ਲੈਣੀ ਪੈਣੀ ਸੀ। ਉਸ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਮੈਂ ਅਰਜਨਟਾਈਨਾ ਤੋਂ ਬਿਨਾ ਕਦੀਂ ਵੀ ਕਿਸੇ ਹੋਰ ਦੇਸ਼ ਦਾ ਨਾਗਰਿਕ ਨਹੀਂ ਬਣਨਾ।

ਮੈਰਾਡੋਨਾ ਦੀ ਸੋਚ ਥੋੜ੍ਹੀ ਖੱਬੇ ਪੱਖੀ ਸੀ, ਇਸ ਕਰਕੇ ਕਿਊਬਾ ਦੇ ਫੀਦਾਲ ਕਾਸਟਰੋ ਨਾਲ ਉਸ ਦੀ ਦੋਸਤੀ ਬਾਰੇ ਸਾਰੇ ਜਾਣਦੇ ਹਨ। ਆਪਣੇ ਦੇਸ਼ ਦੇ ਮਹਾਨ ਇਨਕਲਾਬੀ ਚੀ ਗੁਵੇਰਾ ਨੂੰ ਉਹ ਆਪਣਾ ਹੀਰੋ ਮੰਨਦਾ ਸੀ। ਚੀ ਗੁਵੇਰਾ ਦੀ ਫੋਟੋ ਦਾ ਟੈਟੂ ਉਸ ਨੇ ਆਪਣੇ ਸੱਜੇ ਡੌਲੇ ਉਪਰ ਬਣਾਇਆ ਹੋਇਆ ਸੀ। ਉਹ ਅਮਰੀਕਾ ਦੀਆਂ ਨੀਤੀਆਂ ਦਾ ਵਿਰੋਧੀ ਸੀ, ਇਸ ਕਰਕੇ ਫਲਸਤਾਇਨ ਅਤੇ ਈਰਾਨ ਦੇ ਹੱਕ ਦੀ ਗੱਲ ਕਰਦਾ ਸੀ। ਵੈਨਜ਼ੂਏਲਾ ਦਾ ਰਾਸ਼ਟਰਪਤੀ ਸਵਰਗੀ ਹੁਗੋ ਸ਼ਾਵਿਜ਼ ਵੀ ਉਸ ਦਾ ਮਿੱਤਰ ਸੀ। 1987 ਵਿਚ ਉਹ ਪੋਪ ਜਾਨ ਪੌਲ ਨੂੰ ਮਿਲਣ ਵੈਟੀਕਨ ਗਿਆ ਤਾਂ ਪੋਪ ਨੇ ਉਸ ਨਾਲ ਗਰੀਬ ਲੋਕਾਂ ਬਾਰੇ ਆਪਣੀ ਚਿੰਤਾ ਜਾਹਰ ਕੀਤੀ ਤਾਂ ਮੈਰਾਡੋਨਾ ਨੇ ਉਸ ਨੂੰ ਕਿਹਾ ਕਿ ਇੱਥੇ ਛੱਤ ਉਪਰ ਲੱਗੇ ਸੋਨੇ ਨੂੰ ਵੇਚ ਕੇ ਲੋਕਾਂ ਦੀ ਮਦਦ ਕਰ ਦਿਉ।

ਮੈਰਾਡੋਨਾ ਭਾਵੇਂ ਹਮੇਸ਼ਾ ਵਿਵਾਦਾਂ ਵਿਚ ਰਿਹਾ, ਪਰ ਉਸ ਦੀ ਖੇਡ ਦੇ ਹੁਨਰ ਦੇ ਸਭ ਲੋਕ ਦੀਵਾਨੇ ਰਹੇ। ਰੋਮ ਵਿਚ 11 ਦਸੰਬਰ 2000 ਨੂੰ ਪੇਲੇ ਅਤੇ ਮੈਰਾਡੋਨਾ ਨੂੰ 20ਵੀਂ ਸਦੀ ਦੇ ਮਹਾਨ ਫੁੱਟਬਾਲਰ ਹੋਣ ਦਾ ਐਲਾਨ ਕੀਤਾ ਗਿਆ। ਮੈਰਾਡੋਨਾ ਇੰਟਰਨੈਟ ਰਾਹੀਂ ਵੋਟਾਂ ਅਤੇ ਪੇਲੇ ਨੂੰ ਫੀਫਾ ਅਧਿਕਾਰੀ, ਪੱਤਰਕਾਰ ਅਤੇ ਕੋਚਾਂ ਦੀਆਂ ਵੋਟਾਂ ਨਾਲ ਚੁਣਿਆ ਗਿਆ ਸੀ। ਉਸ ਦੀ ਨਿੱਜੀ ਜ਼ਿੰਦਗੀ ਨੂੰ ਇੱਕ ਪਾਸੇ ਰੱਖ ਦਿੱਤਾ ਜਾਵੇ ਤਾਂ ਉਹ ਫੁਟਬਾਲ ਦਾ ਕਮਾਲ ਦਾ ਜਾਦੂਗਰ ਸੀ। ਫੁੱਟਬਾਲ ਦੀ ਜਦੋਂ ਵੀ ਗੱਲ ਹੋਵੇਗੀ ਤਾਂ ਮੈਰਾਡੋਨਾ ਦਾ ਜ਼ਿਕਰ ਜ਼ਰੂਰ ਹੋਵੇਗਾ। ਸਲਾਮ ਹੈ, ਮਹਾਨ ਮੈਰਾਡੋਨਾ ਨੂੰ!

---

## ਸ਼ਸ਼ੀ ਸਮੁੰਦਰਾ...

*(ਪਿਛਲੇ ਸਫੇ ਦੀ ਬਾਕੀ)*

ਰੁਪਈਆ", "ਗੋਰਾਂ ਤੇ ਤਾਰਾਂ", "ਭਵਿੱਖ", "ਅਸਲੀ ਵਾਰੀ" ਆਦਿ ਖਾਸ ਧਿਆਨ ਦੀ ਮੰਗ ਕਰਦੀਆਂ ਹਨ। ਇਨ੍ਹਾਂ ਨਾਲ ਜੀਵਨ ਵਿਚ ਘੋਰ ਬੇਇਨਸਾਫੀ ਹੁੰਦੀ ਹੈ ਅਤੇ ਇਨ੍ਹਾਂ ਨੂੰ ਆਪਣੀ ਮਿਹਨਤ ਦਾ ਇਵਜ਼ਾਨਾ ਨਹੀਂ ਮਿਲਦਾ। ਪੀੜ੍ਹੀ-ਦਰ-ਪੀੜ੍ਹੀ ਇਹ ਨਿਮਨ ਵਰਗ-ਜਮਾਤ ਗੁਰਬਤ ਤੋਂ ਗੁਰਬਤ ਤਕ ਦਾ ਸਫਰ ਕਰਦੀ ਹੈ। ਸਮਾਜਵਾਦੀ ਨਿਜ਼ਾਮ ਸੰਸਾਰ ਵਿਚ ਸਥਾਪਿਤ ਨਹੀਂ ਹੋ ਸਕਿਆ ਅਤੇ ਪੂਰੇ ਦਾ ਪੂਰਾ ਵਿਸ਼ਵ ਪੂੰਜੀਵਾਦੀ ਨਿਜ਼ਾਮ ਦੇ ਕੰਟਰੋਲ ਵਿਚ ਹੋਣ ਕਰਕੇ ਮਜ਼ਦੂਰਾਂ ਨੂੰ ਉਨ੍ਹਾਂ ਦੇ ਹੱਕ ਪ੍ਰਾਪਤ ਨਹੀਂ ਹੋ ਸਕੇ। ਸ਼ਸ਼ੀ ਦੀ ਇਸ ਜਮਾਤ ਨਾਲ ਗਹਿਰੀ ਸਹਾਨਭੂਤੀ ਹੈ। ਸਾਹਿਤਕਾਰ ਹਮੇਸ਼ਾ ਹੀ ਜ਼ੁਲਮ ਸਹਿ ਰਹੇ ਬੰਦੇ ਦੀ ਅਵਾਜ਼ ਬਣਦਾ ਹੈ। ਪੰਜਾਬੀ ਕਵਿਤਾ ਦੀ ਮਹਾਨਤਾ ਹੀ ਇਸ ਗੱਲ ਵਿਚ ਹੈ ਕਿ ਇਹ ਸਾਰੇ ਦਾ ਸਾਰਾ ਨਿਮਨ ਵਰਗ ਦੇ ਦੁਖਾਂਤ ਦਾ ਬੋਲ ਬਣਦਾ ਹੈ। ਸ਼ਸ਼ੀ ਦੀਆਂ ਕਵਿਤਾਵਾਂ ਵਿਚੋਂ ਹੇਠ ਲਿਖੀਆਂ ਮਿਸਾਲਾਂ ਦੇਣੀਆਂ ਉਚਿਤ ਹਨ:

ਪੈਂਦੇ ਮੀਂਹ ਵਿਚ, ਸੜਕ ਕਿਨਾਰੇ<br>
ਇਕ ਪੇੜ ਦੇ ਥੱਲੇ<br>
ਢਿੱਡ 'ਚ ਲੱਤਾਂ ਦੇ ਕੇ<br>
ਕੰਬਦਾ, ਉਹ ਸੁੱਤਾ ਪਿਆ ਸੀ।

---

ਇਤਿਹਾਸ ਵਿਚ ਉਹ ਹੋਏ ਨਾ ਹੋਏ<br>
ਪਰ, ਤੁਸੀਂ ਆਪਣੀਆਂ ਸਿਮਰਿਤੀਆਂ ਵਿਚ<br>
ਸ਼ਾਹ ਜਹਾਨ ਤੇ ਮੁਮਤਾਜ ਦੀ ਥਾਂ<br>
ਰੱਖ ਲੈਣੇ ਮਨ ਮਰਜ਼ੀ ਦੇ ਨਾਂ<br>
ਅਨਵਰ ਤੇ ਹੁਸਨਾ<br>
ਮੰਗੂ ਰਾਮ ਤੇ ਚੰਨੀ<br>
ਤੇ ਤਾਜ ਮਹਿਲ ਦੀ ਥਾਂ ਕਹਿ ਲੈਣਾ<br>
ਇਹਨੂੰ ਬੇਨਾਮ ਮਜ਼ਦੂਰ।

ਇਸੇ ਤਰ੍ਹਾਂ ਰੋਬੋਟ ਅਤੇ ਵਿਗਿਆਨ ਦੀਆਂ ਹੋਰਾਂ ਕਾਢਾਂ ਨਾਲ ਆਧੁਨਿਕ ਸਮੇਂ ਵਿਚ ਮਜ਼ਦੂਰਾਂ ਦੇ ਕਿੱਤੇ ਨੂੰ ਵੱਡੀ ਠੇਸ ਪੁੱਜੀ ਹੈ। ਲੱਖਾਂ-ਕਰੋੜਾਂ ਮਜ਼ਦੂਰ ਕਿਰਤ ਤੋਂ ਵਿਹਲੇ ਹੋ ਗਏ ਹਨ, ਪਰ ਸਰਮਾਏਦਾਰ ਨੂੰ ਮਜ਼ਦੂਰਾਂ ਦੇ ਦੁਖਾਂਤ ਦਾ ਅਹਿਸਾਸ ਨਹੀਂ ਹੈ, ਉਹ ਤਾਂ ਹਮੇਸ਼ਾ ਆਪਣੇ ਹੀ ਮੁਨਾਫੇ ਬਾਰੇ ਸੋਚਦਾ ਹੈ। ਸਾਹਿਤਕਾਰ ਹੀ ਇਕ ਅਜਿਹਾ ਸ਼ਖਸ ਹੁੰਦਾ ਹੈ, ਜੋ ਆਪਣੇ ਆਲੇ-ਦੁਆਲੇ ਦੇ ਅਤੇ ਆਉਣ ਵਾਲੇ ਸੰਭਾਵੀ ਸੰਕਟਾਂ ਤੋਂ ਸੁਚੇਤ ਹੁੰਦਾ ਹੈ ਤੇ ਸਮਾਜਕ ਕਟਹਿਰੇ ਵਿਚ ਖਲੋ ਕੇ ਆਪਣੇ ਬੋਲ ਉਚਾਰਦਾ ਹੈ।

ਸ਼ਸ਼ੀ ਸਮੁੰਦਰਾ ਕਾਵਿ ਦੀ ਰੂਪਗਤ ਵਿਸ਼ੇਸ਼ਤਾ ਇਹ ਹੈ ਕਿ ਉਹ ਪੰਜਾਬੀ ਕਵਿਤਾ ਦੀ ਮਹਾਨ ਪਰੰਪਰਾ ਦੀ ਸੁਖੈਨ-ਸ਼ੈਲੀ ਨੂੰ ਆਪਣੇ ਪ੍ਰਗਟਾਵੇ ਦਾ ਅੰਗ ਬਣਾਉਂਦੀ ਹੈ। ਇਥੋਂ ਤੱਕ ਕਿ ਬਾਤਾਂ ਸੁਣਨ-ਸੁਣਾਉਣ ਦੇ ਮੋਟਿਫਾਂ ਨੂੰ ਆਪਣੀਆਂ ਕਵਿਤਾਵਾਂ ਵਿਚ ਪ੍ਰਵਾਹਮਾਨ ਕਰਦੀ ਹੈ। ਉਸ ਦੀਆਂ ਕਵਿਤਾਵਾਂ ਵਿਚ ਕਿਧਰੇ ਨਿੱਕੇ ਨਿੱਕੇ ਬਿਰਤਾਂਤਾਂ ਦਾ ਰਸ ਅਤੇ ਕਿਧਰੇ ਨਾਟਕੀ ਕਿਰਦਾਰਾਂ ਦੀ ਆਮਦ ਸੰਵਾਦੀ ਲਹਿਜ਼ੇ ਵਿਚ ਪ੍ਰਗਟ ਹੁੰਦੀ ਹੈ। ਸੋ, ਉਸ ਦੀਆਂ ਕਵਿਤਾਵਾਂ ਕਥਾਤਮਕ, ਨਾਟਕੀ ਅਤੇ ਏਕਾਲਾਪੀ ਸੁਭਾਅ ਦੀਆਂ ਅਨੁਸਾਰੀ ਹਨ। ਸ਼ਸ਼ੀ ਭਾਵੇਂ ਕਿਸੇ ਛੰਦਾ ਬੰਦੀ ਦੇ ਬਾਹਰੀ ਕਾਵਿਕ ਲਿਬਾਸ ਨੂੰ ਨਹੀਂ ਅਪਨਾਉਂਦੀ; ਜਿਵੇਂ ਪ੍ਰੋ. ਪੂਰਨ ਸਿੰਘ ਨੂੰ ਕਵਿਤਾ ਦੀ ਨਵਾਬੀ ਜੁੱਤੀ ਦੀ ਕੈਦ ਪਸੰਦ ਨਹੀਂ; ਇਸੇ ਤਰ੍ਹਾਂ ਸ਼ਸ਼ੀ ਆਪਣੇ ਕਾਵਿਕ-ਸੁਭਾਅ ਅਨੁਸਾਰ ਮੁਕਤ ਕਾਵਿ ਦੇ ਰੂਪਾਕਾਰ ਨੂੰ ਅਪਨਾਉਂਦੀ ਹੈ। ਉਂਜ ਉਸ ਪਾਸ ਰਚਨਾਤਮਕ ਸ਼ਕਤੀ ਦਾ ਸੋਮਾ ਏਨਾ ਪ੍ਰਭਾਵਸ਼ਾਲੀ ਅਤੇ ਤੀਬਰ ਹੈ ਕਿ ਉਹ ਰੂਪਕਾਂ/ਉਪਮਾਵਾਂ ਦੀ ਸ਼ਿਵ ਕੁਮਾਰ ਵਾਂਗ ਲੜੀ ਲਾ ਦਿੰਦੀ ਹੈ; ਇਸ ਵਿਧੀ ਦੀ ਵਰਤੋਂ ਕਰਨ ਕਰਕੇ ਉਹ ਪ੍ਰਗੀਤਕ ਸੁਭਾ ਦੀ ਸ਼ਾਇਰਾ ਬਣ ਜਾਂਦੀ ਹੈ।

ਸ਼ਸ਼ੀ ਸਮੁੰਦਰਾ ਦੀ ਕਾਵਿ-ਰਚਨਾ ਦਾ ਪਾਠ-ਅਧਿਐਨ ਕਰਨ ਉਪਰੰਤ ਉਸ ਨੂੰ ਨਾਰੀ-ਲੇਖਿਕਾ ਦੇ ਸੀਮਾ ਬੱਧ ਦਾਇਰੇ ਤੱਕ ਨਹੀਂ ਘਟਾਇਆ ਜਾ ਸਕਦਾ। ਅਮਰੀਕੀ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਉਹ ਪਹਿਲੀ ਸ਼ਾਇਰਾ ਹੈ, ਜਿਸ ਨਾਲ ਇਸਤਰੀ ਪੰਜਾਬੀ ਕਵਿਤਾ ਦੀ ਪਰੰਪਰਾ ਤੁਰਦੀ ਹੈ। ਬਾਅਦ ਵਿਚ ਭਾਵੇਂ ਰਾਣੀ ਨਗਿੰਦਰ, ਨੀਲਮ ਸੈਣੀ, ਜਸਵੀਰ, ਸੁਰਜੀਤ, ਅਵਨੀਤ ਸੰਧੂ, ਗੁਲਸ਼ਨ ਦਿਆਲ ਅਤੇ ਹੋਰ ਕਵਿਤੀਆਂ ਵੀ ਖੇਤਰ ਵਿਚ ਪ੍ਰਵੇਸ਼ ਕਰ ਗਈਆਂ ਹਨ, ਪਰ ਬਲਵਾਨ ਕਾਵਿ ਪਰੰਪਰਾ ਦਾ ਆਗਾਜ਼ ਕਰਨ ਵਿਚ ਉਹ ਇਕ ਬੁਲੰਦ ਸ਼ਾਇਰਾ ਹੈ।

# ਇੰਦਰਜੀਤ ਸਿੰਘ ਪੱਡਾ: ਮਾਈਕ ਤੋਂ ਕਲਮ ਵੱਲ

ਪੰਜਾਬੀ ਖੇਡ ਸਾਹਿਤ

19



ਪ੍ਰਿੰ. ਸਰਵਣ ਸਿੰਘ
ਫੋਨ: 91-94651-01651

ਇੰਦਰਜੀਤ ਸਿੰਘ ਪੱਡਾ ਕਬੱਡੀ ਕੁਮੈਂਟੇਟਰਾਂ ਵਿਚ ਉੱਘਾ ਨਾਂ ਹੈ। ਉਹ ਦੇਸ਼ ਤੋਂ ਬਾਹਰ ਵਿਦੇਸ਼ਾਂ ਵਿਚ ਵੀ ਕਬੱਡੀ ਮੈਚਾਂ ਦੀ ਕੁਮੈਂਟਰੀ ਕਰਦਾ ਰਹਿੰਦਾ ਹੈ, ਜਿਸ ਕਰਕੇ ਇੰਟਰਨੈਸ਼ਨਲ ਕੁਮੈਂਟੇਟਰ ਵੱਜਦਾ ਹੈ। ਕਿੱਤੇ ਵਜੋਂ ਲੈਕਚਰਾਰ ਸੀ ਤੇ ਸ਼ੌਕ ਵਜੋਂ ਸਾਹਿਤ ਰਸੀਆ। ਉਹਦੀ ਅਵਾਜ਼ ਵਿਚ ਦਮ ਹੈ ਤੇ ਲਿਖਤ ਵਿਚ ਜਾਨ। ਲਿਖਦਾ ਹੈ: ਮੇਰਾ ਜਨਮ ਮਈ ਮਹੀਨੇ ਦੀ 23 ਤਰੀਕ ਸੰਨ 1962 ਦਾ ਹੈ। ਮੇਰੀ ਪੜਦਾਦੀ ਕਹਿੰਦੀ ਹੁੰਦੀ ਸੀ, "ਜਿੱਦਣ ਮੇਰੇ ਪੋਤੇ ਦੀਦਾਰ ਸਿਹੁੰ ਦੇ ਘਰ ਮੁੰਡਾ ਹੋਇਆ, ਮੈਂ ਖੁਸ਼ੀ ਵਿਚ ਕੋਠੇ ਤੋਂ ਛਾਲ ਮਾਰਨੀ ਹੈ।" ਪੜਦਾਦੀ ਨੇ ਪਤਾ ਨਹੀਂ ਛਾਲ ਮਾਰੀ ਕਿ ਨਹੀਂ, ਪਰ ਟੱਬਰ ਨੇ ਚਿੰਤਾ ਦਾ ਟੋਆ ਜਿਵੇਂ ਛਾਲ ਮਾਰ ਕੇ ਟੱਪ ਲਿਆ ਸੀ। ਅਸਲ ਵਿਚ ਭਾਪਾ ਜੀ ਦਾ ਵਿਆਹ ਲੇਟ ਹੋਇਆ ਸੀ, ਕਿਉਂਕਿ ਵੇਖਣ ਵਾਲੇ ਮੁੰਡੇ ਦੇ ਹਿੱਸੇ ਆਉਂਦੇ ਸਿਆੜ ਵੀ ਗਿਣਦੇ ਸਨ, ਜਿਹੜੇ ਸਾਡੇ ਕੋਲ ਉਂਗਲਾਂ 'ਤੇ ਗਿਣਨ ਜੋਗੇ ਹੀ ਸਨ। ਮੇਰੇ ਭਾਪਾ ਜੀ ਖੇਤਾਂ ਦੇ ਸਾਧੂ ਸਨ। ਛੋਟੀ ਕਿਸਾਨੀ ਨਾਲ ਵੱਡੇ ਟੱਬਰ ਦੇ ਮੂੰਹ ਰਿਜ਼ਕ ਪਾਉਣ ਵਾਲੇ।



*ਇੰਦਰਜੀਤ ਸਿੰਘ ਪੱਡਾ*

ਮੈਂ ਛੇਵੀਂ ਜਮਾਤ ਵਿਚ ਪੜ੍ਹਦਾ ਸਾਂ, ਜਦੋਂ ਮੇਰੇ ਬੀਜੀ ਸਾਨੂੰ ਨਿੱਕਿਆਂ ਨਿੱਕਿਆਂ ਨੂੰ ਹੀ ਸਦੀਵੀ ਵਿਛੋੜਾ ਦੇ ਗਏ। ਬੀਜੀ ਦੇ ਜਾਣ ਨਾਲ ਸਾਡੀ ਜ਼ਿੰਦਗੀ ਦੀ ਬਾਂਸੁਰੀ ਬੇਸੁਰ ਹੋ ਗਈ। ਵੱਡੀ ਭੈਣ ਨੇ ਨੌਂਵੀਂ ਜਮਾਤ 'ਚੋਂ ਹਟ ਕੇ ਮਾਂ ਵਾਲਾ ਫਰਜ਼ ਸੰਭਾਲ ਲਿਆ। ਮੇਰੇ ਤੋਂ ਛੋਟੀਆਂ ਚਾਰ ਭੈਣਾਂ, ਦੋ-ਦੋ ਸਾਲ ਦੇ ਫਰਕ ਨਾਲ ਛੋਟੀਆਂ ਸਨ। ਸਭ ਤੋਂ ਛੋਟੀ ਛੇ ਮਹੀਨੇ ਦੀ ਸੀ, ਉਸ ਨੂੰ ਸਾਡੀ ਮਾਸੀ ਆਪਣੀ ਧੀ ਬਣਾ ਕੇ ਲੈ ਗਈ। ਸਾਡੇ ਟੱਬਰ ਨੂੰ ਦੁਖੀ ਹਾਲਤ ਦੇਖ ਕੇ ਹਰੇਕ ਦੀ ਅੱਖ ਰੋਂਦੀ ਸੀ।

ਮੈਂ ਨਿੱਕਾ ਹੁੰਦਾ ਕੜੇ ਵਾਲੀ ਪਿੱਤਲ ਦੀ ਗਲਾਸੀ ਦੇ ਥੱਲੇ ਨੂੰ ਰੱਸੀ ਬੰਨ੍ਹ ਕੇ ਦੂਜੇ ਸਿਰੇ ਤੋਂ ਸਪੀਕਰ ਸਮਝ ਕੇ ਬੋਲਦਾ ਸੀ। ਛੇਵੀਂ-ਸੱਤਵੀਂ 'ਚ ਪੜ੍ਹਦਿਆਂ ਗੁਰਦੁਆਰੇ ਦੇ ਸਪੀਕਰ ਤੋਂ ਪਾਠ ਕਰਨ ਲੱਗ ਪਿਆ ਸਾਂ। ਸ਼ਾਇਦ ਰੱਬ ਨੇ ਮੇਰੀ ਪਾਠ ਕਰਨ ਦੀ ਸੇਵਾ ਕਬੂਲ ਕਰ ਲਈ ਕਿ ਅੱਜ ਤੱਕ ਮਾਈਕ ਨਾਲ ਯਾਰੀ ਨਿਭੀ ਜਾਂਦੀ ਹੈ। ਦਸਵੀਂ ਮੈਂ ਸਰਕਾਰੀ ਹਾਈ ਸਕੂਲ ਲੱਖਣ ਕੇ ਪੱਡੇ ਤੋਂ ਪਾਸ ਕੀਤੀ। ਸ਼ਰੀਕੇ ਭਾਈਚਾਰੇ ਨੇ ਮੇਰੇ ਭਾਪਾ ਜੀ ਨੂੰ ਸਲਾਹ ਦਿੱਤੀ, "ਤੁਹਾਡੀ ਕਬੀਲਦਾਰੀ ਵੱਡੀ ਹੈ, ਹੋਰ ਪੜ੍ਹਾਉਣ ਦਾ ਕੋਈ ਫਾਇਦਾ ਨਹੀਂ, ਨੌਕਰੀ ਕੋਈ ਮਿਲਣੀ ਨਹੀਂ, ਮੁੰਡੇ ਨੂੰ ਕਿਸੇ ਕੰਮ 'ਤੇ ਲਾ ਦਿਓ।" ਪਰ ਮੇਰਾ ਮਨ ਹੋਰ ਪੜ੍ਹਨ ਨੂੰ ਕਰਦਾ ਸੀ, ਉਹ ਵੀ ਸੋਲਾਂ ਜਮਾਤਾਂ। ਸੁਪਨਾ ਵੱਡਾ ਸੀ।

ਮੈਨੂੰ ਯਾਦ ਹੈ, ਮੈਂ ਕਾਲਜ ਦਾਖਲ ਹੋਣ ਲਈ ਤਰਲੇ ਕਰਦਾ ਰੋ ਪਿਆ ਸਾਂ। ਭਾਪਾ ਜੀ ਨੇ ਦਿਲਾਸਾ ਦਿੱਤਾ ਅਤੇ ਮੇਰੇ ਨਾਲ ਵਾਅਦਾ ਕੀਤਾ ਕਿ ਉਹ ਮੈਨੂੰ 14 ਜਮਾਤਾਂ ਤੱਕ ਪੜ੍ਹਾ ਦੇਣਗੇ। ਮੈਂ ਸ਼ੁਕਰ ਕੀਤਾ। ਮੇਰਾ ਮਨ ਖੁਸ਼ ਸੀ। ਮੈਨੂੰ ਏਨੀ ਖੁਸ਼ੀ ਦਸਵੀਂ ਪਾਸ ਕਰਨ ਦੀਆਂ ਵਧਾਈਆਂ ਦੀ ਨਹੀਂ ਸੀ ਹੋਈ, ਜਿੰਨੀ ਅੱਗੇ ਪੜ੍ਹਾਉਣ ਦੇ ਵਾਇਦੇ ਦੀ ਹੋਈ।

ਕਾਲਜ ਦੀ ਪੜ੍ਹਾਈ ਦੌਰਾਨ ਕਵਿਤਾ ਉਚਾਰਨ ਮੁਕਾਬਲਿਆਂ ਲਈ, ਭਾਸ਼ਣਾਂ ਲਈ, ਕਾਲਜ ਆਏ ਮਹਿਮਾਨਾਂ ਨੂੰ ਜੀ ਆਇਆਂ ਕਹਿਣ ਲਈ ਮਾਈਕ ਮੈਨੂੰ ਉਡੀਕਦਾ ਰਹਿੰਦਾ। ਜਿਉਂਦੇ ਰਹਿਣ ਪ੍ਰੋਫੈਸਰ ਜਗੀਰ ਸਿੰਘ ਜਿਨ੍ਹਾਂ ਮੈਨੂੰ ਸਟੇਜਾਂ 'ਤੇ ਚੜ੍ਹਾਇਆ। 1987 ਵਿਚ ਮੈਨੂੰ ਨਿੱਕੀ ਜਿਹੀ ਸਰਕਾਰੀ ਨੌਕਰੀ ਮਿਲ ਗਈ, ਜਿਸ ਨਾਲ ਮੇਰਾ ਹੌਸਲਾ ਵੱਡਾ ਸਾਰਾ ਬਣ ਗਿਆ। ਮੈਂ ਸੱਚ-ਮੁੱਚ ਆਪਣੇ ਪੈਰਾਂ 'ਤੇ ਹੋ ਗਿਆ ਤੇ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਭਾਪਾ ਜੀ ਦੀ ਬਾਂਹ ਬਣ ਗਿਆ। ਇਨ੍ਹੀਂ ਦਿਨੀਂ ਏਧਰੋਂ ਓਧਰੋਂ ਹੱਥ-ਹੁਧਾਰ ਕਿਤਾਬਾਂ ਲੈ ਕੇ ਮੈਂ ਐੱਮ. ਏ. ਪੰਜਾਬੀ ਪ੍ਰਾਈਵੇਟ ਤੌਰ 'ਤੇ ਕਰ ਕੇ ਆਪਣੇ ਸੋਲਾਂ ਜਮਾਤਾਂ ਪੜ੍ਹਨ ਦੇ ਸੁਪਨੇ ਨੂੰ ਸਾਕਾਰ ਕਰ ਲਿਆ। 1989 ਵਿਚ ਮੈਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਕਾਰਸਪੌਂਡੈਂਟ ਰਾਹੀਂ ਬੀ. ਐੱਡ. ਕਰ ਲਈ।

1997 ਵਿਚ ਮੈਂ ਬਤੌਰ ਪੰਜਾਬੀ ਅਧਿਆਪਕ ਆਪਣੇ ਪਿੰਡ ਵਾਲੇ ਸਕੂਲ, ਜਿਥੋਂ ਮੈਂ ਦਸਵੀਂ ਪਾਸ ਕੀਤੀ ਸੀ, ਉਥੇ ਆਣ ਹਾਜ਼ਰੀ ਲਾਈ। 2016 ਵਿਚ ਮੇਰੀ ਪ੍ਰਮੋਸ਼ਨ ਬਤੌਰ ਪੰਜਾਬੀ ਲੈਕਚਰਾਰ ਹੋ ਗਈ, 2020 ਵਿਚ ਮੈਂ ਰਿਟਾਇਰ ਹੋਇਆ। ਅਧਿਆਪਕ ਕਿੱਤੇ ਦੇ ਨਾਲ ਸਾਹਿਤ ਪੜ੍ਹਨਾ, ਸਕੂਲ ਵਿਚ ਸਭਿਆਚਾਰਕ ਗਤੀਵਿਧੀਆਂ, ਸਭਿਆਚਾਰਕ ਮੇਲੇ ਦੇਖਣੇ ਮੈਨੂੰ ਧੂਹ ਪਾਉਂਦੇ। ਮੇਰੇ ਵਿਦਿਆਰਥੀਆਂ ਨੇ ਸਟੇਟ ਪੱਧਰ ਤੱਕ ਦੇ ਸੱਭਿਆਚਾਰਕ ਮੁਕਾਬਲਿਆਂ ਵਿਚ ਪਹੁੰਚ ਕੇ ਸਕੂਲ ਤੇ ਇਲਾਕੇ ਦਾ ਨਾਂ ਰੌਸ਼ਨ ਕਰਨ ਦੇ ਨਾਲ ਮੇਰੀ ਰੂਹ ਵੀ ਸਰਸ਼ਾਰ ਕੀਤੀ। ਆਪਣੇ ਮਹਿਕਮੇ ਦੀਆਂ ਸਟੇਟ ਪੱਧਰ ਦੀਆਂ ਸਟੇਜਾਂ ਦੇ ਸੰਚਾਲਨ ਲਈ ਮੈਨੂੰ ਦੋ ਮਹੀਨੇ ਪਹਿਲਾਂ ਹੀ ਨਿਉਂਦਾ ਆ ਜਾਂਦਾ ਸੀ। ਸੱਭਿਆਚਾਰਕ ਮੁਕਾਬਲਿਆਂ ਦੀ ਜੱਜਮੈਂਟ ਪੈਨਲ ਵਿਚ ਮੇਰਾ ਨਾਂ ਪੱਕੇ ਤੌਰ 'ਤੇ ਸ਼ਾਮਿਲ ਸੀ।

ਗੁਆਂਢੀ ਕਸਬੇ ਨਡਾਲੇ ਦੇ ਕਬੱਡੀ ਟੂਰਨਾਮੈਂਟ 'ਚ ਪ੍ਰੋ. ਮੱਖਣ ਸਿੰਘ ਹਕੀਮਪੁਰ ਦੀ ਕੁਮੈਂਟਰੀ ਸੁਣ ਕੇ ਮਨ ਵਿਚ ਕੁਮੈਂਟਰੀ ਕਰਨ ਦੀ ਤਰੰਗ ਉੱਠੀ ਤਾਂ ਰਿਆਜ਼ ਕਰ ਕੇ ਇਸ ਰਾਹੇ ਪੈ ਗਿਆ। ਕਬੱਡੀ ਦੀ ਕੁਮੈਂਟਰੀ ਨੇ ਮੈਨੂੰ ਚੋਖੀ ਪਛਾਣ ਦਿੱਤੀ। ਹਵਾਈ ਜਹਾਜਾਂ 'ਤੇ ਚੜ੍ਹਨ ਦੇ ਝੂਟੇ ਮਿਲੇ। ਖੇਡ ਸਾਹਿਤ ਪੜ੍ਹਦਿਆਂ ਪ੍ਰਿੰ. ਸਰਵਣ ਸਿੰਘ ਦੀਆਂ ਖੇਡ ਲਿਖਤਾਂ ਨੇ ਮੇਰੇ ਹੱਥ ਕਲਮ ਫੜਾ ਦਿੱਤੀ। ਮਾਂ-ਬੋਲੀ ਪੰਜਾਬੀ ਦੇ ਸ਼ਬਦਾਂ ਨੇ ਬੜਾ ਮਾਣ ਬਖਸ਼ਿਆ। ਇਹ ਮਾਣ ਪੰਜਾਬੀ ਦਾ ਹੈ, ਜਿਸ ਬਾਰੇ ਕਦੇ ਮਰਹੂਮ ਸ਼ਾਇਰ ਕੰਵਰ ਇਮਤਿਆਜ਼ ਨੇ ਲਿਖਿਆ ਸੀ:

ਬਾਣੀ ਮੈਂ ਫਰੀਦ ਜੀ ਦੀ
ਸੁਖਨ ਮੀਆਂ ਵਾਰਸੇ ਦਾ,
ਬੁੱਲ੍ਹੇ ਦੀ ਸਾਰੰਗੀ ਮੈਂ
ਮਿੱਠੀ ਮਿੱਠੀ ਤਾਨ ਹਾਂ।
ਹਾਸ਼ਮ ਦੀ ਹੇਕ ਹਾਂ ਮੈਂ
ਪੀਲੂ ਜੀ ਦੀ ਆਤਮਾ,
ਸੱਚੀ-ਮੁੱਚੀ ਹੀਰਿਆਂ ਤੇ
ਮੋਤੀਆਂ ਦੀ ਖਾਣ ਹਾਂ।
ਮੈਂ ਹਾਂ ਸੁਹਾਗ ਬੋਲੀ
ਗੌਣ ਹਾਂ ਮੈਂ ਗਿੱਧਿਆਂ ਦੀ,
ਪੀੜ੍ਹਾ ਡਾਹੀ ਬੈਠੀ
ਵਿਹੜੇ ਪੰਜਾਬਣ ਰਕਾਨ ਹਾਂ।
ਸਹੁੰ ਮੈਨੂੰ ਲੱਗੇ ਮੀਆਂ
ਰਾਂਝਣੇ ਦੀ ਵੰਝਲੀ ਦੀ,
ਮੈਂ ਹਾਂ ਪੰਜਾਬੀ ਤੇ
ਪੰਜਾਬ ਦੀ ਜ਼ੁਬਾਨ ਹਾਂ...।

—

ਪੇਸ਼ ਹਨ, ਉਹਦੇ ਉਲੀਕੇ ਦੋ ਸ਼ਬਦ ਚਿੱਤਰਾਂ ਦਾ ਸਾਰ:

## ਆਇਆ ਪ੍ਰੀਤਾ ਗਿਆ ਪ੍ਰੀਤਾ

ਜਿਵੇਂ ਵਾਰਿਸ ਦਾ ਕਿੱਸਾ 'ਹੀਰ' ਮਸ਼ਹੂਰ ਹੈ, ਜਗਰਾਵਾਂ ਦੀ ਰੌਸ਼ਨੀ ਤੇ ਬੱਬੇਹਾਲੀ ਦੀ ਛਿੰਝ ਹੈ, ਇਵੇਂ ਕਬੱਡੀ ਜਗਤ ਵਿਚ ਪ੍ਰੀਤੇ ਦਾ ਨਾਂ ਮਸ਼ਹੂਰ ਹੈ। ਕੋਈ ਵੇਲਾ ਸੀ ਜਦੋਂ ਪਿੰਡਾਂ ਦੀਆਂ ਸੱਥਾਂ ਵਿਚ 'ਪ੍ਰੀਤਾ-ਪ੍ਰੀਤਾ' ਹੁੰਦੀ ਸੀ। ਪ੍ਰੀਤੇ ਦਾ ਨਾਂ ਮੈਂ ਪਹਿਲੀ ਵਾਰ ਆਪਣੇ ਬਾਪੂ ਦੇ ਮੂੰਹੋਂ ਸੁਣਿਆ ਸੀ। ਉਦੋਂ ਮੈਂ ਛੇਵੀਂ ਜਮਾਤ ਵਿਚ ਪੜ੍ਹਦਾ ਸਾਂ। ਕਬੱਡੀ ਟੂਰਨਾਮੈਂਟਾਂ ਉਤੇ ਲੋਕਾਂ ਨੇ ਕੱਪੜੇ ਲਾਹੁੰਦੇ ਖਿਡਾਰੀਆਂ ਕੋਲ ਖੜ੍ਹ ਜਾਣਾ। ਭੀੜ ਵਿਚੋਂ ਅਵਾਜ਼ਾਂ ਆਉਣੀਆਂ, "ਅਹੁ ਆ ਪ੍ਰੀਤਾ, ਅੱਜ ਸਵਾਦ ਆਊ ਮੈਚ ਦੇਖਣ ਦਾ।" ਲੋਕਾਂ ਨੇ ਸਾਹ ਰੋਕ ਕੇ ਕਬੱਡੀ ਦੇਖਣੀ।

ਪ੍ਰੀਤੇ ਨੇ ਜਦੋਂ ਕੌਡੀ ਪਾਉਣੀ, ਪਹਿਲਾਂ ਸੂਰਜ ਵੱਲ ਦੇਖਣਾ, ਫਿਰ ਸੱਜੀ ਕੰਨੀਉਂ ਧਾਵਾ ਬੋਲਣਾ, ਜਿਵੇਂ ਕਹਿੰਦੇ ਹੁੰਦੇ ਆ, 'ਬੱਦਲ ਉਠਿਆ ਟਿੱਲਿਉਂ, ਗਾਂ ਮਹਿੰ ਨਾ ਖੁੱਲ੍ਹੇ ਕਿੱਲਿਉਂ।' ਜਾਫੀਆਂ ਨੂੰ ਭਾਜੜਾਂ ਪੈ ਜਾਣੀਆਂ, ਪੈਰ ਜ਼ਮੀਨ 'ਤੇ ਨਾ ਲੱਗਣੇ, ਧੌਲੋਂ-ਧੌਲੀਂ ਹੋਣਾ। ਦਰਸ਼ਕਾਂ ਦਾ ਵੱਖ ਜ਼ੋਰ ਲੱਗਣਾ। ਦੇਖਣ ਵਾਲਿਆਂ ਵਿਚੋਂ ਕਈਆਂ ਨੇ ਆਪ ਹੀ ਦੋ-ਦੋ ਫੁੱਟ ਪਿੱਛੇ ਖਿਸਕੀ ਜਾਣਾ। ਜਦੋਂ ਮਗਰਲੇ ਨੇ ਕਹਿਣਾ, "ਦੇਖੀਂ ਭਰਾਵਾ, ਸਾਡੇ 'ਤੇ ਕਿਉਂ ਚੜ੍ਹੀ ਜਾਨਾਂ" ਤਾਂ ਕਿਤੇ ਉਹਨੇ ਥਾਂ ਸਿਰ ਹੋਣਾ। ਇਹ ਹਾਲ ਸੀ, ਪ੍ਰੀਤੇ ਦੀ ਕਬੱਡੀ ਦੇ ਚਹੇਤਿਆਂ ਦਾ।

ਪ੍ਰੀਤਮ ਸਿੰਘ ਨਡਾਲੀਏ ਦਾ ਜਨਮ 15 ਜਨਵਰੀ 1944 ਨੂੰ ਪਿੰਡ ਡਸਕਾ, ਜਿਲਾ ਸਿਆਲਕੋਟ ਵਿਚ ਪਿਤਾ ਲਾਭ ਸਿੰਘ ਅਤੇ ਮਾਤਾ ਜਿੰਦ ਕੌਰ ਦੇ ਘਰ ਹੋਇਆ। ਉਹ ਤਿੰਨ ਭਰਾ ਸਨ। ਉਨ੍ਹਾਂ ਦਾ ਪਰਿਵਾਰ ਪਹਿਲਵਾਨਾਂ ਦੇ ਪਰਿਵਾਰ ਵਜੋਂ ਜਾਣਿਆ ਜਾਂਦਾ ਸੀ। ਪ੍ਰੀਤੇ ਦੇ ਤਾਏ ਗੰਡਾ ਸਿੰਘ ਦਾ ਲੜਕਾ ਸੁੰਦਰ ਸਿੰਘ ਇਲਾਕੇ ਦਾ ਨਾਮੀ ਪਹਿਲਵਾਨ ਸੀ। ਵੇਲਣੇ ਦੀਆਂ ਗੋਗੜਾਂ ਨਾਲ ਦੋ-ਦੋ ਹੱਥ ਕਰਨੇ ਤੇ ਡੰਡ ਬੈਠਕਾਂ ਕੱਢਣੀਆਂ, ਉਹਦਾ ਨਿੱਤ ਨੇਮ ਸੀ। ਬਾਲਕ ਪ੍ਰੀਤੇ ਨੇ ਸਰੀਰ ਸਾਧਨਾ ਦੇ ਇਸ ਸਬਕ ਨੂੰ ਨਿੱਕੇ ਹੁੰਦਿਆਂ ਹੀ ਦੇਖ-ਦੇਖ ਕੇ ਰਟ ਲਿਆ ਸੀ।

ਸੰਨ ਸੰਤਾਲੀ ਦੇ ਰੌਲਿਆਂ ਨੇ ਨਿੱਕੇ ਪ੍ਰੀਤੇ ਨੂੰ ਪਰਿਵਾਰ ਨਾਲ ਨਡਾਲੇ ਲੈ ਆਂਦਾ। ਬਾਪ ਦੀ ਅੱਸੀ ਕਿੱਲੇ ਵਾਹੀ ਸੀ, ਪਰ ਇਧਰ ਆ ਕੇ ਪੈਂਤੀ ਕਿੱਲੇ ਰਹਿ ਗਈ। ਨਾਲੇ ਵੰਡ ਦਾ ਦੁਖ ਹੰਢਾਇਆ, ਨਾਲੇ ਅੱਧਾ ਘਰ ਗੁਆਇਆ। ਸਿਆਣੇ ਕਹਿੰਦੇ ਹਨ, 'ਉਦਮ ਅੱਗੇ ਲੱਛਮੀ, ਪੱਖੇ ਅੱਗੇ ਪੌਣ', ਪਰਿਵਾਰ ਦੀ ਕਰੜੀ ਮਿਹਨਤ ਨੇ ਮੁੜ ਉਹੀ ਦਿਨ ਮੋੜ ਦਿੱਤੇ।

ਮਾਸਟਰ ਅਮਰ ਸਿੰਘ ਨੇ ਪ੍ਰੀਤਮ ਅੰਦਰ ਲੁਕੇ ਖਿਡਾਰੀ ਨੂੰ ਪਛਾਣ ਲਿਆ। ਜਿਵੇਂ ਲੁਹਾਰ ਲੋਹੇ ਨੂੰ ਤਾਅ ਕੇ ਚੰਡਦਾ ਹੈ, ਇਵੇਂ ਮਾਸਟਰ ਜੀ ਨੇ ਪ੍ਰੀਤਮ ਸਿੰਘ ਨੂੰ ਅਭਿਆਸ ਦੀ ਭੱਠੀ ਵਿਚ ਤਾਅ ਕੇ ਪ੍ਰੀਤਮ ਤੋਂ 'ਪ੍ਰੀਤਾ ਨਡਾਲੀਆ' ਬਣਾ ਦਿੱਤਾ। ਇਹ ਗੱਲ 1960 ਦੀ ਹੈ। ਜਿਲਾ ਪੱਧਰ ਦਾ ਸਕੂਲੀ ਮੈਚ ਸੀ। ਮੈਚ ਕਾਹਦਾ, ਸਾਨ੍ਹ ਭਿੜਨੇ ਸਨ। ਪ੍ਰੀਤੇ ਦੀ ਵਿਰੋਧੀ ਟੀਮ ਵਿਚ ਮੋਹਣਾ ਦੋਲੋ ਨੰਗਲੀਆ ਤੇ ਨੱਥਾ ਵਜ਼ੀਰ ਭੁੱਲਰ, ਦੋਵੇਂ ਖਿਡਾਰੀ ਵਡੇਰੀ ਉਮਰ ਦੇ ਲਏ ਗਏ। ਰੱਟਾ ਪੈ ਗਿਆ। ਗੱਲ ਕਿਸੇ ਪਾਸੇ ਨਾ ਲੱਗੇ। ਵਿਰੋਧੀ ਟੀਮ ਦੋਹਾਂ ਖਿਡਾਰੀਆਂ ਨੂੰ ਖਿਡਾਉਣ ਲਈ ਬਜ਼ਿੱਦ ਸੀ। ਆਤਮ-ਵਿਸ਼ਵਾਸ ਕਹਿ ਲਉ ਜਾਂ ਜ਼ੋਰ ਬੇਸ਼ਰਮ ਕਹਿ ਲਉ, ਪ੍ਰੀਤਾ ਮੰਨ ਗਿਆ। ਉਦੋਂ ਪ੍ਰੀਤੇ ਦੀ ਟੀਮ ਵਿਚ ਪਿੰਦਰ ਨਿਹਾਲਗੜ੍ਹੀਆ ਜਾਫੀ ਸੀ। ਪਿਆਰਾ ਗਿੱਲ ਤੇ ਧੀਰਾ ਘੁੰਮਣ ਨਡਾਲੀਆ ਰੇਡਰ ਸਨ। ਮੈਚ ਦੇਖਣ ਲਈ ਪਾੜ੍ਹਿਆਂ ਦਾ ਹੜ੍ਹ ਆਇਆ ਹੋਇਆ ਸੀ। ਪਹਿਲੇ ਅੱਧ ਵਿਚ ਪ੍ਰੀਤੇ ਦੀ ਟੀਮ ਨੇ 18 ਨੰਬਰ ਲਏ ਅਤੇ ਵਿਰੋਧੀ ਟੀਮ ਨੇ 6 ਨੰਬਰ, ਦੂਜੇ ਅੱਧ ਵਿਚ ਵੀ ਵਿਰੋਧੀ ਟੀਮ 6 ਦਾ ਅੰਕੜਾ ਪਾਰ ਨਾ ਕਰ ਸਕੀ ਤੇ ਪ੍ਰੀਤੇ ਹੁਰਾਂ ਨੇ 43 ਅੰਕ ਲੈ ਕੇ ਮੈਚ ਜਿੱਤ ਲਿਆ।

ਉਹਦੇ ਮੁਢਲੇ ਮੈਚਾਂ ਵਿਚੋਂ ਇਕ ਮੈਚ ਅੱਜ ਵੀ ਲੋਕਾਂ ਦੇ ਚੇਤਿਆਂ ਵਿਚ ਵਸਿਆ ਹੋਇਐ। ਇਹ ਮੈਚ ਨਡਾਲੇ ਲਾਗੇ ਪਿੰਡ ਦਮੂਲੀਆ ਵਿਚ ਹੋਇਆ ਸੀ। ਫੈਸਲਾ ਹੋਇਆ ਕਿ ਨਡਾਲੇ ਤੋਂ ਬੇਗੋਵਾਲ ਵੱਲ ਦੇ ਖਿਡਾਰੀ ਇਕ ਪਾਸੇ ਅਤੇ ਲੱਖਣ ਕੇ ਪੱਡੇ ਵੱਲ ਦੇ ਖਿਡਾਰੀ ਦੂਜੇ ਪਾਸੇ ਖੇਡਣਗੇ। ਮੈਚ ਵਾਲੇ ਦਿਨ ਛਪਾਰ ਦੇ ਮੇਲੇ ਵਾਂਗ ਇਕੱਠ ਹੋ ਗਿਆ। ਮੈਦਾਨ ਵਿਚ ਢੋਲ ਵੱਜ ਰਿਹਾ ਸੀ। ਪ੍ਰੀਤੇ ਨੇ ਆਪਣੇ ਨਾਲ ਬਲਦੇਵ ਤਲਵੰਡੀ ਤੇ ਪਾਲੂ ਧਾਲੀਵਾਲ ਹੋਰੀਂ ਰੇਡਰ ਲੈ ਲਏ। ਬਿੰਦੀ ਢਿੱਲਵਾਂ ਤੇ ਗਿੰਦੀ ਪੱਡਾ ਜਾਫੀ ਹੋ ਗਏ। ਵਿਰੋਧੀ ਟੀਮ ਦੇ ਜਾਫੀਆਂ ਵਿਚ ਸ਼ਿਵਦੇਵ ਨਾਲ ਮਹਿੰਦਰ ਮੋਹਨ ਹੁਰੀਂ ਹੋ ਗਏ। ਨਾਲ ਅਮਰਜੀਤ, ਗੁਰਕੇਵਲ ਤੇ ਬਾਘਾ ਮਿਆਣੀ ਧਾਵੀ ਸਨ। ਮੈਚ ਸ਼ੁਰੂ ਹੋਇਆ। ਦਰਸ਼ਕਾਂ ਦੀਆਂ ਧੜਕਣਾਂ ਤੇਜ਼ ਹੋ ਗਈਆਂ। ਧੂੜਾਂ ਅਸਮਾਨੀਂ ਚੜ੍ਹ ਚੱਲੀਆਂ। ਨਵੇਂ ਖਿਡਾਰੀਆਂ ਦੇ ਹੌਂਸਲੇ ਵਧ ਗਏ। ਅੱਜ ਵੀ ਬਿੰਦੀ ਢਿੱਲਵਾਂ ਇਸ ਮੈਚ ਦਾ ਹਾਲ ਬੜੇ ਚਾਅ ਨਾਲ ਦੱਸਦੈ, "ਭਾਊ ਪ੍ਰੀਤਮ ਦੇ ਹੁੰਦਿਆਂ ਜੋ ਰੇਡਾਂ ਉਦੋਂ ਪਾ ਦਿੱਤੀਆਂ, ਉਹ ਮੀਲ ਪੱਥਰ ਬਣ ਗਈਆਂ। ਪ੍ਰੀਤਮ ਦੀ ਰਹਿਨੁਮਾਈ ਨੇ ਸਾਰੇ ਡਰ ਭਉ ਲਾਹ ਦਿੱਤੇ।" ਸਾਥੀ ਖਿਡਾਰੀ ਪ੍ਰੀਤਮ ਦੀ ਵਡਿਆਈ ਇਸ ਕਰਕੇ ਵੀ ਕਰਦੇ ਹਨ ਕਿ ਉਸ ਨੇ ਨਵੇਂ ਖਿਡਾਰੀਆਂ ਨੂੰ ਗਰਾਊਂਡ ਵਿਚ ਆਉਣ ਦੇ ਪੂਰੇ ਮੌਕੇ ਦਿੱਤੇ। ਜਿਵੇਂ ਕੋਈ ਬਾਪ ਉਂਗਲ ਫੜਾ ਕੇ ਬਾਲ ਨੂੰ ਤੁਰਨਾ ਸਿਖਾਉਂਦਾ ਹੈ, ਉਵੇਂ ਉਸ ਨੇ ਨਵੇਂ ਖਿਡਾਰੀਆਂ ਨੂੰ ਖੇਡਣ ਲਾਇਆ।

ਲੋਕ ਦੱਸਦੇ ਆ, ਬਈ ਸੁਲਤਾਨਪੁਰ ਲੋਧੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ 'ਤੇ ਜਲੰਧਰ ਤੇ ਕਪੂਰਥਲੇ ਦੀਆਂ ਟੀਮਾਂ ਵਿਚਕਾਰ ਮੈਚ ਫਸ ਗਿਆ। ਦੋਵੇਂ ਟੀਮਾਂ ਦੇ ਖਿਡਾਰੀ ਲੋਕਾਂ ਦੇ ਦੇਖੇ-ਪਰਖੇ ਸਨ। ਸਟੇਡੀਅਮ ਵਿਚ ਤਿਲ ਸੁੱਟਣ ਦੀ ਥਾਂ ਨਹੀਂ ਸੀ। ਮੈਚ ਦਾ ਅੱਧਾ ਸਮਾਂ ਹੋ ਚੁਕਾ ਸੀ, ਜਦੋਂ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਸਟੇਜ 'ਤੇ ਪੁੱਜੇ। ਅਨਾਊਂਸਮੈਂਟ ਹੋਈ ਕਿ ਦੋਵੇਂ ਟੀਮਾਂ ਦੇ ਖਿਡਾਰੀਆਂ ਨੂੰ ਕਤਾਰਾਂ ਵਿਚ ਖੜ੍ਹਾ ਕਰ ਦਿੱਤਾ ਜਾਵੇ। ਗਿਆਨੀ ਜੀ ਅਸ਼ੀਰਵਾਦ ਦੇਣਗੇ। ਮੈਚ ਰੋਕ ਕੇ ਕਤਾਰਾਂ ਬਣਾ ਦਿੱਤੀਆਂ ਗਈਆਂ। ਸਟੇਜ 'ਤੇ ਸਿਆਸੀ ਭਾਸ਼ਣਬਾਜ਼ੀ ਭਾਰੂ ਹੋ ਗਈ। ਖਿਡਾਰੀਆਂ ਦੇ ਭਖੇ ਜੁੱਸੇ ਠੰਢੇ ਪੈਣ ਲੱਗੇ। ਲੋਕ ਮੈਚ ਦੇਖਣ ਲਈ ਪੱਬਾਂ ਭਾਰ ਸਨ। ਕਾਫੀ ਸਮਾਂ ਲੰਘ ਗਿਆ। ਫਿਰ ਕੀ ਸੀ? ਉਹੀ ਗੱਲ ਹੋਈ ਜਿਹਦਾ ਡਰ ਸੀ। ਜਲੰਧਰ ਦੀ ਟੀਮ ਦਾ ਕਪਤਾਨ ਬੰਸਾ ਲੋਹੀਆਂ ਅਤੇ ਕਪੂਰਥਲਾ ਟੀਮ ਦਾ ਕਪਤਾਨ ਪ੍ਰੀਤਾ ਨਡਾਲੀਆ ਆਪੋ-ਆਪਣੀਆਂ ਟੀਮਾਂ ਲੈ ਕੇ ਮੈਦਾਨੋਂ ਬਾਹਰ ਆ ਗਏ। ਫਿਰ ਸਪੀਕਰ ਵਿਚੋਂ ਕਈ ਵਾਰ ਅਵਾਜ਼ਾਂ ਆਈਆਂ ਕਿ ਮੈਚ ਦਿਖਾਉ ਪਰ ਕੌਣ ਮੰਨਦਾ? ਖਿਡਾਰੀਆਂ ਦਾ ਸਵਾਲ ਸੀ, ਪਈ ਖੇਡ ਪਹਿਲਾਂ ਜਾਂ ਸਿਆਸਤ?

ਨਾਮਵਰ ਖਿਡਾਰੀ ਨਾਲ ਕੋਈ ਨਾ ਕੋਈ ਰੋਚਕ ਕਿੱਸਾ ਜੁੜ ਜਾਂਦਾ ਹੈ, ਜੋ ਦੰਦ ਕਥਾ ਬਣ ਜਾਂਦਾ ਹੈ। ਗੱਲ ਪਟਿਆਲੇ ਹੋਈ 27ਵੀਂ ਕਬੱਡੀ ਚੈਂਪੀਅਨਸ਼ਿਪ ਦੀ ਹੈ। ਮੈਚ ਕਪੂਰਥਲੇ ਤੇ ਫਰੀਦਕੋਟ ਦੀਆਂ ਟੀਮਾਂ ਵਿਚਕਾਰ ਖੇਡਿਆ ਜਾ ਰਿਹਾ ਸੀ। ਉਦੋਂ ਬਲਕਾਰਾ ਹਰਨਾਮਪੁਰੀਆ, ਗਿਆਨੀ ਮੋਠਾਂਵਾਲੀਆ ਤੇ ਬੋਲਾ ਪੱਤੜ ਮੋਢਿਆਂ ਉਤੋਂ ਦੀ ਥੁੱਕਦੇ ਸਨ। ਨਿੰਦੀ ਔਜਲਾ ਤੇ ਭੱਜੀ ਖੀਰਾਂਵਾਲੀਏ ਦੀ ਕੋਈ ਪੇਸ਼ ਨਹੀਂ ਸੀ ਜਾ ਰਹੀ। ਫਰੀਦਕੋਟੀਏ, ਕਪੂਰਥਲੀਆਂ ਨੂੰ ਸੱਜਰੇ ਸ਼ਰੀਕਾਂ ਵਾਂਗ ਟੱਕਰੇ ਸਨ। ਜਾਫੀ ਵੀਰੂ ਤੇ ਸੇਵੀ ਨੇ ਕਪੂਰਥਲੀਏ ਧਾਵੀਆਂ ਦੀ ਅਸਲੋਂ ਮੱਤ ਮਾਰੀ ਛੱਡੀ ਸੀ। ਇਸ ਦੌਰਾਨ ਪ੍ਰੀਤੇ ਨੇ ਕਬੱਡੀ ਪਾਈ। ਸੇਵੀ ਨੇ ਦਸਤਪੰਜਾ ਲਿਆ। ਸੇਵੀ ਰਾਹ ਨਾ ਦੇਵੇ। ਪ੍ਰੀਤਾ ਕਰੇ ਤਾਂ ਕਰੇ ਕੀ? ਅੰਤ ਪ੍ਰੀਤੇ ਨੇ ਸੇਵੀ ਨੂੰ ਬਗਲਾਂ ਭਰ ਉਤਾਂਹ ਚੁੱਕ ਕੇ ਵੀਰੂ 'ਤੇ ਐਸਾ ਸੁੱਟਿਆ ਕਿ ਦੋਹਾਂ ਭਰਾਵਾਂ ਦੇ ਸਿਰ ਪਾਟ ਗਏ। ਲਹੂ ਦੀਆਂ ਤਤੀਰੀਆਂ ਵਹਿ ਤੁਰੀਆਂ...।

1965 ਵਿਚ ਪ੍ਰੀਤਮ ਪੰਜਾਬ ਪੁਲਿਸ ਵਿਚ ਬਤੌਰ ਹੌਲਦਾਰ ਭਰਤੀ ਹੋਇਆ। ਭਰਤੀ ਹੋ ਕੇ ਵੀ ਉਸ ਨੇ ਪੇਂਡੂ ਟੂਰਨਾਮੈਂਟ ਖੇਡਣੇ ਨਾ ਛੱਡੇ। 1966 ਵਿਚ ਉਸ ਨੇ ਜੈਵਲਿਨ ਸੁੱਟਣਾ ਸ਼ੁਰੂ ਕੀਤਾ। 1969 ਵਿਚ ਅਜਮੇਰ ਵਿਖੇ 67.32 ਮੀਟਰ ਨੇਜਾ ਸੁੱਟ ਕੇ ਭਾਰਤ ਦਾ ਨਵਾਂ ਕੌਮੀ ਰਿਕਾਰਡ ਰੱਖਿਆ। ਉਦੋਂ ਗੁਰਬਚਨ ਸਿੰਘ ਰੰਧਾਵੇ ਦਾ ਕੌਮੀ ਰਿਕਾਰਡ 64.09 ਮੀਟਰ ਸੀ। 1971 ਵਿਚ ਉਹ ਸਿੰਗਾਪੁਰ ਪ੍ਰੀ-ਏਸ਼ੀਅਨ ਮੁਕਾਬਲਿਆਂ ਵਿਚ ਗਿਆ। ਉਥੇ ਜੈਵਲਿਨ ਸੁੱਟ ਕੇ ਇੰਡੀਆ ਲਈ ਗੋਲਡ ਮੈਡਲ ਜਿੱਤਿਆ ਅਤੇ ਪਹਿਲਾ ਰਿਕਾਰਡ ਤੋੜਿਆ, ਜੋ ਮਲੇਸ਼ੀਆ ਦੇ ਨਛੱਤਰ ਸਿੰਘ ਦੇ ਨਾਂ ਸੀ। ਜਦੋਂ 'ਜਨ-ਗਣ-ਮਨ' ਦੀ ਧੁਨ ਗੂੰਜੀ ਤਾਂ ਭਾਵਕ ਹੋਏ ਦੀਆਂ ਅੱਖਾਂ ਛਲਕ ਪਈਆਂ।

ਪ੍ਰੀਤਮ ਹੈਂਡਬਾਲ ਦਾ ਖਿਡਾਰੀ ਵੀ ਰਿਹਾ। ਜਦੋਂ 100 ਮੀਟਰ ਦੌੜਦਾ ਤਾਂ ਲੋਕਾਂ ਦੇ ਮੂੰਹ ਅੱਡੇ ਰਹਿ ਜਾਂਦੇ। 400 ਮੀਟਰ ਦੌੜ ਵਿਚ ਉਹ ਪੰਜਾਬ ਪੁਲਿਸ ਦੀ ਰਿਲੇਅ ਟੀਮ ਦਾ ਮੈਂਬਰ ਰਿਹਾ। ਡਿਸਕਸ ਥ੍ਰੋਅ ਵਿਚ ਵੀ ਪੁਜ਼ੀਸ਼ਨਾਂ ਮਾਰਦਾ। ਪ੍ਰੀਤੇ ਵਿਚ ਇੰਨਾ ਜ਼ੋਰ ਤੇ ਹੁਨਰ ਕਿਥੋਂ ਆਇਆ, ਇਹ ਰੱਬ ਹੀ ਜਾਣਦਾ। ਖੇਡ ਲੇਖਕ ਬਲਿਹਾਰ ਸਿੰਘ ਰੰਧਾਵਾ ਲਿਖਦਾ ਹੈ, "ਨੇਜ਼ੇ ਨੂੰ ਉਹ ਸਾਹਾਂ ਤੋਂ ਵੱਧ ਪਿਆਰ ਕਰਦਾ ਸੀ। ਜਿਥੇ ਮੈਚ ਖੇਡਣ ਜਾਂਦਾ, ਨੇਜ਼ਾ ਆਪਣੇ ਨਾਲ ਲੈ ਜਾਂਦਾ, ਗਰਾਊਂਡ ਵਿਚ ਜਾ ਗੱਡਦਾ, ਜਿਵੇਂ ਕੋਈ ਜੇਤੂ ਜਰਨੈਲ ਆਪਣੀ ਜਿੱਤ ਦਾ ਝੰਡਾ ਗੱਡਦਾ ਹੈ।"

1974 ਤੇ 77 ਵਿਚ ਉਹਦੀ ਕਪਤਾਨੀ ਹੇਠ ਭਾਰਤ ਦੀ ਕਬੱਡੀ ਟੀਮ ਇੰਗਲੈਂਡ ਮੈਚ ਖੇਡਣ ਗਈ। ਉਦੋਂ ਸਾਊਥਾਲ ਦੀ ਟੀਮ ਪੂਰੀ ਚੜ੍ਹਾਈ ਵਿਚ ਸੀ। ਹਿੰਮਤ ਸਿੰਘ ਸੋਹੀ ਤੇ ਹਰਪਾਲ ਸਿੰਘ ਬਰਾੜ ਪੂਰੀ ਚੜ੍ਹਤ ਵਿਚ ਸਨ। ਉਸ ਵਕਤ ਜੀਤਾ ਸਿਪਾਹੀ, ਸੱਤਾ ਸਠਿਆਲੀਆ, ਭੱਜੀ ਖੁਰਦਪੁਰੀਆ ਤੇ ਰਸਾਲਾ ਅੰਬਰਸਰੀਆ ਚੋਟੀ ਦੇ ਖਿਡਾਰੀ ਸਨ। ਸੰਨ 1977 ਦੇ ਸਮੇਂ ਨੂੰ ਯਾਦ ਕਰ ਕੇ ਪ੍ਰੀਤਾ ਅੱਜ ਵੀ ਅਰਜਨ ਕੌਂਕੇ, ਫਿੰਡੂ, ਬੋਲਾ ਪੱਤੜ, ਦੇਵੀ ਦਿਆਲ ਤੇ ਭੱਜੀ ਖੀਰਾਂਵਾਲੀਏ ਨੂੰ ਆਪਣੇ ਪੋਟਿਆਂ 'ਤੇ ਗਿਣਦਾ ਹੈ। ਸਰਵਣ ਰਮੀਦੀ ਨੂੰ ਸੀਨੀਅਰ ਖਿਡਾਰੀ ਮੰਨ ਕੇ ਸਤਿਕਾਰ ਦਿੰਦਾ ਹੈ। ਪ੍ਰੀਤੇ ਨੇ ਕਬੱਡੀ ਵਿਚੋਂ ਕਈਆਂ ਵਾਂਗ ਡਾਲਰ ਪੌਂਡ ਨਹੀਂ ਕਮਾਏ। ਕਾਰਾਂ, ਕੋਠੀਆਂ ਤੇ ਪਲਾਟ ਨਹੀਂ ਖਰੀਦੇ। ਪੈਸੇ ਨੂੰ ਉਹ ਹੱਥਾਂ ਦੀ ਮੈਲ ਸਮਝਦਾ ਤੇ ਸਮਾਜ ਸੇਵਾ ਨੂੰ ਪੁੰਨ ਦਾ ਕਾਰਜ। ਉਸ ਨੇ ਸਿਰੜੀ ਮਿਹਨਤ ਕਰ ਕੇ ਆਪਣੇ ਸਾਧੇ ਜੁੱਸੇ ਨਾਲ ਪੰਜਾਬੀਆਂ ਦੀ ਰੂਹ ਨੂੰ ਧੁਰ ਅੰਦਰ ਤਕ ਸਰਸ਼ਾਰ ਕੀਤਾ ਹੈ।

## ਕਬੱਡੀ ਤੇ ਰੱਸਾਕਸ਼ੀ ਦਾ ਸੁਮੇਲ

ਦਰਮਿਆਨੇ ਕੱਦ-ਕਾਠ ਅਤੇ ਗੋਲ ਭਰਵੇਂ ਚਿਹਰੇ ਵਾਲਾ ਹੈ, ਲਹਿੰਬਰ ਸਿੰਘ ਸੰਘਵਾਲ। ਉਹਦੇ ਮੱਥੇ ਦੀਆਂ ਲਕੀਰਾਂ ਵਿਚ ਖੇਡ ਮੈਦਾਨਾਂ ਦੇ ਕਿੱਸੇ ਲਿਖੇ ਪਏ ਹਨ ਅਤੇ ਚੇਤੇ ਵਿਚ ਜਾਂਘੀਏ ਲੰਗੋਟਾਂ ਤੋਂ ਲੈ ਕੇ ਬਲੇਜ਼ਰਾਂ ਤੱਕ ਦੇ ਸਫਰ ਦੀ ਕਹਾਣੀ ਸਾਂਭੀ ਹੋਈ ਹੈ। ਉਹ ਨੱਬੇ ਫੀਸਦੀ ਗੱਲਾਂ ਕਬੱਡੀ ਬਾਰੇ ਹੀ ਕਰਦਾ ਹੈ, ਜਿਹੜੀਆਂ ਰਾਹ ਜਾਂਦਿਆਂ 'ਤੇ ਜਾਦੂ ਧੂੜਦੀਆਂ ਹਨ। ਉਹਦੀ ਮੋਹਣੇ 'ਸੰਘੇ' ਨਾਲ ਮੁੱਢ-ਕਦੀਮ ਦੀ ਯਾਰੀ ਹੈ। ਦੋਵੇਂ ਕਬੱਡੀ ਦੀਆਂ ਗੱਲਾਂ ਦੇ ਧਨੰਤਰ ਹਨ। ਲਹਿੰਬਰ ਚੜ੍ਹਦੀ ਕਲਾ ਵਾਲਾ ਖਿਡਾਰੀ ਅਤੇ ਖੇਡ ਮੈਦਾਨਾਂ ਦਾ ਆਸ਼ਕ ਰਿਹਾ ਹੈ। ਅਜਿਹੇ ਇਨਸਾਨ ਲੋਕ ਚੇਤਿਆਂ ਵਿਚ ਵਸ ਜਾਂਦੇ ਹਨ। ਕਬੱਡੀ ਅਤੇ ਰੱਸਾਕਸ਼ੀ ਵਿਚ ਅਜਿਹਾ ਹੀ ਦਰਵੇਸ਼ ਖਿਡਾਰੀ ਹੈ, ਲਹਿੰਬਰ ਸੰਘਵਾਲ।

ਉਹਦਾ ਜਨਮ ਪਹਿਲੀ ਨਵੰਬਰ, 1963 ਦਾ ਹੈ। ਉਸ ਦਾ ਬਾਪ ਸੁੱਚਾ ਸਿੰਘ ਆਪਣੇ ਨਾਂ ਦੇ ਅਰਥਾਂ ਮੁਤਾਬਿਕ ਸੱਚਾ ਸੁੱਚਾ ਇਨਸਾਨ ਹੈ। ਦਾਦੇ ਤਾਰਾ ਸਿੰਘ ਬਾਰੇ ਲਹਿੰਬਰ ਦੱਸਦਾ ਹੁੰਦਾ ਕਿ ਮੱਸਿਆ ਤੋਂ ਇੱਕ ਦਿਨ ਪਹਿਲਾਂ ਸੰਘਵਾਲੋਂ ਤੁਰ ਪੈਂਦਾ, ਰਾਤ ਗੁਰੂ ਕੀ ਨਗਰੀ ਅੰਮ੍ਰਿਤਸਰ ਪਹੁੰਚਦਾ ਤੇ ਦਰਬਾਰ ਸਾਹਿਬ ਦੇ ਦਰਸ਼ਨ ਦੀਦਾਰੇ ਕਰਨ ਪਿੱਛੋਂ ਪੈਰੀਂ 170 ਕਿਲੋਮੀਟਰ ਦਾ ਪੈਂਡਾ ਮਾਰ ਕੇ ਪਿੰਡ ਮੁੜਦਾ। ਲਹਿੰਬਰ ਨੇ ਕਰਾੜੀ ਸਕੂਲ ਤੋਂ ਅੱਠਵੀਂ ਪਾਸ ਕਰ ਕੀਤੀ। ਨੌਂਵੀਂ ਵਿਚ ਸਪੋਰਟਸ ਸਕੂਲ ਜਲੰਧਰ ਦਾਖਲ ਹੋਇਆ। ਦਸਵੀਂ ਵਿਚ ਉਹ ਸਪੋਰਟਸ ਵਿੰਗ ਰਣਧੀਰ ਸਕੂਲ ਕਪੂਰਥਲੇ ਆ ਗਿਆ। ਸਪੋਰਟਸ ਵਿੰਗ ਵਿਚ ਉਹੀ ਦਾਖਲ ਹੁੰਦਾ ਸੀ, ਜਿਹਦੇ ਡੌਲਿਆਂ ਤੇ ਪੱਟਾਂ ਵਿਚ ਜਾਨ ਹੁੰਦੀ ਸੀ। ਵਿੰਗ ਦੇ ਕੋਚ ਸ਼ੇਰ ਸਿੰਘ ਨੇ ਲਹਿੰਬਰ ਨੂੰ ਮਿਹਨਤ ਦੀ ਮਧਾਣੀ ਨਾਲ ਰਿੜਕ ਕੇ ਕਬੱਡੀ ਦੇ ਮੱਖਣ ਦਾ ਪੇੜਾ ਬਣਾ ਦਿੱਤਾ। 1979 ਵਿਚ ਅੰਤਰ ਜਿਲਾ ਜਲੰਧਰ ਨੈਸ਼ਨਲ ਸਟਾਈਲ ਕਬੱਡੀ ਵਿਚ ਉਨ੍ਹਾਂ ਦੀ ਟੀਮ ਰਨਰ ਅੱਪ ਰਹੀ। 1980 'ਚ ਅੰਮ੍ਰਿਤਸਰ ਵਿਚ ਫਿਰ ਰਨਰ ਅੱਪ। 1981 ਵਿਚ ਪੰਜਾਬ ਦੇ ਸਾਰੇ ਜਿਲੇ, ਮਾਲਵੇ ਦੇ ਬਠਿੰਡਾ ਸ਼ਹਿਰ ਵਿਚ ਭਿੜੇ। ਫਾਈਨਲ ਮੁਕਾਬਲੇ ਵਿਚ ਸਪੋਰਟਸ ਵਿੰਗ ਕਪੂਰਥਲਾ ਨੇ ਸਪੋਰਟਸ ਵਿੰਗ ਜਲੰਧਰ ਦੀਆਂ ਗੋਡਣੀਆਂ ਲਵਾ ਕੇ ਕਪੂਰਥਲੇ ਦਾ ਨਾਂ ਕਬੱਡੀ ਦੇ ਇਤਿਹਾਸ ਵਿਚ ਮੂਹਰਲੀਆਂ ਸਤਰਾਂ ਵਿਚ ਲਿਖ ਦਿੱਤਾ। 1981 ਵਿਚ ਕੋਚ ਅਜੀਤ ਸਿੰਘ ਮਾਲੜੀ ਦੀ ਅਗਵਾਈ ਹੇਠ ਇੱਕ ਮਹੀਨੇ ਦਾ ਕਬੱਡੀ ਕੈਂਪ ਸਪੋਰਟਸ ਸਕੂਲ ਜਲੰਧਰ ਲੱਗਾ। ਲਹਿੰਬਰ ਦੇ ਦੱਸਣ ਮੁਤਾਬਿਕ, ਮਾਲੜੀ ਸਾਹਿਬ ਨੇ ਮਿਹਨਤ ਕਰਵਾ ਕੇ ਸੂਈ ਦੇ ਨੱਕੇ ਵਿਚ ਦੀ ਕੱਢ ਦਿੱਤਾ!

1981 ਵਿਚ ਨੈਸ਼ਨਲ ਪਟਨਾ ਸਾਹਿਬ, ਬਿਹਾਰ ਵਿਚ ਹੋਈ। ਫਾਈਨਲ ਮੈਚ ਮਹਾਰਾਸ਼ਟਰ

*(ਬਾਕੀ ਅਗਲੇ ਸਫੇ 'ਤੇ)*

# ਅਮਰੀਕਾ ਵਲੋਂ ਖੇਡੇਗਾ ਕੈਨੇਡੀਅਨ ਪੰਜਾਬੀ ਗੱਭਰੂ ਅਮਰ ਢੇਸੀ

ਯੋਗਤਾ ਰੱਖਦੇ ਹਰ ਤਰ੍ਹਾਂ ਦੇ ਇਨਸਾਨ ਨੂੰ ਅਮਰੀਕਾ ਵਿਚ ਅੱਗੇ ਵਧਣ ਦੇ ਮੌਕੇ ਮਿਲਦੇ ਹਨ। ਹੋਣਹਾਰ ਖਿਡਾਰੀਆਂ ਨੂੰ ਤਾਂ ਹੱਥੋਂ ਜਾਣ ਹੀ ਨਹੀਂ ਦਿੰਦੇ, ਸਗੋਂ ਯੋਗਤਾ ਵੇਖਦੇ ਹੀ ਹੱਥਾਂ 'ਤੇ ਚੁੱਕ ਲੈਂਦੇ ਨੇ। ਸੰਘਵਾਲੇ ਵਾਲੇ ਪਹਿਲਵਾਨ ਬਲਵੀਰ ਸਿੰਘ ਸ਼ੀਰੀ ਦੇ ਪਹਿਲਵਾਨ ਬੇਟੇ ਅਮਰ ਢੇਸੀ ਨੇ ਅਮਰੀਕਾ ਦੀ ਓਰੇਗਾਨ ਸਟੇਟ ਯੂਨੀਵਰਸਿਟੀ ਵਿਚ ਪੜ੍ਹਾਈ ਦੇ ਨਾਲ ਨਾਲ ਲਾ-ਜਵਾਬ ਕੁਸ਼ਤੀਆਂ ਲੜੀਆਂ। ਉਹਦੀ ਪੜ੍ਹਾਈ, ਲਿਆਕਤ, ਸਹਿਣਸ਼ੀਲਤਾ,




ਇਕਬਾਲ ਸਿੰਘ ਜੱਬੋਵਾਲੀਆ
ਫੋਨ: 917-375-6395

ਸ਼ੀਤਲ-ਸੁਭਾਓ ਤੇ ਕੁਸ਼ਤੀ ਦੇ ਰੰਗ-ਢੰਗ ਵੇਖਦਿਆਂ ਯੂਨੀਵਰਸਿਟੀ ਵਾਲਿਆਂ ਦੇ ਦਿਲਾਂ 'ਚ ਵਸ ਗਿਆ।

ਪਹਿਲਵਾਨੀ ਉਹਨੂੰ ਵਿਰਾਸਤ ਵਿਚ ਮਿਲੀ। ਪਿਤਾ ਬਲਵੀਰ ਸਿੰਘ ਸ਼ੀਰੀ ਤੇ ਬਾਬਾ ਤੇਜਾ ਸਿੰਘ ਤਕੜੇ ਘੁਲਾਟੀਏ ਸਨ। ਪਿਤਾ ਪੰਜਾਬ ਦਾ ਨਾਮਵਰ 'ਚੰਬਾ ਕੇਸਰੀ' ਖਿਤਾਬ ਜੇਤੂ ਪਹਿਲਵਾਨ ਰਿਹੈ। ਉਨ੍ਹੇ ਕੈਨੇਡਾ ਪਹੁੰਚ ਕੇ ਵੀ ਸ਼ੌਕ ਨਾ ਛੱਡਿਆ ਤੇ 'ਖਾਲਸਾ ਰੈਸਲਿੰਗ ਕਲੱਬ' ਸਥਾਪਤ ਕੀਤਾ। ਕੈਨੇਡਾ 'ਚ ਜਨਮੇ ਆਪਣੇ ਪੁੱਤਰਾਂ-ਪਰਮ ਢੇਸੀ ਤੇ ਅਮਰ ਢੇਸੀ ਨੂੰ ਪਹਿਲਵਾਨੀ ਦੇ ਰਾਹ ਤੋਰਿਆ ਤੇ ਬੜੀ ਮਿਹਨਤ ਕਰਾਈ। ਬੇਟੇ ਸਕੂਲਾਂ 'ਚ ਘੁੱਲਦੇ ਘੁੱਲਦੇ ਅੱਗੇ ਵਧਦੇ ਗਏ ਤੇ ਯੂਨੀਵਰਸਿਟੀ ਚੈਂਪੀਅਨ ਬਣੇ।

ਵੱਡਾ ਬੇਟੇ ਪਰਮ ਢੇਸੀ ਨੂੰ ਬਚਪਨ ਵਿਚ ਹੀ ਕੁਸ਼ਤੀਆਂ ਦਾ ਸ਼ੌਕ ਸੀ। ਤਿੰਨ ਸਾਲਾਂ ਦਾ ਸੀ, ਜਦੋਂ ਪਿਤਾ ਦੀ ਉਂਗਲ ਫੜ ਕੇ ਅਖਾੜੇ ਜਾਣ ਲਈ ਤੁਰ ਪੈਂਦਾ। ਕੁਸ਼ਤੀਆਂ ਦੇ ਨਾਲ ਨਾਲ ਕਬੱਡੀ ਵੀ ਖੇਡਦਾ ਰਿਹੈ। ਉਹ ਸਕੂਲਾਂ ਤੇ ਯੂਨੀਵਰਸਿਟੀ




ਅਮਰ ਢੇਸੀ

ਵਿਚ ਤਕੜਾ ਘੁਲਿਆ। ਸਾਰੇ ਪਹਿਲਵਾਨਾਂ ਨੂੰ ਢਾਹੁੰਦਾ ਚਲਾ ਗਿਆ। 2010 'ਚ ਉਨ੍ਹੇ ਯੂਥ ਉਲੰਪਿਕਸ ਸਿੰਘਾਪੁਰ 'ਚ ਹਿੱਸਾ ਲਿਆ। ਇਸੇ ਤਰ੍ਹਾਂ ਹੀ 2014 ਦੀ ਵਰਲਡ ਪੁਲਿਸ ਐਂਡ ਫਾਇਰ ਚੈਂਪੀਅਨਸ਼ਿਪ ਜਿੱਤੀ। ਵਰਲਡ ਚੈਂਪੀਅਨਸ਼ਿਪ 'ਚ ਹਿੱਸਾ ਲੈਣ ਲਈ ਵੱਖ ਵੱਖ ਮੁਕਾਬਲਿਆਂ 'ਚੋਂ ਸਾਰੇ ਪਹਿਲਵਾਨ ਹਰਾ ਕੇ ਗੋਲਡ ਮੈਡਲ ਜਿੱਤੇ। ਪਹਿਲਵਾਨੀ 'ਚ ਮਹਿਕਮੇ

## ਟੋਕੀਓ ਉਲੰਪਿਕਸ-2021

ਨੂੰ ਮਾਣ ਬਖਸ਼ਦਾ ਹੋਇਐ ਉਹ ਇਸ ਵਕਤ ਨੌਕਰੀ 'ਤੇ ਬਿਰਾਜਮਾਨ ਹੈ।

ਛੋਟੇ ਬੇਟੇ ਅਮਰ ਦਾ ਭਲਵਾਨੀ ਵੱਲ ਪਹਿਲਾਂ ਕੋਈ ਸ਼ੌਕ ਨਹੀਂ ਸੀ। ਵੱਡੇ ਵੱਲ ਵੇਖ ਵੇਖ ਉਹ ਵੀ ਤਿਆਰ ਹੋ ਗਿਆ। ਜਦੋਂ ਵੱਡੇ ਨੇ ਕਿਤੇ ਜਾਣਾ ਤਾਂ ਛੋਟੇ ਨੇ ਪਹਿਲੋਂ ਉਹਦਾ ਝੋਲਾ ਚੁੱਕ ਤੁਰ ਪੈਣਾ। ਸ਼ੌਕ ਵਧਦਾ ਵਧਦਾ ਕਿਤੇ ਦੀ ਕਿਤੇ ਪਹੁੰਚ ਗਿਆ। ਛੋਟਾ ਅਮਰ ਪੰਜ ਸਾਲ ਦਾ ਸੀ, ਜਦੋਂ ਪਹਿਲਵਾਨੀ ਸ਼ੁਰੂ ਕੀਤੀ। ਇਕ ਸਾਲ ਦਾ ਫਰਕ ਹੈ ਦੋਹਾਂ 'ਚ। ਵੱਡਾ ਛੱਬੀ ਦਾ ਤੇ ਛੋਟਾ ਪੱਚੀ ਦਾ। ਦੋਹਾਂ ਦੀਆਂ ਆਪਸ ਵਿਚ ਕੁਸ਼ਤੀਆਂ ਵੀ ਚਲਦੀਆਂ ਰਹਿੰਦੀਆਂ। ਦੋਹਾਂ ਦਾ ਆਪਸੀ ਪਿਆਰ ਵੀ ਬੜਾ ਹੈ। ਛੋਟਾ ਵੱਡੇ ਨੂੰ ਭਾਅ ਜੀ ਬਿਨਾ ਗੱਲ ਨਹੀਂ ਕਰਦਾ।

ਦੋਵੇਂ 'ਕੱਠੇ ਅਖਾੜੇ ਜਾਂਦੇ ਤੇ ਆਪਸ ਵਿਚ ਦੋ-ਦੋ ਹੱਥ ਵੀ ਕਰਦੇ। ਕਈ ਵਾਰ ਵੱਡਾ ਛੋਟੇ ਨੂੰ ਢਾਹ ਲੈਂਦਾ। ਪਹਿਲਵਾਨ ਕਜ਼ਨ ਭਰਾ ਹਰਕਰਨ ਢੇਸੀ ਨਾਲ ਵੀ ਕੁਸ਼ਤੀ ਹੋ ਜਾਂਦੀ। ਜਿੱਤਾਂ-ਹਾਰਾਂ ਹੁੰਦੀਆਂ ਰਹੀਆਂ, ਪਰ ਨਿਸ਼ਾਨਾਂ ਅੱਗੇ ਦਾ ਸੀ, ਜੋ ਪਰਮਾਤਮਾ ਨੇ ਪੂਰਾ ਕਰ ਦਿੱਤਾ।

ਅਮਰ ਨੇ ਕੈਨੇਡਾ ਦੇ ਵੱਖ ਵੱਖ ਟਾਈਟਲਾਂ ਹੇਠ ਕੁਸ਼ਤੀ ਮੁਕਾਬਲਿਆਂ 'ਚੋਂ ਸੱਤ ਗੁਰਜ਼ਾਂ ਜਿੱਤੀਆਂ, ਜੋ ਇਸ ਵਕਤ ਉਨ੍ਹਾਂ ਦੇ ਘਰ ਦਾ ਸ਼ਿੰਗਾਰ ਬਣੀਆਂ ਹੋਈਆਂ ਨੇ। ਬਾਲ ਕੇਸਰੀ, ਕੈਨੇਡਾ ਕੁਮਾਰ, ਕੈਨੇਡਾ ਕੇਸਰੀ (ਤਿੰਨ ਗੁਰਜ਼ਾਂ), ਕੈਨੇਡਾ ਮੱਲ ਸਮਰਾਟ ਅਤੇ ਰੁਸਤਮ-ਏ-ਕੈਨੇਡਾ ਜਿਹੇ ਖਿਤਾਬ ਜਿੱਤੇ।

ਅਮਰੀਕਾ ਉਹ ਪੜ੍ਹਾਈ ਕਰਨ ਆਇਆ ਸੀ। ਪੜ੍ਹਾਈ ਨਾਲ ਕੁਸ਼ਤੀਆਂ ਕਰੀ ਗਿਆ। ਸਵਾ ਸੌ ਤੋਂ ਵੱਧ ਅਮਰੀਕਾ ਦੇ ਪਹਿਲਵਾਨਾਂ ਨੂੰ ਹਰਾ ਕੇ ਉਹ ਅਡੋਲ ਖੜ੍ਹਾ ਹੈ। ਪਹਿਲਵਾਨੀ 'ਚ ਦਾਅ-ਪੇਚ ਤੇ ਚੁਸਤੀ-ਫੁਰਤੀ ਵੇਖਦੇ ਕੋਚਾਂ ਦੇ ਨਜ਼ਰੀਂ ਚੜ੍ਹ ਗਿਆ। ਵੱਖ ਵੱਖ ਕੋਚਾਂ, ਕਲੱਬਾਂ, ਕੰਪਨੀਆਂ ਦੀਆਂ ਬੜੀਆਂ ਆਫਰਾਂ ਆਈਆਂ, ਪਰ ਜਿਸ ਥਾਂ 'ਤੇ ਉਹ ਜਾਣਾ ਚਾਹੁੰਦਾ ਸੀ, ਚਲਾ ਗਿਆ।

ਇਸ ਵੇਲੇ ਉਹ ਅਮਰੀਕਾ ਦੀ ਓਹਾਇਓ ਸਟੇਟ ਦੇ 'ਓਹਾਇਓ ਰੀਜ਼ਨਲ ਟਰੇਨਿੰਗ ਸੈਂਟਰ' ਵਿਚ ਇਕ ਸਾਲ ਤੋਂ ਉਪਰ ਹੋ ਗਿਆ ਕੋਚਾਂ ਕੋਲ ਸਿਖਲਾਈ ਕਰਦੇ ਨੂੰ। ਨਿਊ ਯਾਰਕ ਵਿਖੇ 'ਨਿਊ ਯਾਰਕ ਅਥਲੈਟਿਕਸ ਕਲੱਬ' ਵਲੋਂ ਕਰਵਾਏ ਕੁਸ਼ਤੀ ਮੁਕਾਬਲਿਆਂ 'ਚ ਹਿੱਸਾ ਲਿਆ ਤੇ ਚਾਰ ਕੁਸ਼ਤੀਆਂ ਜਿੱਤਿਆ ਤੇ ਇਕ ਹਾਰਿਆ ਤੇ ਬਰੌਨਜ਼ ਮੈਡਲ ਜਿੱਤਿਆ।

ਲਾਸ ਵੇਗਸ ਵਿਖੇ ਹੋਏ ਮੁਕਾਬਲਿਆਂ ਵਿਚ ਅਮਰੀਕਾ ਦੇ ਤਕੜੇ ਪਹਿਲਵਾਨ ਐਡਮ ਕੂਨ ਨੂੰ ਹਰਾਇਆ। ਖੁਸ਼ ਹੋ ਕੇ ਅਮਰੀਕਾ ਵਾਲਿਆਂ ਉਹਨੂੰ ਮਦਦ ਵਜੋਂ 2 ਲੱਖ 64 ਹਜ਼ਾਰ ਅਮਰੀਕੀ ਡਾਲਰ ਉਹਦੀ ਝੋਲੀ ਪਾਏ।

ਰੋਮ ਇਟਲੀ ਦੇ ਸੈਮੀ ਫਾਈਨਲ ਮੁਕਾਬਲਿਆਂ 'ਚ ਰਸ਼ੀਆ ਦੇ ਦੋ ਪਹਿਲਵਾਨਾਂ ਨੂੰ ਹਰਾਇਆ ਤੇ ਆਖਰ ਵਿਚ ਤਿੰਨ ਵਾਰ ਦੇ ਵਰਲਡ ਚੈਂਪੀਅਨ ਨੂੰ ਹਰਾ ਕੇ ਗੋਲਡ ਮੈਡਲ ਪ੍ਰਾਪਤ ਕੀਤਾ।

ਓਟਵਾ ਮੁਕਾਬਲਿਆਂ 'ਚ ਅਮਰੀਕਾ ਵਲੋਂ ਟੋਕੀਓ ਉਲੰਪਿਕਸ ਲਈ ਸਖਤ ਮੁਕਾਬਲਾ ਸੀ। ਪੈਨ ਅਮੈਰਿਕਨ ਦੀਆਂ ਇਨ੍ਹਾਂ ਗੇਮਾਂ ਵਿਚ ਤਿੰਨਾਂ ਪਹਿਲਵਾਨਾਂ ਨੂੰ ਦਸ-ਜ਼ੀਰੋ ਦੇ ਫਰਕ ਨਾਲ ਹਰਾ ਕੇ ਟਾਪ ਦੇ ਦੋ ਆਖਰੀ ਪਹਿਲਵਾਨਾਂ ਵਿਚੋਂ ਜੇਤੂ ਰਿਹਾ ਤੇ ਓਪਨ-ਵੇਟ ਦੀ ਸੀਨੀਅਰ ਕੁਸ਼ਤੀ ਲਈ ਦੋ ਵਾਰ ਦੇ ਉਲੰਪੀਅਨ ਅਮਰੀਕੀ ਪਹਿਲਵਾਨ ਨੂੰ ਹਰਾ ਉਲੰਪਿਕ ਵਾਸਤੇ ਚੁਣਿਆ ਗਿਆ।

ਟੋਕੀਓ ਉਲੰਪਿਕਸ ਵਾਸਤੇ ਤਿਆਰੀ ਉਹਦੀ ਅਮਰੀਕਾ ਵਾਲੇ ਕਰਵਾ ਰਹੇ ਹਨ, ਪਰ ਨੁਮਾਇੰਦਗੀ ਉਹ ਕੈਨੇਡਾ ਦੀ ਕਰੇਗਾ, ਕੈਨੇਡਾ ਦਾ ਜੰਮਪਲ ਹੋਣ ਕਰਕੇ। ਕੈਨੇਡਾ ਦੇ ਝੰਡੇ ਹੇਠ ਮੁਕਾਬਲੇ ਲੜੇਗਾ। ਅਮਰੀਕਾ ਤਾਂ ਬੱਸ ਆਪਣਾ ਸ਼ੌਕ ਪੂਰਾ ਕਰ ਰਿਹੈ, ਉਹਨੂੰ ਤਿਆਰ ਕਰਕੇ। ਪਿਤਾ ਬਲਵੀਰ ਸਿੰਘ ਸ਼ੀਰੀ ਅਮਰੀਕਾ ਦਾ ਲੱਖ ਲੱਖ ਧੰਨਵਾਦ ਕਰ ਰਿਹੈ, ਜਿਸ ਨੇ ਉਸ ਦੇ ਬੇਟੇ ਨੂੰ ਪਹਿਲਵਾਨ ਬਣਾ ਦਿੱਤੈ। ਸ. ਸ਼ੀਰੀ ਨਾਲ ਸੰਪਰਕ ਫੋਨ: 604-833-0286 ਰਾਹੀਂ ਕੀਤਾ ਜਾ ਸਕਦਾ ਹੈ।

ਅਮਰੀਕਾ ਨੂੰ ਉਸ ਉਤੇ ਬੜੀਆਂ ਆਸਾਂ ਹਨ। ਅਮਰੀਕਾ ਵਾਲੇ ਇਸ ਵੇਲੇ ਉਹਦੀ ਖੁਰਾਕ, ਰਿਹਾਇਸ਼ ਤੇ ਹਰ ਤਰ੍ਹਾਂ ਨਾਲ ਖਿਆਲ ਰੱਖ ਰਹੇ ਹਨ। ਤਿੰਨ ਵਾਰ ਦਾ ਗੋਲਡ ਮੈਡਲਿਸਟ ਬੁਲਗਾਰੀਆ ਦਾ ਕੋਚ ਉਸ ਦੀ ਬੜੀ ਮਿਹਨਤ ਕਰਾ ਰਿਹੈ। ਹਰ ਵੇਲੇ ਉਹਦੇ ਨਾਲ ਰਹਿੰਦੈ। ਜਿਥੇ ਵੀ ਜਾਣਾ, ਖੁਦ ਨਾਲ ਜਾਂਦੈ। ਦਿਨ 'ਚ ਦੋ ਜਾਂ ਤਿੰਨ ਵਾਰ ਟਰੇਨਿੰਗ ਕੀਤੀ ਜਾਂਦੀ ਹੈ। ਐਤਵਾਰ ਸਿਰਫ ਅਰਾਮ, ਮਸਾਜ ਜਾਂ ਥੈਰਪੀ ਵਾਸਤੇ ਹੈ।

ਪਿਤਾ ਨੇ ਬੇਟਿਆਂ ਨੂੰ ਬੜੀ ਰੂਹ ਨਾਲ ਪਾਲਿਆ। ਛੋਟੇ ਹੁੰਦਿਆਂ ਨੂੰ ਬਦਾਮਾਂ ਦੀ ਸ਼ਰਦਾਈ ਬਣਾ ਬਣਾ ਦੇਣੀ। ਬੇਟੇ ਮਾਤਾ ਦੇ ਹੱਥਾਂ ਦਾ ਪੱਕਿਆ ਪੰਜਾਬੀ ਖਾਣਾ ਪਸੰਦ ਕਰਦੇ ਹਨ। ਮੁਕਾਬਲੇ 'ਤੇ ਗਏ ਬਾਹਰ ਦਾ ਬਣਿਆਂ ਖਾਣਾ ਮਜਬੂਰੀ ਵੱਸ ਖਾਣਾ ਪੈਂਦੈ। ਵਿਦੇਸ਼ਾਂ 'ਚ ਵਸਦੇ ਹੋਰ ਨੌਜਵਾਨਾਂ ਨੂੰ ਅਮਰ ਢੇਸੀ ਤੋਂ ਸੇਧ ਲੈਣੀ ਚਾਹੀਦੀ ਐ, ਜੋ ਨਸ਼ਿਆਂ ਤੋਂ ਰਹਿਤ ਵੱਡੀਆਂ ਮੱਲਾਂ



ਢੇਸੀ ਭਰਾ-ਪਰਮ ਤੇ ਅਮਰ

ਮਾਰ ਅਮਰੀਕਾ ਤੇ ਕੈਨੇਡਾ ਮੁਲਕਾਂ ਨੂੰ ਮਾਣ ਬਖਸ਼ਦਾ ਉਲੰਪਿਕਸ ਦੇ ਦਰਵਾਜੇ ਮੂਹਰੇ ਜਾ ਖੜ੍ਹਾ ਹੋਇਐ।

ਪੁੱਤ ਇਕ ਭਲਵਾਨ ਬਣਾਉਣਾ ਬੜਾ ਔਖਾ
ਦੋ ਪੁੱਤ ਪਹਿਲਵਾਨੀ ਦੇ ਰਾਹ ਤੋਰ ਦਿੱਤੇ।
ਅੰਤਰ ਆਤਮਾ ਨਾਲ ਕਰਵਾਈ ਮਿਹਨਤ,
ਰੁੱਖ ਹਵਾਵਾਂ ਦੇ ਮੋੜ ਦਿੱਤੇ।
ਖਾਹਿਸ਼ ਪਿਤਾ ਦੀ ਰਹਿ ਗਈ ਸੀ ਅਧੂਰੀ,
ਦੁੱਖ ਪੁੱਤਰਾਂ 'ਇਕਬਾਲ ਸਿੰਹਾਂ' ਤੋੜ ਦਿੱਤੇ।




ਪਿਓ ਤੇ ਪੁੱਤ



ਪਰਮ ਤੇ ਅਮਰ ਆਪਣੇ ਮਾਤਾ-ਪਿਤਾ ਨਾਲ

# ਇੰਦਰਜੀਤ ਸਿੰਘ ਪੱਡਾ:ਮਾਈਕ ਤੋਂ ਕਲਮ ਵੱਲ

*(ਪਿਛਲੇ ਸਫੇ ਦੀ ਬਾਕੀ)*

ਨਾਲ ਖੇਡ ਕੇ ਜੇਤੂ ਟਰਾਫੀ ਦਾ ਮੂੰਹ ਪੰਜਾਬੀਆਂ ਨੇ ਚੁੰਮਿਆ। ਉਸ ਮੈਚ ਵਿਚ ਬਿੰਦਰ ਸੰਮੀਪੁਰੀਆ, ਗਿਆਨਾ ਸ਼ੇਖੂਪੁਰੀਆ, ਅਖਤਰ ਢੱਡਾ, ਜੈਲਾ ਹੁਸ਼ਿਆਰਪੁਰੀਆ, ਜੋਗਾ ਚਮਿਆਰਾ, ਨਛੱਤਰ ਜਖੇਪਲ, ਛਿੰਦਾ ਤਰਨਤਾਰਨ, ਟਹਿਲਾ ਅੰਬਰਸਰੀਆ ਤੇ ਸੁਲਤਾਨਾ ਉਹਦੇ ਸਾਥੀ ਖਿਡਾਰੀ ਸਨ। ਸਪੋਰਟਸ ਵਿੰਗ ਕਪੂਰਥਲਾ ਤੋਂ ਬਾਅਦ ਲਹਿੰਬਰ ਕਾਂਗੜਾ ਕਾਲਜ 'ਚ ਦਾਖਲ ਹੋਇਆ ਤੇ ਸ਼ਿਮਲਾ ਯੂਨੀਵਰਸਿਟੀ ਚੈਂਪੀਅਨਸ਼ਿਪ ਵਿਚ ਕਾਂਗੜੇ ਦਾ ਜੇਤੂ ਪਰਚਮ ਲਹਿਰਾਇਆ।

1987 ਵਿਚ ਮੈਨੂੰ ਕਰਾੜੀ ਹਾਈ ਸਕੂਲ ਵਿਚ ਨੌਕਰੀ ਮਿਲੀ। ਲਹਿੰਬਰ ਦੀ ਖੇਡ ਉਨ੍ਹੀਂ ਦਿਨੀਂ ਸਿਖਰ 'ਤੇ ਸੀ। ਵੱਡੇ ਵੱਡੇ ਪਹਿਲਵਾਨਾਂ, ਕੌਡਿਆਲਾਂ ਤੇ ਕੋਚਾਂ ਵਿਚ 'ਲਹਿੰਬਰ ਲਹਿੰਬਰ' ਹੁੰਦੀ ਸੀ। ਸਰਦਾਰ ਉਮਰਾਓ ਸਿੰਘ ਉਨ੍ਹੀਂ ਦਿਨੀਂ ਟੱਗ ਆਫ ਵਾਰ ਫੈਡਰੇਸ਼ਨ ਭਾਰਤ ਦੇ ਪ੍ਰਧਾਨ ਸਨ। ਭਾਰਤ ਦੀ ਰੱਸਾਕਸ਼ੀ ਟੀਮ ਨੇ ਜਪਾਨ ਜਾਣਾ ਸੀ। ਜ਼ਿਲਾ ਸਪੋਰਟਸ ਅਫਸਰ ਮਹਿੰਦਰ ਸਿੰਘ ਨੇ ਲਹਿੰਬਰ ਨੂੰ ਸੁਨੇਹਾ ਭੇਜਿਆ ਕਿ ਰੱਸਾਕਸ਼ੀ ਦੇ ਟਰਾਇਲ 3 ਨਵੰਬਰ ਨੂੰ ਹਨ। ਤਿਆਰੀ ਕਰ ਲਵੇ। ਚੁੰਭੇ 'ਤੇ ਗੁੜ ਬਣਾਉਂਦੇ ਲਹਿੰਬਰ ਨੂੰ ਜਦੋਂ ਸੁਨੇਹਾ ਮਿਲਿਆ ਤਾਂ ਉਹ ਗੁੜ ਤੋਂ ਵੀ ਮਿੱਠਾ ਲੱਗਾ। ਤਿਆਰੀ ਲਈ ਦਿਨ ਥੋੜ੍ਹੇ ਹੀ ਸਨ। ਲਹਿੰਬਰ ਨੇ ਦੱਸਿਆ ਕਿ ਭਲਵਾਨ ਮਹਿੰਦਰ ਸਿੰਘ ਨੇ ਤਿਆਰੀ ਕਰਵਾਉਣ ਲਈ ਖੂਹ ਤੇ ਅੰਬ ਨਾਲ ਰੱਸਾ ਬੰਨ੍ਹ ਲਿਆ। ਇਕ ਹਫਤਾ ਠੋਕ ਕੇ ਮਿਹਨਤ ਕਰਵਾਈ। ਗਿਆਨੀ ਜਰਨੈਲ ਸਿੰਘ ਮੋਨਾਂਵਾਲੀਏ ਤੇ ਬਲਵਿੰਦਰ ਫਿੱਡੂ ਨੇ ਹੌਸਲਾ ਦਿੱਤਾ। ਜੰਗ 'ਚ ਜਾਣ ਵਾਲੇ ਸਿਪਾਹੀ ਵਾਂਗ ਲਹਿੰਬਰ ਤਿਆਰ ਸੀ।

ਦੋ ਦਿਨ ਟਰਾਇਲ ਚਲਦੇ ਰਹੇ। ਆਰਮੀ ਵਾਲੇ ਵੀ ਟਰਾਇਲ ਦੇਣ ਆਉਂਦੇ। ਲਮਕਦੇ ਰੱਸੇ ਨੂੰ ਫੜ ਕੇ ਉੱਪਰ ਚੜ੍ਹਨਾ ਮਾਊਂਟ ਐਵਰੈਸਟ ਚੜ੍ਹਨ ਵਾਂਗ ਸੀ। ਹੱਥ ਪੱਟ ਕੇ ਪਾਉਣਾ, ਸਰੀਰ ਨੂੰ ਤੁੱਕੇ ਵਾਂਗ ਸਿੱਧਾ ਰੱਖਣਾ ਡਾਢਾ ਔਖਾ ਸੀ। ਪਹਿਲਾਂ ਸਿੰਗਲ ਫਿਰ ਡਬਲ ਰੱਸਾ। ਲਹਿੰਬਰ ਨੇ ਅੰਬ 'ਤੇ ਪਾਏ ਰੱਸੇ ਦਾ ਧਿਆਨ ਧਰਿਆ। ਉਹਨੂੰ ਭਲਵਾਨ ਮਹਿੰਦਰ ਸਿੰਘ ਦਰੋਣਾਚਾਰੀਆ ਵਾਂਗ ਦਿਸਿਆ। 22 ਸਕਿੰਟ ਵਿਚ ਰੱਸੇ ਦਾ ਸਿਰਾ ਜਾ ਛੋਹਿਆ। ਸਿਲੈਕਸ਼ਨ ਕਮੇਟੀ ਵਿਚ ਖਲੋਤੇ ਡੀ. ਸੀ. ਜਲੰਧਰ ਸ੍ਰੀ ਸੁਧੀਰ ਮਿੱਤਰ ਨੇ ਖੁਸ਼ੀ ਵਿਚ ਲਹਿੰਬਰ ਦਾ ਮੂੰਹ ਚੁੰਮ ਲਿਆ।

1988 ਵਿਚ ਲਹਿੰਬਰ ਰੱਸਾਕਸ਼ੀ ਦੀ ਭਾਰਤੀ ਟੀਮ ਦਾ ਕਪਤਾਨ ਬਣ ਕੇ ਜਪਾਨ ਗਿਆ। ਪੱਠਿਆਂ ਵਾਲੇ ਗੱਡੇ ਤੋਂ ਉੱਤਰ ਕੇ ਹਵਾਈ ਜਹਾਜ 'ਤੇ ਚੜ੍ਹਨ ਉਹਨੂੰ ਸੱਚ ਨਾ ਆਵੇ! ਆਪਣੇ ਆਪ ਦੇ ਚੂੰਢੀ ਵੱਢੀ ਮਤੇ ਸੁਪਨਾ ਹੀ ਨਾ ਹੋਵੇ। ਅੱਗੇ ਜਪਾਨ 'ਚ 60 ਦੇਸ਼ਾਂ ਦੀਆਂ ਟੀਮਾਂ ਪਹੁੰਚੀਆਂ ਹੋਈਆਂ ਸਨ। ਉਨ੍ਹਾਂ 'ਚ ਲਹਿੰਬਰ ਦੀ ਦਿੱਖ ਵੱਖਰੀ ਸੀ। ਗੁੱਝੀ ਰਹੇ ਨਾ ਹੀਰ ਹਜ਼ਾਰ ਵਿਚੋਂ। ਲਵੀ ਕਾਲੀ ਸ਼ਾਹ ਦਾਹੜੀ, ਨਿੱਕੇ ਘੁੰਗਰਾਲੇ ਵਾਲ, ਨਿੱਕੀਆਂ ਖੜ੍ਹੀਆਂ ਮੁੱਛਾਂ ਤੇ ਸਿਰ 'ਤੇ ਦਸਤਾਰ। ਕਿਸੇ ਪਲਟਨ ਦੇ ਜਰਨੈਲ ਹੋਣ ਦਾ ਭੁਲੇਖਾ ਪਾਉਂਦਾ ਸੀ। ਮਾਂ ਸ਼ਮਿੰਦਰ ਕੌਰ ਦਾ ਲਾਡਾਂ ਨਾਲ ਪਾਲਿਆ ਲਹਿੰਬਰ ਲੋਕਾਂ ਦੇ ਦਿਲਾਂ ਵਿਚ ਲਹਿ ਲਹਿ ਜਾਂਦਾ ਸੀ।

...ਭਾਰਤੀ ਟੀਮ ਦਾ ਫਾਈਨਲ ਮੁਕਾਬਲਾ ਮੇਜ਼ਬਾਨ ਮੁਲਕ ਜਪਾਨ ਨਾਲ ਫਸ ਗਿਆ। ਦੋਵੇਂ ਟੀਮਾਂ ਜ਼ੋਰ ਲਾ ਲਾ ਥੱਕ ਗਈਆਂ। ਪੈਰ ਜ਼ਮੀਨ ਵਿਚ ਉਲਟਾਵੇਂ ਹਲ ਵਾਂਗ ਧਸਦੇ ਜਾਣ। ਵੱਡੇ ਵੱਡੇ ਖੁੱਤ ਪੈ ਗਏ। ਦਰਸ਼ਕ ਵੀ ਖਿਡਾਰੀਆਂ ਨਾਲ ਜੋਸ਼ ਵਿਚ ਦੂਹਰੇ ਤੀਹਰੇ ਹੋ ਰਹੇ ਸਨ। ਇਹ ਗੱਲ ਦੱਸਦਾ ਲਹਿੰਬਰ ਆਪ ਵੀ ਇੱਕ ਪਾਸੇ ਨੂੰ ਉੱਲਰ ਗਿਆ ਸੀ। ਆਪੋ ਆਪਣੇ ਮੁਲਕ ਦੀ ਸ਼ਾਨ ਦਾ ਸਵਾਲ ਸੀ। ਆਖਰ ਜਪਾਨੀ ਅੱਵਲ ਆ ਗਏ ਤੇ ਭਾਰਤੀ ਦੋਇਮ ਰਹੇ। ਇਨਾਮ ਵੰਡ ਰਸਮ ਵੇਲੇ ਜਪਾਨ ਦੇ ਪ੍ਰਧਾਨ ਮੰਤਰੀ ਨੋਬੋਰੂ ਟੇਕੇਸ਼ਤਾ ਨੇ ਆਪਣੇ ਕੋਟ ਨਾਲੋਂ ਪਿੰਨ ਲਾਹ ਕੇ ਲਹਿੰਬਰ ਦੇ ਸੀਨੇ 'ਤੇ ਲਾ ਦਿੱਤਾ। ਅਸਲ ਵਿਚ ਲਹਿੰਬਰ ਦਾ ਖੇਡ ਹੁਨਰ, ਤਕਨੀਕ, ਠਰ੍ਹੰਮਾ ਤੇ ਜ਼ੋਰ ਪ੍ਰਧਾਨ ਮੰਤਰੀ ਦੇ ਦਿਲ 'ਚ ਲਹਿ ਗਿਆ ਸੀ। ਪਿੰਨ ਸੌ ਮੈਡਲਾਂ ਤੋਂ ਵੀ ਵੱਡਾ ਮੈਡਲ ਸੀ। ਸੀਨਾ ਫੁੱਲ ਕੇ ਦੋ ਇੰਚ ਹੋਰ ਚੌੜਾ ਹੋ ਗਿਆ ਸੀ। ਲਹਿੰਬਰ ਲਈ ਇਹ ਜ਼ਿੰਦਗੀ ਦਾ ਸਭ ਤੋਂ ਵੱਡਾ ਸਨਮਾਨ ਸੀ।

ਲਹਿੰਬਰ ਹੁਰਾਂ ਦਾ ਚਹੇੜੂ ਹੋਇਆ ਮੈਚ ਕਬੱਡੀ ਇਤਿਹਾਸ ਦੀ ਅਭੁੱਲ ਯਾਦ ਹੈ। ਸੰਘਵਾਲੀਏ ਉਦੋਂ ਨਵੇਂ ਉੱਠੇ ਸਨ। ਫਾਈਨਲ ਮੈਚ ਮੇਹਟਾਂ ਨਾਲ ਪੈ ਗਿਆ। ਸੰਘਵਾਲੀਏ ਰੰਗ ਬਰੰਗੇ ਕੱਛੇ ਪਾਈ ਮੈਦਾਨ ਵਿਚ ਉੱਤਰ ਆਏ। ਮੇਹਟਾਂ ਦੇ ਖਿਡਾਰੀ ਮੁਕਾਬਲੇ ਵਿਚ ਉੱਚੇ ਲੰਬੇ, ਗੱਠੇ ਹੋਏ ਚੰਗੀ ਚੜ੍ਹਤ ਵਿਚ ਸਨ। ਲੋਕਾਂ ਦਾ ਭਾਰੀ 'ਕੱਠ ਸੀ। ਉਪਰ ਤਪਿਆ ਹੋਇਆ ਸੂਰਜ ਵੀ ਸਹਿ ਲਈ ਖੜ੍ਹਾ ਸੀ। ਮੈਚ ਸ਼ੁਰੂ ਹੋ ਗਿਆ। ਪਹਿਲੇ ਹਾਫ ਵਿਚ ਮੇਹਟਾਂ ਦੇ ਖਿਡਾਰੀਆਂ ਨੇ 9 ਨੰਬਰ ਲੈ ਲਏ, ਜਦੋਂ ਕਿ ਸੰਘਵਾਲੀਆਂ ਦਾ ਖਾਤਾ ਵੀ ਨਾ ਖੁੱਲ੍ਹ ਸਕਿਆ। ਲੋਕ ਟਿੱਚਰਾਂ ਕਰਨ, "ਆਹ ਵੱਛੀਆਂ ਜਿਹੀਆਂ ਕਿੱਥੋਂ ਲਿਆਂਦੀਆਂ ਨੇ?"

ਮੈਚ ਦਾ ਦੂਜਾ ਅੱਧ ਸ਼ੁਰੂ ਹੋ ਗਿਆ। ਲਹਿੰਬਰ ਕੌਡੀਆਂ ਪਾਉਣ ਲੱਗਾ। ਮੇਹਟਾਂ ਦੇ ਖਿਡਾਰੀ ਨੇ ਕੌਡੀ ਪਾਈ। ਜੱਸੇ ਖਹਿਰੇ ਨੇ ਜੱਫਾ ਲਾ ਦਿੱਤਾ। ਲਹਿੰਬਰ ਕੌਡੀ ਗਿਆ। ਜਾਫੀ ਨੇ ਗੁੱਟ ਫੜ ਕੇ ਕੈਂਚੀ ਮਾਰ ਦਿੱਤੀ। ਲਹਿੰਬਰ ਨੇ ਜਾਫੀ ਨੂੰ ਤੋਲ ਕੇ ਵਗਾਹ ਮਾਰਿਆ। ਮਾਂ ਦੀਆਂ ਖਾਧੀਆਂ ਉਨੀ ਉਨੀ ਰੋਟੀਆਂ ਨੇ ਮੈਚ ਉਨੀ-ਇੱਕੀ ਦੇ ਫਰਕ 'ਤੇ ਲੈ ਆਂਦਾ। ਜਰਮਨ ਚਾਹਲ ਨੇ ਉਪਰੋਥਲੀ ਜੱਫੇ ਤੇ ਜੱਫੇ ਲਾਏ। ਮੈਚ ਦਾ ਪਾਸਾ ਹੀ ਪਲਟ ਗਿਆ। ਮੈਚ ਦੇ ਅਖੀਰ ਵਿਚ ਸੰਘਵਾਲੀਆਂ ਨੂੰ ਲੋਕਾਂ ਨੇ ਮੋਢਿਆਂ 'ਤੇ ਚੁੱਕ ਲਿਆ। ਵੱਛੀਆਂ ਸਾਹਨ ਬਣ ਗਈਆਂ ਸਨ!

ਲਹਿੰਬਰ ਨੇ ਕਹਿੰਦੇ ਕਹਾਉਂਦੇ ਧਾਵੀਆਂ ਨੂੰ ਆਪਣੇ ਨਾਗਵਲਾਂ ਨਾਲ ਡੱਕਿਆ ਹੈ। ਉਹਦੇ ਬਾਜ਼ ਦੇ ਪੰਜਿਆਂ ਵਰਗੇ ਹੱਥ ਧਾਵੀ ਅਤੇ ਰੱਸੇ ਨੂੰ ਐਸਾ ਵਲ ਮਾਰਦੇ ਹਨ ਕਿ ਦਰਸ਼ਕਾਂ ਦੇ ਹੱਥ ਤਾੜੀਆਂ ਮਾਰਨ ਲਈ ਮਜਬੂਰ ਹੋ ਜਾਂਦੇ ਹਨ। ਉਹਦੇ ਲੱਗੇ ਜੱਫੇ 'ਤੇ ਦਰਸ਼ਕਾਂ ਦੀਆਂ ਅਵਾਜ਼ਾਂ ਆਉਂਦੀਆਂ ਹਨ, "ਪਾਅ 'ਤਾ ਨਾਗਵਲ, ਹੁਣ ਨੀ ਛੱਡਦਾ।"

ਲਹਿੰਬਰ ਸਿੰਘ ਅੱਜ ਕੱਲ੍ਹ ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਰਹਿੰਦਾ ਹੈ। ਉਹ ਆਪਣੇ ਪਿੰਡ ਦੇ ਗਦਰੀ ਬਾਬਿਆਂ ਤੇ ਭਲਵਾਨਾਂ ਦੇ ਕਿੱਸੇ ਸੁਣਾਉਂਦਾ ਅਕਸਰ ਵਜਦ ਵਿਚ ਆ ਜਾਂਦਾ ਹੈ। ਕਿਰਤੀ ਤੇ ਕਿਰਸੀ ਹੈ। ਉਸ ਨੇ ਆਪਣੀ ਕਿਰਤ ਵਿਚੋਂ ਕੁੱਝ ਪੈਸੇ ਜੋੜ ਕੇ ਇਲਾਕੇ ਵਿਚ ਇੱਕ ਅਖਾੜਾ ਬਣਾਇਆ ਅਤੇ ਸਪੋਰਟਸ ਅਫਸਰ ਕੋਚ ਸ਼ਾਮ ਲਾਲ ਨੂੰ ਅਖਾੜੇ ਦਾ ਸੰਚਾਲਕ ਬਣਾਇਆ ਹੈ। ਲਾਗਲੇ ਪਿੰਡਾਂ ਦੇ ਨੌਜਵਾਨ ਓਸ ਅਖਾੜੇ ਵਿਚ ਆਪਣਾ ਮੁੜ੍ਹਕਾ ਡੋਲ੍ਹ ਕੇ ਲਹਿੰਬਰ ਦੇ ਬੀਜੇ ਸੁਪਨਿਆਂ ਨੂੰ ਸਿੰਜ ਰਹੇ ਹਨ। ਇੱਕ ਦਿਨ ਜ਼ਰੂਰ ਉਸ ਅਖਾੜੇ ਵਿਚੋਂ ਕੋਈ ਜਗੀਰੀ, ਮਹਿੰਦਰ, ਸ਼ੀਰੀ, ਨਰੰਜਣ, ਭਜਨ, ਜੋਗੀ ਜਾਂ ਅਮਰ ਢੇਸੀ ਵਰਗਾ ਭਲਵਾਨ ਪੈਦਾ ਹੋਵੇਗਾ, ਜੋ ਲਹਿੰਬਰ ਸਿੰਘ ਦੇ ਸੁਪਨੇ ਸਾਕਾਰ ਕਰੇਗਾ।

ਇੰਦਰਜੀਤ ਸਿੰਘ ਪੱਡਾ ਨਾਲ ਸੰਪਰਕ ਫੋਨ: 91-98159-67462 ਰਾਹੀਂ ਹੋ ਸਕਦਾ ਹੈ।

# ਵ੍ਹਾਈਟ ਹਾਊਸ ਦਾ ਬਾਸ਼ਿੰਦਾ

ਪਰਵਾਸ ਕਰਦਿਆਂ ਉਮਰ ਦਾ ਸਫਰ ਵੀ ਤੁਹਾਡੇ ਨਾਲ ਨਾਲ ਤੁਰਦਾ। ਪਰਵਾਸ ਤੇ ਉਮਰ ਦਾ ਆਪਣਾ ਨੇੜਲਾ ਸਬੰਧ। ਜਵਾਨ ਉਮਰੇ ਪਰਵਾਸ ਜੱਫੀ ਵਿਚ ਲੈਂਦਾ। ਵਡੇਰੀ ਉਮਰੇ ਪਰਵਾਸ ਯੁੱਧ ਲਈ ਅੱਗੇ ਖੜਾ ਹੁੰਦਾ। ਢਲਦੀ ਉਮਰ ਦਾ ਪਰਛਾਵਾਂ ਪਰਵਾਸ ਦੇ ਮੇਚ ਨਹੀਂ ਆਉਂਦਾ। ਪਰਵਾਸ ਤੇ ਉਮਰ, ਦੁੱਖ ਸੁੱਖ ਦੇ ਹਮਸਾਏ।

ਮੈਂ ਜਵਾਨ ਉਮਰੇ ਜ਼ਿੰਦਗੀ ਦਾ ਸੁਹੱਪਣ ਰੱਜ ਕੇ ਮਾਣਿਆ। ਮੈਨੂੰ ਜ਼ਿੰਦਗੀ ਦੇ ਉਲਟ ਹਾਲਾਤਾਂ ਨਾਲ ਬਹੁਤਾ ਲੜਨਾ ਨਹੀਂ ਪਿਆ। ਪੜ੍ਹਾਈ ਦੇ ਖਤਮ ਹੁੰਦਿਆਂ ਹੀ ਸਰਕਾਰੀ ਨੌਕਰੀ ਮਿਲ ਗਈ। ਵਿਆਹ ਹੁੰਦਿਆਂ ਹੀ ਪਤਨੀ ਮੈਥ ਅਧਿਆਪਕ ਲੱਗ ਗਈ। ਖੇਤੀਬਾੜੀ ਵਾਲਾ ਪਰਿਵਾਰ ਹੋਣ ਕਾਰਨ ਰੋਟੀ ਪਾਣੀ ਦਾ ਕੋਈ ਫਿਕਰ ਨਹੀਂ ਸੀ।



**ਸੰਤੋਖ ਮਿਨਹਾਸ**
ਫੋਨ: 559-283-6376

ਗੱਲ ਕੀ, ਗੱਡੀ ਚੰਗੀ ਰਿੜ੍ਹੀ ਹੋਈ ਸੀ। ਜ਼ਿੰਦਗੀ ਦੇ ਰੰਗ ਮਾਣਦਿਆਂ ਪਤਾ ਹੀ ਨਾ ਲੱਗਾ ਕਦੋਂ ਸੇਵਾ ਮੁਕਤੀ ਦੇ ਨੇੜੇ ਪਹੁੰਚ ਗਏ।

ਅਚਾਨਕ ਨਿਰੰਤਰ ਚੱਲ ਰਹੇ ਪਰਿਵਾਰਕ ਪ੍ਰਵਾਹ ਵਿਚ ਇੱਕ ਨਵਾਂ ਫੈਸਲਾ ਲੈਣ ਵਿਚ ਕਾਫੀ ਸਮਾਂ ਆਪਣੇ ਆਪ ਨਾਲ ਘੁਲਣਾ ਪਿਆ। ਅਮਰੀਕਾ ਰਹਿੰਦੀ ਛੋਟੀ ਭੈਣ ਨੇ ਬਲੱਡ ਰਿਲੇਸ਼ਨ 'ਤੇ ਅਪਲਾਈ ਕੀਤਾ ਹੋਇਆ ਸੀ। ਇੰਟਰਵਿਊ ਦੇ ਪੇਪਰ ਆ ਗਏ ਸਨ। ਇੱਕ ਪਾਸੇ ਚੰਗੀਆਂ ਨੌਕਰੀਆਂ ਸਨ, ਦੂਜੇ ਪਾਸੇ ਇੱਥੋਂ ਦੇ ਹਾਲਾਤ ਮੁਤਾਬਕ ਬੱਚਿਆਂ ਦੇ ਭਵਿੱਖ ਦਾ ਫਿਕਰ ਸੀ। ਫੈਸਲਾ ਲੈਣ ਵਿਚ ਕਾਫੀ ਦੁਚਿੱਤੀ ਵਿਚ ਸਾਂ। ਆਖਰ ਕਈ ਦਿਨਾਂ ਦੀ ਜਦੋ-ਜਹਿਦ ਤੋਂ ਬਾਅਦ ਜਾਣ ਦੇ ਫੈਸਲੇ ਨੇ ਜ਼ਿੰਦਗੀ ਨੂੰ ਨਵਾਂ ਮੋੜ ਦਿੱਤਾ। ਅਸੀਂ ਪ੍ਰੀ-ਮੈਚਿਊਰ ਪੈਨਸ਼ਨ ਲੈ ਕੇ ਅਮਰੀਕਾ ਪਹੁੰਚ ਗਏ ਸਾਂ।

ਮੈਨੂੰ ਮਹੀਨਾ ਕੁ ਹੋ ਗਿਆ ਸੀ ਗੈਸ ਸ਼ਟੇਸ਼ਨ 'ਤੇ ਕੰਮ ਸਿੱਖਦਿਆਂ। ਮੈਂ ਬੀਅਰ, ਜੂਸ, ਕੋਕ ਅਤੇ ਵਾਈਨ ਵਗੈਰਾ ਦੇ ਰੇਟ ਅਤੇ ਕਿਸਮਾਂ ਯਾਦ ਕਰ ਲਈਆਂ ਸਨ, ਪਰ ਸਭ ਤੋਂ ਵੱਧ ਮੈਨੂੰ ਸਿਗਰਟਾਂ ਦੇ ਨਾਂਵਾਂ ਤੇ ਰੇਟ ਦਾ ਭੰਬਲਭੂਸਾ ਪਿਆ ਰਹਿੰਦਾ ਸੀ। ਸਿਗਰਟਾਂ ਦੇ ਇੱਕ ਇੱਕ ਬਰਾਂਡ ਵਿਚ ਕਈ ਕਈ ਕਿਸਮਾਂ ਸਨ। ਬੀਅਰ, ਜੂਸ ਕੋਕ ਜਾਂ ਕੈਂਡੀ ਵਗੈਰਾ ਗਾਹਕ ਆਪ ਚੁੱਕ ਲਿਆਉਂਦੇ ਸਨ, ਮੈਂ ਸਿਰਫ ਰੇਟ ਹੀ ਲਾਉਣਾ ਹੁੰਦਾ ਸੀ। ਮੈਨੂੰ ਇਹ ਕੰਮ ਸੌਖਾ ਲੱਗਦਾ ਸੀ, ਪਰ ਸਿਗਰਟਾਂ ਕਿਉਂਕਿ ਮੇਰੇ ਕੋਲ ਕਾਊਂਟਰ ਦੇ ਅੰਦਰ ਹੁੰਦੀਆਂ ਸਨ, ਗਾਹਕ ਦੇ ਮੰਗਣ 'ਤੇ ਫੁਰਤੀ ਨਾਲ ਦੇਣੀਆਂ ਹੁੰਦੀਆਂ ਸਨ। ਇਹ ਕੰਮ ਮੈਨੂੰ ਸਭ ਤੋਂ ਔਖਾ ਲੱਗਦਾ। ਇਕ ਮੇਰਾ ਅੰਗਰੇਜ਼ੀ ਵੱਲੋਂ ਹੱਥ ਤੰਗ ਹੋਣ ਕਾਰਨ ਮੈਨੂੰ ਦੂਹਰੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਦੇ ਉਚਾਰਨ ਨੂੰ ਸਮਝਣ ਤੇ ਜਵਾਬ ਦੇਣ ਵਿਚ ਮੈਨੂੰ ਕਾਫੀ ਦਿੱਕਤ ਆਉਂਦੀ ਸੀ, ਪਰ ਹੌਲੀ ਹੌਲੀ ਗੱਡੀ ਰਿੜ੍ਹ ਪਈ ਸੀ।

ਦੂਜੇ ਮਹੀਨੇ ਮੇਰੀ ਤਨਖਾਹ ਸ਼ੁਰੂ ਹੋ ਗਈ ਸੀ। ਮੈਂ ਆਪਣੇ ਤੌਰ 'ਤੇ ਸਵੇਰ ਵੇਲੇ ਸਟੋਰ ਖੋਲ੍ਹਣ ਲੱਗ ਪਿਆ ਸਾਂ। ਮੈਂ ਸਵੇਰੇ ਛੇ ਵਜੇ ਸਟੋਰ ਖੋਲ੍ਹਦਾ ਅਤੇ ਬਾਅਦ ਦੁਪਹਿਰ ਤਿੰਨ ਵਜੇ ਦੂਜੇ ਇੰਪਲਾਈ ਨੂੰ ਸਟੋਰ ਸੰਭਾਲ ਕੇ ਆਪਣੀ ਅਪਾਰਮੈਂਟ ਆ ਜਾਂਦਾ।

ਗਰਮੀਆਂ ਦੇ ਦਿਨਾਂ ਵਿਚ ਸਵੇਰੇ ਛੇ ਵਜੇ ਕਾਫੀ ਚਾਨਣ ਹੁੰਦਾ ਸੀ, ਇਸ ਲਈ ਸਟੋਰ ਖੋਲ੍ਹਣ ਵੇਲੇ ਕੋਈ ਦਿੱਕਤ ਦਾ ਸਾਹਮਣਾ ਨਹੀਂ ਕਰਨਾ ਪਿਆ। ਹੋਮਲੈਸ, ਡਰੱਗੀ ਤੇ ਟਰੈਸ਼ ਫਰੋਲਣ ਵਾਲੇ ਭਾਵੇਂ ਸਟੋਰ ਦੇ ਆਸੇ-ਪਾਸੇ ਘੁੰਮਦੇ ਦਿਖਾਈ ਦਿੰਦੇ ਸਨ, ਪਰ ਸਵੇਰ ਵੇਲੇ ਚਾਨਣ ਹੋਣ ਕਾਰਨ ਡਰ ਘੱਟ ਲੱਗਦਾ ਸੀ। ਸਿਆਲ ਹੁੰਦਿਆਂ ਹੀ ਸ਼ਾਮ ਨੂੰ ਹਨੇਰਾ ਛੇਤੀ ਉਤਰ ਆਉਂਦਾ ਹੈ ਅਤੇ ਸਵੇਰੇ ਵੀ ਸੂਰਜ ਲੇਟ ਦਿਖਾਈ ਦਿੰਦਾ ਹੈ। ਮੀਂਹਾਂ ਦਾ ਮੌਸਮ ਸ਼ੁਰੂ ਹੋਣ ਨਾਲ ਬੱਦਲਵਾਈ ਵੀ ਬਣੀ ਰਹਿੰਦੀ ਹੈ। ਸਰਦੀ ਦੇ ਦਿਨਾਂ ਵਿਚ ਵੱਡੇ ਵੱਡੇ ਕੋਟਾਂ ਅਤੇ ਕੰਬਲਾਂ ਵਿਚ ਲਪੇਟੇ ਸਟੋਰ ਦੇ ਬਾਹਰੀ ਖੂੰਜਿਆਂ ਜਾਂ ਕੰਧ ਦਾ ਸਹਾਰਾ ਓਟੀ ਬੈਠੇ ਡਰੱਗੀ, ਹੋਮਲੈਸ ਆਮ ਹੀ ਮਿਲ ਜਾਂਦੇ ਹਨ। ਉਨ੍ਹਾਂ ਦੀਆਂ ਆਦਤਾਂ ਤੇ ਸੁਭਾਅ ਔਖੜ ਹੋਣ ਕਾਰਨ ਡਰ ਹਮੇਸ਼ਾ ਬਣਿਆ ਰਹਿੰਦਾ।

ਸਰਦੀਆਂ ਦਾ ਮੌਸਮ ਹੋਣ ਕਾਰਨ ਮੀਂਹ ਰਾਤ ਤੋਂ ਹੀ ਪੈ ਰਿਹਾ ਸੀ। ਸਵੇਰ ਵੇਲੇ ਜਦੋਂ ਮੈਂ ਸਟੋਰ ਖੋਲ੍ਹਣ ਪਹੁੰਚਿਆ ਤਾਂ ਵੇਖਿਆ ਸਟੋਰ ਦੇ ਬਾਰ ਮੂਹਰੇ ਕੋਈ ਲੇਟਿਆ ਪਿਆ ਹੈ। ਮੀਂਹ ਦੀ ਵਾਛੜ ਤੋਂ ਬਚਣ ਲਈ ਟਰੈਸ਼ ਬੈਗ ਪਾੜ ਕੇ ਆਪਣੇ ਉਪਰ ਲਪੇਟੇ ਹੋਏ ਸਨ। ਪਹਿਲਾਂ ਤਾਂ ਮੈਂ ਉਸ ਦੇ ਕੋਲੋ ਜਾ ਕੇ ਉਠਾਉਣ ਬਾਰੇ ਸੋਚਿਆ, ਫਿਰ ਮੈਂ ਸੋਚਿਆ ਕਿਤੇ ਅੱਕਿਆ ਹਮਲਾ ਹੀ ਨਾ ਕਰ ਦੇਵੇ। ਮੈਂ ਕਾਰ ਵਿਚ ਬੈਠ ਕੇ ਹੀ ਹਾਰਨ ਮਾਰਨਾ ਸ਼ੁਰੂ ਕਰ ਦਿੱਤਾ ਅਤੇ ਨਾਲ ਹੀ ਉਚੀ ਦੇ ਕੇ ਬੋਲਿਆ, "ਆਈ ਉਪਨ ਦਾ ਸਟੋਰ।" ਉਹ ਉਠਿਆ ਤੇ ਆਪਣਾ ਨਿੱਕ-ਸੁੱਕ ਸਾਂਭ ਇੱਕ ਪਾਸੇ ਹੋ ਤੁਰਿਆ। ਮੈਨੂੰ ਸੁੱਖ ਦਾ ਸਾਹ ਆਇਆ।

ਮੈਂ ਆਸਾ-ਪਾਸਾ ਵੇਖ ਛੇਤੀ ਨਾਲ ਸਟੋਰ ਦਾ ਗੇਟ ਖੋਲ੍ਹਿਆ, ਅੰਦਰ ਵੜ ਕੇ ਝੱਟ ਲੌਕ ਲਾ ਲਿਆ। ਮੈਂ ਕੈਸ਼ ਰਜਿਸਟਰ ਤਿਆਰ ਕਰਕੇ ਅਤੇ ਕੌਫੀ ਵਗੈਰਾ ਬਣਾ ਕੇ ਗਾਹਕਾਂ ਲਈ ਸਟੋਰ ਖੋਲ੍ਹ ਦਿੱਤਾ। ਸਵੇਰ ਵੇਲੇ ਕੰਮਾਂ 'ਤੇ ਜਾਣ ਵਾਲੇ ਦੋ ਤਿੰਨ ਗਾਹਕ ਆਪਣਾ ਸਮਾਨ ਖਰੀਦ ਕੇ ਛੇਤੀ ਛੇਤੀ ਸਟੋਰ ਤੋਂ ਬਾਹਰ ਚਲੇ ਗਏ। ਉਹ ਸਵੇਰ ਵਾਲਾ ਸ਼ਖਸ ਪਾਣੀ ਨਾਲ ਭਿੱਜਿਆ ਕੌਫੀ ਦਾ ਵੱਡਾ ਕੱਪ ਭਰ ਕੇ ਕਾਊਂਟਰ ਸਾਹਮਣੇ ਆ ਕੇ ਖੜ੍ਹਾ ਹੋ ਗਿਆ। ਉਸ ਨੇ ਪੈਸੇ ਕੱਢਣ ਲਈ ਆਪਣੇ ਕੱਪੜਿਆਂ ਦੀ ਕਾਫੀ ਫਰੋਲਾ ਫਰਾਲੀ ਕੀਤੀ। ਉਸ ਦੇ ਕੱਪੜਿਆ ਵਿਚੋਂ ਪਾਣੀ ਦੇ ਛਿੱਟੇ ਫਰਸ਼ 'ਤੇ ਡਿੱਗ ਰਹੇ ਸਨ। ਮੈਨੂੰ ਖਿਝ ਚੜ੍ਹ ਰਹੀ ਸੀ। ਸਵੇਰੇ ਸਵੇਰੇ ਮੈਂ ਕਲੇਸ਼ ਤੋਂ ਡਰਦਾ ਚੁੱਪ ਸਾਂ। ਕਾਫੀ ਕੋਸ਼ਿਸ਼ ਤੋਂ ਬਾਅਦ ਉਸ ਨੇ ਇੱਕ ਭਿੱਜਿਆ ਤੇ ਮੁੱਚੜਿਆ ਜਿਹਾ ਡਾਲਰ ਕਾਊਂਟਰ 'ਤੇ ਰੱਖਿਆ। ਮੈਂ ਆਖਿਆ, "ਦਿਸ ਇਜ਼ ਨਾਟ ਗੁੱਡ।"

"ਡਾਲਰ ਇਜ਼ ਏ ਡਾਲਰ, ਆਈ ਐਮ ਅਮੈਰਿਕਨ, ਆਈ ਨੋ ਵੈਰੀ ਵੈਲ।" ਉਸ ਨੇ ਖਿਝ ਕੇ ਆਖਿਆ।

"ਆਈ ਐਮ ਆਲਸੋ ਅਮਰੀਕਨ!" ਮੈਂ ਵੀ ਤਲਖੀ ਵਿਚ ਆਖਿਆ।

"ਯੂ ਆਰ ਨਾਟ ਅਮੈਰਿਕਨ, ਯੂ ਆਰ ਇਮੀਗਰੈਂਟਸ।" ਆਖ, ਉਸ ਨੇ ਕੌਫੀ ਦਾ ਕੱਪ ਕਾਊਂਟਰ 'ਤੇ ਰੱਖ ਦਿੱਤਾ। ਕੌਫੀ ਉਹ ਪਹਿਲਾਂ ਹੀ ਜੂਠੀ ਕਰ ਚੁਕਾ ਸੀ। ਮਾਲਕ ਦਾ ਕਿਹਾ ਮੈਨੂੰ ਯਾਦ ਆਇਆ, ਕਦੇ ਵੀ ਗਾਹਕ ਨਾਲ ਖਹਿਬੜਨਾ ਨਹੀਂ। ਇਹ ਸਾਰਾ ਕੁਝ ਜਰਦਿਆਂ ਮੈਂ ਕਿਹਾ, "ਵੰਨ ਡਾਲਰ ਮੋਰ।"

"ਆਈ ਹੈਵ ਨੋ ਮੋਰ।" ਉਸ ਨੇ ਖਾਲੀ ਹੱਥ ਵਿਖਾਉਂਦਿਆਂ ਕਿਹਾ। "ਓ ਕੇ, ਨੈਕਸਟ ਟਾਇਮ ਗਿਵ ਮੀ।" ਝਗੜੇ ਨੂੰ ਨਬੇੜਨ ਲਈ ਮੈਂ ਅਗਲੀ ਵਾਰ ਦੇਣ ਲਈ ਕਹਿ ਦਿੱਤਾ ਸੀ। ਮੈਨੂੰ ਪਤਾ ਸੀ ਉਸ ਨੇ ਅਗਲੀ ਵਾਰ ਵੀ ਨਹੀਂ ਦੇਣੇ। ਇਸ ਤਰ੍ਹਾਂ ਦੇ ਢੀਠ ਲੋਕ ਕਾਫੀ ਹਨ, ਜੋ ਜਾਣ-ਬੁੱਝ ਕੇ ਪੈਸੇ ਦੇਣ ਤੋਂ ਪਹਿਲਾਂ ਹੀ ਚੀਜ਼ ਜੂਠੀ ਕਰ ਦਿੰਦੇ ਹਨ, ਤਾਂ ਕਿ ਮਾਲਕ ਸੁੱਟਣ ਦੀ ਥਾਂ ਜਿੰਨੇ ਦਿੰਦਾ ਹੈ 'ਤੇ ਸਬਰ ਕਰ ਲਵੇ।

ਉਸ ਦਾ ਕਿਹਾ, "ਯੂ ਆਰ ਇਮੀਗਰੈਂਟਸ" ਮੈਨੂੰ ਸਾਰਾ ਦਿਨ ਬੇਚੈਨ ਕਰਦਾ ਰਿਹਾ। ਮੈਂ ਸੋਚ ਰਿਹਾ ਸਾਂ, ਪੰਜਾਬੀ ਕਈ ਦਹਾਕਿਆ ਤੋਂ ਇੱਥੇ ਰਹਿ ਰਹੇ ਹਨ। ਇੱਥੋਂ ਦੇ ਸਿਟੀਜ਼ਨ ਹਨ। ਮਿਹਨਤਾਂ ਕਰਕੇ ਚੰਗੇ ਕਾਰੋਬਾਰ ਚਲਾ ਰਹੇ ਹਨ। ਟੈਕਸ ਭਰਦੇ ਹਨ। ਇੱਥੋਂ ਦੀ ਆਰਥਕਤਾ ਨੂੰ ਉੱਚਾ ਚੁੱਕਣ ਵਿਚ ਪੰਜਾਬੀਆਂ ਦਾ ਬਹੁਤ ਵੱਡਾ ਹੱਥ ਹੈ। ਇੱਕ ਸਾਧਾਰਨ ਡਰੱਗੀ ਮੰਗਤਾ, ਜਿਸ ਕੋਲ ਰਹਿਣ ਨੂੰ ਨਾ ਘਰ ਹੈ, ਨਾ ਕੋਲ ਖਾਣ-ਪੀਣ ਲਈ ਕੋਈ ਪੈਸਾ ਹੈ, ਫਿਰ ਵੀ ਆਪਣੇ ਆਪ ਨੂੰ ਸਾਡੇ ਨਾਲੋਂ ਉੱਤਮ ਸਮਝਦਾ ਹੈ। ਉਹ ਆਪਣੇ ਆਪ ਨੂੰ ਗੋਰੀ ਨਸਲ ਦਾ ਹੋਣ ਕਰਕੇ ਅਮਰੀਕਾ ਦਾ ਅਸਲ ਵਾਸੀ ਸਮਝਦਾ ਹੈ। ਭਾਵੇਂ ਉਸ ਦੇ ਵੱਡ-ਵਡੇਰੇ ਵੀ ਬਾਹਰੋਂ ਆਏ ਸਨ। ਇੱਥੇ ਬਹੁਤ ਸਾਰੇ ਲੋਕ ਗੋਰੀ ਨਸਲ ਦਾ ਹੋਣ ਕਰਕੇ ਆਪਣੇ ਆਪ ਨੂੰ ਉਚੇਰੇ ਹੋਣ ਦਾ ਭਰਮ ਪਾਲੀ ਰੱਖਦੇ ਹਨ।

ਮੈਨੂੰ ਯਾਦ ਆਇਆ, ਸਾਡੇ ਪੰਜਾਬ ਵਿਚ ਵੀ ਆਮ ਲੋਕ ਪਰਵਾਸੀ ਮਜ਼ਦੂਰਾਂ ਨੂੰ ਆਦਰ ਦੀ ਨਿਗ੍ਹਾ ਨਾਲ ਨਹੀਂ ਵੇਖਦੇ। ਪਿੰਡਾਂ ਵਿਚ ਪੰਜਾਬੀ ਮਜ਼ਦੂਰ ਵੀ ਬਾਹਰੋਂ ਆਏ ਬਿਹਾਰੀ ਜਾਂ ਯੂ. ਪੀ. ਦੇ ਮਜ਼ਦੂਰਾਂ ਨੂੰ ਆਪਣੇ ਨਾਲੋਂ ਹੇਠਲੇ ਦਰਜੇ ਦੇ ਸਮਝਦੇ ਹਨ। ਭਾਵੇਂ ਕੰਮ ਦੇ ਲਿਹਾਜ ਨਾਲ ਦੋਵੇਂ ਬਰਾਬਰ ਹਨ। ਹੁਣ ਤਾਂ ਪਰਵਾਸੀ ਮਜ਼ਦੂਰਾਂ ਨੇ ਕਈ ਸ਼ਹਿਰਾਂ/ਕਸਬਿਆਂ ਵਿਚ ਆਪਣੇ ਛੋਟੇ ਛੋਟੇ ਕਾਰੋਬਾਰ ਵੀ ਕਰ ਲਏ ਹਨ। ਫਿਰ ਵੀ ਪੰਜਾਬੀ ਉਨ੍ਹਾਂ ਨੂੰ ਆਪਣੇ ਹਾਣ ਦੇ ਨਹੀਂ ਸਮਝਦੇ। ਉਹ ਭਾਰਤ ਦੇ ਵਸਨੀਕ ਹੋਣ ਦੇ ਨਾਤੇ ਬਰਾਬਰ ਦੇ ਸ਼ਹਿਰੀ ਹਨ, ਪਰ ਫਿਰ ਵੀ ਹਰ ਕੰਮ ਵਿਚ ਉਨ੍ਹਾਂ ਨੂੰ ਭਈਏ ਕਹਿ ਕੇ ਛੁਟਿਆਇਆ ਜਾਂਦਾ ਹੈ।

ਗੋਰੇ ਮੰਗਤੇ ਦਾ ਮੈਨੂੰ ਇਮੀਗਰੈਂਟਸ ਕਹਿਣਾ ਤੇ ਪੰਜਾਬ ਵਿਚ ਪਰਵਾਸੀ ਮਜ਼ਦੂਰਾਂ ਨੂੰ ਸਾਡੇ ਲੋਕਾਂ ਦਾ ਭਈਏ ਕਹਿਣਾ ਮਨੁੱਖ ਦੀ ਆਪਣੇ ਆਪ ਨੂੰ ਉਚੇਰੇ ਸਮਝਣ ਦੇ ਭਰਮ ਦੀ ਫਿਦਰਤ ਹੈ।

ਮੈਨੂੰ ਯਾਦ ਆਇਆ, ਗੱਲ ਉਨ੍ਹਾਂ ਦਿਨਾਂ ਦੀ ਹੈ, ਜਦੋਂ ਉਬਾਮਾ ਅਮਰੀਕਾ ਦਾ ਨਵਾਂ ਨਵਾਂ ਰਾਸ਼ਟਰਪਤੀ ਬਣਿਆ ਸੀ। ਅਫਰੀਕਨ ਮੂਲ ਦਾ ਹੋਣ ਕਾਰਨ ਆਮ ਕਾਲੇ ਰੰਗ ਦੇ ਲੋਕਾਂ ਵਿਚ ਕਾਫੀ ਉਤਸ਼ਾਹ ਸੀ। ਪਹਿਲੀ ਵਾਰ ਕੋਈ ਕਾਲੇ ਰੰਗ ਦਾ ਬੰਦਾ ਰਾਸ਼ਟਰਪਤੀ ਬਣਿਆ ਸੀ। ਉਨ੍ਹਾਂ ਨੂੰ ਪਹਿਲੀ ਵਾਰ ਲੱਗਿਆ ਸੀ, ਅਸੀਂ ਵੀ ਗੋਰੇ ਲੋਕਾਂ 'ਤੇ ਰਾਜ ਕਰ ਸਕਦੇ ਹਾਂ। ਉਨ੍ਹਾਂ ਦੇ ਵਿਹਾਰ ਵਿਚ ਕਾਫੀ ਤਬਦੀਲੀ ਵੇਖਣ ਨੂੰ ਮਿਲ ਰਹੀ ਸੀ।

ਇੱਕ ਦਿਨ ਕੋਈ ਦੁਪਹਿਰ ਦਾ ਵੇਲਾ ਸੀ। ਲੰਚ ਬ੍ਰੇਕ ਹੋਣ ਕਾਰਨ ਸਟੋਰ ਅੰਦਰ ਗਾਹਕ ਕੋਈ ਨਹੀਂ ਸੀ। ਮੈਂ ਸ਼ੀਸ਼ੇ ਵਿਚ ਦੀ ਬਾਹਰ ਵੱਲ ਵੇਖਿਆ, ਦੋ ਕੁ ਗਾਹਕ ਗੈਸ ਪਾ ਰਹੇ ਸਨ। ਇੱਕ ਮਾੜਚੂ ਜਿਹਾ ਲੱਗਦਾ ਸ਼ਖਸ ਗੈਸ ਪਾ ਰਹੇ ਗਾਹਕ ਕੋਲੋਂ ਕੁੱਝ ਮੰਗ ਰਿਹਾ ਸੀ। ਦੂਜਾ ਆਦਮੀ ਮੋਢੇ 'ਤੇ ਟਰੈਸ਼ ਬੈਗ ਲਟਕਾਈ ਖਾਲੀ ਬੀਅਰ ਅਤੇ ਸੋਡੇ ਦੇ ਕੈਨ ਇੱਕਠੇ ਕਰਨ ਲਈ ਟ੍ਰੈਸ਼ ਫਰੋਲ ਰਿਹਾ ਸੀ। ਕੁਝ ਚਿਰ ਬਾਅਦ ਉਹੀ ਟਰੈਸ਼ ਵਿਚੋਂ ਕੈਨ 'ਕੱਠੇ ਕਰਨ ਵਾਲਾ ਆਦਮੀ ਟ੍ਰੈਸ਼ ਬੈਗ ਬਾਹਰ ਰੱਖ ਕੇ ਅੰਦਰ ਦਾਖਲ ਹੁੰਦਾ ਹੈ। ਕਾਊਂਟਰ 'ਤੇ ਫਿਫਟੀ ਸੈਂਟ ਸੁੱਟਣ ਦੇ ਲਹਿਜੇ ਵਿਚ ਮੇਰੇ ਮੂਹਰੇ ਰੱਖਦਾ ਹੈ ਤੇ ਇੱਕ ਸਸਤੀ ਜਿਹੀ ਸਿਗਾਰ ਮੰਗਦਾ ਹੈ। ਮੇਰੇ ਨਾਂਹ ਕਰਨ 'ਤੇ ਗੁੱਸੇ ਵਿਚ ਆਉਂਦਾ ਹੈ। ਗੱਲ ਵਿਚ ਪਾਈ ਉਬਾਮਾ ਦੀ ਫੋਟੋ ਵਿਖਾਉਂਦਾ ਹੈ। ਚੀਕ ਕੇ ਆਖਦਾ, "ਯੂ ਨੋ।"

"ਆਈ ਨੋ।" ਮੈਂ ਵੀ ਕੁਝ ਗਰਮ ਲਹਿਜੇ ਵਿਚ ਆਖਦਾ ਹਾਂ।

"ਤੁਸੀਂ ਲੋਕ ਨਹੀਂ ਜਾਣਦੇ, ਅਸੀਂ ਦੇਸ਼ ਦੇ ਰਾਸ਼ਟਰਪਤੀ ਹਾਂ, ਵ੍ਹਾਈਟ ਹਾਊਸ ਹੁਣ ਸਾਡਾ ਹੈ।" ਉਹ ਉਬਾਮਾ ਦੀ ਫੋਟੋ ਵਾਰ ਵਾਰ ਮੇਰੇ ਅੱਗੇ ਕਰਕੇ ਵਿਖਾ ਰਿਹਾ ਸੀ। ਜਿਵੇਂ ਉਹ ਉਬਾਮਾ ਦਾ ਕੋਈ ਸਕਾ ਸਬੰਧੀ ਹੋਵੇ। ਮੈਂ ਕੁਝ ਨਰਮ ਪੈਂਦਿਆਂ ਆਖਿਆ, ਮੈਂ ਵੀ ਉਬਾਮਾ ਨੂੰ ਪਸੰਦ ਕਰਦਾ ਹਾਂ, ਸਾਡਾ ਵੀ ਆਹ ਰਾਸ਼ਟਰਪਤੀ ਹੈ।" ਉਸ ਨੇ ਕੁਝ ਠੰਡਾ ਪੈਂਦਿਆਂ ਫਿਰ ਸਾਹਮਣੇ ਪਈਆਂ ਸਿਗਾਰਾਂ ਵੱਲ ਇਸ਼ਾਰਾ ਕੀਤਾ। ਮੈਂ ਖਹਿੜਾ ਛੁਟਾਉਣ ਦੇ ਇਰਾਦੇ ਨਾਲ ਜਿਹੜੀ ਸਿਗਾਰ ਮੰਗਦਾ ਸੀ, ਦੇ ਦਿੱਤੀ।

ਮੈਂ ਸੋਚ ਰਿਹਾ ਸਾਂ ਕਿ ਆਮ ਮਨੁੱਖ ਕੋਲ ਕਹਿਣ ਨੂੰ ਆਪਣਾ ਕੁਝ ਵੀ ਨਹੀਂ ਹੈ। ਉਹ ਆਪਣੀ ਪਛਾਣ ਲਈ ਦੂਸਰਿਆਂ ਦੀ ਪਛਾਣ ਦਾ ਸਹਾਰਾ ਲੈਂਦਾ ਹੈ। ਵੱਡਿਆਂ ਨਾਲ ਜੋੜੇ ਨਾਤੇ ਦੇ ਭਰਮ ਨੂੰ ਆਪਣੇ ਮਨ ਦੀ ਤਸੱਲੀ ਸਮਝਦਾ ਹੈ। ਮੈਨੂੰ ਯਾਦ ਆਇਆ, ਸਾਡੇ ਪਿੰਡ ਸਿਬੀਆਂ ਵਿਚ ਕਰਤਾਰਾ ਛੜਾ ਹੁੰਦਾ ਸੀ। ਉਸ ਕੋਲ ਕੁੱਲ ਮਿਲਾ ਕੇ ਇੱਕ ਕੋਠੜੀ, ਕਬੂਤਰਾਂ ਦਾ ਖੁੱਡਾ ਅਤੇ ਇੱਕ ਬੱਕਰੀ ਸੀ। ਉਹ ਜਦੋਂ ਵੀ ਸੱਥ ਵਿਚ ਬੈਠਦਾ, ਆਪਣੇ ਆਪ ਨੂੰ ਖਾਨਦਾਨੀ ਬੰਦਾ ਆਖਦਾ। ਆਪਣਾ ਪਿਛੋਕੜ ਪਿੰਡ ਦੇ ਸਿਬੀਆ ਸਰਦਾਰਾਂ ਨਾਲ ਜੋੜਦਾ। ਮਾਣ ਨਾਲ ਆਖਦਾ, "ਆਹ ਜਿਹੜੇ ਸੌਢੀ ਸਰਦਾਰ ਸੌ ਸੌ ਕਿੱਲਿਆਂ ਦੇ ਮਾਲਕ ਬਣੇ ਬੈਠੇ ਆ, ਸਾਡੇ ਵਡੇਰਿਆਂ ਨੇ ਇਨ੍ਹਾਂ ਨੂੰ ਦਾਨ ਵਿਚ ਦਿੱਤੇ ਸਨ, ਇਹ ਤਾਂ ਬਾਹਰੋਂ ਆਏ ਐ, ਅਸੀਂ ਤਾਂ ਇੱਥੋਂ ਦੇ ਜੱਦੀ ਸਰਦਾਰ ਆਂ।"

ਥੋੜ੍ਹੇ ਚਿਰ ਬਾਅਦ ਜਦੋਂ ਮੈਂ ਬਾਹਰ ਵੇਖਿਆ ਉਹੀ 'ਵ੍ਹਾਈਟ ਹਾਊਸ ਦਾ ਬਾਸ਼ਿੰਦਾ' ਫਿਰ ਕੈਨ 'ਕੱਠੇ ਕਰਨ ਲਈ ਟ੍ਰੈਸ਼ ਫਰੋਲ ਰਿਹਾ ਸੀ। ਮੈਂ ਸੋਚ ਰਿਹਾ ਸਾਂ, ਭਾਵੇਂ ਕਾਲੀ ਚਮੜੀ ਵਾਲਾ ਉਬਾਮਾ ਹੋਵੇ ਜਾਂ ਗੋਰੀ ਚਮੜੀ ਵਾਲਾ ਟਰੰਪ ਹੋਵੇ, ਮੂੰਹ ਦੀ ਬੁਰਕੀ ਲਈ ਹੱਥਾਂ ਦੀ ਕਿਰਤ ਨੇ ਹੀ ਕੰਮ ਆਉਣਾ, ਪਰ ਮਨੁੱਖ ਇੱਕ ਭੁਲੇਖੇ ਨੂੰ ਚੁੱਕੀ ਫਿਰਦਾ ਸਾਰੀ ਉਮਰ ਗਵਾਚਿਆ ਰਹਿੰਦਾ ਹੈ।

# ਸੱਤ ਸਮੁੰਦਰ ਪਾਰ ਮੰਤਰੀ-ਸਾਡੀ ਬੇਟੀ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
ਫੋਨ: 91-98157-78469
Sandhugulzar@yahoo.com

ਸਾਡੇ ਸਾਕ ਸਬੰਧੀ, ਦੋਸਤ ਮਿੱਤਰ ਤੇ ਜਾਣੂ ਇਹ ਤਾਂ ਜਾਣਦੇ ਹਨ ਕਿ ਸਾਡੀ ਆਪਣੀ ਕੋਈ ਔਲਾਦ ਨਹੀਂ, ਪਰ ਇਹ ਗੱਲ ਸ਼ਾਇਦ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਸਾਨੂੰ ਮਾਪਿਆਂ ਵਰਗਾ ਮਾਣ ਸਤਿਕਾਰ ਦੇਣ ਵਾਲੇ ਬੱਚਿਆਂ ਦਾ ਅੰਤ ਨਹੀਂ; ਖਾਸ ਕਰਕੇ ਧੀਆਂ ਧਿਆਣੀਆਂ ਦਾ। ਉਨ੍ਹਾਂ ਵਿਚੋਂ ਦੋ ਤਾਂ ਸੁਲੇਖਾ ਤੇ ਰਘਬੀਰ ਸਿੰਘ ਸਿਰਜਣਾ ਦੀਆਂ ਬੇਟੀਆਂ-ਰਚਨਾ ਕੌਰ ਤੇ ਸਿਰਜਣਾ ਹੀ ਹਨ। ਸਿਰਜਣਾ ਅਮਰੀਕਾ ਜਾ ਵੱਸੀ ਹੈ ਤੇ ਰਚਨਾ ਕੈਨੇਡਾ 'ਚ। ਉਸ ਦਾ ਜੀਵਨ ਸਾਥੀ ਗੁਰਪ੍ਰੀਤ ਬ੍ਰਿਟਿਸ਼ ਕੋਲੰਬੀਆ ਵਿਚ ਰੇਡੀਓ ਪੱਤਰਕਾਰ ਹੈ ਤੇ ਖੁਦ ਆਪਣੇ ਨਾਨੇ ਤੇਰਾ ਸਿੰਘ ਚੰਨ ਦੇ ਪੈਰ ਚਿੰਨ੍ਹਾਂ 'ਤੇ ਚਲਦਿਆਂ ਰਾਜਨੀਤੀ ਵਿਚ ਕੁੱਦ ਪਈ ਹੈ। ਉਹ ਹਾਲ ਵਿਚ ਹੀ ਹੋਈਆਂ ਬੀ. ਸੀ. ਦੀਆਂ ਵਿਧਾਨ ਸਭਾ ਚੋਣਾ ਜਿੱਤਣ ਉਪਰੰਤ ਉਥੋਂ ਦੇ ਮੰਤਰੀ ਮੰਡਲ ਦੀ ਮੈਂਬਰ ਬਣ ਗਈ ਹੈ। ਉਸ ਨੂੰ ਨਸਲੀ ਵਿਤਕਰਾ ਵਿਰੋਧੀ ਪਹਿਲ ਕਦਮੀ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਪਿਛਲੀ ਵਿਧਾਨ ਸਭਾ ਵਿਚ ਉਹਦੇ ਜ਼ਿੰਮੇ ਬਜੁਰਗਾਂ ਦੀ ਸਾਂਭ ਸੰਭਾਲ ਦਾ ਕੰਮ ਸੀ, ਜਿਸ ਦੀ ਸਫਲਤਾ ਸਦਕਾ ਉਹ ਇੱਕ ਵਾਰੀ ਫਿਰ ਚੁਣੀ ਗਈ ਹੈ। ਮੈਂ ਉਸ ਦੇ ਪਿਤਾ ਦਾ ਮਿੱਤਰ ਹੀ ਨਹੀਂ, ਬਾਪ-ਬੇਟੀ ਨੂੰ ਕਾਰ ਚਲਾਉਣੀ ਸਿਖਾਉਣ ਵਾਲਾ ਵੀ ਮੈਂ ਹੀ ਹਾਂ। ਮੈਨੂੰ ਨਿਸ਼ਚਾ ਹੈ ਕਿ ਜੇ ਮੈਂ ਕੈਨੇਡਾ ਦਾ ਵਸਨੀਕ ਬਣਨਾ ਚਾਹਾਂ ਤਾਂ ਮੈਨੂੰ ਉਥੇ ਜਾ ਕੇ ਬੇਰੀਆਂ ਤੋੜਨ ਦੀ ਮਜਬੂਰੀ ਨਹੀਂ, ਡਰਾਈਵਰੀ ਮਿਲ ਸਕਦੀ ਹੈ। ਹੋ ਸਕਦਾ ਹੈ ਰਚਨਾ ਕੌਰ ਨੂੰ ਹੀ ਲੋੜ ਹੋਵੇ। ਨਵਾਂ ਨਾਤਾ ਜ਼ਿੰਦਾਬਾਦ!

**ਮੇਰੇ ਨਾਨਕਿਆਂ ਦਾ ਧੀਰ:** ਜੇ ਗਲਪਕਾਰ ਤੇ ਕਵੀ ਸੰਤੋਖ ਸਿੰਘ ਧੀਰ ਵੀ ਨਾਵਲਕਾਰ ਜਸਵੰਤ ਸਿੰਘ ਕੰਵਲ ਜਿੰਨੀ ਉਮਰ ਭੋਗਦਾ ਤਾਂ ਉਸ ਨੇ ਇਨ੍ਹਾਂ ਦਿਨਾਂ ਵਿਚ ਸੌ ਵਰ੍ਹੇ ਦਾ ਹੋ ਜਾਣਾ ਸੀ। ਉਹ ਕੁਲਵੰਤ ਸਿੰਘ ਵਿਰਕ ਦਾ ਹਾਣੀ ਸੀ ਤੇ ਉਸ ਦਾ ਜੱਦੀ ਪਿੰਡ ਡਡਹੇੜੀ (ਗੋਬਿੰਦਗੜ੍ਹ) ਮੇਰੇ ਨਾਨਕਾ ਪਿੰਡ ਤੋਂ ਓਨਾ ਹੀ ਦੂਰ ਸੀ, ਜਿੰਨਾ ਸਆਦਤ ਹਸਨ ਮੰਟੋ ਦਾ ਜਨਮ ਸਥਾਨ ਪਪੜੌਦੀ (ਸਮਰਾਲਾ)। ਮੰਟੋ, ਧੀਰ ਤੇ ਮੇਰੇ ਜਨਮ ਸਮੇਂ ਇਹ ਸਾਰਾ ਇਲਾਕਾ ਰੇਤਲਾ ਸੀ ਤੇ ਇਸ ਵਿਚੋਂ ਹਿਰਨਾਂ ਦੀਆਂ ਡਾਰਾਂ ਚੁੰਗੀਆਂ ਭਰ ਕੇ ਆਮ ਹੀ ਬਠਿੰਡੇ ਦੇ ਜੰਗਲਾਂ ਵਲ ਜਾਂਦੀਆਂ ਤੱਕੀਆਂ ਜਾ ਸਕਦੀਆਂ ਸਨ। ਹੁਣ ਤਾਂ ਉਹ ਵਾਲੇ ਹਿਰਨਾਂ ਦੇ ਵਾਰਿਸ ਵਣ ਵਿਭਾਗ ਨੇ ਚੰਡੀਗੜ੍ਹ-ਲੁਧਿਆਣਾ ਮਾਰਗ ਉਤੇ ਪੈਂਦੇ ਨੀਲੋਂ ਮੋੜ ਉਤੇ ਪਿੰਜਰਿਆਂ ਵਿਚ ਕੈਦ ਕਰ ਰੱਖੇ ਹਨ।

ਜਿੱਥੋਂ ਤੱਕ ਧੀਰ ਦਾ ਸਬੰਧ ਹੈ, ਮੈਂ ਉਸ ਨੂੰ ਪਹਿਲੀ ਵਾਰ 1947 ਤੋਂ ਦੋ ਚਾਰ ਸਾਲ ਪਹਿਲਾਂ ਗੋਬਿੰਦਗੜ੍ਹ ਵਿਖੇ ਇੱਕ ਕਵੀ ਦਰਬਾਰ ਵਿਚ ਵੇਖਿਆ ਤੇ ਸੁਣਿਆ ਸੀ। ਮੈਨੂੰ ਉਸ ਦੀ ਕਵਿਤਾ ਦੇ ਬੋਲ ਤਾਂ ਚੇਤੇ ਨਹੀਂ, ਉਸ ਦੀ ਉਠੀ ਉਂਗਲ ਅੱਜ ਵੀ ਮੇਰੇ ਮਨ ਮਸਤਕ ਵਿਚ ਰਸੀ ਹੋਈ ਹੈ। ਮੈਂ ਉਸ ਦੀਆਂ ਕਹਾਣੀਆਂ ਤੋਂ ਪ੍ਰਭਾਵਿਤ ਸਾਂ, ਤੇ ਅੱਜ ਤੱਕ ਵੀ ਹਾਂ। ਖਾਸ ਕਰਕੇ 'ਕੋਈ ਇੱਕ ਸਵਾਰ', 'ਸਾਂਝੀ ਕੰਧ' ਅਤੇ 'ਸਵੇਰ ਹੋਣ ਤੱਕ' ਤੋਂ; ਪਰ ਜਿਹੜੀ ਕਹਾਣੀ ਨੇ ਮੈਨੂੰ ਖੁਦ ਨੂੰ ਕਹਾਣੀਆਂ ਲਿਖਣ ਲਾਇਆ, ਉਸ ਦਾ 'ਸਿਰਲੇਖ' ਤਾਂ ਚੇਤੇ ਨਹੀਂ, ਪਰ ਉਸ ਦਾ ਸਬੰਧ ਦੂਜੇ ਵਿਸ਼ਵ ਯੁੱਧ ਨਾਲ ਸੀ। ਕਿਸੇ ਫੌਜੀ ਦੀਆਂ ਚਿੱਠੀਆਂ ਦੇ ਰੂਪ ਵਿਚ ਤੇ ਜਾਂ ਫਿਰ ਉਸ ਦੀ ਪਤਨੀ ਵਲੋਂ ਲਿਖੇ ਉੱਤਰਾਂ ਦੇ ਰੂਪ ਵਿਚ। ਉਹਦੀ ਸ਼ਬਦਾਵਲੀ ਤੇ ਉਚਾਰਨ ਮੇਰੇ ਨਾਨਕਿਆਂ ਦੇ ਉਚਾਰਨ ਨਾਲ ਮਿਲਦਾ ਜੁਲਦਾ ਸੀ। 'ਕੀ ਹਾਲ ਐ ਭਾਈ ਕਾਕੇ, ਤਕੜੀ ਤਾਂ ਐਂ?' ਵਰਗਾ। ਉਸ ਨੂੰ ਪੜ੍ਹ ਕੇ ਮੈਂ ਆਪਣੇ ਨਾਨਕਿਆਂ ਦੇ ਦਸੌਂਧਾ ਸਿੰਘ ਨਾਮੀ ਬਜੁਰਗ ਦਾ ਸ਼ਬਦ ਚਿੱਤਰ ਲਿਖਿਆ, ਜਿਹੜਾ ਨਵਤੇਜ ਸਿੰਘ ਵਲੋਂ ਸੰਪਾਦਤ ਬੱਚਿਆਂ ਦੇ ਰਸਾਲੇ 'ਬਾਲ ਸੰਦੇਸ਼' ਵਿਚ ਛਪਿਆ। ਸ਼ਬਦ ਚਿੱਤਰ ਲਿਖਦਾ-ਲਿਖਦਾ ਮੈਂ ਕਹਾਣੀਆਂ ਲਿਖਣ ਲੱਗ ਗਿਆ। ਉਸ ਦੀ ਜਨਮ ਸ਼ਬਦਾਵਲੀ ਨੇ ਮੈਨੂੰ ਆਪਣੇ ਨਾਨਕੇ ਚੇਤੇ ਕਰਵਾ ਦਿੱਤੇ ਹਨ।



ਰਚਨਾ ਸਿੰਘ ਆਪਣੇ ਪਤੀ ਗੁਰਪ੍ਰੀਤ ਸਿੰਘ, ਪੁੱਤਰ ਕੋਟਕ ਤੇ ਧੀ ਸ਼ਾਇਸਤਾ ਨਾਲ

**ਜੰਗਲਾਤ, ਜੰਗਲੀ ਜਾਨਵਰ ਤੇ ਵਿਸ਼ਵ ਵਿਦਿਆਲੇ:** ਪੰਜਾਬ ਸਰਕਾਰ ਨੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਭੂਰਾ ਸਿੰਘ ਘੁੰਮਣ ਦਾ ਅਸਤੀਫਾ ਪ੍ਰਵਾਨ ਕਰ ਕੇ ਯੂਨੀਵਰਸਿਟੀ ਦੀ ਕਮਾਂਡ ਆਈ. ਏ. ਐਸ. ਅਧਿਕਾਰੀ ਰਵਨੀਤ ਕੌਰ ਨੂੰ ਸੌਂਪ ਦਿੱਤੀ ਹੈ। ਘੁੰਮਣ ਬੀਬੇ ਵਿਅਕਤੀਤਵ ਲਈ ਜਾਣਿਆਂ ਜਾਂਦਾ ਸੀ ਤੇ ਬੀਬੀ ਰਵਨੀਤ ਕੌਰ ਨੂੰ ਸਰਕਾਰ ਨੇ ਜੰਗਲਾਤ ਤੇ ਜੰਗਲੀ ਜਾਨਵਰਾਂ ਦੇ ਵਿਭਾਗ ਦੀ ਵਧੀਕ ਮੁੱਖ ਸਕੱਤਰ ਥਾਪਿਆ ਹੋਇਆ ਸੀ। ਸੱਚ ਹੈ ਕਿ ਅਜੋਕੇ ਅਧਿਆਪਕਾਂ ਤੇ ਵਿਦਿਆਰਥੀਆਂ ਦੀਆਂ ਮੰਗਾਂ ਆਨ-ਲਾਈਨ ਵਿਦਿਆ ਪ੍ਰਣਾਲੀ ਨਾਲ ਜੁੜੀਆਂ ਹੋਣ ਕਾਰਨ ਪਹਿਲੇ ਸਮਿਆਂ ਦੀਆਂ ਵਿਦਿਅਕ ਗਤੀਵਿਧੀਆਂ ਤੋਂ ਏਨੀਆਂ ਅੱਗੇ ਲੰਘ ਚੁੱਕੀਆਂ ਹਨ ਕਿ ਘੁੰਮਣ ਵਰਗੇ ਸਾਊ ਤੇ ਬੀਬੇ ਬੰਦਿਆਂ ਲਈ ਉਨ੍ਹਾਂ ਨਾਲ ਤੁਰਨਾ ਅਤਿਅੰਤ ਔਖਾ ਹੈ। ਕੀ ਉਨ੍ਹਾਂ ਦੀ ਦੇਖ-ਰੇਖ ਜੰਗਲਾਤ ਤੇ ਜੰਗਲੀ ਜਾਨਵਰਾਂ ਦੇ ਮਾਹਿਰ ਤੋਂ ਬਿਨਾ ਹੋਰ ਕੋਈ ਵੀ ਨਹੀਂ ਸੰਭਾਲ ਸਕਦਾ, ਸਮੇਂ ਨੇ ਦੱਸਣਾ ਹੈ। ਸਾਡਾ ਨਿਸ਼ਚਾ ਹੈ ਕਿ ਨਵੀਂ ਵੀ. ਸੀ. ਪੰਜਾਬ ਸਰਕਾਰ ਤੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਕੋਲੋਂ ਲੋੜੀਂਦੇ ਪੈਸੇ, ਪ੍ਰੋਗਰਾਮ ਤੇ ਗ੍ਰਾਂਟਾਂ ਲਿਆ ਕੇ ਯੂਨੀਵਰਸਿਟੀ ਨੂੰ ਆਪਣੇ ਪੈਰਾਂ ਉਤੇ ਖੜ੍ਹੀ ਕਰਨ ਵਿਚ ਸਫਲ ਹੋਵੇਗੀ। ਸਵਾਗਤ ਹੈ!

**ਅੰਤਿਕਾ: ਗੁਰਚਰਨ ਕੌਰ ਕੋਚਰ**

ਛੱਡ ਦੇ 'ਪੱਥਰ' ਕਹਿਣਾ
ਹੁਣ ਤੂੰ ਕੁੜੀਆਂ ਨੂੰ
ਕਹਿ ਕੇ ਗੀਤ, ਰੁਬਾਈ,
ਗਜ਼ਲ ਬੁਲਾਇਆ ਕਰ।

# ਇਕ ਸੀ ਟੁਨਟੁਨ ਉਰਫ ਉਮਾ ਦੇਵੀ ਖੱਤਰੀ

ਭਾਰਤੀ ਸਿਨਮਾ ਦੀ ਪਹਿਲੀ ਮਕਬੂਲ ਮਜ਼ਾਹੀਆ ਅਦਾਕਾਰਾ ਟੁਨਟੁਨ ਦਾ ਅਸਲ ਨਾਮ ਉਮਾ ਦੇਵੀ ਖੱਤਰੀ ਸੀ। ਟੁਨਟੁਨ ਉਸ ਦਾ ਫਿਲਮੀ ਨਾਮ ਸੀ ਜੋ ਮਸ਼ਹੂਰ ਸੰਗੀਤਕਾਰ ਨੌਸ਼ਾਦ ਅਲੀ ਨੇ ਦਿੱਤਾ ਸੀ। ਭਾਰੀ-ਭਰਕਮ ਸਰੀਰ ਵਾਲੀ ਉਮਾ ਦੇਵੀ ਹਿੰਦੀ ਅਤੇ ਪੰਜਾਬੀ ਫਿਲਮਾਂ ਲਈ ਕਾਮਯਾਬੀ ਦੀ ਜ਼ਮਾਨਤ ਸਮਝੀ ਜਾਂਦੀ ਸੀ। ਉਹ ਕੇਵਲ ਮਖੌਲੀਆ ਅਦਾਕਾਰਾ ਨਹੀਂ ਸੀ ਬਲਕਿ ਸੁਰੀਲੀ ਗਾਇਕਾ ਵੀ ਸੀ। ਉਸ ਨੇ ਆਪਣੇ ਕਲਾ-ਸਫਰ ਦਾ ਆਗਾਜ਼ ਗਾਇਕਾ ਵਜੋਂ ਕੀਤਾ ਸੀ ਅਤੇ ਬਾਅਦ 'ਚ ਮਖੌਲੀਆ ਅਦਾਕਾਰਾ ਵਜੋਂ ਭਰਪੂਰ ਸ਼ੋਹਰਤ ਪਾਈ।

ਟੁਨਟੁਨ ਉਰਫ ਉਮਾ ਦੇਵੀ ਖੱਤਰੀ ਦੀ ਪੈਦਾਇਸ਼ 11 ਜੁਲਾਈ 1923 ਨੂੰ ਅਲੀਪੁਰ (ਦਿੱਲੀ) ਦੇ ਪੰਜਾਬੀ ਖੱਤਰੀ ਪਰਿਵਾਰ ਵਿਚ ਹੋਈ। ਬਾਲ ਉਮਰੇ ਪਿਤਾ ਦੀ ਮੌਤ ਹੋ ਜਾਣ ਦੇ ਬਾਅਦ ਉਸ ਦੀ ਪਰਿਵਰਸ਼ ਉਸ ਦੇ ਚਾਚੇ ਨੇ ਕੀਤੀ। ਉਮਾ ਦਾ ਇਕ ਛੋਟਾ ਭਰਾ ਹਰੀ ਸੀ ਜੋ ਰਾਮਲੀਲਾ ਵਿਚ ਅਦਾਕਾਰੀ ਕਰ ਕੇ ਪੈਸਾ ਕਮਾਉਂਦਾ ਸੀ। ਫਿਰ ਉਸ ਦੀ ਵੀ ਮੌਤ ਹੋ ਗਈ। ਚਾਚੇ ਨੇ ਉਸ ਨੂੰ ਸਕੂਲ ਨਹੀਂ ਭੇਜਿਆ। ਲਿਹਾਜ਼ਾ ਉਸ ਨੇ ਖੁਦ ਹੀ ਅੱਖਰ ਗਿਆਨ ਪ੍ਰਾਪਤ ਕੀਤਾ। ਬਚਪਨ ਤੋਂ ਸੰਗੀਤ ਨਾਲ ਡੂੰਘੀ ਮੁਹੱਬਤ ਹੋਣ ਸਦਕਾ ਉਸ ਨੇ ਰੇਡੀਓ ਤੋਂ ਸੰਗੀਤਕ ਤਾਲੀਮ ਹਾਸਲ ਕੀਤੀ, ਪਰ ਉਸ ਦੇ ਚਾਚਾ ਉਸ ਦੇ ਇਸ ਸ਼ੌਕ ਨੂੰ ਨਾ-ਪਸੰਦ ਕਰਦੇ ਸਨ।

ਇਕ ਦਿਨ ਦਿੱਲੀ ਵਿਚ ਉਮਾ ਦੀ ਮੁਲਾਕਾਤ ਐਕਸਾਈਜ਼ ਵਿਭਾਗ ਦੇ ਡਾਇਰੈਕਟਰ ਅਖਤਰ ਆਬਾਸ ਕਾਜ਼ੀ ਨਾਲ ਹੋਈ, ਜਿਸ ਨੇ ਉਸ ਨੂੰ ਹੌਸਲਾ ਅਤੇ ਸਹਾਰਾ ਦਿੱਤਾ। ਇਸੇ ਦੌਰਾਨ ਮੁਲਕ ਦੀ ਤਕਸੀਮ ਹੋ ਗਈ ਅਤੇ ਅਖਤਰ ਆਬਾਸ ਕਾਜ਼ੀ ਲਾਹੌਰ ਚਲੇ ਗਏ। ਵਕਤ ਦੀ ਝੰਬੀ ਤੇ ਤੰਗਦਸਤੀ ਦਾ ਸ਼ਿਕਾਰ ਉਮਾ ਦੇਵੀ ਗਾਇਕਾ ਬਣਨ ਦਾ ਖਾਬ ਸੰਜੋਏ ਬੰਬਈ ਤੁਰ ਗਈ। ਇੱਥੇ ਉਸ ਨੂੰ ਹਿਦਾਇਤਕਾਰ ਨਿਤਿਨ ਬੋਸ ਦੇ ਸਹਾਇਕ ਜਵਾਦ ਹੁਸੈਨ ਨੇ ਮਦਦ ਦਿੱਤੀ। ਵੰਡ ਵਾਲੇ ਸਾਲ ਹੀ ਇਕ ਦਿਨ ਅਖਤਰ ਆਬਾਸ ਕਾਜ਼ੀ ਵੀ ਚਿੱਤ ਨਾ ਲੱਗਣ ਸਦਕਾ ਲਾਹੌਰ ਛੱਡ ਬੰਬੇ ਪਰਤ ਆਏ, ਇੱਥੇ ਉਮਾ ਅਤੇ ਆਬਾਸ ਕਾਜ਼ੀ ਨੇ ਵਿਆਹ ਕਰਵਾ ਲਿਆ।

1947 ਉਮਾ ਦੇਵੀ ਦੇ ਕਲਾ-ਸਫਰ ਦਾ ਮੁਬਾਰਕ ਵਰ੍ਹਾ ਸਾਬਤ ਹੋਇਆ। ਇਸੇ ਸਾਲ ਜਦੋਂ ਅਬਦੁਲ ਰਸ਼ੀਦ ਕਾਰਦਾਰ ਨੇ ਆਪਣੇ ਫਿਲਮਸਾਜ਼ ਅਦਾਰੇ ਕਾਰਦਾਰ ਪ੍ਰੋਡਕਸ਼ਨਜ਼, ਬੰਬਈ ਦੇ ਬੈਨਰ ਹੇਠ ਆਪਣੀ ਹਿਦਾਇਤਕਾਰੀ ਵਿਚ ਹਿੰਦੀ ਫਿਲਮ 'ਦਰਦ' (1947) ਬਣਾਈ ਤਾਂ ਉਮਾ ਦੇਵੀ ਨੂੰ ਸ਼ਮਸ਼ਾਦ ਬੇਗਮ ਅਤੇ ਸੁਰੱਈਆ ਨਾਲ ਤੀਜੀ ਮੁੱਖ ਗਾਇਕਾ ਵਜੋਂ ਪੇਸ਼ ਕੀਤਾ। ਫਿਲਮ 'ਚ ਲਾਹੌਰ ਦੀਆਂ ਦੋ ਪੰਜਾਬਣ ਮੁਟਿਆਰਾਂ ਸੁਰੱਈਆ ਤੇ ਮੁਨੱਵਰ ਸੁਲਤਾਨਾ ਅਦਾਕਾਰੀ ਕਰ ਰਹੀਆਂ ਸਨ, ਜਿਨ੍ਹਾਂ ਦੇ ਰੂਬਰੂ ਨੁਸਰਤ ਕਾਰਦਾਰ (ਭਰਾ ਏ. ਆਰ. ਕਾਰਦਾਰ) ਹੀਰੋ ਦਾ ਕਿਰਦਾਰ ਨਿਭਾ ਰਿਹਾ ਸੀ। ਨੌਸ਼ਾਦ ਅਲੀ ਦੇ ਸੰਗੀਤ ਵਿਚ ਸ਼ਕੀਲ ਬਦਾਯੂੰਨੀ ਦੇ ਲਿਖੇ ਫਿਲਮ ਦੇ 10 ਗੀਤਾਂ 'ਚੋਂ ਤਿੰਨ ਏਕਲ ਗੀਤ ਤੇ ਇਕ ਦੋਗਾਣਾ ਗੀਤ ਉਮਾ ਦੇਵੀ ਦੇ ਹਿੱਸੇ ਆਇਆ। ਮੁਨੱਵਰ ਸੁਲਤਾਨਾ 'ਤੇ ਫਿਲਮਾਏ ਇਹ ਗੀਤ 'ਆਜ ਮਚੀ ਹੈ ਧੂਮ', 'ਯੇ ਕੌਨ ਚਲਾ', 'ਬੇਤਾਬ ਹੈ ਦਿਲ' (ਨਾਲ ਸੁਰੱਈਆ), ਪਰ ਫਿਲਮ ਦੇ ਇਕ ਗੀਤ 'ਅਫਸਾਨਾ ਲਿਖ ਰਹੀ ਹੂੰ ਦਿਲੇ ਬੇਕਰਾਰ ਕਾ, ਆਖੋਂ ਮੈਂ ਰੰਗ ਭਰ ਕੇ ਤੇਰੇ ਇੰਤਜ਼ਾਰ ਕਾ' ਨੇ ਹੱਦ ਦਰਜਾ ਮਕਬੂਲੀਅਤ ਹਾਸਲ ਕੀਤੀ ਅਤੇ ਉਮਾ ਦੇਵੀ ਸਫਲਤਾ ਦੇ ਸਿਖਰ 'ਤੇ ਪਹੁੰਚ ਗਈ। ਇਹ ਗੀਤ ਉਮਾ ਦੀ ਮਖਸੂਸ ਪਛਾਣ ਬਣ ਗਿਆ। ਕਾਰਦਾਰ ਪ੍ਰੋਡਕਸ਼ਨਜ਼ ਦੀ ਐਸ. ਯੂ. ਸਨੀ ਨਿਰਦੇਸ਼ਿਤ ਫਿਲਮ 'ਨਾਟਕ' (1947) 'ਚ ਉਮਾ ਦੇਵੀ ਨੇ ਨੌਸ਼ਾਦ ਅਲੀ ਦੇ ਸੰਗੀਤ ਵਿਚ ਖੁਮਾਰ ਬਾਰਾਬੰਕਵੀ ਦਾ ਲਿਖਿਆ ਸਿਰਫ ਇਕ ਗੀਤ ਗਾਇਆ- 'ਦਿਲ ਵਾਲੇ ਜਲ-ਜਲ ਕਰ ਹੀ ਮਰ ਜਾਨਾ' ਜੋ ਖੂਬ ਚੱਲਿਆ। ਸਨੀ ਆਰਟ ਪ੍ਰੋਡਕਸ਼ਨਜ਼, ਬੰਬੇ ਦੀ ਐਸ. ਯੂ. ਸਨੀ ਨਿਰਦੇਸ਼ਿਤ ਫਿਲਮ 'ਬਾਬੁਲ' (1950) ਵਿਚ ਸੰਗੀਤਕਾਰ ਨੌਸ਼ਾਦ ਅਲੀ ਨੇ ਉਮਾ ਦੇਵੀ ਦਾ ਨਾਮ 'ਟੁਨਟੁਨ' ਰੱਖਿਆ ਜੋ ਉਸ ਦੇ ਫਿਲਮ ਸਫਰ ਦੀ ਖਾਸ ਪਛਾਣ ਬਣਿਆ। ਹਿੰਦੀ ਫਿਲਮਾਂ ਵਿਚ 40-50 ਗੀਤ ਗਾਉਣ ਤੋਂ ਬਾਅਦ ਉਮਾ ਦੇਵੀ ਦਾ ਸੰਗੀਤਕ ਸਫਰ ਖਤਮ ਹੋ ਗਿਆ ਅਤੇ ਫਿਲਮ 'ਬਾਬੁਲ' ਤੋਂ ਬਾਅਦ ਉਹ ਟੁਨਟੁਨ ਦੇ ਨਾਮ ਨਾਲ ਮਜ਼ਾਹੀਆ ਅਦਾਕਾਰਾ ਵਜੋਂ ਛਾ ਗਈ।

ਜਦੋਂ ਹਰਚਰਨ ਸਿੰਘ ਕਵਾਤੜਾ ਨੇ ਆਪਣੇ ਫਿਲਮਸਾਜ਼ ਅਦਾਰੇ ਕਵਾਤੜਾ ਫਿਲਮਜ਼, ਬੰਬੇ ਦੀ ਸ਼ਾਂਤੀ ਪ੍ਰਕਾਸ਼ ਬਖਸ਼ੀ ਨਿਰਦੇਸ਼ਿਤ ਦੂਜੀ ਪੰਜਾਬੀ ਫਿਲਮ 'ਕੌਡੇ ਸ਼ਾਹ' (1953) ਬਣਾਈ ਤਾਂ ਟੁਨਟੁਨ ਉਰਫ ਉਮਾ ਦੇਵੀ ਨੂੰ ਮਜ਼ਾਹੀਆ ਅਦਾਕਾਰੀ ਕਰਨ ਦਾ ਮੌਕਾ ਦਿੱਤਾ। ਟੁਨਟੁਨ ਨੇ ਇਸ ਫਿਲਮ ਵਿਚ 'ਅਨਾਰਕਲੀ' ਦਾ ਪਾਰਟ ਅਦਾ ਕੀਤਾ। ਸਰਦੂਲ ਕਵਾਤੜਾ ਦੇ ਦਿਲਕਸ਼ ਸੰਗੀਤ ਵਿਚ ਵਰਮਾ ਮਲਿਕ ਦਾ ਲਿਖਿਆ 'ਅੱਜ ਸੋਹਣੇ ਕੱਪੜੇ ਤੇ ਚੁੰਨੀ ਵੀ ਬਰੀਕ ਏ' (ਸ਼ਮਸ਼ਾਦ ਬੇਗਮ) ਸ਼ਿਆਮਾ, ਰਜਨੀ ਤੇ ਟੁਨਟੁਨ 'ਤੇ ਫਿਲਮਾਇਆ ਗਿਆ ਹਿੱਟ ਗੀਤ ਸੀ। ਉਸ ਦੀ ਦੂਜੀ ਪੰਜਾਬੀ



ਅਦਾਕਾਰਾ ਟੁਨਟੁਨ

ਫਿਲਮ ਈਸਟ ਐਂਡ ਵੈਸਟ ਮੂਵੀਜ਼, ਬੰਬੇ ਦੀ ਮਜਨੂੰ ਉਰਫ ਹੈਰੋਲਡ ਲੁਈਸ ਨਿਰਦੇਸ਼ਿਤ 'ਪੱਗੜੀ ਸੰਭਾਲ ਜੱਟਾ' (1960) ਸੀ। ਫਿਲਮ 'ਚ ਟੁਨਟੁਨ, ਖਰੈਤੀ ਭੈਂਗਾ, ਗੋਪਾਲ ਸਹਿਗਲ ਤੇ ਮਜਨੂੰ ਨੇ ਖੂਬ ਮਜ਼ਾਹ ਪੈਦਾ ਕੀਤਾ। ਏ. ਐਸ. ਫਿਲਮਜ਼, ਬੰਬੇ ਦੀ ਏ. ਐਸ. ਅਰੋੜਾ ਨਿਰਦੇਸ਼ਿਤ ਪੰਜਾਬੀ ਫਿਲਮ 'ਯਮਲਾ ਜੱਟ' (1960) 'ਚ ਇਕ ਵਾਰ ਫੇਰ ਟੁਨਟੁਨ ਆਪਣੇ ਮਜ਼ਾਹੀਆ ਫਨ ਦੀ ਪੇਸ਼ਕਾਰੀ ਕਰ ਰਹੀ ਸੀ। ਵਿਸ਼ਵ ਵਿਜੈ ਮੰਦਰ, ਬੰਬੇ ਦੀ ਜੁਗਲ ਕਿਸ਼ੋਰ ਨਿਰਦੇਸ਼ਿਤ ਪੰਜਾਬੀ ਫਿਲਮ 'ਗੁੱਡੀ' (1961) 'ਚ ਹੰਸਰਾਜ ਬਹਿਲ ਦੇ ਸੰਗੀਤ 'ਚ ਅਜ਼ੀਜ਼ ਕਸ਼ਮੀਰੀ ਦਾ ਲਿਖਿਆ ਇਕ ਭੰਗੜਾ ਗੀਤ 'ਲੱਕ ਪਤਲਾ ਤੇ ਗਾਗਰ ਭਾਰੀ' (ਸ਼ਮਸ਼ਾਦ ਬੇਗਮ, ਮੁਹੰਮਦ ਰਫੀ) ਨਿਸ਼ੀ, ਟੁਨਟੁਨ, ਹਰਬੰਸ ਭਾਪੇ ਤੇ ਸੋਹਨ ਲਾਲ ਖੰਨਾ 'ਤੇ ਫਿਲਮਾਇਆ ਗਿਆ ਸੀ। ਐਮ. ਵੀ. ਪੀ. ਫਿਲਮਲੈਂਡ, ਬੰਬੇ ਦੀ ਬਲਦੇਵ ਆਰ. ਝੀਂਗਣ ਨਿਰਦੇਸ਼ਿਤ ਫਿਲਮ 'ਜੀਜਾ ਜੀ' (1961) 'ਚ ਉਸਦੇ ਸਨਮੁੱਖ ਮਜ਼ਾਹੀਆ ਅਦਾਕਾਰ ਸੁੰਦਰ ਸਨ। ਸੰਗੀਤਕਾਰ ਐਸ. ਮੋਹਿੰਦਰ ਦੇ ਫਿਲਮਸਾਜ਼ ਅਦਾਰੇ ਪਿਓਨੀ ਆਰਟਸ ਪ੍ਰੋਡਕਸ਼ਨਜ਼, ਬੰਬੇ ਦੀ ਐਸ. ਪੀ. ਬਖਸ਼ੀ ਨਿਰਦੇਸ਼ਿਤ ਫਿਲਮ 'ਪਰਦੇਸੀ ਢੋਲਾ' (1962) 'ਚ ਟੁਨਟੁਨ, ਜੀਵਨ ਤੇ ਖਰੈਤੀ ਭੈਂਗੇ ਮਜ਼ਾਹੀਆ ਅਦਾਕਾਰੀ ਦੀ ਸੋਹਣੀ ਪੇਸ਼ਕਾਰੀ ਕੀਤੀ। ਸੀ. ਐਲ. ਫਿਲਮਜ਼, ਬੰਬੇ ਦੀ ਐਸ. ਨਿਰੰਜਨ ਨਿਰਦੇਸ਼ਿਤ ਫਿਲਮ 'ਲਾਡੋ ਰਾਣੀ' (1963) ਵਿਚ ਟੁਨਟੁਨ ਨੇ 'ਭਾਗੋ' ਦਾ ਕਿਰਦਾਰ ਨਿਭਾਇਆ। ਸ਼ੰਕਰ ਮੂਵੀਜ਼, ਬੰਬੇ ਦੀ ਬਲਦੇਵ ਆਰ. ਝੀਂਗਣ ਨਿਰਦੇਸ਼ਿਤ ਫਿਲਮ 'ਪਿੰਡ ਦੀ ਕੁੜੀ' (1963) 'ਚ ਉਸਨੇ 'ਮੋਟੋ' ਦਾ ਕਿਰਦਾਰ ਨਿਭਾਇਆ। ਹੰਸਰਾਜ ਬਹਿਲ ਦੇ ਸੰਗੀਤ 'ਚ ਵਰਮਾ ਮਲਿਕ ਦਾ ਲਿਖਿਆ ਇਕ ਪੈਰੋਡੀ ਗੀਤ 'ਦੁਹਾਈ ਓ ਦੁਹਾਈ' (ਸ਼ਮਸ਼ਾਦ ਬੇਗਮ, ਮੀਨੂੰ ਪ੍ਰਸ਼ੋਤਮ) ਟੁਨਟੁਨ ਤੇ ਨਿਸ਼ੀ 'ਤੇ ਫਿਲਮਾਇਆ ਗਿਆ ਸੀ। ਸ਼ੋਭਾ ਪਿਕਚਰਜ਼, ਬੰਬੇ ਦੀ ਬੀ. ਸੀ. ਬੇਕਲ ਨਿਰਦੇਸ਼ਿਤ ਫਿਲਮ 'ਕਿੱਕਲੀ' (1964) 'ਚ ਟੁਨਟੁਨ ਨੇ 'ਛੁਣਛੁਣ' ਦਾ ਰੋਲ ਕੀਤਾ। ਸ਼ੰਕਰ ਮੂਵੀਜ਼, ਬੰਬੇ ਦੀ ਬਲਦੇਵ ਆਰ. ਝੀਂਗਣ ਨਿਰਦੇਸ਼ਿਤ ਫਿਲਮ 'ਮੈਂ ਜੱਟੀ ਪੰਜਾਬ ਦੀ' (1964) 'ਚ ਉਸਨੇ 'ਤਾਰੋ' ਦਾ ਮਖੌਲੀਆ ਪਾਰਟ ਜਿਸਦੇ ਸਨਮੁੱਖ ਮਾਰੂਤੀ (ਪਿਓ ਗੁੱਡੀ ਮਾਰੂਤੀ) 'ਲਾਟੂ' ਦਾ ਪਾਰਟ ਕਰ ਰਿਹਾ ਸੀ। ਹੁਸਨਲਾਲ-ਭਗਤਰਾਮ ਦੇ ਸੰਗੀਤ 'ਚ ਵਰਮਾ ਮਲਿਕ ਦਾ ਲਿਖਿਆ ਇਕ ਪੈਰੋਡੀ ਗੀਤ 'ਹਾਏ ਨੀਂ ਹਾਲ ਪਾਰਿਆ' (ਸ਼ਮਸ਼ਾਦ, ਐਸ. ਬਲਬੀਰ, ਮਹਿੰਦਰ ਕਪੂਰ) ਟੁਨਟੁਨ, ਖਰੈਤੀ ਤੇ ਮਾਰੂਤੀ 'ਤੇ ਫਿਲਮਾਇਆ ਗਿਆ ਸੀ। ਸ਼ੇਰੇ ਪੰਜਾਬ ਫਿਲਮਜ਼, ਬੰਬੇ ਦੀ ਬੀ. ਆਰ. ਝੀਂਗਣ ਨਿਰਦੇਸ਼ਿਤ ਫਿਲਮ 'ਸੱਪਣੀ' (1965) 'ਚ ਟੁਨਟੁਨ ਨੇ 'ਮੁੰਨੀ' ਦਾ ਕਿਰਦਾਰ ਤੇ ਖਰੈਤੀ 'ਸ਼ਾਹ ਜੀ' ਦਾ ਪਾਰਟ ਨਿਭਾ ਰਿਹਾ ਸੀ। ਟੁਨਟੁਨ, ਖਰੈਤੀ ਤੇ ਕੰਵਲਨੈਣ ਮਿਸ਼ਰਾ 'ਤੇ ਫਿਲਮਾਇਆ ਮਜ਼ਾਹੀਆ ਗੀਤ 'ਸੁਣ ਭੈਂਗਿਆ ਵੇ ਬੜੇ ਮਹਿੰਗਿਆ ਵੇ' (ਸ਼ਮਸ਼ਾਦ, ਰਫੀ, ਸੁਰਿੰਦਰ ਕੋਹਲੀ) ਵੀ ਬੜਾ ਪਸੰਦ ਕੀਤਾ ਗਿਆ। ਸ਼ੰਕਰ ਮੂਵੀਜ਼ ਦੀ ਝੀਂਗਣ ਨਿਰਦੇਸ਼ਿਤ ਫਿਲਮ 'ਦੁੱਲਾ ਭੱਟੀ' (1966) 'ਚ ਵੀ ਟੁਨਟੁਨ ਤੇ ਖਰੈਤੀ ਭੈਂਗਾ ਦੀ ਜੋੜੀ ਸੀ। ਗਣੇਸ਼ ਮੂਵੀਜ਼, ਬੰਬੇ ਦੀ ਖਾਵਰ ਜ਼ਮਾਨ ਨਿਰਦੇਸ਼ਿਤ ਫਿਲਮ 'ਪਰਦੇਸਣ' (1969) 'ਚ ਵੀ ਟੁਨਟੁਨ ਨੇ ਵਧੀਆ ਰੋਲ ਕੀਤਾ।

70 ਦੇ ਦਹਾਕੇ 'ਚ ਟੁਨਟੁਨ ਨੇ ਰੂਪ ਕਿਰਨ ਪਿਕਚਰਜ਼, ਬੰਬੇ ਦੀ 'ਮੇਲੇ ਮਿੱਤਰਾਂ ਦੇ' (1972), ਐਮ. ਐਮ. ਫਿਲਮਜ਼ ਪ੍ਰਾਈਵੇਟ ਲਿਮਟਿਡ, ਬੰਬੇ ਦੀ 'ਮਾਂ ਦਾ ਲਾਡਲਾ' (1973)। ਫਿਲਮ ਨਗਰ, ਬੰਬੇ ਦੀ ਫਿਲਮ 'ਸ਼ੇਰਨੀ' (1973) 'ਚ ਟੁਨਟੁਨ, ਸੁੰਦਰ, ਗੋਪਾਲ ਸਹਿਗਲ ਤੇ ਮਿਹਰ ਮਿੱਤਲ 'ਤੇ ਇਕ ਮਜ਼ਾਹੀਆ ਗੀਤ 'ਸਾਡੇ ਵਿਆਹ ਦੀ ਢੋਲਕੀ ਕਦੋਂ ਵੱਜਣੀ' (ਮਹਿੰਦਰ ਕਪੂਰ, ਐਸ. ਬਲਬੀਰ, ਮੀਨੂੰ ਪ੍ਰਸ਼ੋਤਮ) ਫਿਲਮਾਇਆ ਗਿਆ। ਫਿਲਮ 'ਦੋ ਸ਼ੇਰ' (1973), 'ਡਾਕੂ ਸ਼ਮਸ਼ੇਰ ਸਿੰਘ', 'ਧਰਮ ਜੀਤ', 'ਮੋਰਨੀ' (1975), 'ਜੈ ਮਾਤਾ ਦੀ', 'ਲੱਛੀ', 'ਸੱਤੇ-ਬੰਤੋ' (1977)। 'ਪ੍ਰੇਮੀ ਗੰਗਾਰਾਮ' (1977) 'ਚ ਟੁਨਟੁਨ ਤੇ ਮਿਹਰ ਮਿੱਤਲ ਦੀ ਜੋੜੀ ਸੀ। ਦੋਵਾਂ 'ਤੇ ਫਿਲਮਾਇਆ ਕਾਮੇਡੀ ਗੀਤ 'ਨੀਂ ਕੁੰਡਾ ਖੋਲ੍ਹ ਮੇਰੀ ਮੋਟੋ ਲੰਮੀ ਬਾਂਹ ਕਰਕੇ' (ਓਮੀ, ਟੁਨਟੁਨ) ਫਿਲਮਾਇਆ ਗਿਆ। 80 ਦੇ ਦਹਾਕੇ 'ਚ ਟੁਨਟੁਨ ਨੇ 'ਗੋਰੀ ਦੀਆਂ ਝਾਂਜਰਾਂ' (1980), 'ਦੋ ਪੋਸਤੀ' (1981) 'ਚ ਅਦਾਕਾਰੀ ਕੀਤੀ। 90 ਦੇ ਦਹਾਕੇ ਵਿਚ ਉਸ ਦੀਆਂ ਆਖਰੀ ਹਿੰਦੀ ਫਿਲਮਾਂ ਸਨ 'ਕਸਮ ਧੰਦੇ ਕੀ', 'ਮਾਂ ਕਸਮ ਬਦਲਾ ਲੂੰਗਾ' (1990)।

90 ਦੇ ਦਹਾਕੇ ਵਿਚ ਪਤੀ ਕਾਜ਼ੀ ਸਾਹਬ ਵੀ ਫੌਤ ਹੋ ਗਏ, ਪਰ ਓਦੋਂ ਤਕ ਉਮਾ ਦੀਆਂ ਦੋ ਧੀਆਂ ਅਤੇ ਦੋ ਪੁੱਤਰ ਆਪਣੇ ਪਰਿਵਾਰਕ ਫਰਜ਼ ਨਿਭਾ ਰਹੇ ਸਨ। ਪਰਿਵਾਰਕ ਜ਼ਿੰਮੇਵਾਰੀਆਂ ਤੋਂ ਮੁਕਤ ਅਤੇ ਆਪਣੀ ਗਾਇਕੀ ਦੇ ਸੁਨਹਿਰੀ ਦੌਰ ਨੂੰ ਯਾਦ ਕਰਦੀ ਹੋਈ ਇਹ ਮਕਬੂਲ ਗਾਇਕਾ ਅਤੇ ਮਜ਼ਾਹੀਆ ਅਦਾਕਾਰਾ 24 ਨਵੰਬਰ 2003 ਨੂੰ ਲੰਬੀ ਬਿਮਾਰੀ ਦੇ ਬਾਅਦ 80 ਸਾਲਾਂ ਦੀ ਉਮਰ 'ਚ ਮੁੰਬਈ ਵਿਚ ਵਫਾਤ ਪਾ ਗਈ। **-ਮਨਦੀਪ ਸਿੰਘ ਸਿੱਧੂ**

*1947 ਉਮਾ ਦੇਵੀ ਦੇ ਕਲਾ-ਸਫਰ ਦਾ ਮੁਬਾਰਕ ਵਰ੍ਹਾ ਸਾਬਤ ਹੋਇਆ। ਅਬਦੁਲ ਰਸ਼ੀਦ ਕਾਰਦਾਰ ਨੇ ਆਪਣੇ ਫਿਲਮਸਾਜ਼ ਅਦਾਰੇ ਕਾਰਦਾਰ ਪ੍ਰੋਡਕਸ਼ਨਜ਼, ਬੰਬਈ ਦੇ ਬੈਨਰ ਹੇਠ ਆਪਣੀ ਹਿਦਾਇਤਕਾਰੀ ਵਿਚ ਹਿੰਦੀ ਫਿਲਮ 'ਦਰਦ' (1947) ਬਣਾਈ ਤਾਂ ਉਮਾ ਦੇਵੀ ਨੂੰ ਸ਼ਮਸ਼ਾਦ ਬੇਗਮ ਅਤੇ ਸੁਰੱਈਆ ਨਾਲ ਤੀਜੀ ਮੁੱਖ ਗਾਇਕਾ ਵਜੋਂ ਪੇਸ਼ ਕੀਤਾ। ਫਿਲਮ 'ਚ ਲਾਹੌਰ ਦੀਆਂ ਦੋ ਪੰਜਾਬਣ ਮੁਟਿਆਰਾਂ ਸੁਰੱਈਆ ਤੇ ਮੁਨੱਵਰ ਸੁਲਤਾਨਾ ਅਦਾਕਾਰੀ ਕਰ ਰਹੀਆਂ ਸਨ, ਜਿਨ੍ਹਾਂ ਦੇ ਰੂਬਰੂ ਨੁਸਰਤ ਕਾਰਦਾਰ ਹੀਰੋ ਦਾ ਕਿਰਦਾਰ ਨਿਭਾ ਰਿਹਾ ਸੀ। ਨੌਸ਼ਾਦ ਅਲੀ ਦੇ ਸੰਗੀਤ ਵਿਚ ਸ਼ਕੀਲ ਬਦਾਯੂੰਨੀ ਦੇ ਲਿਖੇ ਫਿਲਮ ਦੇ 10 ਗੀਤਾਂ 'ਚੋਂ ਤਿੰਨ ਏਕਲ ਗੀਤ ਤੇ ਇਕ ਦੋਗਾਣਾ ਗੀਤ ਉਮਾ ਦੇਵੀ ਦੇ ਹਿੱਸੇ ਆਇਆ। ਮੁਨੱਵਰ ਸੁਲਤਾਨਾ 'ਤੇ ਫਿਲਮਾਏ ਇਹ ਗੀਤ 'ਆਜ ਮਚੀ ਹੈ ਧੂਮ', 'ਯੇ ਕੌਨ ਚਲਾ', 'ਬੇਤਾਬ ਹੈ ਦਿਲ' (ਨਾਲ ਸੁਰੱਈਆ), ਪਰ ਫਿਲਮ ਦੇ ਇਕ ਗੀਤ 'ਅਫਸਾਨਾ ਲਿਖ ਰਹੀ ਹੂੰ ਦਿਲੇ ਬੇਕਰਾਰ ਕਾ, ਆਖੋਂ ਮੈਂ ਰੰਗ ਭਰ ਕੇ ਤੇਰੇ ਇੰਤਜ਼ਾਰ ਕਾ' ਨੇ ਹੱਦ ਦਰਜਾ ਮਕਬੂਲੀਅਤ ਹਾਸਲ ਕੀਤੀ।*

# ਪ੍ਰਕਾਸ਼ ਝਾਅ ਦੀਆਂ ਫਿਲਮਾਂ ਦੇ ਵਿਸ਼ੇ

ਫਿਲਮਸਾਜ਼ ਪ੍ਰਕਾਸ਼ ਝਾਅ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਫਿਲਮ ਜਗਤ ਵਿਚ ਉਸ ਨੇ ਨਿਰਮਾਤਾ, ਨਿਰਦੇਸ਼ਕ, ਅਦਾਕਾਰ ਅਤੇ ਪਟਕਥਾ ਲੇਖਕ ਵਜੋਂ ਗੂੜ੍ਹੀ ਪਛਾਣ ਬਣਾਈ ਹੈ। ਉਹਨੇ 'ਹਿਪ ਹਿਪ ਹੁਰੇ' ਅਤੇ 'ਦਾਮੁਲ' ਵਰਗੀਆਂ ਫਿਲਮਾਂ ਬਣਾਈਆਂ ਜਿਨ੍ਹਾਂ ਨੂੰ ਕੌਮੀ ਇਨਾਮ ਵੀ ਹਾਸਲ ਹੋਏ। ਉਸ ਦੇ ਖਾਤੇ ਵਿਚ 'ਪ੍ਰਣਿਤੀ', 'ਗੰਗਾਜਲ', 'ਅਪਹਰਨ', 'ਰਾਜਨੀਤੀ', 'ਆਰੱਕਸ਼ਨ', 'ਚੱਕਰਵਿਊ', 'ਲਿਪਸਟਿਕ ਅੰਡਰ ਮਾਈ ਬੁਰਕਾ', ਆਦਿ ਫਿਲਮਾਂ ਵੀ ਹਨ ਜਿਨ੍ਹਾਂ ਦੇ ਵਿਸ਼ਿਆਂ ਬਾਰੇ ਅਕਸਰ ਚਰਚਾ ਚੱਲਦੀ ਰਹਿੰਦੀ ਹੈ। ਅੱਜਕੱਲ੍ਹ ਐਮ.ਐਕਸ. ਪਲੇਅਰ ਉਤੇ ਉਸ ਦੀ ਵੈੱਬ ਸੀਰੀਜ਼ 'ਆਸ਼ਰਮ' ਦੀ ਚਰਚਾ ਹੈ ਅਤੇ ਉਸ ਦੀ ਨਵੀਂ ਫਿਲਮ 'ਮੱਟੋ ਕੀ ਸਾਈਕਲ' ਦੀ ਸ਼ੂਟਿੰਗ ਚੱਲ ਰਹੀ ਜਿਸ ਵਿਚ ਉਸ ਨੇ ਅਦਾਕਾਰ ਵਜੋਂ ਭਰਵੀਂ ਹਾਜ਼ਰੀ ਲੁਆਈ ਹੈ। ਉਸ ਦੀਆਂ ਸਾਰੀਆਂ ਹੀ ਫਿਲਮਾਂ ਵਿਚ ਸਿਆਸਤ ਦੀ ਭਰਪੂਰ ਚਰਚਾ ਹੁੰਦੀ ਹੈ, ਭਾਵੇਂ ਇਹ ਕਿਸੇ ਵੀ ਰੂਪ ਵਿਚ ਹੋਵੇ। ਉਸ ਦਾ ਕਹਿਣਾ ਹੈ, "ਕੁਝ ਲੋਕ ਹੁੰਦੇ ਹਨ ਜੋ ਹਮੇਸ਼ਾ ਅਜਿਹੀਆਂ ਫਿਲਮਾਂ ਬਣਾਉਂਦੇ ਹਨ ਜੋ ਸਮਾਜ ਅਤੇ ਅਸਲੀ ਜ਼ਿੰਦਗੀ ਨਾਲ ਜੁੜੀਆਂ ਹੁੰਦੀਆਂ ਹਨ। ਮੈਂ ਹਮੇਸ਼ਾ ਸਮੇਂ ਨਾਲ ਚੱਲਦਾ ਹਾਂ। ਮੈਂ ਮੁੱਖ ਤੌਰ 'ਤੇ ਇਹ ਦੇਖਦਾ ਹਾਂ ਕਿ ਆਲੇ-ਦੁਆਲੇ ਕੀ ਹੋ ਰਿਹਾ ਹੈ। ਮੈਂ ਫਿਲਮ ਬਣਾਉਣ ਲਈ ਹਮੇਸ਼ਾ ਵਿਸ਼ੇ ਤੋਂ ਪ੍ਰੇਰਨਾ ਲੈਂਦਾ ਹਾਂ। ਕਹਾਣੀ ਵਿਚ ਜੋ ਵਿਸ਼ਾ ਲੈਂਦਾ ਹਾਂ, ਉਹ ਅਸਲੀ ਜ਼ਿੰਦਗੀ ਨਾਲ ਸਬੰਧਤ ਹੁੰਦਾ ਹੈ। ਮੈਂ ਕਿਰਦਾਰ ਨੂੰ ਰੌਚਕ ਬਣਾਉਂਦਾ ਹਾਂ ਜੋ ਬਹੁਤ ਵੱਡੀ ਚੁਣੌਤੀ ਹੁੰਦੀ ਹੈ। ਵਪਾਰਕ ਸਿਨੇਮੇ ਵਾਲੇ ਲੋਕ ਅਤੇ ਅਦਾਕਾਰ ਮੇਰੇ ਨਾਲ ਕੰਮ ਕਰ ਕੇ ਖੁਸ਼ ਹਨ। ਇਹ ਮੇਰੀ ਖੁਸ਼ਕਿਸਮਤੀ ਹੈ।" ਇਸ ਮੌਕੇ ਉਨ੍ਹਾਂ ਨੇ 'ਦੋ ਬੀਘਾ ਜ਼ਮੀਨ' ਅਤੇ 'ਮਦਰ ਇੰਡੀਆ' ਵਰਗੀਆਂ ਕਲਾਸਿਕ ਫਿਲਮਾਂ ਦੀ ਉਦਾਹਰਨ ਦਿੱਤੀ।





ਫਿਲਕਸਾਜ਼ ਪ੍ਰਕਾਸ਼ ਝਾਅ (ਖੱਬੇ) ਅਤੇ ਉਸ ਦੀ ਨਵੀਂ ਫਿਲਮ 'ਮੱਟੋ ਕੀ ਸਾਈਕਲ' ਦਾ ਇਕ ਦ੍ਰਿਸ਼।

ਆਨਲਾਈਨ ਸਟਰੀਮ ਚੈਨਲ ਐਮ.ਐਕਸ. ਪਲੇਅਰ 'ਤੇ ਉਨ੍ਹਾਂ ਦੀ ਤਾਜ਼ਾ ਵੈੱਬ ਸੀਰੀਜ਼ 'ਆਸ਼ਰਮ' ਵਿਚ ਬੌਬੀ ਦਿਓਲ ਇਕ ਸਾਧੂ ਦਾ ਕਿਰਦਾਰ ਨਿਭਾਅ ਰਿਹਾ ਹੈ। ਇਸ ਵਿਚ ਵੱਡੀ ਗਿਣਤੀ ਲੋਕਾਂ ਦੀ ਅੰਨ੍ਹੀ ਸ਼ਰਧਾ ਨੂੰ ਪੇਸ਼ ਕੀਤਾ ਗਿਆ ਹੈ।

ਪ੍ਰਕਾਸ਼ ਝਾਅ ਦਾ ਮੰਨਣਾ ਹੈ ਕਿ ਅੰਧਵਿਸ਼ਵਾਸ ਭਾਰਤ ਤੋਂ ਲੈ ਕੇ ਅਮਰੀਕਾ, ਯੂਰਪ ਆਦਿ ਤੱਕ ਸਾਰੀ ਦੁਨੀਆ ਵਿਚ ਫੈਲਿਆ ਹੋਇਆ ਹੈ। ਇਸ ਵੈਬ ਸੀਰੀਜ਼ ਨੂੰ ਵਾਹਵਾ ਹੁੰਗਾਰਾ ਮਿਲ ਰਿਹਾ ਹੈ। ਸਿਆਸਤ ਅਤੇ ਸਿਨੇਮਾ ਦੇ ਸਬੰਧਾਂ ਬਾਰੇ ਉਹ ਬਹੁਤ ਸਪਸ਼ਟ ਹੈ। ਉਸ ਮੁਤਾਬਕ, ਸਮਾਜ ਦੇ ਕਿਸੇ ਵੀ ਅੰਗ ਨੂੰ ਸਿਆਸਤ ਤੋਂ ਵੱਖ ਕੀਤਾ ਹੀ ਨਹੀਂ ਜਾ ਸਕਦਾ। ਉਹ ਤਾਂ ਮੁਹੱਬਤ ਨੂੰ ਵੀ ਇਕ ਤਰ੍ਹਾਂ ਨਾਲ ਸਿਆਸਤ ਨਾਲ ਹੀ ਜੋੜ ਕੇ ਦੇਖਦਾ ਹੈ। ਯਾਦ ਰਹੇ ਕਿ ਪ੍ਰਕਾਸ਼ ਝਾਅ ਦੀਆਂ ਫਿਲਮਾਂ ਅੰਦਰ ਸਿਆਸਤ ਸਿੱਧੇ ਰੂਪ ਵਿਚ ਪੇਸ਼ ਹੁੰਦੀ ਰਹੀ ਹੈ। **-ਆਮਨਾ ਕੌਰ**

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

100% OWNER OPERATOR COMPANY

Pay Single 48 Cent + Team 58 Cent

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com